
ਗੋਸਾਈਂ ਦਾ ਪਹਿਲਵਾਨੜਾ



ਗਿ. ਭਜਨ ਸਿੰਘ (ਡ

Gosain da Pelwaanra, a historical novel by
Gyani Dr. Bhajan Singh

ISBN : 81-7601-202-5

ਮੁੱਲ 90-00
ਪਹਿਲੀ ਵਾਰ ਜੁਲਾਈ 1998

ਪ੍ਰਕਾਸ਼ਕ :
ਭਾ. ਚਤਰ ਸਿੰਘ ਜੀਵਨ ਸਿੰਘ
ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ (ਇੰਡੀਆ) ।
ਫੋਨ : (0183) 542346, 547974, 557973
ਫੈਕਸ: (0183) 542346
E Mail : CSJS @ del3.vsnl.net.in

ਛਾਪਕ : ਜੀਵਨ ਪ੍ਰਿੰਟਰਜ਼, ਬਾਜ਼ਾਰ ਧੋਬੀਆਂ, ਅੰਮ੍ਰਿਤਸਰ ।

ਸਮਰਪਣ

ਉਨ੍ਹਾਂ ਗੁੰਮਨਾਮ ਸ਼ਹੀਦਾਂ ਨੂੰ ਜਿਨ੍ਹਾਂ ਨੇ
ਸਿੱਖੀ ਸ਼ਾਨ ਲਈ ਆਪਣਾ ਬਲੀਦਾਨ ਦਿੱਤਾ
ਤੇ ਅਸੀਂ ਇਤਿਹਾਸ ਵਿੱਚ ਉਨ੍ਹਾਂ ਦੀ ਕੁਰਬਾਨੀ
ਨੂੰ ਸੰਭਾਲ ਵੀ ਨਹੀਂ ਸਕੇ ।

ਡਾ: ਗਿਆਨੀ ਭਜਨ ਸਿੰਘ ਦੀਆਂ ਰਚਨਾਵਾਂ

ਇਤਿਹਾਸਕ ਨਾਵਲ-

ਯਾਰੜੇ ਦਾ ਸੱਥਰ, ਗਗਨ ਦਮਾਮਾ ਬਾਜਿਓ, ਸੂਹੀਆ, ਸੂਰਾ ਸੋ, ਬਲੀਦਾਨ, ਮਰਜੀਵੜਾ, ਭੱਠ ਖੇੜਿਆਂ ਦਾ ਰਹਿਣਾ, ਅਨੋਖਾ ਸੰਤ ਸਿਪਾਹੀ, ਖੰਜਰ ਪਿਆਲਾ, ਚੜ੍ਹਦੀ ਕਲਾ, ਸੂਰਮੇ ਦੀ ਲਲਕਾਰ, ਪਗੜੀ ਵਾਲਾ, ਅਨੋਖਾ ਸੂਹੀਆ, ਗੋਸਾਈਂ ਦਾ ਪਹਿਲਵਾਨੜਾ, ਜੋ ਲਰੈ ਦੀਨ ਕੇ ਹੇਤ, ਬੱਬਰ ਸ਼ੇਰ ਗੱਜਿਆ, ਬੋਲੇ ਸੋ ਨਿਹਾਲ, ਕਰਕ ਕਲੇਜੇ ਮਾਹਿ, ਅਸੀਂ ਦੂਣ ਸਵਾਏ ਹੋਏ, ਬਾਬਾ ਵਡਭਾਗ ਸਿੰਘ, ਕਾਲੀ ਕੰਬਲੀ ਵਾਲਾ।

ਸਮਾਜਿਕ ਨਾਵਲ-

ਕੰਧ ਓਹਲੇ, ਪੀਢੀ ਗੰਢ, ਦੀਵਾਰ ਕੇ ਪੀਛੇ (ਹਿੰਦੀ)।

ਅਨੁਵਾਦਿਕ ਨਾਵਲ-

ਪਹਿਲਾ ਪਿਆਰ, ਓਨੀਅਨ ਜਾਨ।

ਜੀਵਨੀ ਸਾਹਿੱਤ-

ਸਾਡੇ ਸ਼ਹੀਦ, ਸਾਡੇ ਜਰਨੈਲ, ਜਗਤ ਗੁਰ ਬਾਬਾ, ਜਗਤ ਗੁਰ ਬਾਬਾ (ਹਿੰਦੀ), ਮਹਾਰਾਜਾ ਰਣਜੀਤ ਸਿੰਘ, ਗੁਰੂ ਤੇਗ ਬਹਾਦਰ, ਗੁਰੂ ਅਮਰ ਦਾਸ, ਮਹਾਰਾਜਾ ਰਣਜੀਤ ਸਿੰਘ (ਹਿੰਦੀ)।

ਇਤਿਹਾਸ-

ਅਨੋਖਾ ਇਤਿਹਾਸ, ਭਾਰਤ-ਪਾਕਿਸਤਾਨ ਜੰਗ, ਆਜ਼ਾਦੀ ਸੰਗਰਾਮ ਤੇ ਪੰਜਾਬ ਦੇ ਸ਼ਹੀਦ, ਹਰਿਮੰਦਰ ਸਾਹਿਬ, ਬੰਦਾ ਸਿੰਘ ਬਹਾਦਰ, ਪਾਉਂਟਾ ਸਾਹਿਬ, ਸੀਸ ਗੰਜ।

ਸਾਹਿਤਕ ਅਧਿਐਨ-

ਬਾਵਨ ਅੱਖਰੀ, ਅਧਿਆਤਮਕ ਵਾਰਾਂ।

ਸਫਰ ਨਾਮੇ-

ਮੇਰੀ ਵਿਦੇਸ਼ ਯਾਤਰਾ, ਮੇਰੀ ਦੱਖਣ ਯਾਤਰਾ।

ਭਾਸ਼ਣ ਤੇ ਖੋਜ ਪੱਤਰ-

ਜੀਭਾਂ ਬੋਲਦੀ ਰਹੀ

ਬਾਲ ਸਾਹਿੱਤ-

ਨਵੀਂ ਪਨੀਰੀ ਗੁਰੂ ਨਾਨਕ ਦਾ ਸਚਿੱਤਰ ਜੀਵਨ (ਤਿੰਨ ਭਾਗ), ਨਵੀਂ ਪਨੀਰੀ ਗੁਰੂ ਗੋਬਿੰਦ ਸਿੰਘ ਦਾ ਸਚਿੱਤਰ ਜੀਵਨ (ਦੋ ਭਾਗ), ਹੇਮ ਕੁੰਡ ਪ੍ਰਬਤ ਹੈ ਜਹਾਂ ਸਚਿੱਤਰ।

ਨਾਵਲਿਸਟ-

ਰਿਸ਼ਤਾ, ਰਿਕਸ਼ੇ ਵਾਲਾ, ਇਕ ਸਾਲ, ਇਕੋ ਇਕ ਪਗਡੰਡੀ।

ਪੱਤਰਕਾਰੀ ਬਾਰੇ-

ਪੰਜਾਬੀ ਪੱਤਰਕਾਰੀ-ਇਕ ਸਰਵੇਖਣ, ਪੰਜਾਬੀ ਪੱਤਰਕਾਰੀ ਵਿਚਾਰ ਪ੍ਰਵਾਹ (ਸੰਪਾਦਿਤ), ਪੰਜਾਬੀ ਪੱਤਰਕਾਰੀ ਦਾ ਵਿਕਾਸ।

ਫਿਲਮਾਂ-

ਸਵਾ ਲਾਖ ਸੇ ਏਕ ਲੜਾਊਂ, ਹਿੰਦ ਦੀ ਚਾਦਰ, ਗੁਰੂ ਨਾਨਕ ਪ੍ਰਕਾਸ਼, ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ, ਦਿੱਲੀ ਦੇ ਇਤਿਹਾਸਕ ਗੁਰਦੁਆਰੇ।

ਆਦਿਕਾ

ਪੰਜਾਬੀ ਸੂਬੇ ਦੇ ਮੋਰਚੇ ਸਮੇਂ 1960 ਵਿਚ ਸਰਕਾਰ ਨੇ ਜਦੋਂ ਸ਼ਰੋਮਣੀ ਅਕਾਲੀ ਦੱਲ ਦੇ ਅਖ਼ਬਾਰ ਪ੍ਰਭਾਤ (ਉਰਦੂ) ਤੇ ਰੋਜ਼ਾਨਾ ਅਕਾਲੀ (ਪੰਜਾਬੀ) 'ਤੇ ਪਾਬੰਦੀ ਲਾ ਕੇ ਅਖ਼ਬਾਰ ਬੰਦ ਕਰ ਦਿੱਤੇ । ਮਾਸਟਰ ਤਾਰਾ ਸਿੰਘ ਜੀ ਨੂੰ ਸਾਰੇ ਅਕਾਲੀ ਲੀਡਰਾਂ ਸਮੇਤ ਗ੍ਰਿਫ਼ਤਾਰ ਕਰਕੇ ਜੇਲਾਂ ਵਿਚ ਡੱਕ ਦਿੱਤਾ ਗਿਆ, ਮੈਂ ਵੀ ਉਸ ਸਮੇਂ ਕਈ ਮਹੀਨੇ ਗੁਰਦਾਸਪੁਰ ਜੇਲ ਵਿਚ ਰਿਹਾ । ਜਦ ਜੇਲ ਵਿੱਚੋਂ ਰਿਹਾਅ ਹੋਇਆ ਤਾਂ ਮਾਸਟਰ ਤਾਰਾ ਸਿੰਘ ਜੀ ਦਾ ਸੰਦੇਸ਼ਾ ਆਇਆ ਕਿ ਮੈਂ ਤੁਰੰਤ ਦਿੱਲੀ ਜਾ ਕੇ ਕਿਸੇ ਨਾਂ ਥੱਲੇ ਦਿੱਲੀ ਤੋਂ ਪ੍ਰਵਾਨਗੀ ਲੈ ਕੇ ਰੋਜ਼ਾਨਾ ਪੰਜਾਬੀ ਅਖ਼ਬਾਰ ਸ਼ੁਰੂ ਕਰਾਂ । ਸੋ ਇਸ ਤਰ੍ਹਾਂ ਮੈਂ 1961 ਵਿਚ ਦਿੱਲੀ ਤੋਂ ਰੋਜ਼ਾਨਾ ਜਥੇਦਾਰ ਸ਼ੁਰੂ ਕਰ ਲਿਆ । ਦਿੱਲੀ ਵਿਚ ਮੈਨੂੰ ਗੁਰਦੁਆਰਾ ਮਾਤਾ ਸੁੰਦਰੀ ਦੇ ਆਲੇ ਦੁਆਲੇ ਦੇ ਕੁਆਟਰਾਂ ਵਿਚ ਕੁਝ ਸਮਾਂ ਰਹਿਣਾ ਪਿਆ ਜਿਥੇ ਪ੍ਰਿੰਸੀਪਲ ਗੰਗਾ ਸਿੰਘ ਗਵਾਂਢ ਦੇ ਫਲੈਟ ਵਿਚ ਟਿਕੇ ਹੋਏ ਸਨ । ਕਈ ਮਹੀਨੇਂ ਉਹਨਾਂ ਨਾਲ ਰੋਜ਼ਾਨਾ ਵਿਚਾਰ ਵਟਾਂਦਰਾ ਹੁੰਦਾ ਰਹਿੰਦਾ । ਪ੍ਰਿੰਸੀਪਲ ਗੰਗਾ ਸਿੰਘ ਨੇ ਮੈਨੂੰ ਬਹੁਤ ਸਾਰੀ ਇਤਿਹਾਸਕ ਸਮੱਗਰੀ ਅਣਛਪੀ, ਪੱਥਰ ਦੇ ਛਾਪੇ ਦੀ ਛਪਾਈ ਵਾਲੀ ਤੇਂ ਪੁਰਾਣੀਆਂ ਦੁਰਲੱਭ ਲਿਖਤਾਂ ਦਿਖਾਈਆਂ ਜਾਂ ਉਹਨਾਂ ਦੇ ਹਵਾਲੇ ਨਾਲ ਜਾਣਕਾਰੀ ਦਿੱਤੀ । ਉਹਨਾਂ ਦਿਨਾਂ ਵਿਚ ਮੈਂ 'ਸਾਡੇ ਸ਼ਹੀਦ' ਲੇਖ ਲੜੀ ਅਖ਼ਬਾਰ ਵਿਚ ਸ਼ੁਰੂ ਕੀਤੀ ਹੋਈ ਸੀ ਜਿਸ ਵਿਚ ਪ੍ਰਿੰਸੀਪਲ ਗੰਗਾ ਸਿੰਘ ਨੇ ਚੋਖੀ ਸਹਾਇਤਾ ਕੀਤੀ ।

ਜਿਹੜੀ ਨਵੀਂ ਇਤਿਹਾਸ ਦੀ ਜਾਣਕਾਰੀ ਹਵਾਲੇ ਦੇ ਕੇ ਸਮਝਾਈ, ਉਸ ਵਿੱਚੋਂ ਇਕ ਵਾਰਤਾ ਛੋਟੇ ਸਾਹਿਬਜ਼ਾਦਿਆਂ ਦੇ ਸਰਹੰਦ ਵਿਚ ਸ਼ਹੀਦ ਹੋਣ ਨਾਲ ਸੰਬੰਧਿਤ ਸੀ । ਉਨ੍ਹਾਂ ਨੇ ਕੁਝ ਪੁਰਾਣੀਆਂ ਲਿਖਤਾਂ ਦੇ ਹਵਾਲੇ ਨਾਲ ਇਹ ਦੱਸਿਆ ਕਿ 1705 ਈ: ਤੋਂ ਲੈ ਕੇ 1710 ਈ: ਤਕ ਸਿੰਘ ਵਿਅਕਤੀਗਤ ਰੂਪ ਵਿਚ ਨਵਾਬ ਵਜ਼ੀਰ ਖਾਂ ਨੂੰ ਮਾਰਨ ਲਈ ਕਈ ਯਤਨ ਕਰਦੇ ਰਹੇ । ਆਪਣੇ ਘਰ ਬਾਹਰ ਤੇ ਜ਼ਿੰਦਗੀ ਦੀ ਪਰਵਾਹ ਕੀਤੇ ਬਿਨਾਂ ਉਸਨੂੰ ਮਾਰਨ ਲਈ ਉਹਦੇ ਮਹੱਲ ਤਕ ਜਾਂਦੇ ਰਹੇ । ਉਹਨਾਂ ਜੋ ਘਟਨਾਵਾਂ ਦੱਸੀਆਂ ਉਹ ਰੌਂਗਟੇ ਖੜੇ ਕਰਨ ਵਾਲੀਆਂ ਸਨ । ਉਹ ਕਈ ਸਾਲਾਂ ਤਕ ਮੇਰੇ ਦਿਲ ਦਿਮਾਗ 'ਤੇ ਛਾਈਆਂ ਰਹੀਆਂ, ਮੈਂ ਉਹਨਾਂ ਘਟਨਾਵਾਂ

ਨੂੰ ਗਲਪ ਰੂਪ ਵਿਚ ਜੋੜਦਾ ਰਿਹਾ । ਹੋਰ ਇਤਿਹਾਸਕ ਹਵਾਲਿਆਂ ਵਿੱਚੋਂ ਮਿਲਿਆ ਗਿਆਨ ਉਸ ਵਿਚ ਗੁੰਦਦਾ ਰਿਹਾ । ਅਖੀਰ ਉਹ ਸਮੱਗਰੀ ਇਤਿਹਾਸਕ ਨਾਵਲ 'ਗੋਸਾਈਂ ਦਾ ਪਹਿਲਵਾਨਤਾ' ਦੇ ਰੂਪ ਵਿਚ ਕਲਮਬੰਦ ਹੋ ਗਈ ।

ਰੋਜ਼ਾਨਾ ਜੱਥੇਦਾਰ ਵਿਚ ਇਹ ਇਤਿਹਾਸਕ ਨਾਵਲ ਕਿਸ਼ਤਵਾਰ ਪ੍ਰਕਾਸ਼ਿਤ ਹੋਇਆ । ਕਈ ਪਾਠਕਾਂ ਦੇ ਬੜੇ ਉਸਾਰੂ ਸੁਝਾਅ ਆਏ । ਪੁਸਤਕ ਰੂਪ ਵਿਚ ਪ੍ਰਕਾਸ਼ਿਤ ਕਰਦਿਆਂ ਫਿਰ ਇਸ ਦੀ ਸੁਧਾਈ ਹੋ ਗਈ । ਇਸ ਵਿਚ ਕੁਝ ਉਹ ਸੱਚੇ ਪਾਤਰ ਹਨ ਜਿਨ੍ਹਾਂ ਉਸ ਸਮੇਂ ਇਤਿਹਾਸਕ ਰੋਲ ਅਦਾ ਕੀਤਾ ਸੀ । ਕੁਝ ਮਨੋ-ਕਲਪਿਤ ਪਾਤਰ ਹਨ, ਜਿਹੜੇ ਨਾਵਲ ਵਿਚ ਘਟਨਾ ਤੋਂ ਅਗਲੀ ਘਟਨਾ ਤਕ ਕਥਾ ਵਾਰਤਾ ਨੂੰ ਜੋੜਨ ਲਈ ਜ਼ਰੂਰੀ ਸਨ । ਇਸ ਗੱਲ ਦਾ ਮੈਂ ਮੁੱਖ ਰੂਪ ਵਿਚ ਧਿਆਨ ਰੱਖਿਆ ਹੈ ਕਿ ਨਾਵਲ ਵਿਚ ਉਸ ਸਮੇਂ ਦੇ ਜੀਵਨ ਨੂੰ ਯਥਾਰਥਕ ਰੂਪ ਵਿਚ ਪੇਸ਼ ਕਰਾਂ । ਲੋਕਾਂ ਦੇ ਉਸ ਰਾਜਕਾਲ ਵਿਚ ਜਜ਼ਬਾਤ, ਸੋਚਣੀ ਤੇ ਜੀਵਨ ਕਰਮ ਦਾ ਹੂ-ਬ-ਹੂ ਚਿੱਤਰ ਪੇਸ਼ ਕਰਾਂ ।

ਮੈਂ ਇਤਿਹਾਸ ਵਿਚ ਸਿੱਖ ਲੋਕ ਲਹਿਰ ਦਾ ਬੜੀ ਨੀਝ ਨਾਲ ਅਧਿਐਨ ਕੀਤਾ ਹੈ । ਮੈਂ ਹਰ ਮੌਕੇ 'ਤੇ ਹਿੰਦੂਆਂ ਤੇ ਮੁਸਲਮਾਨਾਂ ਵਿੱਚੋਂ ਵੀ ਅਜਿਹੇ ਵਰਗ ਨੂੰ ਵੇਖਿਆ ਹੈ ਜੋ ਹਾਕਮਾਂ ਦੇ ਅਣਮਨੁੱਖੀ ਵਤੀਰੇ ਤੋਂ ਦੁਖੀ ਸਨ ਅਤੇ ਮਾਨਵੀ ਕਦਰਾਂ ਕੀਮਤਾਂ ਦੇ ਪ੍ਰਸੰਸਕ, ਜ਼ੁਲਮ ਵਿਰੁੱਧ ਡਟਣ ਵਾਲੇ ਸਿੰਘਾਂ ਦੇ ਹਮਦਰਦ ਸਨ । ਹਰ ਕੌਮ ਵਿਚ ਚੰਗੇ ਤੇ ਮਾੜੇ, ਦਲੇਰ ਤੇ ਬੁਜ਼ਦਿਲ, ਬੇਗਰਜ਼ ਤੇ ਨਿਜ-ਸੁਆਰਥੀ ਮਨੁੱਖ ਹੁੰਦੇ ਹਨ, ਇਹੋ ਜਿਹੇ ਮਨੁੱਖ ਉਸ ਵੇਲੇ ਵੀ ਸਨ ਤੇ ਅੱਜ ਵੀ ਹਨ । ਇਹ ਵੀ ਨਿਸ਼ਚਤ ਗੱਲ ਹੈ ਕਿ ਹਰ ਜੀਵਨ ਘੋਲ ਵਿਚ ਮਰਦ ਦੀ ਸਫਲਤਾ ਪਿੱਛੇ ਕਿਸੇ ਨਾ ਕਿਸੇ ਨਾਰੀ ਦਾ ਸਹਿਯੋਗ ਹੁੰਦਾ ਹੈ । ਹਜ਼ਾਰਾ ਸਿੰਘ ਪੰਜ ਛੇ ਸਾਲ ਪਰਿਵਾਰ ਨੂੰ ਪਿੱਛੇ ਪਿੰਡ ਛੱਡ ਕੇ ਨਵਾਬ ਵਜ਼ੀਰ ਖਾਂ ਨੂੰ ਸੋਧਣ ਲਈ ਘਰੋਂ ਤਾਂ ਹੀ ਨਿੱਕਲ ਸੱਕਿਆ ਜਦ ਕਿ ਉਹਦੀ ਪਤਨੀ ਬਚਨੀ ਔਖੀ ਘੜੀ ਦਲੇਰੀ ਨਾਲ ਗੁਜ਼ਾਰਨ ਲਈ ਤਿਆਰ ਸੀ । ਹਜ਼ਾਰਾ ਸਿੰਘ ਤੇ ਗੁਰਦੇਵ ਸਿੰਘ ਦੀਆਂ ਸਰਹੰਦ ਵਿਚ ਸਰਗਰਮੀਆਂ ਵਿਚ ਬਿਮਲਾ ਦਾ ਸਹਿਯੋਗ ਸੀ । ਭਾਵੇਂ ਉਸ ਵੇਲੇ ਸਿੰਘਾਂ ਦੀ ਪਿੰਡਾਂ ਵਿਚ ਵੱਸੋਂ ਬਹੁਤ ਥੋੜ੍ਹੀ ਸੀ । ਪਰ ਹਜ਼ਾਰਾ ਸਿੰਘ ਵਰਗੇ ਕਈ ਛੋਟੇ ਸਹਿਬਜ਼ਾਦਿਆਂ ਦੀ ਸ਼ਹੀਦੀ ਦੇ ਜ਼ੁਮੇਂਵਾਰਾਂ ਨੂੰ ਸਜ਼ਾ ਦੇਣ ਲਈ ਯਥਾਸ਼ਕਤ ਉੱਦਮ ਕਰਦੇ ਰਹੇ ਹਨ । ਨਵਾਬ ਵਜ਼ੀਰ ਖਾਂ ਨੂੰ ਪੱਥਰ ਮਾਰ ਕੇ ਆਪਣੇ ਗੁੱਸੇ ਦਾ ਪ੍ਰਗਟਾਵਾ ਕਰਨ ਵਾਲੇ ਬਹਾਦਰ ਵੀ ਨਿੱਤਰੇ ।


ਅਠਾਰ੍ਹਵੀਂ ਸਦੀ ਦੇ ਆਰੰਭਕ ਸਾਲਾਂ ਵਿਚ ਸਿੱਖੀ ਦਾ ਆਚਰਨ ਮਾਨਵੀ ਗੁਣ ਤੇ ਨਿਸ਼ਕਾਮ ਸੇਵਾ ਭਾਵਨਾ ਸਦਕਾ ਹੀ ਅਨੋਖੇ ਇਤਿਹਾਸ ਦੀ ਸਿਰਜਣਾ ਹੋ ਸਕੀ । ਮੈਂ ਕਿੱਥੋਂ ਤਕ ਇਤਿਹਾਸਕ, ਸਮਾਜਿਕ ਸਥਿਤੀ ਤੇ ਲੋਕਾਂ ਦੀ ਮਾਨਸਿਕਤਾ ਨੂੰ

ਰੌਚਿਕ ਰੂਪ ਵਿਚ ਇਸ ਨਾਵਲ ਵਿਚ ਪੇਸ਼ ਕਰ ਸਕਿਆ ਹਾਂ, ਇਹ ਤਾਂ ਪਾਠਕ ਹੀ ਦੱਸ ਸਕਦੇ ਹਨ। ਮੈਨੂੰ ਪਾਠਕਾਂ ਦੀ ਇਸ ਸੰਬੰਧੀ ਰਾਇ ਦਾ ਇੰਤਜ਼ਾਰ ਰਹੇਗਾ ਅਤੇ ਅਗਲੇ ਐਡੀਸ਼ਨ ਵਿਚ ਉਸਾਰੂ ਸੁਝਾਅ ਪ੍ਰਵਾਨ ਕਰਕੇ ਇਸ ਨਾਵਲ ਦੇ ਰੂਪ ਨੂੰ ਹੋਰ ਸੰਵਾਰਨ ਦਾ ਯਤਨ ਕਰਾਂਗਾ।

ਭਜਨ ਸਿੰਘ
ਏ-8, ਵਰੁਣ ਵਿਹਾਰ,
ਸੈਕਟਰ 9, ਰੋਹਿਣੀ, ਦਿੱਲੀ 85.
ਫ਼ੋਨ ਨੰ: 7264098

●●●

ਗੋਸਾਈਂ ਦਾ ਪਹਿਲਵਾਨੜਾ



ਗਿ. ਭਜਨ ਸਿੰਘ (ਡਾ

ਕਾਂਡ-1

'ਭਰਜਾਈ ਅਜੇ ਲੱਧਾ ਨਹੀਂ ਆਇਆ', ਹਜ਼ਾਰਾ ਸਿੰਘ ਨੇ ਦਰਵਾਜ਼ੇ ਵਿਚ ਖੜੇ ਹੋ ਕੇ ਪੁੱਛਿਆ ਤੇ ਸ਼ਾਂਤੀ ਦੇ ਅੱਗੋਂ ਸਿਰ ਫੇਰ ਦੇਣ 'ਤੇ ਆਪਣੇ ਸਵਾਲ ਦਾ ਉੱਤਰ ਸਮਝਕੇ ਇਕ ਠੰਡਾ ਹਉਕਾ ਲੈ ਕੇ ਪਰਤ ਗਿਆ । ਆਪਣੇ ਘਰ ਆ ਕੇ ਉਹ ਮੰਜੇ 'ਤੇ ਬੈਠ ਗਿਆ । ਦੋਵੇਂ ਗੋਡੇ ਜੋੜ ਕੇ ਉਹਨਾਂ 'ਤੇ ਬਾਹਵਾਂ ਦੀਆਂ ਕੂਹਣੀਆਂ ਟਿਕਾ ਲਈਆਂ ਤੇ ਬਾਹਵਾਂ ਸਿੱਧੀਆਂ ਰੱਖ ਕੇ ਹੱਥਾਂ ਦੀਆਂ ਤਲੀਆਂ 'ਤੇ ਆਪਣੀ ਦਾੜ੍ਹੀ ਖੁਲ੍ਹੀ ਰਖ ਕੇ ਸੋਚਾਂ ਵਿਚ ਪੈ ਗਿਆ । ਪਤਾ ਨਹੀਂ ਕਿੰਨਾ ਕੁ ਚਿਰ ਉਹ ਇਸੇ ਤਰ੍ਹਾਂ ਬੈਠਾ ਰਿਹਾ । ਅੱਜ ਇਸ ਵੇਲੇ ਉਹਦੀ ਪਤਨੀ ਵੀ ਘਰ ਨਹੀਂ ਸੀ । ਉਹ ਸਾਗ ਤੋੜਨ ਲਈ ਬਾਹਰ ਖੇਤਾਂ ਵਿਚ ਗਈ ਹੋਈ ਸੀ । ਜੇ ਉਹ ਘਰ ਹੁੰਦੀ ਤਾਂ ਕਦੇ ਇਤਨੀ ਦੇਰ ਨਾ ਸੋਚਣ ਦਿੰਦੀ ।

ਝਟ ਪਿੱਛੋਂ ਹਜ਼ਾਰਾ ਸਿੰਘ ਜਦ ਮੁੜ ਕੇ ਸੋਚ ਦੇ ਡੂੰਘੇ ਸਾਗਰਾਂ ਤੋਂ ਬਾਹਰ ਨਿਕਲਿਆ ਤਾਂ ਉੱਠ ਕੇ ਲੱਧੇ ਸ਼ਾਹ ਦੀ ਹੱਟੀ 'ਤੇ ਫਿਰ ਆ ਗਿਆ। ਉਸੇ ਤਰ੍ਹਾਂ ਹੱਟੀ 'ਤੇ ਸ਼ਾਂਤੀ ਬੈਠੀ ਪਿੰਡ ਦੇ ਬੱਚਿਆਂ ਨੂੰ ਦਾਲ ਤੇ ਹਲਦੀ ਪਈ ਦਿੰਦੀ ਸੀ । ਭਾਵੇਂ ਸ਼ਾਂਤੀ ਨੂੰ ਹੱਟੀ 'ਤੇ ਬੈਠਿਆਂ ਦੇਖ ਕੇ ਉਹਨੂੰ ਪਤਾ ਤਾਂ ਲੱਗ ਗਿਆ ਕਿ ਸ਼ਾਹ ਅਜੇ ਨਹੀਂ ਆਇਆ ਪਰ ਫਿਰ ਵੀ ਮਨ ਦੀ ਇਕ ਨੁਕਰੇ ਖਿਆਲ ਫੁਰਿਆ ਕਿ ਹੋ ਸਕਦਾ ਸ਼ਾਹ ਆ ਗਿਆ ਹੋਵੇ ਤੇ ਅੰਦਰ ਸੌਦਾ ਜੋੜ ਰਿਹਾ ਹੋਵੇ ਜਾਂ ਥੱਕਾ ਟੁੱਟਾ ਆ ਕੇ ਆਰਾਮ ਕਰਨ ਚਲਾ ਗਿਆ ਹੋਵੇ । ਉਹਨੇ ਪੁੱਛਿਆ, 'ਕਿਉਂ ਭਰਜਾਈ ਆਇਆ ਲੱਧਾ ?'

'ਅਜੇ ਤੇ ਨਹੀਂ ਆਏ' ਸ਼ਾਂਤੀ ਨੇ ਉੱਤਰ ਦਿੱਤਾ । ਪੁੱਛਿਆ, 'ਕੀ ਗੱਲ ਅੱਜ ਤੁਸੀਂ ਬੜੇ ਉਤਾਵਲੇ ਉਹਨਾਂ ਦੀ ਉਡੀਕ ਕਰ ਰਹੇ ਹੋ । ਕੋਈ ਬਹੁਤ ਜ਼ਰੂਰੀ ਚੀਜ਼ ਮੰਗਵਾਣ ਲਈ ਆਖਿਆ ਸੀ ।

'ਨਹੀਂ', ਚੀਜ਼ ਤਾਂ ਕੋਈ ਨਹੀਂ ਮੰਗਵਾਣੀ, ਐਵੇਂ ਇਕ ਹੋਰ ਕੰਮ ਸੀ। ਹਜ਼ਾਰਾ ਸਿੰਘ ਨੇ ਉੱਤਰ ਦਿੱਤਾ ।

'ਹੋਰ ਕੀ ਕੰਮ ਸੀ ?' ਸ਼ਾਂਤੀ ਨੇ ਹੈਰਾਨ ਹੋ ਕੇ ਪੁੱਛਿਆ ।

'ਫਿਰ ਦੱਸਾਂਗਾ' ਕਹਿ ਕੇ ਹਜ਼ਾਰਾ ਸਿੰਘ ਹੱਟੀ ਤੋਂ ਬਾਹਰ ਨਿਕਲਿਆ। ਹੁਣ ਉਹ ਘਰ ਜਾਣ ਦੀ ਥਾਂ ਖੇਤਾਂ ਨੂੰ ਤੁਰ ਪਿਆ। ਉਹਨੇ ਸੋਚਿਆ ਕਿ ਸਰਹੰਦ ਨੂੰ ਇਹੋ ਰਾਹ ਜਾਂਦਾ ਏ, ਸ਼ਾਹ ਆਉਂਦਾ ਅੱਗੋਂ ਮਿਲ ਪਏਗਾ। ਨਾਲੇ ਦਸ ਕਦਮ ਤੁਰ ਫਿਰ ਆਵਾਂਗਾ। ਨਾਲੇ ਸ਼ਾਹ ਨਾਲ ਗੱਲਾਂ ਕਰ ਲਵਾਂਗਾ। ਫੇਰ ਆ ਕੇ ਖੁਲ੍ਹ ਕੇ ਉਸ ਨੇ ਵੀ ਗੱਲਬਾਤ ਨਹੀਂ ਕਰਨੀ। ਆਖਰ ਬਾਣੀਆਂ ਪੁੱਤਰ ਏ; ਭਾਵੇਂ ਸਾਡੀ ਸੰਗਤ ਨਾਲ ਉਹਦੇ ਵਿਚ ਕੁਝ ਤਬਦੀਲੀਆਂ ਆ ਗਈਆਂ ਹਨ ਪਰ ਆਖਰ ਉਹ ਬਾਣੀਆਂ ਏ।

ਪਿੰਡ ਤੋਂ ਬਾਹਰ ਨਿਕਲਿਆ ਤਾਂ ਅੱਗੋਂ ਉਹਨੂੰ ਆਪਣੀ ਵਹੁਟੀ ਬਚਨੀ ਆਉਂਦੀ ਮਿਲ ਗਈ। ਬਚਨੀ ਦੇ ਨਾਲ ਉਂਗਲ ਫੜੀ ਤੁਰਿਆ ਆ ਰਿਹਾ ਸੀ ਉਹਨਾਂ ਦਾ ਤਿੰਨ ਕੁ ਸਾਲ ਦਾ ਲੜਕਾ ਜਗਤ ਸਿੰਘ। ਮੁੰਡੇ ਨੇ ਪਿਉ ਨੂੰ ਦੂਰੋਂ ਦੇਖ ਕੇ ਆਵਾਜ਼ਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ ਤੇ ਨੇੜੇ ਆ ਕੇ ਉਹ ਦੌੜ ਪਿਆ ਤੇ ਲੱਤਾਂ ਨੂੰ ਚੰਬੜ ਗਿਆ।

'ਕਿੱਧਰ ਚਲੇ ਹੋ', ਬਚਨੀ ਨੇ ਬੜੇ ਪਿਆਰ ਨਾਲ ਉਸ ਦੀਆਂ ਅੱਖਾਂ ਵਿਚ ਤੱਕਦਿਆਂ ਪੁੱਛਿਆ।

'ਕਿਧਰੇ ਨਹੀਂ, ਹੁਣੇ ਆਇਆ।'

'ਕਿਤੇ ਦੂਰ ਨਾ ਜਾਣਾ।'

'ਨਹੀਂ ਚਲਿਆ' ਹਜ਼ਾਰਾ ਸਿੰਘ ਨੇ ਕਿਹਾ, 'ਸ਼ਾਹ ਨੂੰ ਉਡੀਕਦਾ ਪਿਆ ਹਾਂ, ਉਹ ਅਜੇ ਤਕ ਮੁੜਿਆ ਨਹੀਂ। ਮੇਰੇ ਮਨ ਨੂੰ ਘੇਰ ਪਏ ਪੈਂਦੇ ਨੇ।'

'ਆ ਜਾਂਦਾ ਏ, ਤੁਸੀਂ ਦੂਰ ਨਾ ਜਾਣਾ। ਦੁਸ਼ਮਣ ਦਾ ਕੀ ਭਰੋਸਾ ਕਿਸ ਵੇਲੇ ਕਿਸ ਪਾਸਿਉਂ ਆ ਨਿਕਲੇ', ਬਚਨੀ ਨੇ ਕਿਹਾ।

'ਭੋਲੀਏ, ਇਸ ਤਰ੍ਹਾਂ ਲੁਕ ਕੇ ਜੀਵਨ ਨਹੀਂ ਗੁਜ਼ਰ ਸਕਦਾ। ਤੈਨੂੰ ਕਈ ਵਾਰ ਸਮਝਾਇਆ ਏ ਕਿ ਮੌਤ ਤੋਂ ਬਿਲਕੁਲ ਨਹੀਂ ਡਰਨਾ ਚਾਹੀਦਾ। ਸਾਰੇ ਬਜ਼ੁਰਗ ਕਹਿੰਦੇ ਨੇ ਕਿ ਮੌਤ ਦਾ ਦਿਨ ਨਿਸ਼ਚਤ ਏ, ਟਲ ਨਹੀਂ ਸਕਦਾ। ਜੇਕਰ ਮੌਤ ਦੁਸ਼ਮਣ ਦੇ ਹੱਥੋਂ ਲਿਖੀ ਹੈ ਤਾਂ ਕੌਣ ਬਚਾ ਸਕਦਾ ਏ। ਬਸ ਇਹੀ ਭੈਅ ਤਾਂ ਸਤਿਗੁਰਾਂ ਨੇ ਸਾਡੇ ਮਨ ਵਿੱਚੋਂ ਕੱਢਿਆ ਏ ਜਿਸ ਦਾ ਸਦਕਾ ਅੱਜ ਹਕੂਮਤ ਸਾਡੇ ਤੋਂ ਥਰ ਥਰ ਕੰਬ ਰਹੀ ਏ।' ਸ੍ਰ: ਹਜ਼ਾਰਾ ਸਿੰਘ ਨੇ ਕਿਹਾ ਤੇ ਤੁਰ ਪਿਆ।

'ਮੈਂ ਨਾਲ ਜਾਣਾ ਏ', ਨਿੱਕਾ ਬੱਚਾ ਜਗਤ ਸਿੰਘ ਅੜੀ ਕਰਨ ਲੱਗ ਪਿਆ।

'ਨਹੀਂ ਬੇਟਾ, ਤੂੰ ਘਰ ਚਲ, ਮੈਂ ਦੇਰ ਨਾਲ ਮੁੜਨਾ ਏ।' ਹਜ਼ਾਰਾ ਸਿੰਘ ਨੇ ਉੱਤਰ ਦਿੱਤਾ।

'ਦੇਖਿਆ ਫਿਰ ਉਹੀ ਗੱਲਾਂ, ਬਚਨੀ ਝੱਟ ਬੋਲ ਪਈ, ਮੈਨੂੰ ਹੁਣੇ ਪਏ ਕਹਿੰਦੇ ਸੀ ਕਿ ਦੂਰ ਨਹੀਂ ਜਾਂਦਾ।'

'ਤੂੰ ਤੇ ਸਮਝਦੀ ਨਹੀਂ ਕੁਝ ਵੀ।' ਸੁ: ਹਜ਼ਾਰਾ ਸਿੰਘ ਨੇ ਕਿਹਾ, 'ਬਾਲ ਨੂੰ ਵਲਾਉਣ ਲਈ ਹੋਰ ਕੀ ਆਖਾਂ।'

'ਲਈ ਜਾਉ ਸੂ ਨਾਲ,' ਬਚਨੀ ਨੇ ਤਰਲਾ ਕੀਤਾ, 'ਉਹਦਾ ਜੀ ਕਰਦਾ ਏ ਤੁਹਾਡੇ ਨਾਲ ਜਾਣ ਨੂੰ, ਤੁਸੀਂ ਲੈ ਜਾਉ।'

'ਮੈਂ ਪਤਾ ਨਹੀਂ ਕਿੰਨੀ ਕੁ ਦੇਰ ਨਾਲ ਮੁੜਾਂ, ਇਹ ਬਾਲ ਏ, ਇਹਨੇ ਹੁਣੇ ਕਾਹਲੇ ਪੈ ਜਾਣਾ ਏਂ, ਲੈ ਜਾ ਸੂ ਘਰ।' ਫਿਰ ਉਹਨੇ ਬੱਚੇ ਨੂੰ ਕਿਹਾ, 'ਚਲ ਪੁੱਤਰ ਘਰ, ਮੈਂ ਆ ਕੇ ਤੈਨੂੰ ਫਿਰ ਲਿਆਵਾਂਗਾ।

ਬਚਨੀ ਨੇ ਮੁੰਡੇ ਦੀ ਬਾਂਹ ਫੜ ਲਈ ਤੇ ਲੈ ਕੇ ਤੁਰ ਪਈ। ਹਜ਼ਾਰਾ ਸਿੰਘ ਵੀ ਵੱਟੋ ਵੱਟ ਤੁਰ ਪਿਆ। ਕਾਫੀ ਦੂਰ ਨਿਕਲ ਗਿਆ ਜਦੋਂ ਉਹਨੂੰ ਦੂਰੋਂ ਘੋੜੇ 'ਤੇ ਲੱਧੇ ਸ਼ਾਹ ਮਿਲ ਪਿਆ। ਲੱਧੇ ਸ਼ਾਹ ਨੇ ਘੋੜਾ ਰੋਕਿਆ ਤੇ ਉਤਰ ਪਿਆ। ਉਹ ਨੇ ਕਾਫੀ ਅਫਸੋਸਿਆ ਹੋਇਆ ਮੂੰਹ ਬਣਾਇਆ ਹੋਇਆ ਸੀ।

'ਸੁਣਾ ਲਿਆਂਦਾ ਈ ਕੁਝ ਪਤਾ!'

'ਆਹੋ', ਲੱਧੇ ਸ਼ਾਹ ਨੇ ਕਿਹਾ।

'ਕੀ?' ਹਜ਼ਾਰਾ ਸਿੰਘ ਦੇ ਮਨ ਦੀ ਉਤਸੁਕਤਾ ਹੋਰ ਵੱਧ ਗਈ।

'ਉਹ ਤੇ ਮਾਰ ਦਿੱਤੇ ਗਏ ਨੇ।'

'ਹੈਂ! ਦੋਵੇਂ ਸਾਹਿਬਜ਼ਾਦੇ ਸ਼ਹੀਦ ਕਰ ਦਿੱਤੇ ਗਏ?' ਹਜ਼ਾਰਾ ਸਿੰਘ ਦੇ ਰੌਂਗਟੇ ਖੜੇ ਹੋ ਗਏ, ਅੱਖਾਂ ਵਿਚ ਗੁੱਸੇ ਦੀ ਲਾਲੀ ਭਰ ਗਈ। 'ਉਹ ਕਿਸ ਤਰ੍ਹਾਂ? ਮੈਨੂੰ ਜ਼ਾਲਮਾਂ ਦੀ ਕਰਤੂਤ ਦਾ ਸਾਰਾ ਹਾਲ ਦੱਸ।'

'ਮੈਂ ਸਾਰਾ ਹਾਲ ਤਾਂ ਪਤਾ ਵੀ ਨਹੀਂ ਕਰ ਸਕਿਆ।' ਲੱਧੇ ਸ਼ਾਹ ਨੇ ਦੱਸਿਆ, 'ਉਥੇ ਸਰਹੰਦ ਵਿਚ ਤਾਂ ਹਾਹਾਕਾਰ ਮਚੀ ਹੋਈ ਏ। ਹਿੰਦੂ ਤਾਂ ਸਾਰੇ ਸਹਿਮੇ ਹੋਏ ਘਰਾਂ ਤੋਂ ਬਾਹਰ ਨਹੀਂ ਨਿਕਲ ਰਹੇ। ਮੈਨੂੰ ਸੌਦਾ ਵੀ ਪੂਰਾ ਨਹੀਂ ਮਿਲਿਆ। ਮੈਂ ਜਿਸ ਪਾਸ ਠਹਿਰਿਆ ਸਾਂ ਉਹਨੇ ਆ ਕੇ ਦੱਸਿਆ ਏ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਦੋਵੇਂ ਪੁੱਤਰ ਅੱਜ ਮਾਰ ਦਿੱਤੇ ਗਏ ਹਨ। ਉਹ ਪਿਆ ਕਹਿੰਦਾ ਸੀ ਕਿ ਮਾਰਨ ਲਈ ਢੰਗ ਬੜਾ ਅਜੀਬ ਚੁਣਿਆ ਏ। ਮੁੰਡਿਆਂ ਨੂੰ ਖੜਾ ਕਰਕੇ ਕੰਧ ਵਿਚ ਚਿਣਾ ਦਿੱਤਾ ਗਿਆ ਏ। ਦੋਵੇਂ ਪਾਸੇ ਕੰਧ ਉਸਾਰ ਕੇ ਵਿਦਾ ਦੇ ਕੇ ਮਾਰ ਦਿੱਤੇ ਏ।'

"ਓਹੋ !' ਸ੍ਰ: ਹਜ਼ਾਰਾ ਸਿੰਘ ਦੇ ਮੂੰਹ 'ਚੋਂ ਨਿਕਲਿਆ ਅਤੇ ਅੱਖਾਂ 'ਚੋਂ ਪਾਣੀ ਵਗ ਤੁਰਿਆ। ਉਹਨੇ ਦੋ ਕੁ ਮਿੰਟ ਦੀ ਚੁੱਪ ਪਿੱਛੋਂ ਕਿਹਾ, "ਹੁਣ ਤਾਂ ਜ਼ੁਲਮ ਆਪਣੇ ਸਿਰੇ 'ਤੇ ਅੱਪੜ ਗਿਆ ਏ। ਇਸ ਤੋਂ ਵੱਧ ਕੇ ਸਾਡਾ ਸੂਬਾ ਕੀ ਵਿਗਾੜ ਸਕਦਾ ਸੀ। ਦਸਮੇਸ਼ ਦੇ ਇਹਨਾਂ ਲਾਲਾਂ ਨੂੰ ਨੀਹਾਂ ਵਿਚ ਚਿਣਾ ਦਿੱਤਾ ਗਿਆ। ਇਤਿਹਾਸ ਵਿਚ ਸ਼ਹੀਦੀ ਦਾ ਇਹ ਨਵਾਂ ਤੇ ਅਨੋਖਾ ਸਾਕਾ ਹੋਵੇਗਾ। ਦੁਨੀਆਂ ਵਿਚ ਸ਼ਾਇਦ ਇਸ ਤਰ੍ਹਾਂ ਦਾ ਜ਼ੁਲਮ ਕਦੇ ਨਹੀਂ ਹੋਇਆ।"

'ਪਰ ਇਹ ਸਾਰੇ ਕਹਿੰਦੇ ਨੇ ਕਿ ਉਹ ਦੋਵੇਂ ਭਰਾ ਡੋਲੇ ਬਿਲਕੁਲ ਨਹੀਂ। ਉਹਨਾ ਨੂੰ ਛੱਡ ਦੇਣ ਲਈ ਸੂਬੇ ਨੇ ਕੁਝ ਸ਼ਰਤਾਂ ਰੱਖੀਆਂ ਸਨ ਪਰ ਉਹਨਾਂ ਨੇ ਇਕ ਨਹੀਂ ਮੰਨੀ। ਨਾ ਉਹ ਡਰੇ, ਨਾ ਉਹਨਾਂ ਈਨ ਮੰਨੀ।' ਲੱਧੇ ਸ਼ਾਹ ਨੇ ਦੱਸਿਆ।

'ਈਨ ਕਿਸ ਤਰ੍ਹਾਂ ਮੰਨ ਸਕਦੇ ਸਨ, ਉਹ ਦਸਮੇਸ਼ ਪਿਤਾ ਦੇ ਲਾਲ ਸਨ, ਜਿਨ੍ਹਾਂ ਸਰੀਰਾਂ ਅੰਦਰ ਗੁਰੂ ਗੋਬਿੰਦ ਸਿੰਘ ਜੀ ਕਲਗੀਧਰ ਪਾਤਿਸ਼ਾਹ ਦਾ ਖ਼ੂਨ ਏ ਤੇ ਦੂਜਾ ਜਿਹਨਾਂ ਅੰਮ੍ਰਿਤ ਦੀ ਦਾਤ ਪਰਾਪਤ ਕੀਤੀ ਹੋਈ ਏ, ਉਹ ਕਿਵੇਂ ਭਲਾ ਈਨ ਮੰਨ ਸਕਦੇ ਸਨ। ਦੁਨੀਆਂ ਇੱਧਰ ਦੀ ਉੱਧਰ ਹੋ ਜਾਏ, ਸੂਰਜ ਭਾਵੇਂ ਆਪਣੀ ਤਪਸ਼ ਤਿਆਗ ਦੇਵੇ ਜਾਂ ਪਹਾੜ ਭਾਵੇਂ ਮੋਮ ਬਣ ਜਾਣ ਪਰ ਕਲਗੀਧਰ ਦੇ ਲਾਲ ਨਹੀਂ ਬਦਲ ਸਕਦੇ।' ਸ੍ਰ: ਹਜ਼ਾਰਾ ਸਿੰਘ ਨੇ ਕਿਹਾ, 'ਉਹ ਮਾਸੂਮ ਜਿੰਦੜੀਆਂ ਆਪਾ ਵਾਰ ਗਈਆਂ ਪਰ ਜ਼ੁਲਮ ਅੱਗੇ ਝੁਕਣਾ ਨਹੀਂ ਮੰਨਿਆ। ਇਹ ਕਰੱਤਵ, ਇਹ ਸ਼ਹੀਦੀਆਂ ਹੁਣ ਰੰਗ ਲਾਣਗੀਆਂ।'

'ਰੰਗ ਕੀ ਲਾਣਗੀਆਂ ?' ਲੱਧੇ ਸ਼ਾਹ ਨੇ ਪੁੱਛਿਆ, 'ਇਹਦੇ ਨਾਲ ਸਿੱਖਾਂ ਵਿਚ ਮਾਯੂਸੀ ਵਧੇਗੀ।'

'ਤੂੰ ਭੁੱਲਦਾ ਏਂ ਸ਼ਾਹ', ਹਜ਼ਾਰਾ ਸਿੰਘ ਨੇ ਉੱਤਰ ਦਿੱਤਾ, 'ਸਿੰਘਾਂ ਵਿਚ ਇਸ ਨਾਲ ਢਹਿੰਦੀ ਕਲਾ ਨਹੀਂ ਆ ਸਕਦੀ। ਸਿੰਘਾਂ ਵਿੱਚ ਜੋਸ਼ ਵਧੇਗਾ, ਗੁੱਸਾ ਆਏਗਾ ਤੇ ਉਹ ਇਸ ਦਾ ਬਦਲਾ ਲੈਣਗੇ।'

'ਬਦਲਾ ਕੀ ਲੈਣਾ ਏਂ, ਜੇ ਇੰਨੇ ਜੋਗੇ ਹੁੰਦੇ ਤਾਂ ਜਾ ਕੇ ਛੁਡਾ ਨਾ ਲੈਂਦੇ', ਲੱਧੇ ਸ਼ਾਹ ਨੇ ਕਿਹਾ।

'ਛੁਡਾਣਾ ਮੁਸ਼ਕਿਲ ਸੀ, ਉਹ ਤਾਂ ਦੁਸ਼ਮਣ ਦੇ ਕਬਜ਼ੇ ਵਿਚ ਸਨ। ਜੇ ਹਮਲਾ ਕਰਕੇ ਜਾਂਦੇ ਤਾਂ ਵੀ ਉਹਨਾਂ ਸਾਡੇ ਪਹੁੰਚਣ ਤਕ ਮਾਰ ਸੁੱਟਣਾ ਸੀ, ਨਾਲੇ ਮੌਕਾ ਹੋਰ ਸੀ। ਕਲਗੀਧਰ ਪਾਤਿਸ਼ਾਹ ਇਸ ਸਮੇਂ ਪਤਾ ਨਹੀਂ ਕਿੱਥੇ ਨੇ। ਸ਼ਾਹੀ ਫੌਜ ਲੱਖਾਂ ਦੀ ਗਿਣਤੀ ਵਿਚ ਉਹਨਾਂ ਦਾ ਪਿੱਛਾ ਕਰ ਰਹੀ ਏ।' ਹਜ਼ਾਰਾ ਸਿੰਘ ਨੇ ਕਿਹਾ, ਅੱਛਾ, ਮੈਂ ਜਾਵਾਂਗਾ ਤੇ ਜਾ ਕੇ ਸੂਬੇ ਤੋਂ ਇਹਦਾ ਬਦਲਾ ਲਵਾਂਗਾ।' ਹਜ਼ਾਰਾ ਸਿੰਘ ਨੇ ਲੱਧੇ ਸ਼ਾਹ ਦੀਆਂ ਗੱਲਾਂ ਤੋਂ ਗੁੱਸੇ ਵਿਚ ਆ ਕੇ ਦ੍ਰਿੜ੍ਹ ਇਰਾਦਾ ਬਣਾ ਲਿਆ।

'ਤੂੰ ਇਕੱਲਾ ਕੀ ਕਰੇਂਗਾ ? ਹਕੂਮਤਾਂ ਨਾਲ ਮੱਥਾ ਲਾਣਾ ਸੌਖਾ ਨਹੀਂ, ਤੁਹਾਡਾ ਗੁਰੂ ਨਾ ਮੁਕਾਬਲਾ ਕਰ ਸਕਿਆ, ਤੁਸੀਂ ਕੀ ਕਰੋਗੇ ।' ਲੱਧੇ ਸ਼ਾਹ ਨੇ ਆਖਿਆ।

'ਸਾਡੇ ਗੁਰੂ ਨੇ ਹਾਰ ਨਹੀਂ ਮੰਨੀ ਤੇ ਨਾ ਮੰਨੇਗਾ ।'ਤੂੰ ਦੇਖੀਂ ਸਹੀ ਉਹ ਦਿਨ ਛੇਤੀ ਆਏਗਾ ਜਦੋਂ ਇਸ ਜ਼ਾਲਮ ਰਾਜ ਦੀਆਂ ਜੜਾਂ ਪੁੱਟ ਸੁੱਟਾਂਗੇ । ਸਾਡਾ ਕਲਗੀਧਰ ਪਾਤਿਸ਼ਾਹ ਅਜੇ ਕੌਤਕ ਦਿਖਾ ਨਹੀਂ ਰਿਹਾ, ਉਹ ਕਹਿੰਦੇ ਨੇ ਮੈਂ ਕਰਾਮਾਤ ਨਹੀਂ ਕਰਨੀ । ਜੇ ਉਹ ਚਾਹੁੰਣ ਤਾਂ ਹੁਣੇ ਇਕ ਮਿੰਟ ਵਿਚ ਸਾਰਾ ਕੁਝ ਤਬਾਹ ਕਰਕੇ ਰੱਖ ਦੇਣ । ਉਹ ਸ਼ਕਤੀਸ਼ਾਲੀ ਨੇ ਪਰ ਅਜੇ ਉਹ ਜਾਣ ਬੁੱਝ ਕੇ ਆਪਣੀ ਸ਼ਕਤੀ ਨਹੀਂ ਦਿਖਾ ਰਹੇ, ਹਜ਼ਾਰਾ ਸਿੰਘ ਨੇ ਦੱਸਿਆ ।

ਦੋਵੇਂ ਗੱਲਾਂ ਕਰਦੇ ਤੁਰਦੇ ਆਏ ਤੇ ਪਿੰਡ ਪਹੁੰਚ ਕੇ ਲੱਧੇ ਸ਼ਾਹ ਆਪਣੀ ਦੁਕਾਨ 'ਤੇ ਚਲਾ ਗਿਆ ਤੇ ਸ੍ਰ: ਹਜ਼ਾਰਾ ਸਿੰਘ ਘਰ ਆ ਗਿਆ। ਜਾਂਦਿਆਂ ਹੀ ਬਚਨੀ ਨੂੰ ਕਿਹਾ, 'ਉਹੀ ਕਾਰਾ ਹੋ ਗਿਆ ਜਿੱਸ ਦੀ ਬਾਬਤ ਮੇਰੇ ਦਿਲ ਨੂੰ ਧੁੜਕੂ ਲੱਗਾ ਹੋਇਆ ਸੀ । ਦੋਵੇਂ ਸਾਹਿਬਜ਼ਾਦੇ ਸਰਹੰਦ ਦੇ ਪਾਪੀ ਸੂਬੇ ਨੇ ਸ਼ਹੀਦ ਕਰ ਦਿੱਤੇ ਨੇ । ਮੈਂ ਇਹ ਬਰਦਾਸ਼ਿਤ ਨਹੀਂ ਕਰ ਸਕਦਾ ਤੇ ਭਾਵੇਂ ਕੁਝ ਹੋ ਜਾਏ, ਮੈਂ ਇਹਦਾ ਬਦਲਾ ਲੈਣ ਲਈ ਜਾਵਾਂਗਾ ।'

'ਇਕੱਲੇ ਕੀ ਕਰੋਗੇ,' ਬਚਨੀ ਨੇ ਘਬਰਾਹਟ ਨਾਲ ਪੁੱਛਿਆ ।

'ਜ਼ਾਲਮ ਸ਼ਾਹਿਬਜ਼ਾਦਿਆਂ ਨੂੰ ਤਸੀਹੇ ਦੇ ਕੇ ਸ਼ਹੀਦ ਕਰ ਦੇਣ ਤੇ ਅਸੀਂ ਘਰ ਵੜੇ ਰਹੀਏ, ਇਹਦੇ ਨਾਲੋਂ ਤਾਂ ਮਰਨਾ ਚੰਗਾ ਏ । ਮੈਂ ਜ਼ਰੂਰ ਜਾਵਾਂਗਾ,' ਹਜ਼ਾਰਾ ਸਿੰਘ ਨੇ ਕਿਹਾ । 'ਤੂੰ ਜੇ ਸੱਚਮੁੱਚ ਮੈਨੂੰ ਪਿਆਰ ਕਰਦੀ ਏਂ ਤਾਂ ਮੈਨੂੰ ਨਾਂਹ ਨਾ ਪਾਈਂ ।

'ਮੈਂ ਨਾਂਹ ਨਹੀਂ ਪਾਂਦੀ,' ਬਚਨੀ ਨੇ ਆਪਣੀ ਦਿਲ ਦੀ ਕਮਜ਼ੋਰੀ 'ਤੇ ਕਾਬੂ ਪਾਂਦਿਆਂ ਕਿਹਾ । 'ਤੁਸੀਂ ਪਹਿਲਾਂ ਜਾ ਕੇ ਸਤਿਗੁਰਾਂ ਦਾ ਕਿਧਰੇ ਪਤਾ ਕਰ ਲਉ। ਉਹਨਾਂ ਦੀ ਆਗਿਆ ਨਾਲ ਜਾਣਾ ਜਿਥੇ ਉਹ ਕਹਿਣਗੇ। ਹੋ ਸਕਦਾ ਹੈ ਕਿ ਉਹ ਵੀ ਸਰਹੰਦ ਵੱਲ ਜਾ ਰਹੇ ਹੋਣ । ਫਿਰ ਇਕੱਲੇ ਜਾਣ ਨਾਲੋਂ ਉਹਨਾਂ ਨਾਲ ਜਾਣਾ ਵਧੇਰੇ ਚੰਗਾ ਰਹੇਗਾ ।'

'ਮੈ ਕਿੱਥੋਂ ਪਤਾ ਕਰਾਂ ?' ਹਜ਼ਾਰਾ ਸਿੰਘ ਬੋਲਿਆ, 'ਉਹ ਤਾਂ ਮਾਲਵੇ ਵੱਲ ਕਿੱਧਰੇ ਤੁਰ ਗਏ ਦੱਸੀਂਦੇ ਨੇ ।'

'ਤੁਸੀਂ ਪਿੱਛਾ ਕਰੋ, ਕਿਧਰੇ ਮਿਲ ਪੈਣਗੇ । ਉਹ ਕਿਹੜੇ ਲੁਕ ਕੇ ਰਹਿਣ ਵਾਲੇ ਨੇ । ਸਤਿਗੁਰਾਂ ਦੇ ਹੁਕਮ ਵਿਚ ਚਲਣਾ ਵਧੇਰੇ ਲਾਭਵੰਦ ਰਹੇਗਾ,' ਬਚਨੀ ਨੇ ਕਿਹਾ ।

'ਮੈਂ ਲੱਭਣ ਦਾ ਯਤਨ ਕਰਦਾ ਹਾਂ', ਹਜ਼ਾਰਾ ਸਿੰਘ ਨੇ ਕਿਹਾ। ਪਰ ਤੂੰ ਇਕ ਕੰਮ ਕਰੀਂ, ਜੇ ਮੈਂ ਘਰ ਨਾ ਮੁੜਾਂ ਤਾਂ ਮੇਰੇ ਇਸ ਪੁੱਤਰ ਨੂੰ ਬਹਾਦਰ ਸੂਰਬੀਰ ਬਣਾਈਂ। ਮੇਰਾ ਨਾਮ ਬਦਨਾਮ ਨਾ ਹੋਵੇ। ਜਿਹੜਾ ਕੋਈ ਕਹੇ ਕਿ ਹਜ਼ਾਰਾ ਸਿੰਘ ਦਾ ਮੁੰਡਾ ਏ।

'ਇਹ ਢਹਿੰਦੀ ਕਲਾ ਦੀ ਗੱਲ ਕਿਉਂ ਸੋਚਦੇ ਹੋ ਕਿ ਮੁੜ ਨਾ ਆਉਗੇ। ਤੁਹਾਡੇ ਸੱਤੀਂ ਵੀਹੀਂ ਖੈਰ ਏ। ਸਤਿਗੁਰੂ ਤੁਹਾਡੀ ਕੰਡ 'ਤੇ ਹੈ। ਤੁਸੀਂ ਜਿੱਤ ਕੇ ਆਉ ਤੇ ਆਪਣੀ ਛਾਂ ਹੇਠ ਆਪਣੇ ਪੁੱਤਰ ਨੂੰ ਜਵਾਨ ਹੁੰਦਾ ਵੇਖੋ', ਬਚਨੀ ਨੇ ਕਿਹਾ। ਪਰ ਉਹਦੀਆਂ ਅੱਖਾਂ ਵਿਚ ਪਿਆਰ-ਗਲੇਡੂ ਆ ਗਏ। ਉਹਨੇ ਮੂੰਹ ਇਕ ਪਾਸੇ ਕਰਕੇ ਅਥਰੂ ਪੂੰਝ ਲਏ। ਹਜ਼ਾਰਾ ਸਿੰਘ ਨੇ ਆਪਣੇ ਸ਼ਸਤਰ ਸਜਾਏ ਤੇ ਕੁਝ ਹੋਰ ਚੀਜ਼ਾਂ ਦੀ ਗੱਠੜੀ ਬੰਨ੍ਹ ਕੇ ਤੁਰ ਪਿਆ।

●●●

ਕਾਂਡ-2

ਹਜ਼ਾਰਾ ਸਿੰਘ ਪਿੰਡ ਤੋਂ ਤੁਰ ਪਿਆ। ਦੁਚਿਤੀ ਵਿਚ ਤੁਰਿਆ ਗਿਆ। ਇਸ ਸਮੇਂ ਉਹਦੇ ਲਈ ਫੈਸਲਾ ਕਰਨਾ ਮੁਸ਼ਕਿਲ ਸੀ ਕਿ ਉਹ ਕਿਧਰ ਜਾਏ। ਇਕ ਪਾਸੇ ਉਹਦਾ ਜੀ ਕਰਦਾ ਸੀ ਕਿ ਉਹ ਗੁਰੂ ਗੋਬਿੰਦ ਸਿੰਘ ਜੀ ਦੀ ਭਾਲ ਕਰਨ ਦੀ ਥਾਂ ਸਿੱਧਾ ਸਰਹੰਦ ਪੁੱਜ ਜਾਏ ਤੇ ਯਤਨ ਕਰੇ ਜਿਸ ਤਰ੍ਹਾਂ ਵੀ ਹੋ ਸਕੇ, ਨਵਾਬ ਸਰਹੰਦ ਦਾ ਸਿਰ ਵੱਢ ਲਵੇ ਤੇ ਫਿਰ ਉਹ ਸਿਰ ਲੈ ਕੇ ਦਸਮੇਸ਼ ਪਿਤਾ ਜੀ ਦੇ ਚਰਣਾਂ ਵਿਚ ਹਾਜ਼ਰ ਹੋਵੇ, ਸਤਿਗੁਰੂ ਪਰਸੰਨ ਹੋਣਗੇ ਤੇ ਦੁਨੀਆਂ ਵੀ ਜਾਣ ਲਵੇਗੀ ਕਿ ਸਿੰਘ ਆਪਣੇ ਦੁਸ਼ਮਣ ਦਾ ਕਿਵੇਂ ਟਾਕਰਾ ਕਰਦੇ ਹਨ। ਦੂਜਾ ਉਹਦੇ ਮਨ ਵਿਚ ਆਪਣੀ ਪਤਨੀ ਦੀ ਸਲਾਹ ਦਾ ਖਿਆਲ ਸੀ ਕਿ ਪਹਿਲਾਂ ਸਤਿਗੁਰਾਂ ਦੇ ਚਰਣਾਂ ਵਿਚ ਪੁੱਜ ਕੇ ਉਹਨਾਂ ਦੀ ਆਗਿਆ ਅਨੁਸਾਰ ਕੰਮ ਕੀਤਾ ਜਾਏ। ਦੂਜਾ ਵਿਚਾਰ ਉਹਨੂੰ ਵਧੇਰੇ ਠੀਕ ਜਾਪਦਾ ਸੀ ਪਰ ਗੁਰੂ ਸਾਹਿਬ ਪਾਸ ਸਿੱਧਾ ਜਾਣ ਤੋਂ ਝਿਜਕਦਾ ਸੀ। ਉਹਦੇ ਮਨ ਵਿਚ ਆਇਆ ਕਿ ਗੁਰੂ ਸਾਹਿਬ ਇਤਨੇ ਕਠਿਨ ਹਾਲਾਤ ਵਿੱਚੋਂ ਲੰਘ ਰਹੇ ਹਨ, ਮੈਂ ਉਹਨਾਂ ਦੇ ਪਾਸ ਰਹਿਣ ਦੀ ਥਾਂ ਘਰ ਆਇਆ ਹੋਇਆ ਸਾਂ। ਉਹ ਸ੍ਰੀ ਆਨੰਦਪੁਰ ਛੱਡ ਕੇ ਵੀ ਆ ਗਏ ਤੇ ਮੈਂ ਜਾਣ ਜਾਣ ਦੀਆਂ ਸਲਾਹਵਾਂ ਕਰਦਿਆਂ ਇਤਨੇ ਦਿਨ ਬਿਤਾ ਦਿੱਤੇ ਹਨ। ਹੁਣ ਜਾਵਾਂ ਤਾਂ ਕੁਝ ਕੰਮ ਕਰਕੇ, ਐਵੇਂ ਜਾ ਕੇ ਕੀ ਮੂੰਹ ਦਿਖਾਵਾਂਗਾ ? ਉਹਨਾਂ ਜੇ ਪੁੱਛ ਲਿਆ ਕਿ ਹੁਣ ਤਕ ਕਿਉਂ ਨਹੀਂ ਆਇਆ ਤਾਂ ਕੀ ਆਖਾਂਗਾ ? ਇਹਨਾਂ ਸੋਚਾਂ ਤੇ ਦੋਚਿਤੀ ਵਿਚ ਉਹਦੇ ਕਦਮ ਵੱਧਦੇ ਗਏ। ਆਮ ਤੌਰ 'ਤੇ ਸੜਕ 'ਤੇ ਸਿੰਘ ਬੜੇ ਸੁਚੇਤ ਹੋ ਕੇ ਤੁਰਦੇ ਸਨ ਤਾਂ ਕਿ ਦੁਸ਼ਮਣ ਦੇਖ ਨਾ ਲਵੇ ਜਾਂ ਅਚਾਨਕ ਅੱਗੋਂ ਆ ਕੇ ਫੜ ਨਾ ਲਵੇ ਪਰ ਆਪਣੀਆਂ ਸੋਚਾਂ ਤੇ ਮਨ ਦੀ ਦੁਬਿਧਾ ਵਿਚ ਫਸਿਆ ਹਜ਼ਾਰਾ ਸਿੰਘ ਨੂੰ ਇਸ ਗੱਲ ਦਾ ਖਿਆਲ ਹੀ ਨਾ ਆਇਆ। ਉਹ ਤੁਰਦਾ ਗਿਆ ਬਿਨਾਂ ਥਕਾਵਟ ਮਹਿਸੂਸ ਕੀਤੇ ਦੇ, ਅੱਗੋਂ ਵੀ ਉਹਨੂੰ ਕੋਈ ਅਜੇਹਾ ਵਿਅਕਤੀ ਨਾ ਮਿਲਿਆ ਜੋ ਉਹਦੇ ਲਈ ਖਤਰਨਾਕ ਸਾਬਤ ਹੋ ਸਕੇ।

ਕਾਫੀ ਦੂਰ ਆ ਕੇ ਉਹਨੇ ਮਨ ਵਿਚ ਵਿਚਾਰਾਂ ਦੇ ਘੋਲ ਨੂੰ ਇਕ ਕੰਢੇ ਲਾ ਲਿਆ ਤੇ ਫੈਸਲਾ ਕਰ ਲਿਆ ਕਿ ਗੁਰੂ ਸਾਹਿਬ ਦੇ ਹਜ਼ੂਰ ਕੁਝ ਕਰ ਕੇ ਪਹੁੰਚਾਂਗਾ

ਜਾਂ ਸ਼ਹੀਦ ਹੋ ਜਾਵਾਂਗਾ । ਐਵੇਂ ਜਾ ਕੇ ਕੀ ਕਰਾਂਗਾ? ਇਸ ਦੁਬਿਧਾ ਵਿੱਚੋਂ ਨਿਕਲ ਕੇ ਹੋਸ਼ ਆਈ ਤੇ ਦੇਖਿਆ ਕਿ ਉਹਦੇ ਪੈਰ ਆਪ ਮੁਹਾਰੇ ਉਹਨੂੰ ਸਰਹੰਦ ਵੱਲ ਲਈ ਜਾ ਰਹੇ ਸਨ । ਉਹਨੂੰ ਆਪਣੇ ਫੈਸਲੇ ਬਾਰੇ ਤਸੱਲੀ ਹੋ ਗਈ ਕਿਉਂਕਿ ਕੁਦਰਤ ਵੀ ਉਹਨੂੰ ਸਰਹੰਦ ਵੱਲ ਹੀ ਤੋਰੀ ਜਾ ਰਹੀ ਸੀ । ਉਹਨੇ ਸੋਚਿਆ ਕਿ ਅਚੇਤ ਅਵਸਥਾ ਵਿਚ ਜੋ ਕੁਝ ਕੰਮ ਹੋ ਰਿਹਾ ਸੀ, ਉਹ ਗਲਤ ਨਹੀਂ ਹੋਣਾ ।

ਸਰਹੰਦ ਕਿਵੇਂ ਪਹੁੰਚਿਆ ਜਾਏ ? ਸਿੱਖੀ ਵੇਸ ਵਿਚ ਤਾਂ ਕਿਸੇ ਸ਼ਹਿਰ ਵੜਨ ਨਹੀਂ ਦੇਣਾ । ਤੁਰੰਤ ਨਵਾਬ ਦੇ ਫੌਜੀ ਫੜ ਲੈਣਗੇ । ਸ਼ਹਿਰ ਦੇ ਖੁਦਗਰਜ਼ ਲੋਕੀਂ ਵੀ ਯਤਨ ਕਰਨਗੇ ਕਿ ਇਕ ਸਿੱਖ ਨੂੰ ਨਵਾਬ ਹਵਾਲੇ ਕਰਕੇ ਜਸ ਖਟਿਆ ਜਾਏ ।

ਅਜੇ ਸਰਹੰਦ ਤੋਂ ਇਕ ਮੀਲ ਦੂਰ ਹੀ ਸੀ ਤਾਂ ਇਕ ਝੁੱਗੀ ਨਜ਼ਰ ਆਈ ਜਿਸ ਵਿੱਚੋਂ ਧੂਆਂ ਉੱਡ ਕੇ ਦੱਸ ਰਿਹਾ ਸੀ ਕਿ ਇਥੇ ਕੋਈ ਇਨਸਾਨ ਰਹਿੰਦਾ ਹੈ । ਰੁੱਖਾਂ ਦੇ ਪਿੱਛੇ ਪਿੱਛੇ ਤੇ ਫਸਲਾਂ ਦੇ ਉਹਲੇ ਹੋ ਕੇ ਹਜ਼ਾਰਾ ਸਿੰਘ ਨੇ ਦੇਖਿਆ ਕਿ ਇਹ ਕਿਸੇ ਜ਼ਿਮੀਂਦਾਰ ਦੀ ਝੁੱਗੀ ਨਹੀਂ, ਇਹ ਤਾਂ ਕਿਸੇ ਸਾਧੂ ਦਾ ਡੇਰਾ ਹੈ । ਹਜ਼ਾਰਾ ਸਿੰਘ ਬੇਝਕ ਹੋ ਕੇ ਡੇਰੇ 'ਤੇ ਚਲਾ ਗਿਆ । ਸਾਧੂ ਧੂਣੀ ਧੁਖਾਈ ਅੱਖਾਂ ਬੰਦ ਕਰਕੇ ਤਪੱਸਿਆ ਵਿਚ ਮਗਨ ਸੀ । ਹਜ਼ਾਰਾ ਸਿੰਘ ਵੀ ਧੂਣੀ ਤੇ ਸਾਧੂ ਦੇ ਸਾਹਮਣੇ ਬੈਠ ਗਿਆ ਤੇ ਬਿਨਾਂ ਕੋਈ ਖੜਾਕ ਕੀਤੇ ਰਹਰਾਸਿ ਦਾ ਪਾਠ ਮੂੰਹ ਵਿਚ ਕਰਨ ਲੱਗ ਪਿਆ ।

ਝਟ ਪਿੱਛੋਂ ਸਾਧੂ ਦੀ ਬਿਰਤੀ ਖੁਲ੍ਹੀ । ਉਹਨੇ ਦੇਖਿਆ ਕਿ ਸਾਹਮਣੇ ਇਕ ਸਿੰਘ ਬੈਠਾ ਪਾਠ ਕਰ ਰਿਹਾ ਹੈ । ਉਸ ਦੀਆਂ ਅੱਖਾਂ ਬੰਦ ਹਨ। ਸਾਧੂ ਨੇ ਹੈਰਾਨੀ ਨਾਲ ਦੇਖਿਆ । ਉਹਨੂੰ ਨਹੀਂ ਸੀ ਪਤਾ ਲੱਗਾ ਕਿ ਕਦੋਂ ਇਹ ਸਿੰਘ ਚੁੱਪ ਕਰਕੇ ਆ ਕੇ ਬੈਠ ਗਿਆ ਏ । ਸਾਧੂ ਨੇ ਇਹਦੇ ਪਾਠ ਵਿਚ ਵਿਘਨ ਨਾ ਪਾਇਆ, ਜਦੋਂ ਪਾਠ ਦਾ ਭੋਗ ਪਿਆ ਤਾਂ ਹਜ਼ਾਰਾ ਸਿੰਘ ਅਰਦਾਸ ਕਰਨ ਲਈ ਉੱਠ ਕੇ ਖੜਾ ਹੋ ਗਿਆ । ਸਾਧੂ ਵੀ ਖੜਾ ਹੋ ਗਿਆ।

ਅਰਦਾਸ ਪਿੱਛੋਂ ਸਾਧੂ ਨੂੰ ਸ: ਹਜ਼ਾਰਾ ਸਿੰਘ ਨੇ ਫ਼ਤਹਿ ਬੁਲਾਈ ਤੇ ਕਿਹਾ, 'ਮੈਂ ਰਾਤ ਰਹਿਣਾ ਏ ਜੇ ਆਗਿਆ ਦਿਓ ਤਾਂ ਅੱਗ ਕੋਲ ਬੈਠ ਕੇ ਰਾਤ ਕੱਟ ਲਵਾਂ ।'

'ਜ਼ਰੂਰ ਰਹੋ,' ਸਾਧੂ ਨੇ ਕਿਹਾ । 'ਤੁਸੀਂ ਕਿੱਥੋਂ ਆਏ ਹੋ ਤੇ ਕਿੱਧਰ ਜਾ ਰਹੇ ਹੋ ?'

'ਮੈਂ ਹਸਨਪੁਰੇ ਤੋਂ ਆ ਰਿਹਾ ਹਾਂ', 'ਹਜ਼ਾਰਾ ਸਿੰਘ ਨੇ ਕਿਹਾ । 'ਜਾਣਾ ਕਿੱਥੇ ਵੇ ? ਇਹ ਮੈਨੂੰ ਵੀ ਨਹੀਂ ਪਤਾ । ਸਿੰਘਾਂ ਦਾ ਅੱਜ ਕੱਲ ਕਿਹੜਾ ਟਿਕਾਣਾ ਏ ।

ਜ਼ਾਲਮ ਸਾਨੂੰ ਕਿੱਥੇ ਟਿੱਕਣ ਦੇਂਦੇ ਨੇ ।'

'ਤੁਸੀਂ ਮੇਰੇ ਪਾਸ ਰਹੋ, ਕੋਈ ਤੁਹਾਡੀ 'ਵਾ ਵੱਲ ਵੀ ਨਹੀਂ ਦੇਖ ਸਕਦਾ,' ਸਾਧੂ ਨੇ ਕਿਹਾ । 'ਮੈਂ ਗੁਰੂ ਨਾਨਕ ਦੇਵ ਜੀ ਦਾ ਬਹੁਤ ਸ਼ਰਧਾਲੂ ਹਾਂ। ਉਹਨਾਂ ਨੂੰ ਆਪਣੇ ਗੁਰਦੇਵ ਮੰਨਦਾ ਹਾਂ ।'

'ਬੜੀ ਖੁਸ਼ੀ ਦੀ ਗੱਲ ਏ', ਹਜ਼ਾਰਾ ਸਿੰਘ ਨੇ ਕਿਹਾ । ਉਹਦੇ ਮਨ ਨੂੰ ਉਂਜ ਵੀ ਬੜੀ ਤਸੱਲੀ ਹੋਈ ਕਿ ਗੁਰੂ ਨਾਨਕ ਦੇਵ ਜੀ ਦਾ ਸ਼ਰਧਾਵਾਨ ਸਿੰਘਾਂ ਦਾ ਹਮਦਰਦ ਹੋਵੇਗਾ । ਇਹਦੇ ਤੋਂ ਬਹੁਤ ਮਦਦ ਮਿਲ ਸਕਦੀ ਹੈ ।

'ਅੰਨ ਪਾਣੀ ਛਕੋਗੇ,' ਸਾਧੂ ਨੇ ਪੁੱਛਿਆ । 'ਮੇਰੇ ਪਾਸ ਇਸ ਸਮੇਂ ਭੁੱਜੇ ਹੋਏ ਦਾਣੇ ਪਏ ਨੇ । ਜੇ ਚਾਹੋ ਤਾਂ ਦੇ ਸਕਦਾ ਹਾਂ । ਰੋਟੀ ਮੈਂ ਕਦੇ ਪਕਾਈ ਨਹੀਂ, ਜੇ ਕੋਈ ਪਰੇਮੀ ਦੇ ਜਾਏ ਤਾਂ ਛੱਕ ਲੈਂਦਾ ਹਾਂ, ਨਹੀਂ ਤੇ ਜੋ ਮਿਲੇ ਉਹ ਖਾ ਕੇ ਝੱਟ ਲੰਘਾ ਲਈਦਾ ਏ । ਨਾ ਮਿਲੇ ਤਾਂ ਵੀ ਪਰਵਾਹ ਨਹੀਂ ਕਰੀਦੀ ।'

'ਦਾਣੇ ਹੀ ਦੇ ਦਿਉ,' ਹਜ਼ਾਰਾ ਸਿੰਘ ਨੇ ਕਿਹਾ । ਉਹਨੂੰ ਵੀ ਤੁਰ ਤੁਰ ਕੇ ਕਾਫੀ ਭੁੱਖ ਲੱਗੀ ਪਈ ਸੀ ।

ਸਾਧੂ ਕੁਟੀਆ ਦੇ ਅੰਦਰ ਗਿਆ ਤੇ ਦਾਣੇ ਕੱਢ ਕੇ ਲੈ ਆਂਦੇ । ਉਹ ਦੇ ਕੇ ਮੁੜ ਅੰਦਰ ਗਿਆ ਤੇ ਗੁੜ ਚੁੱਕ ਲਿਆਇਆ । ਗੁੜ ਦੇ ਕੇ ਕਹਿਣ ਲੱਗਾ, 'ਦਾਣੇ ਗੁੜ ਦੇ ਨਾਲ ਖਾਉ ਤਾਂ ਬਹੁਤ ਸਵਾਦ ਲੱਗਦੇ ਨੇ, ਉਂਝ ਵੀ ਦਾਣਿਆਂ ਨੂੰ ਗੁੜ ਤੁਰੰਤ ਹਜ਼ਮ ਕਰ ਦਿੰਦਾ ਏ ।'

ਹਜ਼ਾਰਾ ਸਿੰਘ ਨੇ ਦਾਣੇ ਖਾ ਲਏ ਤੇ ਉੱਪਰੋਂ ਇਕ ਗੜਵੀ ਪਾਣੀ ਦੀ ਪੀ ਲਈ । ਇਸ ਨਾਲ ਉਹਦੀ ਭੁੱਖ ਮਿਟ ਗਈ । ਫਿਰ ਸਾਧੂ ਨਾਲ ਗੱਲਬਾਤ ਸ਼ੁਰੂ ਕਰ ਦਿੱਤੀ । ਹਜ਼ਾਰਾ ਸਿੰਘ ਨੇ ਪੁੱਛਿਆ, 'ਤੁਸੀਂ ਸੁਣਿਆ ਏ ਕਿ ਨਵਾਬ ਸਰਹੰਦ ਨੇ ਗੁਰੂ ਗੋਬਿੰਦ ਸਿੰਘ ਜੀ ਦਸਮੇਸ਼ ਪਿਤਾ ਦੇ ਦੋ ਸਾਹਿਬਜ਼ਾਦਿਆਂ ਨੂੰ ਕੰਧਾਂ ਵਿਚ ਚਿਣਾ ਕੇ ਸ਼ਹੀਦ ਕਰ ਦਿੱਤਾ ਹੈ ?'

'ਹਾਂ ਸੁਣਿਆ ਏ, ਉਹਨਾਂ ਬਾਰੇ ਤਾਂ ਬਹੁਤ ਚਰਚਾ ਏ', ਸਾਧੂ ਨੇ ਕਿਹਾ, 'ਪਰੰਤੂ ਸਿੱਖਾਂ ਬਾਰੇ ਲੋਕੀ ਤਰ੍ਹਾਂ ਤਰ੍ਹਾਂ ਦੀਆਂ ਗੱਲਾਂ ਕਰ ਰਹੇ ਹਨ ।'

'ਕੀ ਗੱਲਾਂ ਕਰ ਰਹੇ ਹਨ ?' ਹਜ਼ਾਰਾ ਸਿੰਘ ਨੇ ਪੁੱਛਿਆ ।

'ਕੋਈ ਤਾਂ ਕਹਿੰਦਾ ਏ ਕਿ ਹੁਣ ਸਭ ਮਾਰ ਦਿੱਤੇ ਜਾਣਗੇ । ਕੋਈ ਕਹਿੰਦਾ ਏ ਕਿ ਜਾਨ ਹੁੰਦੀ ਤਾਂ ਹੁਣ ਤਕ ਮੁੰਡਿਆਂ ਨੂੰ ਛੁਡਾਣ ਲਈ ਨਾ ਪੁੱਜਦੇ । ਜਿੰਨੇ ਮੂੰਹ ਉਨੀਆਂ ਗੱਲਾਂ । ਕੋਈ ਕਹਿੰਦਾ ਏ ਕਿ ਸਿੱਖ ਜ਼ਰੂਰ ਬਦਲਾ ਲੈਣਗੇ ।' ਸਾਧੂ ਨੇ

ਕਿਹਾ, 'ਤੁਹਾਡੇ ਗੁਰੂ ਹੁਣ ਕਿੱਥੇ ਹਨ ?'

'ਮਾਲਵੇ ਵੱਲ ਗਏ ਨੇ ।'

'ਸੁਣਿਆ ਏ ਫੌਜ ਪਿੱਛਾ ਕਰ ਰਹੀ ਏ ।'

'ਤਾਂ ਕੀ ਹੋਇਆ ਹਜ਼ਾਰਾ ਸਿੰਘ ਨੇ ਕਿਹਾ', 'ਗੁਰਦੇਵ ਦੇ ਕੌਤਕ ਅਜੇ ਦੇਖਣੇ ਤਾਂ ਸਹੀ । ਇਸ ਨਵਾਬ ਦਾ ਰਾਜ ਤਾਂ ਜੜਾਂ ਤੋਂ ਪੁੱਟ ਕੇ ਰੱਖ ਦੇਣਗੇ ।'

'ਇਸ ਜ਼ਾਲਮ ਦਾ ਨਾਸ਼ ਕਰਨਾ ਚਾਹੀਦਾ ਹੈ ।' ਸਾਧੂ ਨੇ ਕਿਹਾ, 'ਜੇਕਰ ਉਹਨੂੰ ਰੋਕਿਆ ਨਾ ਗਿਆ ਤਾਂ ਉਹਨੇ ਸਾਰੇ ਹਿੰਦੂਆਂ ਨੂੰ ਖਤਮ ਕਰਕੇ ਰੱਖ ਦੇਣਾ ਏ । ਉਹਦਾ ਹੌਸਲਾ ਵੱਧਦਾ ਜਾ ਰਿਹਾ ਹੈ ।'

ਝੱਟ ਪਿੱਛੋਂ ਸ੍ਰ: ਹਜ਼ਾਰਾ ਸਿੰਘ ਨੇ ਕਿਹਾ, 'ਮੈਨੂੰ ਕੁਝ ਮਦਦ ਦਿਉ, ਮੈਂ ਸਰਹੰਦ ਜਾ ਕੇ ਸਾਰੇ ਹਾਲਾਤ ਆਪ ਦੇਖਣੇ ਤੇ ਸੁਣਨੇ ਚਾਹੁੰਦਾ ਹਾਂ । ਮੈਂ ਇਸ ਵੇਸ ਵਿਚ ਜਾ ਨਹੀਂ ਸਕਦਾ ।'

'ਦੱਸੋ ਮੈਂ ਕੀ ਮਦਦ ਕਰ ਸਕਦਾ ਹਾਂ ?' ਸਾਧੂ ਨੇ ਕਿਹਾ ।

'ਮੈਨੂੰ ਸਾਧੂਆਂ ਵਾਲੇ ਕੱਪੜੇ ਦਿਉ,' ਹਜ਼ਾਰਾ ਸਿੰਘ ਨੇ ਆਖਿਆ, 'ਮੈਂ ਸਾਧੂ ਵੇਸ ਵਿਚ ਸਰਹੰਦ ਪਤਾ ਕਰਕੇ ਆਵਾਂਗਾ ।'

'ਲੈ ਜਾਉ,' ਸਾਧੂ ਨੇ ਕਿਹਾ, 'ਮੈਂ ਕੱਲ ਸਰਹੰਦ ਜਾਣਾ ਏ, ਮੇਰੇ ਨਾਲ ਹੀ ਚਲੇ ਜਾਣਾ ।'

'ਠੀਕ ਏ ।'

'ਮੈਂ ਤੁਹਾਨੂੰ ਉਥੇ ਕਿਸੇ ਸੇਵਕ ਦੇ ਘਰ ਵੀ ਛੱਡ ਆਵਾਂਗਾ ।' ਸਾਧੂ ਨੇ ਕਿਹਾ, 'ਮੇਰੇ ਬੜੇ ਸੇਵਕ ਹਨ ਪਰ ਤੁਸੀਂ ਕਰੋਗੇ ਕੀ ?'

'ਮੈਂ ਜੋ ਕੁਝ ਕਰਨਾ ਏ, ਉਹ ਕਰਕੇ ਦੱਸਾਂਗਾ,' ਹਜ਼ਾਰਾ ਸਿੰਘ ਨੇ ਕਿਹਾ । ਰਾਤ ਦੇਰ ਤਕ ਗੱਲਾਂ ਕਰਦੇ ਰਹੇ ਤੇ ਫਿਰ ਸੌਂ ਗਏ । ਸਵੇਰੇ ਅੰਮ੍ਰਿਤ ਵੇਲੇ ਉੱਠ ਕੇ ਸਾਧੂ ਵੀ ਭਜਨ ਬੰਦਗੀ ਵਿਚ ਲੱਗ ਗਿਆ ਤੇ ਸ੍ਰ: ਹਜ਼ਾਰਾ ਸਿੰਘ ਵੀ ਇਸ਼ਨਾਨ ਕਰਕੇ ਨਿਤਨੇਮ ਕਰਨ ਲੱਗ ਪਿਆ । ਵਿਹਲੇ ਹੋ ਕੇ ਸਾਧੂ ਨੇ ਆਪਣੀ ਕੁਟੀਆ ਵਿੱਚੋਂ ਕੱਪੜੇ ਕੱਢੇ ਤੇ ਉਹਨੇ ਸਾਧੂਆਂ ਵਾਲੇ ਕੱਪੜੇ ਸ੍ਰ: ਹਜ਼ਾਰਾ ਸਿੰਘ ਨੂੰ ਪੁਆ ਦਿੱਤੇ । ਜ਼ਰਾ ਵੀ ਪਛਾਣ ਨਹੀਂ ਸੀ ਰਹੀ, ਹਜ਼ਾਰਾ ਸਿੰਘ ਬਿਲਕੁਲ ਸਾਧੂ ਪ੍ਰਤੀਤ ਹੁੰਦਾ ਸੀ । ਸਾਧੂ ਬੜਾ ਹੱਸਿਆ ਤੇ ਉਹਨੇ ਕਿਹਾ, 'ਲਉ ਜੀ ਤੁਹਾਡੀ ਸ਼ਖਸੀਅਤ ਹੁਣ ਪਹਿਲਾਂ ਨਾਲੋਂ ਵਧੇਰੇ ਪ੍ਰਭਾਵ ਵਾਲੀ ਬਣ ਗਈ ਜੇ ।

'ਇਸੇ ਤਰ੍ਹਾਂ ਹੁੰਦਾ ਏ, ਜਦੋਂ ਕੋਈ ਦੂਜਾ ਸਾਨੂੰ ਆਪਣੇ ਵਰਗਾ ਹੋ ਗਿਆ ਜਾਪੇ ਤਾਂ ਬਹੁਤ ਚੰਗਾ ਲੱਗਦਾ ਏ', ਹਜ਼ਾਰਾ ਸਿੰਘ ਨੇ ਉੱਤਰ ਦਿੱਤਾ। ਸਾਧੂ ਪਾਸ ਆਪਣੇ ਵਾਲਾਂ ਤੋਂ ਛੁਟ ਬਨਾਉਟੀ ਜਟਾਂ ਵੀ ਸਨ । ਉਹਨੇ ਉਹ ਵੀ ਲਿਆ ਕੇ ਹਜ਼ਾਰਾ ਸਿੰਘ ਦੇ ਸਿਰ 'ਤੇ ਲਗਾ ਦਿੱਤੀਆਂ ਤੇ ਦੋਵੇਂ ਉਸਤਾਦ ਚੇਲਾ ਬਣ ਕੇ ਤੁਰ ਪਏ ।

'ਪਿੱਛੇ ਕੁਟੀਆ 'ਚ ਕੌਣ ਰਹੇਗਾ ?' ਹਜ਼ਾਰਾ ਸਿੰਘ ਨੇ ਪੁੱਛਿਆ ।

'ਕਿਸੇ ਦੀ ਲੋੜ ਨਹੀਂ। ਕੋਈ ਇਥੋਂ ਕੁਝ ਨਹੀਂ ਚੁੱਕਦਾ। ਸਾਰੇ ਜਾਣਦੇ ਹਨ ਕਿ ਸਾਧੂ ਪਾਸ ਕੁਝ ਨਹੀਂ,' ਸਾਧੂ ਨੇ ਕਿਹਾ, 'ਕੁਝ ਆਪਣਾ ਦਬਦਬਾ ਵੀ ਏ, ਸਾਰੇ ਡਰਦੇ ਨੇ । ਮੇਰੀ ਕੁਟੀਆ ਬਾਰੇ ਤਾਂ ਮਸ਼ਹੂਰ ਏ ਕਿ ਇਥੇ ਕੋਈ ਚੋਰੀ ਕਰਨ ਦੀ ਨੀਅਤ ਨਾਲ ਆਏ ਤਾਂ ਉਹ ਅੰਨ੍ਹਾ ਹੋ ਜਾਂਦਾ ਏ ।'

'ਅੱਛਾ !' ਹਜ਼ਾਰਾ ਸਿੰਘ ਨੇ ਹੈਰਾਨੀ ਨਾਲ ਪੁੱਛਿਆ । 'ਫਿਰ ਤਾਂ ਤੁਹਾਡੀ ਇਲਾਕੇ ਵਿਚ ਬੜੀ ਮਾਨਤਾ ਹੋ ਰਹੀ ਹੋਵੇਗੀ ।'

'ਸਰਹੰਦ ਵਿਚ ਦੇਖਣਾ,' ਸਾਧੂ ਨੇ ਫੂੰਡ ਕੇ ਕਿਹਾ ।

'ਕਿਥੇ ਠਹਿਰੋਗੇ ?' ਹਜ਼ਾਰਾ ਸਿੰਘ ਨੇ ਪੁੱਛਿਆ ।

'ਬੜੇ ਸੇਵਕ ਹਨ, ਕਿਸੇ ਦੇ ਘਰ ਜਾ ਕੇ ਠਹਿਰ ਸਕਦੇ ਹਾਂ,' ਸਾਧੂ ਨੇ ਉੱਤਰ ਦਿੱਤਾ ।

'ਕਿਸੇ ਅਜਿਹੇ ਬੰਦੇ ਦੇ ਘਰ ਲੈ ਚਲੋ ਜਿਹੜਾ ਨਵਾਬ ਦੇ ਦਰਬਾਰ ਵਿਚ ਜਾਂ ਨੇੜੇ ਰਹਿੰਦਾ ਹੋਵੇ ।

ਦੀਵਾਨ ਜੈ ਰਾਮ ਦੇ ਘਰ ਚਲਦੇ ਹਾਂ, ਸਾਧੂ ਨੇ ਕਿਹਾ, 'ਉਹ ਨਵਾਬ ਦੇ ਬਹੁਤ ਨੇੜੇ ਨੇ ।'

'ਪਰ ਮੇਰੇ ਬਾਰੇ ਕੀ ਦੱਸੋਗੇ ?' ਹਜ਼ਾਰਾ ਸਿੰਘ ਨੇ ਸਵਾਲ ਕੀਤਾ ।

'ਇਹ ਦੇਖ ਲੈਣਾ ਕੀ ਦੱਸਦੇ ਹਾਂ,' ਸਾਧੂ ਨੇ ਕਿਹਾ ਤੇ ਇਉਂ ਗੱਲਾਂ ਕਰਦੇ ਸਰਹੰਦ ਅੱਪੜ ਗਏ ।

ਕਾਂਡ-3

ਦੀਵਾਨ ਜੈ ਰਾਮ ਘਰ ਤੋਂ ਤਿਆਰ ਹੋ ਕੇ ਨਵਾਬ ਵਜ਼ੀਰ ਖਾਨ ਵੱਲ ਜਾਣ ਵਾਲਾ ਸੀ ਕਿ ਸਾਧੂ ਤੇ ਉਸ ਦਾ ਚੇਲਾ ਬਣ ਕੇ ਹਜ਼ਾਰਾ ਸਿੰਘ ਪੁੱਜ ਗਏ। ਦੀਵਾਨ ਜੈ ਰਾਮ ਬੜੇ ਸਤਿਕਾਰ ਨਾਲ ਇਹਨਾਂ ਨੂੰ ਆਪਣੇ ਮਕਾਨ ਦੇ ਅੰਦਰ ਲੈ ਗਿਆ ਤੇ ਬਿਠਾਇਆ। ਦੀਵਾਨ ਦੀ ਪਤਨੀ ਵੀ ਸੁਣ ਕੇ ਪਿਛਲੇ ਕਮਰਿਆਂ ਤੋਂ ਆ ਗਈ ਤੇ ਉਹਨੇ ਝੁਕ ਕੇ ਪੂਰੀ ਨਿਮਰਤਾ ਨਾਲ ਪ੍ਰਣਾਮ ਕੀਤਾ।

'ਕਾਕਾ ਕਿੱਥੇ ਵੇ ? ਸਾਧੂ ਨੇ ਦੀਵਾਨ ਦੀ ਪਤਨੀ ਨੂੰ ਆਸ਼ੀਰਵਾਦ ਦੇਂਦਿਆਂ ਪੁੱਛਿਆ।

'ਸੁੱਤਾ ਪਿਆ ਏ।'

'ਉਂਝ ਰਾਜ਼ੀ ਏ।'

'ਤੁਹਾਡੀ ਕਿਰਪਾ ਨਾਲ ਕੁਝ ਠੀਕ ਏ। ਪਹਿਲਾਂ ਨਾਲੋਂ ਤਾਂ ਬਹੁਤ ਫਰਕ ਏ ਪਰ ਹੁਣ ਸਿਰਫ ਰਾਤ ਨੂੰ ਨੀਂਦਰ ਘੱਟ ਕਰਦਾ ਏ ਤੇ ਰੋਂਦਾ ਵੀ ਰਹਿੰਦਾ ਏ।' ਦੀਵਾਨ ਦੀ ਪਤਨੀ ਸ਼ੋਭਾ ਰਾਣੀ ਨੇ ਦੱਸਿਆ।

'ਕੋਈ ਨਹੀਂ, ਠੀਕ ਹੋ ਜਾਏਗਾ।' ਸਾਧੂ ਨੇ ਕਿਹਾ, ਮੌਸਮ ਜਦ ਬਦਲੇ ਤਾਂ ਬੱਚਿਆਂ ਨੂੰ ਕੁਝ ਤਕਲੀਫ ਹੋ ਜਾਂਦੀ ਏ। ਜ਼ਰਾ ਧਿਆਨ ਰਖੀਏ ਤਾਂ ਗਰਮ ਠੰਡੀਆਂ ਚੀਜ਼ਾਂ ਸਿਆਣਿਆਂ ਤੋਂ ਪੁੱਛ ਕੇ ਆਪ ਵੀ ਵਰਤੀਏ ਤੇ ਬੱਚੇ ਨੂੰ ਵੀ ਦੇਈਏ ਤਾਂ ਮੌਸਮ ਬਦਲਣ ਸਮੇਂ ਔਖ ਨਹੀਂ ਹੁੰਦੀ। ਹੁਣ ਜਾਗਦਾ ਏ ਤਾਂ ਮੈਂ ਝਾੜਾ ਕਰ ਦਿੰਦਾ ਹਾਂ ਰੋਣਾ ਤਾਂ ਹੁਣੇ ਠੀਕ ਹੋ ਜਾਏਗਾ।'

'ਤੁਸੀਂ ਸੱਚਮੁੱਚ ਬੜੇ ਵੇਲੇ ਸਿਰ ਬਹੁੜੇ ਜੇ, ਅਸੀਂ ਝੱਟ ਪਹਿਲਾਂ ਹੀ ਤੁਹਾਨੂੰ ਯਾਦ ਪਏ ਕਰਦੇ ਸੀ।' ਸ਼ੋਭਾ ਰਾਣੀ ਨੇ ਕਿਹਾ, 'ਅੱਛਾ ਹੁਕਮ ਕਰੋ ਕਿ ਛਕੋਗੇ ਕੀ ?

'ਕਿਸੇ ਚੀਜ਼ ਦੀ ਇੱਛਾ ਨਹੀਂ', ਸਾਧੂ ਬੋਲਿਆ।

'ਮਹਾਰਾਜ ਇੱਛਾ ਤਾਂ ਤੁਹਾਨੂੰ ਕਿਸੇ ਚੀਜ਼ ਦੀ ਨਹੀਂ ਹੋ ਸਕਦੀ ਪਰ ਆਖਰ

ਕੁਝ ਤਾਂ ਖਾਉਗੇ । ਚੰਗਾ ਏ ਆਪੇ ਦੱਸ ਦਿਉ ।' ਦੀਵਾਨ ਜੈ ਰਾਮ ਨੇ ਆਖਿਆ, 'ਰਾਣੀ ਤੁਸੀਂ ਇਹਨਾਂ ਦੀ ਸੇਵਾ ਵੱਲ ਖਿਆਲ ਕਰਨਾ, ਮੈਂ ਹੁਣੇ ਆਉਂਦਾ ਹਾਂ ।'

'ਤੁਸੀਂ ਕਿਧਰੇ ਚਲੇ ਹੋ', ਸਾਧੂ ਨੇ ਪੁੱਛਿਆ ।

'ਮੈਂ ਜ਼ਰਾ ਨਾਵਬ ਸਾਹਿਬ ਤਕ ਚਲਿਆਂ ਹਾਂ । ਕੁਝ ਜ਼ਰੂਰੀ ਕੰਮ ਏ ਉਹਨਾਂ ਬੁਲਾ ਭੇਜਿਆ ਏ ।' ਦੀਵਾਨ ਜੈ ਰਾਮ ਨੇ ਕਿਹਾ ਤੇ ਤੁਰ ਗਿਆ । ਸ਼ੋਭਾ ਰਾਣੀ ਮਕਾਨ ਦੇ ਅੰਦਰ ਨੌਕਰਾਂ ਨੂੰ ਸਾਧੂ ਮਹਾਰਾਜ ਲਈ ਭੋਜਨ ਤਿਆਰ ਕਰਨ ਵਾਸਤੇ ਕਹਿਣ ਚਲੀ ਗਈ ।

'ਤੁਸੀਂ ਤਾਂ ਇਹਨਾਂ ਦੇ ਘਰ ਵਿਚ ਬਿਲਕੁਲ ਆਪਣਿਆਂ ਵਾਂਗ ਆ ਸਕਦੇ ਹੋ', ਹਜ਼ਾਰਾ ਸਿੰਘ ਨੇ ਕਿਹਾ । 'ਬੜਾ ਸਤਿਕਾਰ ਕਰਦੇ ਨੇ ਤੁਹਾਡਾ ।'

'ਗੱਲ ਇਹ ਹੈ ਕਿ ਇਹਨਾਂ ਦੇ ਘਰ ਲੜਕਾ ਨਹੀਂ ਸੀ ।' ਸਾਧੂ ਨੇ ਦੱਸਣਾ ਸ਼ੁਰੂ ਕੀਤਾ, ਇਕੋ ਲੜਕੀ ਵਿਆਹ ਪਿੱਛੋਂ ਹੋਈ ਤੇ ਫਿਰ 14 ਸਾਲ ਕੋਈ ਬੱਚਾ ਨਹੀਂ ਹੋਇਆ । ਇਹਨਾਂ ਕਈ ਇਲਾਜ ਕਰਵਾਏ ਪਰ ਕੋਈ ਸੂਤ ਨਾ ਬੈਠਾ । ਅਖੀਰ ਇਹਨਾਂ ਮੈਨੂੰ ਵੀ ਦੱਸਿਆ ਮੈਂ ਇਹਨਾਂ ਦੇ ਘਰ ਕੁਝ ਦਿਨ ਪਾਠ ਪੂਜਾ ਕੀਤੀ ਤੇ ਇਕ ਮਨ ਇਕ ਚਿਤ ਹੋ ਕੇ ਪ੍ਰਭੂ ਪਾਸ ਬੇਨਤੀ ਕੀਤੀ ਕੀ ਸੱਚੇ ਪਾਤਿਸ਼ਾਹ ਇਹਨਾਂ 'ਤੇ ਮਿਹਰ ਕਰੋ । ਉਹ ਗੱਲ ਪੂਰੀ ਹੋ ਗਈ ਤੇ ਇਕ ਮਹੀਨੇ ਪਿੱਛੋਂ ਹੀ ਇਹਨਾਂ ਦੇ ਘਰ ਬੱਚਾ ਹੋਣ ਵਾਲਾ ਹੋ ਗਿਆ । ਫਿਰ ਦਿਆਲ ਹੋਇਆ ਤੇ ਮੁੰਡਾ ਹੋ ਗਿਆ । ਜੇ ਕੁੜੀ ਹੋ ਜਾਂਦੀ ਤਾਂ ਮਾਮਲਾ ਚੌਪਟ ਹੋ ਜਾਣਾ ਸੀ ਪਰ ਪ੍ਰਭੂ ਨੇ ਸਾਡੀ ਲਾਜ ਰੱਖ ਲਈ । ਉਸ ਦਿਨ ਤੋਂ ਇਹ ਮੇਰੇ ਅਨਿਨ ਸੇਵਕ ਹਨ । ਇਹਨਾਂ ਕਈਆਂ ਹੋਰਾਂ ਨੂੰ ਅੱਗੋਂ ਦੱਸਿਆ ਹੈ ਜਿਸ ਕਰਕੇ ਬਹੁਤ ਸਾਰੇ ਲੋਕੀ ਮੈਨੂੰ ਜਾਣਦੇ ਹਨ । ਇਹਨਾਂ ਤਾਂ ਕਈ ਵਾਰ ਕਿਹਾ ਏ ਕਿ ਇਥੇ ਹੀ ਆ ਜਾਉ । ਸੁੰਦਰ ਹਵੇਲੀ ਵਿਚ ਡੇਰਾ ਲਾ ਲਉ ਪਰ ਮੈਂ ਇਕਾਂਤ ਚਾਹੁੰਦਾ ਹਾਂ ਤੇ ਉਥੇ ਹੀ ਰਹਿੰਦਾ ਹਾਂ । ਸ਼ੋਭਾ ਰਾਣੀ ਨੌਕਰ ਨੂੰ ਹੁਕਮ ਦੇ ਕੇ ਪਰਤ ਆਈ ਜਿਸ ਕਰਕੇ ਗੱਲਬਾਤ ਇਥੇ ਹੀ ਖਤਮ ਹੋ ਗਈ ।

'ਐਤਕੀਂ ਮਹਾਰਾਜ ਤੁਸੀਂ ਬੜੇ ਦਿਨਾਂ ਪਿੱਛੋਂ ਚੱਕਰ ਮਾਰਿਆ ਹੈ, ਕੀ ਗੱਲ ? ਦੂਜੇ ਚੌਥੇ ਦਿਨ ਜ਼ਰੂਰ ਆ ਜਾਇਆ ਕਰੋ', ਸ਼ੋਭਾ ਰਾਣੀ ਨੇ ਆਖਿਆ ।

'ਆਉਣ ਨਹੀਂ ਹੁੰਦਾ', ਮੇਰੇ ਗੋਡਿਆਂ ਵਿਚ ਵਾਈ ਦੀ ਦਰਦ ਖੜੀ ਹੋ ਜਾਂਦੀ ਏ ਤੇ ਫਿਰ ਤੁਰ ਨਹੀਂ ਹੁੰਦਾ ।' ਸਾਧੂ ਨੇ ਦੱਸਿਆ, 'ਇਸੇ ਲਈ ਅੱਜ ਇਹਨਾਂ ਨੂੰ ਨਾਲ ਲਿਆਂਦਾ ਏ । ਇਹ ਮੇਰੇ ਚੇਲੇ ਨੇ ।'

'ਅੱਗੇ ਤਾਂ ਤੁਹਾਡੇ ਨਾਲ ਕਦੇ ਨਹੀਂ ਆਏ', ਸ਼ੋਭਾ ਰਾਣੀ ਨੇ ਭਰਵੀਂ ਨਜ਼ਰ

ਨਾਲ ਹਜ਼ਾਰਾ ਸਿੰਘ ਵੱਲ ਦੇਖਕੇ ਕਿਹਾ।

'ਇਹ ਦੂਰ ਰਹਿੰਦੇ ਨੇ, ਬੜੇ ਤਪੱਸਵੀ ਹਨ। ਮੈਨੂੰ ਮਿਲਣ ਲਈ ਆਏ ਹੋਏ ਸਨ, ਮੈਂ ਨਾਲ ਲੈ ਆਇਆ ਹਾਂ। ਸੰਸਾਰ ਵਿਚ ਗੁਣਾਂ ਦਾ ਘਾਟਾ ਨਹੀਂ, ਅੱਜ ਕੱਲ ਇਹ ਜੋਤਿਸ਼ ਵਿਦਿਆ ਪ੍ਰਾਪਤ ਕਰਨ ਵਿਚ ਰੁਝੇ ਹੋਏ ਹਨ। ਮੈਂ ਤਾਂ ਜੋਤਿਸ਼ ਨਹੀਂ ਸਿੱਖਿਆ ਪਰ ਇਹਨਾਂ ਨੂੰ ਬੜਾ ਸ਼ੌਕ ਏ।'

'ਉਮਰ ਤਾਂ ਚੋਖੀ ਏ ਪਰ ਪ੍ਰਭੂ ਨੇ ਸਿਹਤ ਬਹੁਤ ਚੰਗੀ ਦਿੱਤੀ ਏ, ਅੱਗੋਂ ਸਿਹਤ ਦੀ ਸੰਭਾਲ ਵੀ ਚੰਗੀ ਤਰ੍ਹਾਂ ਕਰਦੇ ਨੇ। ਇਸ ਕਰਕੇ ਉਮਰ ਨਾਲੋਂ ਛੋਟੇ ਜਾਪਦੇ ਹਨ, ਕੋਈ ਨਹੀਂ ਮੰਨਦਾ ਕਿ ਇਹਨਾਂ ਦੀ ਉਮਰ 40 ਤੋਂ ਉਤੇ ਹੈ।'

'ਹਦ ਹੋ ਗਈ, ਮੈਂ ਤਾਂ 30 ਵੀ ਨਹੀਂ ਸਮਝਦੀ, ਤੁਸੀਂ 40 ਤੋਂ ਉੱਪਰ ਦੱਸ ਰਹੇ ਹੋ।' ਸ਼ੋਭਾ ਰਾਣੀ ਨੇ ਮਨ ਦੀ ਗੱਲ ਦੱਸੀ।

'ਅੱਛਾ ਕਾਕਾ ਜਾਗੇ ਤਾਂ ਇਹਨਾਂ ਨੂੰ ਦਿਖਾਉ। ਇਹ ਉਹਦੇ ਬਾਰੇ ਜੋਤਿਸ਼ ਲਾਉਣਗੇ,' ਸਾਧੂ ਨੇ ਕਿਹਾ। ਹਜ਼ਾਰਾ ਸਿੰਘ ਉਹਦੇ ਮੂੰਹ ਵੱਲ ਦੇਖਣ ਲੱਗ ਪਿਆ। ਉਹਨੇ ਹਜ਼ਾਰਾ ਸਿੰਘ ਨਾਲ ਅੱਖ ਵੀ ਨਾ ਮਿਲਾਈ ਤੇ ਗੱਲਾਂ ਕਰਦਾ ਰਿਹਾ।

'ਬੜੀ ਕਿਰਪਾ ਇਹਨਾਂ ਦੀ' ਰਾਣੀ ਕਹਿਕੇ ਫਿਰ ਅੰਦਰ ਚਲੀ ਗਈ ਤੇ ਝੱਟ ਭੋਜਨ ਤਿਆਰ ਕਰਵਾ ਕੇ ਲੈ ਆਈ। ਆਪ ਉਹਨੇ ਹੱਥ ਧੁਆਏ ਤੇ ਫਿਰ ਭੋਜਨ ਛਕਾਇਆ। ਉਹਨਾਂ ਦੀ ਲੜਕੀ ਬਿਮਲਾ ਘਰ ਨਹੀਂ ਸੀ। ਉਹ ਆਪਣੇ ਗੁਆਂਢ ਵਿਚ ਹੀ ਕਿਸੇ ਸਹੇਲੀ ਦੇ ਘਰ ਗਈ ਸੀ। ਜਦ ਉਹਨੇ ਸਾਧੂ ਨੂੰ ਦੇਖਿਆ ਤਾਂ ਇਕ ਦਮ ਹੀ ਝੁਕ ਕੇ ਬੜੇ ਸਤਿਕਾਰ ਨਾਲ ਨਮਸਕਾਰ ਕੀਤੀ। ਇਉਂ ਜਾਪਦਾ ਸੀ ਜਿਵੇਂ ਉਹ ਵੀ ਸਾਧੂ ਦੀ ਇਸ ਕਰਕੇ ਬੜੀ ਸ਼ਰਧਾਲੂ ਸੀ ਕਿ ਸਾਧੂ ਦੇ ਯਤਨਾਂ ਨਾਲ ਉਹਨੂੰ ਇਕ ਵੀਰ ਦੀ ਦਾਤ ਪ੍ਰਾਪਤ ਹੋਈ ਸੀ। ਇਹ ਜਜ਼ਬਾ ਇਕ ਕੁਦਰਤੀ ਹੈ ਕਿ ਭੈਣ ਆਪਣੇ ਜੀਵਨ ਵਿਚ ਵੀਰ ਦੀ ਘਾਟ ਨੂੰ ਬਹੁਤ ਮਹਿਸੂਸ ਕਰਦੀ ਹੈ।

'ਖੁਸ਼ ਹੋ ਬੇਟੀ,' ਸਾਧੂ ਨੇ ਕਿਹਾ।

'ਜੀ ਆ,' ਕਹਿ ਕੇ ਬਿਮਲਾ ਅੰਦਰ ਲੰਘ ਗਈ ਤੇ ਮਾਂ ਨੂੰ ਇਸ਼ਾਰਾ ਕਰਕੇ ਅੰਦਰ ਬੁਲਾਇਆ ਤੇ ਪੁੱਛਿਆ, 'ਇਹ ਨਾਲ ਕੌਣ ਏ?'

'ਇਹਨਾਂ ਦਾ ਚੇਲਾ ਮਾਂ ਨੇ ਦੱਸਿਆ, 'ਕਹਿੰਦੇ ਨੇ ਇਹ ਜੋਤਿਸ਼ ਵਿਦਿਆ ਪ੍ਰਾਪਤ ਕਰਕੇ ਆਇਆ ਏ।'

'ਅੱਛਾ।'

'ਮਹਾਰਾਜ ਕਹਿੰਦੇ ਨੇ, ਕਾਕਾ ਜਾਗਣ 'ਤੇ ਇਹ ਉਹਦੇ ਬਾਰੇ ਦੱਸਣਗੇ,'

ਰਾਣੀ ਨੇ ਦੱਸਿਆ । ਮਾਂ ਧੀ ਵਿਹੜੇ ਵਿਚ ਖੜੀਆਂ ਗੱਲਾਂ ਕਰ ਰਹੀਆਂ ਸਨ ਤੇ ਅੰਦਰ ਸਾਧੂ ਤੇ ਹਜ਼ਾਰਾ ਸਿੰਘ ਗੱਲਬਾਤ ਕਰਨ ਲੱਗ ਪਏ । ਹਜ਼ਾਰਾ ਸਿੰਘ ਨੇ ਹੌਲੀ ਜਿਹੇ ਕਿਹਾ, 'ਮੈਂ ਜੋਤਿਸ਼ ਕੀ ਲਾਵਾਂਗਾ ?'

'ਜੋ ਮੂੰਹ ਆਇਆ,' ਸਾਧੂ ਨੇ ਕਿਹਾ ।

'ਇਹ ਕਹਿਣ ਦੀ ਕੀ ਲੋੜ ਸੀ ?' ਹਜ਼ਾਰਾ ਸਿੰਘ ਨੇ ਕਿਹਾ ।

'ਤੁਹਾਨੂੰ ਨਹੀਂ ਪਤਾ ।' ਸਾਧੂ ਬੋਲਿਆ, 'ਇਹ ਵੱਡੇ ਲੋਕ ਆਪਣੀ ਕਿਸਮਤ ਬਾਰੇ ਬਹੁਤ ਚਿੰਤਾ ਵਿਚ ਹੁੰਦੇ ਹਨ । ਇਹਨਾਂ ਨੂੰ ਇਹਨਾਂ ਦੇ ਭਵਿਖਤ ਬਾਰੇ ਕੁਝ ਸੱਚੀਆਂ ਝੂਠੀਆਂ ਦੱਸੋ ਤਾਂ ਇਹ ਸੰਤੁਸ਼ਟ ਹੋ ਜਾਂਦੇ ਨੇ । ਗੱਲਾਂ ਜੋ ਜੀ ਆਇਆ ਦੱਸੀਂ ਪਰ ਹਰ ਗੱਲ ਨਾਲ ਪਰੰਤੂ ਲਾ ਕੇ ਕੋਈ ਨਾ ਕੋਈ ਅੜਿਕਾ ਤੇ ਉਪਮਾਨ ਦੱਸਦਾ ਜਾਈਂ ।' ਬੜੀ ਹੌਲੀ ਹੌਲੀ ਇਹ ਗੱਲਾਂ ਕਰ ਰਹੇ ਸਨ ਤੇ ਇਸੇ ਤਰ੍ਹਾਂ ਵਿਹੜੇ ਵਿਚ ਮਾਂ ਧੀ ਗੱਲਬਾਤ ਕਰ ਰਹੀਆਂ ਸਨ ।

ਦੀਵਾਨ ਜੈ ਰਾਮ ਆ ਗਿਆ । ਉਹਨੇ ਆਉਂਦਿਆਂ ਪੁੱਛਿਆ ਕਿ ਭੋਜਨ ਛਕਾ ਦਿੱਤਾ ਏ ਕਿ ਨਹੀਂ ਫਿਰ ਉਹ ਗੱਲਬਾਤ ਕਰਨ ਲਈ ਸਾਧੂ ਦੇ ਕੋਲ ਆ ਬੈਠਾ।

'ਸੁਣਾਓ ਅੱਜ ਕੱਲ ਹਕੂਮਤ ਦੇ ਕੰਮ ਕਾਜ ਦਾ ਕੀ ਹਾਲ ਏ ?' ਸਾਧੂ ਨੇ ਗੱਲਬਾਤ ਛੇੜ ਲਈ ।

'ਠੀਕ ਏ,' ਜੈ ਰਾਮ ਨੇ ਕਿਹਾ ।

'ਸੁਣਿਆਂ ਏ ਗੁਰੂ ਗੋਬਿੰਦ ਸਿੰਘ ਜੀ ਦੇ ਦੋਵੇਂ ਪੁੱਤਰ ਮਾਰ ਦਿੱਤੇ ਗਏ ਨੇ ?' ਸਾਧੂ ਨੇ ਪੁੱਛਿਆ ।

'ਆਹੋ', ਜੈ ਰਾਮ ਨੇ ਕਿਹਾ ਤੇ ਬਾਹਰ ਵੱਲ ਝਾਕਿਆ, ਸਾਹਮਣੇ ਕੋਈ ਬੰਦਾ ਨਹੀਂ ਸੀ, ਇਹ ਦੇਖ ਕੇ ਉਹਨੇ ਅੱਗੋਂ ਗੱਲ ਮੂੰਹੋਂ ਕੱਢੀ, 'ਉਹ ਤਾਂ ਮਹਾਰਾਜ ਬਹੁਤ ਵੱਡਾ ਜ਼ੁਲਮ ਹੋਇਆ ਏ । ਮਾਸੂਮ ਬੱਚੇ, ਬੜੇ ਹੀ ਸੋਹਣੇ ਤੁਸੀਂ ਦੇਖੇ ਨਹੀਂ, ਮੈਂ ਅੱਜ ਤਕ ਕਦੇ ਇਤਨੇ ਸੋਹਣੇ ਹਸੂੰ ਹਸੂੰ ਕਰਦੇ ਬੱਚੇ ਨਹੀਂ ਦੇਖੇ ਪਰ ਬੜੇ ਹੀ ਸਿਰੜੀ, ਬਹਾਦਰ, ਮੌਤ ਤੋਂ ਉਹ ਜ਼ਰਾ ਨਹੀਂ ਡਰੇ । ਵੱਡੇ ਵੱਡੇ ਆਦਮੀਆਂ ਨੂੰ ਨਵਾਬ ਵਜ਼ੀਰ ਖਾਨ ਸਾਹਮਣੇ ਜਾ ਕੇ ਕਾਂਬਾ ਛਿੜ ਜਾਂਦਾ ਏ, ਗੱਲ ਮੂੰਹੋਂ ਨਹੀਂ ਨਿਕਲਦੀ ਪਰ ਉਹ ਜ਼ਰਾ ਨਹੀਂ ਖਿੜਕੇ, ਪਟਾਕ ਪਟਾਕ ਜਵਾਬ ਦਿੰਦੇ ਰਹੇ । ਮੈਨੂੰ ਉਹਨਾਂ ਦੀ ਮੌਤ ਦਾ ਬੜਾ ਦੁੱਖ ਲੱਗਾ । ਇਕ ਦਿਨ ਪੂਰਾ ਮੈਂ ਰੋਟੀ ਨਹੀਂ ਖਾ ਸਕਿਆ ਪਰ ਕਰੀਏ ਕੀ ਨੌਕਰੀ ਏ ਬੋਲ ਨਹੀਂ ਸਾਂ ਸਕਦੇ । ਫਿਰ ਹਿੰਦੂਆਂ ਵੱਲ ਤਾਂ ਉਂਝ ਹੀ ਇਹ ਹਾਕਮ ਕੈਰੀ ਅੱਖ ਰੱਖਦੇ ਨੇ । ਡਰ ਕੇ ਦਿਨ ਕੱਟੀ ਜਾ ਰਹੇ ਹਾਂ । ਸਵਾਏ ਪੰਡਿਤ ਸੁੱਚਾ ਨੰਦ ਦੇ ਬਾਕੀ ਸਾਰਿਆਂ ਨੇ ਮਹਿਸੂਸ ਕੀਤਾ ਏ । ਮੂੰਹ ਪਏ ਦੱਸਦੇ ਸਨ ਪਰ ਉਂਝ

ਸਾਰੇ ਚੁੱਪ ਸਨ। ਉਹਨਾਂ ਨੂੰ ਮਾਰਨਾ ਤਾਂ ਬਿਲਕੁਲ ਹੀ ਬੇਤਰਸੀ ਦੀ ਹੱਦ ਏ। ਜੈ ਰਾਮ ਦਾ ਦਿਲ ਭਰਿਆ ਪਿਆ ਸੀ। ਉਹਨੇ ਰਜ ਕੇ ਗੱਲਾਂ ਕਰਕੇ ਆਪਣੇ ਦਿਲ ਦੀ ਹਵਾੜ ਕੱਢ ਲਈ। ਉਹਨੂੰ ਆਪ ਪੁੱਤਰ ਦੀ ਦਾਤ ਬੜੀ ਮੁਸ਼ਕਿਲ ਨਾਲ ਮਿਲੀ ਸੀ। ਜੋ ਆਪ ਉਮਰ ਭਰ ਪੁੱਤਰ ਦੀ ਦਾਤ ਤੋਂ ਥੁੜ੍ਹਿਆ ਰਹੇ ਉਹਨੂੰ ਕੁਦਰਤੀ ਤੌਰ 'ਤੇ ਪੁੱਤਰ ਭਾਵੇਂ ਕਿਸੇ ਦੇ ਹੋਣ, ਮਰਨ 'ਤੇ ਬਹੁਤਾ ਦੁੱਖ ਹੁੰਦਾ ਹੈ।

'ਸੁਣਿਆ ਏ, ਉਹਨਾਂ ਦੀ ਦਾਦੀ ਵੀ ਨਾਲ ਸੀ। ਸਾਧੂ ਨੇ ਹਜ਼ਾਰਾ ਸਿੰਘ ਦੇ ਹੌਲੀ ਜਿਹੇ ਕਹੇ ਸਵਾਲ ਨੂੰ ਉੱਚੀ ਸਾਰੀ ਆਖਿਆ।

'ਆਹੋ, ਉਹ ਵੀ ਮਾਰ ਦਿੱਤੀ ਗਈ ਏ।' ਜੈ ਰਾਮ ਨੇ ਦੱਸਿਆ।

'ਹੁਣ ਫਿਰ ਨਵਾਬ ਬੜਾ ਖੁਸ਼ ਹੋਣਾ ਏ ਬੱਚਿਆਂ ਨੂੰ ਮਾਰ ਕੇ ?' ਸਾਧੂ ਨੇ ਪੁੱਛਿਆ।

'ਖੁਸ਼ ਤਾਂ ਹੈ ਪਰ ਉਹ ਕਹਿੰਦਾ ਏ ਕਿ ਸੀਨੇ ਠੰਡ ਉਦੋਂ ਪਵੇਗੀ ਜਦੋਂ ਇਹਨਾਂ ਬੱਚਿਆਂ ਦੇ ਪਿਉ ਨੂੰ ਫੜ ਲਿਆ।'

'ਉਹਨਾਂ ਨੂੰ ਨਾ ਫੜ ਸਕੇ,' ਹਜ਼ਾਰਾ ਸਿੰਘ ਤੋਂ ਰਹਿਣ ਨਾ ਹੋਇਆ ਤੇ ਉਹ ਬੋਲ ਪਿਆ। ਸਾਧੂ ਨੇ ਅੱਖ ਨਾਲ ਇਸ਼ਾਰਾ ਕਰਕੇ ਚੁੱਪ ਰਹਿਣ ਲਈ ਕਿਹਾ ਤੇ ਫਿਰ ਕੂਹਣੀ ਵੀ ਮਾਰੀ।

ਅੰਦਰ ਕਾਕਾ ਜਾਗ ਪਿਆ। ਉਹਦੇ ਰੋਣ ਦੀ ਆਵਾਜ਼ ਆਈ। ਸਾਧੂ ਨੇ ਕਿਹਾ, 'ਜਾਗ ਪਿਆ ਏ ਕਾਕਾ। ਲਿਆਉ ਉਹਨੂੰ ਮੇਰੇ ਕੋਲ।'

●●●

ਕਾਂਡ-4

ਦੀਵਾਨ ਜੈ ਰਾਮ ਦੀ ਪਤਨੀ ਸ਼ੋਭਾ ਰਾਣੀ ਜਾ ਕੇ ਕਾਕੇ ਨੂੰ ਚੁੱਕ ਲਿਆਈ ਤੇ ਆ ਕੇ ਸਾਧੂ ਦੀ ਝੋਲੀ ਵਿਚ ਪਾ ਦਿੱਤਾ। ਸਾਧੂ ਨੇ ਉਸਨੂੰ ਚੁੱਕ ਲਿਆ ਪਰ ਸੁੱਤਾ ਜਾਗਿਆ ਹੋਣ ਕਾਰਨ ਕਾਕਾ ਰੋਈ ਜਾ ਰਿਹਾ ਸੀ । ਸਾਧੂ ਨੇ ਝੱਟ ਪਟ ਕਾਕਾ ਮਾਂ ਨੂੰ ਫੜਾ ਦਿੱਤਾ ਤੇ ਕਿਹਾ, 'ਪਹਿਲਾਂ ਇਸ ਨੂੰ ਦੁੱਧ ਦਿਉ, ਜਦ ਤਕ ਢਿੱਡ ਨਹੀਂ ਭਰਦਾ, ਬੱਚਾ ਚੁੱਪ ਨਹੀਂ ਕਰੇਗਾ।'

ਸ਼ੋਭਾ ਰਾਣੀ ਨੇ ਬੱਚਾ ਚੁੱਕ ਲਿਆ ਤੇ ਨਾਲ ਦੇ ਕਮਰੇ ਵਿਚ ਚਲੀ ਗਈ । ਪਿੱਛੋਂ ਝੱਟ ਗੱਲਾਂ ਕਰਦੇ ਰਹੇ ਤੇ ਸਾਧੂ ਨੇ ਕਿਹਾ, ਅੱਛਾ ਤੁਸੀਂ ਇਥੇ ਆਰਾਮ ਕਰੋ, ਮੈਂ ਇਕ ਪਾਸਿਉਂ ਹੋ ਆਵਾਂ।

'ਕਿੱਥੇ ਜਾਉਗੇ, ਇਥੇ ਹੀ ਆਰਾਮ ਕਰ ਲਉ', ਜੈ ਰਾਮ ਨੇ ਸਾਧੂ ਨੂੰ ਬੇਨਤੀ ਕੀਤੀ।

'ਨਹੀਂ, ਇਕ ਜ਼ਰੂਰੀ ਕੰਮ ਏ, ਆਇਆ ਹਾਂ ਤਾਂ ਉਹ ਵੀ ਮੁਕਾ ਹੀ ਚੱਲਾਂ', ਸਾਧੂ ਨੇ ਕਿਹਾ।

'ਚੰਗਾ ਜਿਵੇਂ ਤੁਹਾਡੀ ਮਰਜ਼ੀ ਪਰ ਭੋਜਨ ਇਥੇ ਹੀ ਆ ਕੇ ਕਰਨਾ', ਦੀਵਾਨ ਜੈ ਰਾਮ ਨੇ ਆਖਿਆ।

'ਬਹੁਤ ਅੱਛਾ' ਕਹਿਕੇ ਸਾਧੂ ਉੱਠ ਕੇ ਤੁਰ ਗਿਆ। ਦੀਵਾਨ ਜੈ ਰਾਮ ਦੂਜੇ ਸਾਧੂ ਅਥਵਾ ਹਜ਼ਾਰਾ ਸਿੰਘ ਨਾਲ ਕੀ ਗੱਲਾਂ ਕਰਦਾ ? ਉਹ ਵੀ ਉੱਠ ਕੇ ਦੂਜੇ ਕਮਰੇ ਵਿਚ ਚੱਲਿਆ ਤੇ ਕਹਿਣ ਲੱਗਾ, 'ਤੁਸੀਂ ਵੀ ਆਰਾਮ ਕਰੋ, ਤੜਕੇ ਦੇ ਭਜਨ ਬੰਦਗੀ ਵਿਚ ਲੱਗੇ ਰਹੇ ਹੋਵੋਗੇ।' ਜੈ ਰਾਮ ਚਲਾ ਗਿਆ ਤੇ ਹਜ਼ਾਰਾ ਸਿੰਘ ਮੰਜੇ 'ਤੇ ਲੇਟ ਗਿਆ। ਉਹ ਸੋਚਣ ਲੱਗ ਪਿਆ ਕਿ ਮੈਨੂੰ ਸਰਹੰਦ ਵਿਚ ਹੁਣ ਕੀ ਕਰਨਾ ਚਾਹੀਦਾ ਹੈ। ਘੜੀ ਮੁੜੀ ਉਹਦਾ ਦਿਮਾਗ ਇਸੇ ਗੱਲ 'ਤੇ ਆ ਕੇ ਟਿਕਦਾ ਕਿ ਨਵਾਬ ਵਜ਼ੀਰ ਖਾਨ ਨੂੰ ਕਤਲ ਕਰਨਾ ਚਾਹੀਦਾ ਹੈ । ਖ਼ੂਨ ਦਾ ਬਦਲਾ ਖ਼ੂਨ ਨਾਲ ਲੈਣਾ ਚਾਹੀਦਾ ਹੈ । ਜਿਹੜੇ ਲੋਕੀਂ ਸਮਝ ਰਹੇ ਹਨ ਕਿ ਸਿੱਖ ਮਰ ਗਏ ਹਨ, ਉਹਨਾਂ ਨੂੰ ਵੀ ਇਸ ਇਕੋ ਤਰ੍ਹਾਂ ਨਾਲ ਚਾਨਣ ਕਰਾਇਆ ਜਾ ਸਕਦਾ ਹੈ ਕਿ ਸਿੱਖ ਅਜੇ

ਜੀਉਂਦੇ ਹਨ ਤੇ ਉਹ ਜ਼ਾਲਮਾਂ ਤੋਂ ਬਦਲਾ ਲੈ ਸਕਦੇ ਹਨ। ਕਾਫੀ ਸੋਚਿਆ ਪਰ ਹੋਰ ਕੋਈ ਰਾਹ ਉਹਨੂੰ ਬਦਲਾ ਲੈਣ ਦਾ ਨਹੀਂ ਸੀ ਸੁਝਦਾ।

ਝੱਟ ਪਿੱਛੋਂ ਦੀਵਾਨ ਜੈ ਰਾਮ ਨੇ ਨੌਕਰ ਨੂੰ ਭੇਜਿਆ ਕਿ ਉਹ ਦੇਖ ਆਵੇ ਕਿ ਸਾਧੂ ਸੁੱਤਾ ਪਿਆ ਏ ਕਿ ਨਹੀਂ। ਨੌਕਰ ਆਇਆ ਤਾਂ ਹਜ਼ਾਰਾ ਸਿੰਘ ਜਾਗਦਾ ਪਿਆ ਸੀ। ਹਜ਼ਾਰਾ ਸਿੰਘ ਨੇ ਪੁੱਛਿਆ, 'ਕੀ ਗੱਲ ਏ?'

'ਕੁਝ ਨਹੀਂ ਮਹਾਰਾਜ, ਨੌਕਰ ਨੇ ਤਰਲੇ ਨਾਲ ਕਿਹਾ', ਦੀਵਾਨ ਜੀ ਨੇ ਭੇਜਿਆ ਸੀ।'

'ਸੁੱਤਾ ਕਿ ਜਾਗਦਾ ਦੇਖਣ।'

'ਜੀ'

'ਸਾਧੂ ਸਦਾ ਜਾਗਦੇ ਹਨ।'

'ਸਤਿ ਕਹਿੰਦੇ ਹੋ ਮਹਾਰਾਜ।'

'ਪਾਣੀ ਪਿਆਉ ਫਿਰ।'

'ਲਉ ਜੀ', ਨੌਕਰ ਗਿਆ ਤੇ ਦੀਵਾਨ ਜੈ ਰਾਮ ਨੂੰ ਦੱਸ ਕੇ ਪਾਣੀ ਲੈ ਆਇਆ। ਦੀਵਾਨ ਨੇ ਰਾਣੀ ਨੂੰ ਦੱਸਿਆ। ਰਾਣੀ ਕਾਕਾ ਲੈ ਕੇ ਆ ਗਈ। ਹਜ਼ਾਰਾ ਸਿੰਘ ਨੇ ਕਿਹਾ, 'ਇਸ ਵੇਲੇ ਮੈਂ ਜੋਤਿਸ਼ ਨਹੀਂ ਲਾ ਸਕਦਾ। ਦੁਪਹਿਰ ਪਿੱਛੋਂ ਦੇ ਅਨੁਮਾਨ ਠੀਕ ਹੋਣ ਦਾ ਨਿਸ਼ਚਾ ਨਹੀਂ। ਇਸ ਲਈ ਮੈਂ ਨਹੀਂ ਚਾਹੁੰਦਾ ਕਿ ਤੁਹਾਨੂੰ ਕੋਈ ਗਲਤ ਦੱਸਾਂ। ਤੁਸੀਂ ਸਵੇਰੇ ਕਾਕਾ ਦਿਖਾਣਾ। ਉਸ ਸਮੇਂ ਅੰਮ੍ਰਿਤ ਵੇਲੇ ਠੀਕ ਪਤਾ ਲੱਗ ਸਕਦਾ ਹੈ। ਸਾਡੇ ਉਸਤਾਦ ਸਾਨੂੰ ਇਹੋ ਦੱਸਦੇ ਹਨ ਕਿ ਸਵੇਰੇ ਜੋਤਿਸ਼ ਠੀਕ ਦੱਸਦਾ ਹੈ।'

ਤੁਸੀਂ ਸਵੇਰ ਤਕ ਇਥੇ ਠਹਿਰਨਾ ਨਹੀਂ, ਅਸੀਂ ਫਿਰ ਕਿਵੇਂ ਦਿਖਾਵਾਂਗੇ?' ਸ਼ੋਭਾ ਰਾਣੀ ਨੇ ਕਿਹਾ, ਉਂਝ ਤੇ ਸ਼ਾਇਦ ਖਿਆਲ ਨਾ ਆਉਂਦਾ, ਮਹਾਤਮਾ ਜੀ ਨੇ ਤੁਹਾਡੀਆਂ ਗੱਲਾਂ ਕਰਕੇ ਮਨ ਵਿਚ ਲੋਭ ਜਿਹਾ ਪੈਦਾ ਕਰ ਦਿੱਤਾ ਏ ਤੇ ਮੈਂ ਕਿਹਾ ਕਿ ਚੱਲੋ ਘਰ ਗੰਗਾ ਪਈ ਵਗਦੀ ਏ, ਅਸੀਂ ਵੀ ਕੁਝ ਫਾਇਦਾ ਉਠਾ ਲਈਏ।'

'ਨਹੀਂ, ਬੜੀ ਖੁਸ਼ੀ ਨਾਲ ਦਿਖਾਣਾ, ਮੈਂ ਰਾਤ ਠਹਿਰ ਜਾਵਾਂਗਾ ਜਾਂ ਸਵੇਰੇ ਫਿਰ ਆ ਜਾਵਾਂਗਾ', ਹਜ਼ਾਰਾ ਸਿੰਘ ਸਾਧੂ ਨੇ ਕਿਹਾ।

'ਠੀਕ ਏ ਫਿਰ' ਰਾਣੀ ਬੋਲੀ, ਤੁਸੀਂ ਜਾਣਾ ਕਿਉਂ ਏ, ਸਾਡੇ ਪਾਸ ਰਹੋ। ਅਸੀਂ ਸੇਵਾ ਕਰਕੇ ਖੁਸ਼ੀ ਪ੍ਰਾਪਤ ਕਰਾਂਗੇ।'

'ਆ ਲੈਣ ਮਹਾਤਮਾਂ, ਉਹਨਾਂ ਨਾਲ ਗੱਲ ਕਰ ਲੈਂਦੇ ਹਾਂ ।' ਸ੍ਰ: ਹਜ਼ਾਰਾ ਸਿੰਘ ਨੇ ਕਿਹਾ, 'ਜਿਵੇਂ ਉਹ ਕਹਿਣਗੇ, ਉਸ ਤਰ੍ਹਾਂ ਕਰ ਲਵਾਂਗੇ ।'

''ਉਹਨਾਂ ਨੇ ਤਾਂ ਮੰਨ ਜਾਣਾ ਏ', ਸ਼ੋਭਾ ਰਾਣੀ ਬੋਲੀ, 'ਉਹ ਤਾਂ ਵਿਚਾਰੇ ਸਦਾ ਹੀ ਜਿਵੇਂ ਕਹੀਏ ਉਸੇ ਤਰ੍ਹਾਂ ਤੁਰੰਤ ਮੰਨ ਜਾਂਦੇ ਹੰਨ ।'

ਝੱਟ ਪਿੱਛੋਂ ਸਾਧੂ ਜੀ ਮਹਾਰਾਜ ਵੀ ਆ ਗਏ । ਸ੍ਰ: ਹਜ਼ਾਰਾ ਸਿੰਘ ਨੇ ਦੱਸਿਆ ਕਿ ਰਾਣੀ ਜੀ ਚਾਹੁੰਦੇ ਹਨ ਕਿ ਮੈਂ ਰਾਤ ਇਥੇ ਠਹਿਰਾਂ ਤੇ ਸਵੇਰੇ ਬੱਚੇ ਦਾ ਹੱਥ ਦੇਖ ਕੇ ਜਾਵਾਂ ।

'ਤੁਸੀਂ ਵੀ ਠਹਿਰੋ', ਹਜ਼ਾਰਾ ਸਿੰਘ ਨੇ ਕਿਹਾ ।

'ਨਹੀਂ, ਮੈਂ ਤਾਂ ਰਾਤ ਕੁਟੀਆ ਵਿਚ ਜ਼ਰੂਰ ਅਪੜਨਾ ਏ । ਮੇਰਾ ਗੁਜ਼ਾਰਾ ਨਹੀਂ, ਤੁਸੀਂ ਰਾਤ ਰਹਿ ਕੇ ਕੱਲ ਮੇਰੇ ਪਾਸ ਪਹੁੰਚ ਜਾਣਾ', ਸਾਧੂ ਨੇ ਕਿਹਾ।

'ਬਹੁਤ ਅੱਛਾ', ਸ੍ਰ: ਹਜ਼ਾਰਾ ਸਿੰਘ ਨੇ ਕਿਹਾ, 'ਲਉ ਜੀ (ਰਾਣੀ ਵੱਲ ਇਸ਼ਾਰਾ ਕਰਕੇ) ਤੁਹਾਡੀ ਗੱਲ ਮੰਨੀ ਗਈ ਜੇ ।'

'ਮੈਂ ਤਾਂ ਪਹਿਲਾਂ ਹੀ ਕਿਹਾ ਸੀ ਕਿ ਮਹਾਰਾਜ ਸਾਡੀ ਬੇਨਤੀ ਨੂੰ ਸਦਾ ਮੰਨ ਲੈਂਦੇ ਹਨ', ਰਾਣੀ ਸ਼ੋਭਾ ਨੇ ਕਿਹਾ ।

ਸ਼ਾਮ ਦਾ ਪ੍ਰਸ਼ਾਦਿ ਤਿਆਰ ਹੋਇਆ । ਕਈ ਪ੍ਰਕਾਰ ਦੇ ਭੋਜਨਾਂ ਦਾ ਸਵਾਦਲਾ ਖਾਣਾ ਇਹਨਾਂ ਅੱਗੇ ਲਿਆ ਕੇ ਰੱਖਿਆ ਗਿਆ । ਭੋਜਨ ਖਾ ਕੇ ਸਾਧੂ ਜੀ ਤਾਂ ਤੁਰ ਗਏ ਪਰ ਸ੍ਰ: ਹਜ਼ਾਰਾ ਸਿੰਘ ਉਥੇ ਰਹਿ ਗਿਆ ।

ਸ਼ਾਮ ਨੂੰ ਹਜ਼ਾਰਾ ਸਿੰਘ ਸ਼ਹਿਰ ਦੇਖਣ ਲਈ ਨਿਕਲ ਪਿਆ । ਉਹਨੂੰ ਤੁਰਨ ਲੱਗਿਆਂ ਸ਼ੋਭਾ ਰਾਣੀ ਨੇ ਪੁੱਛਿਆ ਕਿ ਜੇਕਰ ਚਾਹੋ ਤਾਂ ਨੌਕਰ ਨਾਲ ਭੇਜ ਦਈਏ। ਉਹ ਤੁਹਾਨੂੰ ਸ਼ਹਿਰ ਦਿਖਾ ਲਿਆਏ । ਪਰ ਹਜ਼ਾਰਾ ਸਿੰਘ ਨੇ ਇਕੱਲੇ ਜਾਣਾ ਪਸੰਦ ਕੀਤਾ । ਉਹ ਬਜ਼ਾਰਾਂ ਵਿੱਚੋਂ ਹੁੰਦਾ ਹੋਇਆ ਉਸ ਪਾਸੇ ਨਿਕਲ ਗਿਆ ਜਿਧਰ ਨਵਾਬ ਦੇ ਮਹੱਲ ਸਨ । ਉਸ ਪਾਸੇ ਆਮ ਆਦਮੀ ਦਾ ਜਾਣਾ ਮਨ੍ਹਾ ਸੀ । ਕੇਵਲ ਉਹ ਲੋਕ ਜਾਂਦੇ ਸਨ ਜਿਨ੍ਹਾਂ ਨੂੰ ਨਵਾਬ ਨਾਲ ਕੰਮ ਹੁੰਦਾ ਸੀ ਜਾਂ ਉਹਦੇ ਅਹਿਲਕਾਰ ਸਨ । ਦੂਜੇ ਸਾਧਾਰਨ ਸ਼ਹਿਰੀਆਂ ਲਈ ਉੱਧਰ ਜਾਣਾ ਵਰਜਿਤ ਸੀ । ਸਾਧੂ ਦੇ ਭੇਸ ਵਿਚ ਹੋਣ ਕਾਰਨ ਕਿਸੇ ਨੇ ਨਾ ਰੋਕਿਆ ਤੇ ਹਜ਼ਾਰਾ ਸਿੰਘ ਮਹੱਲ ਦੇ ਆਸ ਪਾਸ ਦੇ ਸਾਰੇ ਦ੍ਰਿਸ਼ ਦੇਖ ਆਇਆ । ਉਹਨੇ ਕਈ ਬੰਦਿਆਂ ਨਾਲ ਗੱਲਬਾਤ ਵੀ ਕੀਤੀ । ਇਕ ਚਪੜਾਸੀ ਉਹਨੂੰ ਮਿਲ ਪਿਆ ਜੋ ਕਾਫੀ ਸਾਧੂਆਂ 'ਤੇ ਵਿਸ਼ਵਾਸ ਰੱਖਦਾ ਸੀ । ਹਜ਼ਾਰਾ ਸਿੰਘ ਨੇ ਉਹਨੂੰ ਪੁੱਛਿਆ, 'ਇਹ ਵੱਡਾ ਸਾਰਾ ਕੋਠਾ ਕਿਸ ਦਾ ਏ ?'

'ਮਹਾਰਾਜ ਇਹ ਨਵਾਬ ਦਾ ਮਹੱਲ ਏ', ਉਸ ਬੁੱਢੇ ਜਿਹੇ ਚਪੜਾਸੀ ਨੇ ਦੱਸਿਆ ।

'ਨਵਾਬ ਇਥੇ ਰਹਿੰਦਾ ਏ ! ਇਹ ਤਾਂ ਬਾਹਰੋਂ ਚਾਰ ਚੁਫੇਰਿਉਂ ਇਉਂ ਬੰਦ ਏ ਜਿਵੇਂ ਬੰਦੀਖਾਨਾ ਹੁੰਦਾ ਏ ।' ਹਜ਼ਾਰਾ ਸਿੰਘ ਨੇ ਕਿਹਾ, 'ਮੈਂ ਤਾਂ ਇਹੀ ਸਮਝਦਾ ਰਿਹਾ ਹਾਂ ।'

ਅੰਦਰੋਂ ਬਹੁਤ ਸੁੰਦਰ ਮਹੱਲ ਏ, ਮਖਮਲ ਵਿਛੇ ਪਏ ਨੇ ਸਾਰੇ ਪਾਸੇ ਤੇ ਫੁਲੇਲ ਦੀ ਵਾਸ਼ਨਾ ਨਾਲ ਸਵੱਰਗ ਜਾਪਦਾ ਏ, ਚਪੜਾਸੀ ਨੇ ਦੱਸਿਆ।

'ਅੰਦਰ ਵੇਖਣ ਦਿੰਦੇ ਨੇ ?' ਹਜ਼ਾਰਾ ਸਿੰਘ ਨੇ ਪੁੱਛਿਆ ।

'ਨਹੀਂ ।'

'ਕਿਉਂ ?'

'ਇਧਰ ਤਾਂ ਚਿੜੀ ਨਹੀਂ ਫੱਟਕ ਸਕਦੀ ।'

'ਬਾਜ਼ ਤਾਂ ਝਪਟ ਸਕਦਾ ਏ ।'

ਚਪੜਾਸੀ ਨੂੰ ਹਜ਼ਾਰਾ ਸਿੰਘ ਦੀ ਗੱਲ ਦੀ ਸਮਝ ਨ ਆਈ । ਹਜ਼ਾਰਾ ਸਿੰਘ ਨੇ ਵੀ ਹੋਰ ਵਿਆਖਿਆ ਨ ਕੀਤੀ ਤੇ ਪੁੱਛਿਆ, 'ਨਵਾਬ ਦੇ ਦਰਸ਼ਨ ਕਰਨੇ ਹੋਣ ਤਾਂ ਕਦੋਂ ਮਿਲ ਸਕਦੇ ਨੇ ? ਮੈਂ ਨਜੂਮੀ ਹਾਂ ਤੇ ਉਹਨਾਂ ਦਾ ਹੱਥ ਵੇਖਣਾ ਚਾਹੁੰਦਾ ਹਾਂ ।'

'ਤੁਸੀਂ ਜਦੋਂ ਚਾਹੋ, ਜਾ ਕੇ ਦੀਵਾਨ ਨੂੰ ਆਪਣਾ ਨਾਂ ਦੱਸੋ, ਉਹ ਹੀ ਪ੍ਰਬੰਧ ਕਰ ਸਕਦੇ ਹਨ ।'

'ਕਿਹੜਾ ਦੀਵਾਨ ?'

'ਦੀਵਾਨ ਜੈ ਰਾਮ ।'

'ਉਹ ਮੁਲਾਕਾਤਾਂ ਕਰਵਾਂਦੇ ਨੇ ?' ਹਜ਼ਾਰਾ ਸਿੰਘ ਨੇ ਪੁੱਛਿਆ ।

'ਆਹੋ ।'

'ਨਵਾਬ ਸੈਰ ਵੀ ਜਾਂਦਾ ਏ ਕਿ ਸਾਰਾ ਦਿਨ ਬਸ ਅੰਦਰ ਹੀ ਵੜਿਆ ਰਹਿੰਦਾ ਏ,' ਹਜ਼ਾਰਾ ਸਿੰਘ ਨੇ ਹੋਰ ਜਾਣਕਾਰੀ ਪ੍ਰਾਪਤ ਕਰਨ ਦਾ ਯਤਨ ਕੀਤਾ ।

'ਉਹ ਬਹੁਤ ਸਮਾਂ ਘਰੋਂ ਬਾਹਰ ਹੀ ਰਹਿੰਦੇ ਨੇ,' ਚਪੜਾਸੀ ਨੇ ਦੱਸਿਆ । 'ਹਾਕਮਾਂ ਨੂੰ ਤੁਸੀਂ ਤਾਂ ਜਾਣਦੇ ਹੀ ਹੋ ਕਿ ਨਿਤ ਕੰਮ ਰਹਿੰਦਾ ਏ । ਉਹ ਕਦੇ ਕਿੱਧਰੇ

ਫੌਜਾਂ ਲੈ ਕੇ ਚੜ੍ਹੇ ਹੁੰਦੇ ਹਨ ਤੇ ਕਦੇ ਕਿਧਰੇ । ਕਦੇ ਉਹਨਾਂ ਕਿਸੇ 'ਤੇ ਹਮਲਾ ਕਰਨਾ ਹੁੰਦਾ ਏ ਤੇ ਕਦੇ ਕਿਸੇ ਨੇ ਉਹਨਾਂ 'ਤੇ ਚੜ੍ਹਾਈ ਕੀਤੀ ਹੁੰਦੀ ਏ । ਜਦੋਂ ਇਥੇ ਹੋਣ ਫਿਰ ਸਵੇਰੇ ਸ਼ਾਮ ਘੋੜੇ 'ਤੇ ਸੈਰ ਕਰਨ ਲਈ ਨਿਕਲਦੇ ਨੇ ।'

'ਉਹ ਵੀ ਤਾਂ ਕੈਦੀ ਨੇ । ਹਰ ਵੇਲੇ ਬੰਦੇ ਅੱਗੇ ਪਿੱਛੇ ਤੁਰਨ ਤਾਂ ਬਾਹਰ ਨਿਕਲਦੇ ਹੋਣੇ ਨੇ । ਹਾਕਮਾਂ ਦੀ ਜੂਨ ਵੀ ਕਾਹਦੀ ਜੂਨ ਏ', ਹਜ਼ਾਰਾ ਸਿੰਘ ਨੇ ਕਿਹਾ ।

'ਇਹ ਗੱਲ ਇਹਨਾਂ ਨਵਾਬ ਸਾਹਿਬ ਬਾਰੇ ਨਹੀਂ । ਇਹ ਸੈਰ ਕਰਨ ਲਈ ਆਮ ਤੌਰ 'ਤੇ ਇਕੱਲੇ ਜਾਂਦੇ ਨੇ । ਝੱਟ ਘੋੜਾ ਭਜਾ ਕੇ ਤੇ ਦਿਲ ਖੁਸ਼ ਕਰਕੇ ਪਰਤ ਆਉਂਦੇ ਨੇ । ਇੰਨਾ ਕੁ ਹੁੰਦਾ ਏ ਕਿ ਜਿਸ ਪਾਸੇ ਉਹਨਾਂ ਜਾਣਾ ਹੋਵੇ ਪਹਿਲਾਂ ਬੰਦੇ ਭੇਜ ਕੇ ਵੱਖ ਵੱਖ ਥਾਵਾਂ 'ਤੇ ਖੜੇ ਕਰ ਦਿੱਤੇ ਜਾਂਦੇ ਹਨ ਜੋ ਐਵੇਂ ਸਾਧਾਰਨ ਜਿਹੀ ਨਿਗਰਾਨੀ ਕਰਦੇ ਹਨ ਨਾਲ ਉਹ ਕਿਸੇ ਨੂੰ ਨਹੀਂ ਲਿਜਾਂਦੇ', ਚਪੜਾਸੀ ਨੇ ਦੱਸਿਆ । ਕਾਫੀ ਦੇਰ ਉਹਦੀਆਂ ਗੱਲਾਂ ਸੁਣ ਕੇ ਹਜ਼ਾਰਾ ਸਿੰਘ ਦੀਵਾਨ ਜੈ ਰਾਮ ਦੇ ਘਰ ਆ ਗਿਆ ।

' ਰਾਤ ਉਹਨਾਂ ਫਿਰ ਦੁੱਧ ਪਿਆਇਆ ਤੇ ਸਵੇਰੇ ਉੱਠ ਕੇ ਵੀ ਚੰਗੀ ਸੇਵਾ ਕੀਤੀ । ਹਜ਼ਾਰਾ ਸਿੰਘ ਨੇ ਉਹਨਾਂ ਦੇ ਕਾਕੇ ਦਾ ਹੱਥ ਦੇਖਿਆ ਤੇ ਕਈ ਗੱਲਾਂ ਅਜੇਹੀਆਂ ਦੱਸੀਆਂ ਜਿਹੜੀਆਂ ਸੁਣਕੇ ਉਹਨਾਂ ਦਾ ਰੋਮ ਰੋਮ ਖੁਸ਼ ਹੋ ਗਿਆ । ਹਜ਼ਾਰਾ ਸਿੰਘ ਨੇ ਕਿਹਾ, 'ਇਸ ਕਾਕੇ ਦੀ ਉਮਰ ਕਾਫੀ ਲੰਮੀ ਹੋਵੇਗੀ । ਸੌ ਤੋਂ ਪੰਜ ਸੱਤ ਸਾਲ ਹੀ ਘੱਟ ਰਹੇਗੀ । ਇਹਦੇ ਹੱਥਾਂ ਦੀ ਰੇਖਾ ਦੱਸਦੀ ਏ ਕਿ ਇਹ ਰਾਜਾ ਬਣੇਗਾ ।'

'ਸਾਡੇ ਵਾਂਗ', ਜੈ ਰਾਮ ਨੇ ਪੁੱਛਿਆ ।

'ਨਹੀਂ, ਤੁਸੀਂ ਰਾਜੇ ਨਹੀਂ, ਨੌਕਰ ਹੋ । ਇਹ ਰਾਜ ਭਾਗ ਦਾ ਮਾਲਕ ਬਣੇਗਾ ।'

'ਕਿਵੇਂ, ਇਹ ਵੀ ਦੱਸੋ ?'

'ਸਾਧਨ ਕੁਦਰਤ ਪੈਦਾ ਕਰੇਗੀ, ਅਸੀਂ ਨਹੀਂ ਦੱਸ ਸਕਦੇ । ਸਾਨੂੰ ਸਿਰਫ ਉਹੀ ਕੁਝ ਪਤਾ ਲੱਗਦਾ ਹੈ ਜੋ ਹੋ ਜਾਣਾ ਹੈ, ਕਿਵੇਂ ਹੋਏਗਾ ? ਇਹ ਹਾਲਾਤ 'ਤੇ ਨਿਰਭਰ ਏ ।'

'ਚਲੋ ਜੀ ਜਿਵੇਂ ਵੀ ਹੋਵੇ, ਸਾਡੇ ਲਈ ਇਹ ਹੀ ਖੁਸ਼ੀ ਦੀ ਗੱਲ ਏ ਕਿ ਇਹ ਰਾਜਾ ਬਣੇਗਾ ।' ਸ਼ੋਭਾ ਰਾਣੀ ਨੇ ਗੱਲ ਵਿੱਚੋਂ ਟੋਕ ਕੇ ਕਿਹਾ ਤੇ ਫਿਰ ਆਪਣੀ ਧੀ ਨੂੰ ਆਵਾਜ਼ ਦੇ ਕੇ ਬੁਲਾਇਆ ਤੇ ਦੱਸਿਆ ਕਿ ਤੇਰਾ ਵੀਰਾ ਰਾਜਾ ਬਣੇਗਾ । ਭੈਣ

ਵੀ ਸੁਣ ਕੇ ਖੁਸ਼ ਹੋਈ । ਹਜ਼ਾਰਾ ਸਿੰਘ ਨੇ ਹੋਰ ਥੋੜ੍ਹੀਆਂ ਗੱਲਾਂ ਦੱਸੀਆਂ । ਫਿਰ ਘਰ ਦੇ ਬਾਕੀ ਸਾਰੇ ਜੀਆਂ ਨੇ ਵੀ ਹੱਥ ਦਿਖਾਏ ।

'ਨਵਾਬ ਇਥੇ ਏ ?'

'ਅੱਜ ਬਾਹਰ ਕਿਧਰੇ ਗਏ ਨੇ, ਕੱਲ ਆਉਣਗੇ', ਜੈ ਰਾਮ ਨੇ ਦੱਸਿਆ ।'

'ਉਹਨਾਂ ਦਾ ਹੱਥ ਵੀ ਦੇਖਣਾ ਚਾਹੁੰਦਾ ਹਾਂ', ਹਾਜ਼ਾਰ ਸਿੰਘ ਨੇ ਕਿਹਾ ।

'ਮੈਂ ਕੱਲ ਗੱਲ ਕਰਾਂਗਾ', ਦੀਵਾਨ ਜੈ ਰਾਮ ਨੇ ਕਿਹਾ । 'ਉਹ ਵੀ ਜੋਤਿਸ਼ 'ਚ ਬੜਾ ਵਿਸ਼ਵਾਸ ਰੱਖਦੇ ਨੇ ।'

'ਮੈਨੂੰ ਹੁਣ ਆਗਿਆ ਦਿਉ, ਮੈਂ ਚਲਦਾ ਹਾਂ', ਹਜ਼ਾਰਾ ਸਿੰਘ ਨੇ ਕਿਹਾ ।

'ਨਹੀਂ, ਕੱਲ ਨਵਾਬ ਨੂੰ ਮਿਲ ਕੇ ਜਾਣਾ, ਉਹ ਤੁਹਾਨੂੰ ਮਿਲ ਕੇ ਖੁਸ਼ ਹੋਣਗੇ ।' ਦੀਵਾਨ ਜੈ ਰਾਮ ਨੇ ਉਹਨਾਂ ਨੂੰ ਜ਼ਬਰਦਸਤੀ ਰੱਖ ਲਿਆ । ਇਕ ਦੋ ਵਾਰ ਨਾਂਹ ਨੁਕਰ ਕੀਤੀ ਪਰ ਫਿਰ ਹਜ਼ਾਰਾ ਸਿੰਘ ਰਹਿਣ ਲਈ ਰਾਜੀ ਹੋ ਗਿਆ ।

●●●

ਕਾਂਡ-5

ਹਜ਼ਾਰਾ ਸਿੰਘ ਨੇ ਜਿਤਨੀ ਵਾਰ ਵੀ ਦੀਵਾਨ ਜੈ ਰਾਮ ਨਾਲ ਗੱਲ ਬਾਤ ਕੀਤੀ, ਹਰ ਵਾਰ ਹੀ ਨਵਾਬ ਵਜ਼ੀਰ ਖਾਨ ਦੇ ਰਹਿਣ ਸਹਿਣ, ਨਿਤ ਦੇ ਕੰਮ ਕਾਜ, ਆਦਤਾਂ, ਆਉਣ ਜਾਣ ਦਾ ਸਮਾਂ ਆਦਿ ਬਾਰੇ ਜਿਤਨੀ ਵੀ ਜਾਣਕਾਰੀ ਪ੍ਰਾਪਤ ਕੀਤੀ ਜਾ ਸਕਦੀ ਸੀ, ਕਰ ਲਈ । ਇਸ ਗੱਲ ਦਾ ਪੂਰਾ ਪੂਰਾ ਖਿਆਲ ਰੱਖਿਆ ਕਿ ਦੀਵਾਨ ਜੈ ਰਾਮ ਸਿਰ ਨਾ ਆਵੇ, ਉਹਨੂੰ ਇਸ ਬਾਰੇ ਸ਼ੱਕ ਨਾ ਪਵੇ ਕਿ ਕਿਉਂ ਅਜਿਹਾ ਹੋ ਰਿਹਾ ਹੈ । ਜਿਵੇਂ ਇਕ ਸਾਧਾਰਨ ਆਦਮੀ ਰਾਜਿਆਂ ਮਹਾਰਾਜਿਆਂ ਦੇ ਜੀਵਨ ਦੀਆਂ ਗੱਲਾਂ ਸੁਣ ਕੇ ਸੁਆਦ ਲੈਂਦਾ ਹੈ, ਬਸ ਇਹੋ ਤਰੀਕਾ ਵਰਤਦਾ ਰਿਹਾ ।

ਸ਼ਾਮ ਨੂੰ ਫਿਰ ਹਜ਼ਾਰਾ ਸਿੰਘ ਬਾਹਰ ਚਲਾ ਗਿਆ, ਇਕ ਹੱਟੀ 'ਤੇ ਜਾ ਕੇ ਕੁਝ ਲੈਣ ਦੇ ਬਹਾਨੇ ਬੈਠ ਗਿਆ । ਇਥੇ ਕੁਝ ਬੰਦੇ ਬੈਠੇ ਗੱਲਾਂ ਕਰ ਰਹੇ ਸਨ । ਇਕ ਨੇ ਕਿਹਾ, 'ਬਈ ਸੱਚੀ ਗੱਲ ਤਾਂ ਇਹ ਹੈ ਕਿ ਮਲੇਰਕੋਟੀਏ ਨੇ ਠੀਕ ਆਖਿਆ ਸੀ ਕਿ ਇਹਨਾਂ ਬੱਚਿਆਂ ਨੂੰ ਮਾਰਨ ਦਾ ਕੋਈ ਫਾਇਦਾ ਨਹੀਂ ।'

'ਜਾਹ ਉਏ ਜਾਹ, ਕੀ ਠੀਕ ਆਖਿਆ ਸੂ, ਮੇਰੀ ਮੰਨਣ ਤੇ ਉਸ ਮਲੇਰਕੋਟੀਏ ਨੂੰ ਕਾਫਰ ਕਰਾਰ ਦੇ ਦੇਣ,' ਦੂਜੇ ਨੇ ਉਹਦੀ ਗੱਲ ਟੋਕ ਕੇ ਕਿਹਾ । ਗੱਲਾਂ ਕਰਨ ਵਾਲੇ ਸਾਰੇ ਹੀ ਮੁਸਲਮਾਨ ਸਨ ।

'ਕਿਉਂ, ਹੱਕ ਦੀ ਗੱਲ ਕਹਿਣ ਵਾਲਾ ਕਾਫਰ ਤੇ ਨਿਰਾ ਜ਼ੁਲਮ ਕਰਨ ਵਾਲਾ ਮੋਮਨ ? ਇਹ ਕਿਥੋਂ ਦਾ ਇਨਸਾਫ ਏ । ਉਹਨਾਂ ਬੱਚਿਆਂ ਨੇ ਕੀ ਵਿਗਾੜਿਆ ਸੀ । ਤੁਹਾਡੇ ਸਾਡੇ ਬੱਚਿਆਂ ਵਰਗੇ ਸਨ । ਇਹਨਾਂ ਨੂੰ ਜੇਕਰ ਸਾਡਾ ਕੋਈ ਮੁਖਾਲਫ ਮਾਰੇ ਤਾਂ ਕੀ ਚੰਗੀ ਗੱਲ ਆਖੋਗੇ ?' ਪਹਿਲਾ ਆਦਮੀ ਗੱਲ ਕਰਦਾ ਕਰਦਾ ਕਾਫੀ ਗੁੱਸੇ ਵਿਚ ਆ ਗਿਆ ।

'ਛੱਡੋ ਅਸੀਂ ਕੀ ਲੈਣਾ ਏ ਇਸ ਪੁਆੜੇ ਵਿੱਚੋਂ । ਜੋ ਹੋਣਾ ਸੀ ਹੋ ਗਿਆ, ਉਹ ਮਰ ਗਏ, ਗੱਲ ਮੁਕ ਗਈ । ਤੁਸੀਂ ਕਿਉਂ ਮੁਰਦੇ ਪੁੱਟ ਕੇ ਲੜਨ ਲੱਗੇ ਹੋ,' ਤੀਜਾ ਆਦਮੀ ਬੋਲ ਪਿਆ ।

'ਉਹ ਮਰ ਗਏ, ਗੱਲ ਮੁਕ ਨਹੀਂ ਗਈ', ਪਹਿਲਾ ਫਿਰ ਬੋਲਿਆ। 'ਉਹਨਾਂ ਦਾ ਡੁਲ੍ਹਿਆ ਲਹੂ ਕਦੇ ਨਾ ਕਦੇ ਨਤੀਜੇ ਕੱਢੇਗਾ। ਮੈਂ ਕਹਿੰਦਾ ਹਾਂ ਸਾਡੇ ਹਾਕਮ ਇਹ ਸਾਰਾ ਕੁਝ ਇਸਲਾਮ ਦੇ ਨਾਮ 'ਤੇ ਕਰ ਰਹੇ ਹਨ। ਉਹਨਾਂ ਦਾ ਇਕ ਪਾਸੇ ਇਸਲਾਮ ਦੇ ਮੋਹਰੀ ਬਣਨਾ ਤੇ ਦੂਜੇ ਪਾਸੇ ਮਾਸੂਮਾਂ ਉੱਪਰ ਜ਼ੁਲਮ ਕਰਨਾ ਇਸਲਾਮ ਨੂੰ ਬਦਨਾਮ ਕਰਦਾ ਏ। ਇਸਲਾਮ ਵਿਚ ਕਿਧਰੇ ਨਹੀਂ ਕਿਹਾ ਗਿਆ ਕਿ ਬੇਗੁਨਾਹ ਲੋਕਾਂ ਨੂੰ ਮੌਤ ਦੇ ਘਾਟ ਉਤਾਰ ਦਿਉ।'

'ਤੂੰ ਕਾਫਰਾਂ ਦਾ ਮੁਦੱਈ ਏਂ', ਦੂਜੇ ਆਦਮੀ ਨੇ ਧਮਕੀ ਭਰੇ ਢੰਗ ਨਾਲ ਪੁੱਛਿਆ।

'ਹਾਂ, ਮੈਂ ਉਹਨਾਂ ਦਾ ਮੁਦੱਈ ਹਾਂ, ਮਜ਼ਲੂਮ ਦਾ ਸਾਥੀ ਹਾਂ। ਮੇਰਾ ਇਸਲਾਮ ਮੈਨੂੰ ਇਹੋ ਸਿਖਾਂਦਾ ਏ।' ਪਹਿਲਾ ਆਦਮੀ ਨਿਧੜਕ ਹੋ ਕੇ ਬੋਲੀ ਗਿਆ।

'ਛੱਡੋ ਵੀ ਇਸ ਫਜ਼ੂਲ ਚਰਚਾ ਨੂੰ', ਤੀਜੇ ਨੇ ਖਿਝ ਕੇ ਕਿਹਾ। ਕਈ ਦਿਨ ਹੋ ਗਏ ਨੇ, ਜਿਥੇ ਦੇਖੋ ਇਹੀ ਚਰਚਾ, ਇਸ ਬਾਰੇ ਬਹਿਸ, ਜਿਵੇਂ ਦੁਨੀਆਂ ਨੂੰ ਹੋਰ ਕੋਈ ਕੰਮ ਹੀ ਨਹੀਂ। ਪਿੰਡਾਂ ਤੋਂ ਲੋਕੀ ਆਉਂਦੇ ਨੇ ਉਹ ਵੀ ਮੰਡੀ ਵਿਚ ਭਾਅ ਨਹੀਂ ਪੁੱਛਦੇ, ਚੀਜ਼ਾਂ ਨਵੀਆਂ ਨਹੀਂ ਦੇਖਦੇ, ਉਹਨਾਂ ਮੁੰਡਿਆਂ ਦੀ ਕਹਾਣੀ ਛੋਹ ਲੈਂਦੇ ਨੇ, ਕੀ ਹਨੇਰ ਹੋ ਗਿਆ ਜੇਕਰ ਦੋ ਮੁੰਡੇ ਮਾਰੇ ਗਏ, ਕਿਹੜੇ ਉਹ ਮੁਸਲਮਾਨਾਂ ਦੇ ਸਨ।

'ਜਿਹੜੇ ਮੁਸਲਮਾਨਾਂ ਦੇ ਮੁੰਡੇ ਨਹੀਂ, ਕੀ ਉਹ ਇਨਸਾਨ ਨਹੀਂ? ਕੀ ਉਹਨਾਂ ਨੂੰ ਜੀਊਣ ਦਾ ਹੱਕ ਨਹੀਂ? ਮਾਰ ਦਿਉ ਫਿਰ ਸਾਰੇ ਗੈਰ ਮੁਸਲਮਾਨ। ਮਾਰ ਦਿਉ ਫਿਰ ਸੁੱਚਾ ਨੰਦ ਦੀਵਾਨ ਤੇ ਦੀਵਾਨ ਜੈ ਰਾਮ ਨੂੰ ਵੀ। ਇਹ ਵੀ ਮੁਸਲਮਾਨ ਨਹੀਂ। ਜੇ ਇਹ ਜੀਊ ਸਕਦੇ ਹਨ ਤਾਂ ਦੂਜੇ ਕਿਉਂ ਨਹੀਂ?'

ਉਹ ਪਹਿਲਾ ਆਦਮੀ ਅਜੇ ਵੀ ਆਪਣੀ ਗੱਲ 'ਤੇ ਦ੍ਰਿੜ੍ਹ ਸੀ।

'ਤੁਸੀਂ ਲੜ ਕਿਧਰੇ ਹੋਰ ਲੈਣਾ, ਕੋਈ ਸੌਦਾ ਲੈਣਾ ਜੇ ਤਾਂ ਲਉ।' ਦੁਕਾਨਦਾਰ ਨੇ ਕਿਹਾ, 'ਹਾਂ, ਸਾਧੂ ਜੀ ਤੁਸਾਂ ਕੀ ਲੈਣਾ ਏ?'

'ਥੋੜ੍ਹਾ ਜਿਹਾ ਮਿੱਠਾ'

'ਗੁੜ'

'ਆਹੋ।'

'ਲਉ, ਕਿੰਨਾ ਦਿਆਂ?'

'ਇਤਨਾ ਕੁ' ਹੱਥ ਨਾਲ ਹੀ ਇਸ਼ਾਰਾ ਕਰਕੇ ਸਾਧੂ ਹਜ਼ਾਰਾ ਸਿੰਘ ਨੇ

ਸਮਝਾਇਆ । ਉਹਨੇ ਗੁੜ ਦੇ ਦਿੱਤਾ । ਜਦ ਹਜ਼ਾਰਾ ਸਿੰਘ ਪੈਸੇ ਦੇਣ ਲੱਗਾ ਤਾਂ ਦੁਕਾਨਦਾਰ ਨੇ ਨਾ ਲਏ । ਹੁਣ ਹਜ਼ਾਰਾ ਸਿੰਘ ਲਈ ਉਥੇ ਖੜੇ ਹੋਣ ਦਾ ਹੋਰ ਕੋਈ ਬਹਾਨਾ ਨਹੀਂ ਸੀ, ਇਸ ਲਈ ਤੁਰ ਪਿਆ । ਉਹ ਆਦਮੀ ਪਿੱਛੋਂ ਵੀ ਆਪਸ ਵਿਚ ਕੀ ਕੀ ਗੱਲਾਂ ਕਰਦੇ ਰਹੇ, ਇਸਦਾ ਉਸ ਨੂੰ ਕੁਝ ਪਤਾ ਨਹੀਂ ।

ਹਜ਼ਾਰਾ ਸਿੰਘ ਨੂੰ ਲੋਕਾਂ ਦੀਆਂ ਗੱਲਾਂ ਸੁਣ ਕੇ ਇਹ ਨਿਸ਼ਚਾ ਹੋ ਗਿਆ ਕਿ ਲੋਕੀ ਹਾਕਮਾਂ ਦੇ ਪ੍ਰਚਾਰ ਤੋਂ ਬਹੁਤੇ ਪ੍ਰਭਾਵਿਤ ਨਹੀਂ । ਮੁਸਲਮਾਨਾਂ ਵਿਚ ਵੀ ਅਜੇਹੇ ਅਨੇਕਾਂ ਲੋਕ ਹਨ ਜੋ ਸੱਚ ਨੂੰ ਸੱਚ ਤੇ ਕੂੜ ਨੂੰ ਕੂੜ ਕਹਿ ਸਕਦੇ ਹਨ, ਜੋ ਨਿਰਾ ਪੂਰਾ ਫਿਰਕੂ ਲੀਹਾਂ 'ਤੇ ਸੋਚਦੇ ਨਹੀਂ । ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਹਿੰਦੂਆਂ ਸਿੱਖਾਂ ਨੂੰ ਤਾਂ ਦੁੱਖ ਹੋਇਆ, ਬਹੁਤ ਸਾਰੇ ਮੁਸਲਮਾਨਾਂ ਨੂੰ ਵੀ ਦੁੱਖ ਪਹੁੰਚਿਆ ਹੈ । ਲੋਕਾਂ ਦੀਆਂ ਗੱਲਾਂ ਸੁਣ ਕੇ ਉਹਦੇ ਮਨ ਵਿਚ ਇਹ ਵੀ ਯਕੀਨ ਹੁੰਦਾ ਜਾ ਰਿਹਾ ਸੀ ਕਿ ਇਸ ਜ਼ੁਲਮੀ ਰਾਜ ਵਿਰੁੱਧ ਅੰਦੋਲਨ ਵਿਚ ਸਭ ਲੋਕਾਂ ਦਾ, ਭਾਵੇਂ ਉਹ ਕਿਸੇ ਵੀ ਧਰਮ ਦੇ ਮੰਨਣ ਵਾਲੇ ਹਨ, ਸਹਿਯੋਗ ਲਿਆ ਜਾ ਸਕਦਾ ਹੈ ।

ਫਿਰ ਉਹਦੀ ਸੋਚ ਲੜੀ ਇਧਰੋਂ ਟੁੱਟੀ ਤੇ ਕੱਲ ਨਵਾਬ ਨੂੰ ਮਿਲਣ ਵੱਲ ਜੁੜੀ । ਉਹ ਨੇ ਸੋਚਿਆ ਕਿ ਕੱਲ ਨਵਾਬ ਨੂੰ ਮਿਲ ਕੇ ਉਹਦੇ ਭਵਿਖ ਬਾਰੇ ਕੁਝ ਗੱਪਾਂ ਤਾਂ ਸੌਖੀਆਂ ਮਾਰੀਆਂ ਜਾ ਸਕਦੀਆਂ ਹਨ । ਦੀਵਾਨ ਜੈ ਰਾਮ ਦੀਆਂ ਗੱਲਾਂ ਦੇ ਆਧਾਰ 'ਤੇ ਕੁਝ ਬੀਤੇ ਬਾਰੇ ਵੀ ਦੱਸ ਸਕਦਾ ਹਾਂ, ਪਰ ਮੈਂ ਕੋਈ ਜੋਤਿਸ਼ ਲਈ ਤਾਂ ਨਹੀਂ ਆਇਆ । ਮਨ ਵਿਚ ਖਿਆਲ ਫੁਰਿਆ ਕਿ ਨਿੱਕੀ ਕਿਰਪਾਨ ਨਾਲ ਲੈ ਜਾਵਾਂ ਤੇ ਜਦ ਨਵਾਬ ਪੂਰੀ ਤਰ੍ਹਾਂ ਆਪਣਾ ਹੱਥ ਮੇਰੇ ਹੱਥ ਵਿਚ ਦੇ ਦੇਵੇ ਤਾਂ ਉਸ ਸਮੇਂ ਕਿਰਪਾਨ ਕੱਢ ਕੇ ਮਾਰ ਦਿਆਂ । ਇਉਂ ਨਵਾਬ ਨੂੰ ਮਾਰਨਾ ਬਹੁਤਾ ਸੌਖਾ ਹੋਵੇਗਾ । ਵੱਧ ਤੋਂ ਵੱਧ ਇਹੀ ਹੋ ਸਕਦਾ ਹੈ ਕਿ ਮੈਂ ਉਸ ਸਮੇਂ ਨਸ ਨਾ ਸਕਾਂ । ਮੈਨੂੰ ਮੌਕੇ 'ਤੇ ਹੀ ਫੜ ਲਿਆ ਜਾਏ ਤੇ ਮਾਰ ਦਿੱਤਾ ਜਾਏ । ਨਵਾਬ ਨੂੰ ਮਾਰ ਕੇ ਮਰ ਜਾਣਾ ਉਹਨੂੰ ਬਹੁਤਾ ਹੀ ਸਸਤਾ ਸੌਦਾ ਪ੍ਰਤੀਤ ਹੋਇਆ । ਇਸ ਖਿਆਲ ਨੇ ਉਹਦੇ ਮਨ ਨੂੰ ਬੜੀ ਖੁਸ਼ੀ ਤੇ ਸੰਤੁਸ਼ਟਤਾ ਦਿੱਤੀ । ਉਹਨੂੰ ਬਹੁਤਾ ਚਾਅ ਇਸ ਗੱਲ ਦਾ ਸੀ ਕਿ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਬਦਲਾ ਮੈਂ ਲੈ ਲਵਾਂਗਾ ।

ਝੱਟ ਪਿੱਛੋਂ ਉਹਦੀ ਸੋਚ ਉਡਾਰੀ ਹੋਰ ਅੱਗੇ ਵੱਧੀ ਤੇ ਉਹਨੇ ਇਸ ਮਸਲੇ ਦੇ ਦੂਜੇ ਪੱਖਾਂ 'ਤੇ ਸੋਚਣਾ ਸ਼ੁਰੂ ਕਰ ਦਿੱਤਾ । ਜਦੋਂ ਮੈਂ ਨਵਾਬ ਨੂੰ ਮਾਰ ਦਿੱਤਾ ਤਾਂ ਉਸ ਪਿੱਛੋਂ ਤੁਰੰਤ ਰੌਲਾ ਪੈ ਜਾਏਗਾ ਕਿ ਦੀਵਾਨ ਜੈ ਰਾਮ ਦੇ ਨਾਲ ਆਏ ਸਾਧੂ ਨੇ ਨਵਾਬ ਨੂੰ ਮਾਰ ਦਿੱਤਾ । ਮੈਂ ਮੁਲਜ਼ਮ ਤਾਂ ਹੋਇਆ ਪਰ ਮੇਰੇ ਨਾਲ ਦੀਵਾਨ ਜੈ ਰਾਮ ਵੀ ਦੋਸ਼ੀ ਬਣ ਜਾਏਗਾ । ਉਹੋਂ ਹਿੰਦੂ ਏ ਹਿੰਦੂਆਂ 'ਤੇ ਅੱਗੇ ਹੀ ਘੱਟ ਇਤਬਾਰ ਹੁੰਦਾ ਏ, ਹਰ ਕਿਸੇ ਨੇ ਕਹਿਣਾ ਏ ਕਿ ਨਵਾਬ ਨੂੰ ਮਾਰਨ ਦੀ ਸਾਜਿਸ਼ ਦੀਵਾਨ ਜੈ ਰਾਮ ਨੇ ਕੀਤੀ ਏ । ਉਸ ਵੇਲੇ ਦੀਵਾਨ ਜੈ ਰਾਮ ਵੀ ਫੜਿਆ ਜਾਏਗਾ । ਉਹ ਆਪ ਹੈਰਾਨ

ਪਰੇਸ਼ਾਨ ਹੋਵੇਗਾ ਕਿ ਉਹਨੇ ਤਾਂ ਸਾਧੂ ਨੂੰ ਨਾਲ ਲਿਆਂਦਾ ਸੀ। ਇਹ ਸਾਧੂ ਦੇ ਭੇਸ ਵਿਚ ਸਿੱਖ ਕਿਵੇਂ ਆ ਗਿਆ ? ਉਹ ਘਬਰਾ ਜਾਏਗਾ। ਜਦੋਂ ਉਹਦੇ ਉੱਪਰ ਸਖਤੀ ਹੋਵੇਗੀ ਤਾਂ ਉਹ ਇਹ ਵੀ ਦੱਸ ਦੇਵੇਗਾ ਕਿ ਮੈਂ ਉਸ ਸਾਧੂ ਦਾ ਚੇਲਾ ਹਾਂ, ਫਿਰ ਉਹ ਸਾਧੂ ਵੀ ਫੜਿਆ ਜਾਏਗਾ। ਉਹ ਵੀ ਦੋਸ਼ੀ ਬਣਾ ਕੇ ਬੰਦੀਖਾਨੇ ਸੁਟ ਦਿੱਤਾ ਜਾਏਗਾ। ਉਥੋਂ ਉਹ ਵਿਚਾਰਾ ਸੋਚੇਗਾ ਕਿ ਮੈਂ ਇਕ ਸਿੱਖ ਦੀ ਮਦਦ ਕਰਕੇ ਕੀ ਖਟਿਆ ? ਉਹਨੂੰ ਕੁਝ ਨਹੀਂ ਸੁਝਦਾ। ਫਿਰ ਹਜ਼ਾਰਾ ਸਿੰਘ ਨੇ ਸੋਚਿਆ ਕਿ ਸਾਧੂ ਨੂੰ ਮੇਰੀ ਦੀਵਾਨ ਨਾਲ ਜਾਣ ਪਛਾਣ ਕਰਾਂਦਿਆਂ ਆਪਣਾ ਸ਼ਿਸ਼ ਨਹੀਂ ਸੀ ਕਹਿਣਾ ਚਾਹੀਦਾ। ਹੁਣ ਤਾਂ ਸਿੱਧਾ ਉਹ ਫਸ ਜਾਏਗਾ। ਸਾਧੂ ਤੇ ਦੀਵਾਨ ਜੈ ਰਾਮ ਬੜੇ ਵੱਡੇ ਸਹਾਇਕ ਤੇ ਹਮਦਰਦ ਸਨ। ਇਹਨਾਂ ਨੂੰ ਮਿਲਵਰਤਣ ਦੀ ਸਜ਼ਾ ਮੁਸੀਬਤ ਦੇ ਰੂਪ ਵਿਚ ਨਹੀਂ ਦੇਣੀ ਚਾਹੀਦੀ। ਇਸ ਵਿਚਾਰ ਦੇ ਪਰਬਲ ਹੋ ਜਾਣ 'ਤੇ ਉਹਨੇ ਫੈਸਲਾ ਕੀਤਾ ਕਿ ਕੱਲ ਨਵਾਬ ਨੂੰ ਕੱਤਲ ਨਹੀਂ ਕਰਨਾ ਚਾਹੀਦਾ, ਜੇ ਕੀਤਾ ਤਾਂ ਉਹ ਦੋਵੇਂ ਹੀ ਫਸ ਜਾਣਗੇ, ਅੱਗੋਂ ਕੋਈ ਭਲਾਮਾਣਸ ਸਾਡੀ ਮਦਦ ਨਹੀਂ ਕਰੇਗਾ।

ਇਕ ਵਾਰ ਉਹਦੇ ਮਨ ਵਿਚ ਇਹ ਫੁਰਨਾ ਵੀ ਫੁਰਿਆ ਕਿ ਜਿਹੜਾ ਦੀਵਾਨ ਜੈ ਰਾਮ ਮੇਰੀ ਮਦਦ ਸੁਚੇਤ ਰੂਪ ਵਿਚ ਕਰ ਰਿਹਾ ਹੈ। ਉਹਨੂੰ ਤਾਂ ਇਹ ਪਤਾ ਹੀ ਨਹੀਂ ਕਿ ਮੈਂ ਸਿੰਘ ਹਾਂ। ਪਤਾ ਹੋਵੇ ਤਾਂ ਉਹ ਇਕ ਪਲ ਵੀ ਮੈਨੂੰ ਘਰ ਨਾ ਠਹਿਰਨ ਦੇਵੇ। ਇਸ ਲਈ ਉਹਦਾ ਕਾਹਦਾ ਅਹਿਸਾਨ ਹੈ। ਆਪ ਹੀ ਉਹਨੇ ਇਸ ਖਿਆਲ ਨੂੰ ਢਾਹ ਦਿੱਤਾ ਤੇ ਸੋਚਿਆ ਕਿ ਭਾਵੇਂ ਉਹਨੂੰ ਨਹੀਂ ਪਤਾ ਪਰ ਇਸ ਘਟਨਾ ਪਿੱਛੋਂ ਉਹ ਸਿੱਖਾਂ ਨੂੰ ਬੜੇ ਧੋਖੇਬਾਜ਼ ਤੇ ਸਾਜਸ਼ੀ ਸਮਝਣ ਲੱਗ ਪਵੇਗਾ। ਸਿੱਖੀ ਬਾਰੇ ਕਿਸੇ ਨੂੰ ਗਲਤ ਫਹਿਮੀ ਨਹੀਂ ਪੈਣ ਦੇਣੀ ਚਾਹੀਦੀ।

ਕਾਫੀ ਵਿਚਾਰਾਂ ਦੀ ਢਾਹ ਉਸਾਰ ਭੰਨ ਤੋੜ ਕੇ ਵਿਉਂਤਾਂ ਦੇ ਫੁਰਨਿਆਂ ਪਿੱਛੋਂ ਉਹ ਇਸ ਸਿਟੇ 'ਤੇ ਪੁੱਜਿਆ ਕਿ ਕੱਲ ਨਵਾਬ ਨੂੰ ਕੱਤਲ ਨਹੀਂ ਕਰਨਾ ਚਾਹੀਦਾ। ਉਹਨੂੰ ਵੇਖ ਕੇ ਨਿਸ਼ਾਨੀਆਂ ਰੱਖ ਲੈਣੀਆਂ ਚਾਹੀਦੀਆਂ ਹਨ। ਨਾਲੇ ਉਸ ਦੇ ਮੱਹਲ ਦੀ ਅੰਦਰਲੀ ਤਸਵੀਰ ਦੇਖ ਆਉਣੀ ਚਾਹੀਦੀ ਹੈ। ਫਿਰ ਕਿਸੇ ਹੋਰ ਰੂਪ ਵਿਚ ਤੇ ਕਿਸੇ ਹੋਰ ਤਰੀਕੇ ਨਾਲ ਉਸ ਨੂੰ ਮਾਰਨਾ ਚਾਹੀਦਾ ਹੈ। ਇਹ ਫੈਸਲਾ ਤਾਂ ਕਰ ਲਿਆ ਪਰ ਇਸ ਨੂੰ ਉਹ ਆਪਣਾ ਅੰਤਿਮ ਫੈਸਲਾ ਨਹੀਂ ਸੀ ਸਮਝਦਾ।

ਉਹ ਜਾਣਦਾ ਸੀ ਕਿ ਨਵਾਬ ਦੀ ਸ਼ਕਲ ਦੇਖ ਕੇ ਤੇ ਛੋਟੇ ਸਾਹਿਬਜ਼ਾਦਿਆਂ ਦੀ ਯਾਦ ਆ ਜਾਣ 'ਤੇ ਸ਼ਾਇਦ ਉਸ ਸਮੇਂ ਆਪਣੇ ਆਪ 'ਤੇ ਵੀ ਕਾਬੂ ਨਾ ਪਾ ਸਕਾਂ ਤੇ ਕੀ ਕੁਝ ਕਰ ਦਿਆਂ।

ਹਜ਼ਾਰਾ ਸਿੰਘ ਉਹ ਕੰਧ ਦੇਖਣ ਲਈ ਗਿਆ ਜਿਸ ਵਿਚ ਛੋਟੇ ਸਾਹਿਬਜ਼ਾਦੇ

ਚਿਣੇ ਗਏ ਸਨ। ਕੰਧ ਦਾ ਕੁਝ ਹਿੱਸਾ ਢੱਠਾ ਪਿਆ ਸੀ ਤੇ ਦੁਆਲੇ ਫੌਜਾਂ ਦਾ ਪਹਿਰਾ ਸੀ। ਇਸ ਲਈ ਦੂਰ ਖੜੇ ਹੋ ਕੇ ਸ਼ਹੀਦਾਂ ਨੂੰ ਪ੍ਰਣਾਮ ਕੀਤਾ ਤੇ ਅੱਖਾਂ ਵਿਚ ਅਥਰੂ ਭਰ ਆਏ। ਉਸ ਬੁਰਜ ਵੱਲ ਵੀ ਗਿਆ ਜਿਥੇ ਛੋਟੇ ਸਾਹਿਬਜ਼ਾਦੇ ਤੇ ਉਹਨਾਂ ਦੀ ਦਾਦੀ ਕੈਦ ਰਹੇ ਹਨ। ਫਿਰ ਉਹ ਉਸ ਥਾਂ 'ਤੇ ਗਿਆ ਜਿਥੇ ਸ਼ਹੀਦਾਂ ਦਾ ਸਸਕਾਰ ਕੀਤਾ ਗਿਆ ਸੀ। ਸਭ ਥਾਂ ਫੌਜ ਦਾ ਪਹਿਰਾ ਸੀ। ਇਸ ਲਈ ਦੂਰੋਂ ਦਰਸ਼ਨ ਕੀਤੇ ਤੇ ਕਿਹਾ, ਸ਼ਹੀਦੋ ! ਤੁਸੀਂ ਇਤਿਹਾਸ ਵਿਚ ਉਹ ਪੂਰਨੇ ਪਾ ਚਲੇ ਹੋ ਜਿਹੜੇ ਸਿੱਖੀ ਦੇ ਮਹੱਲ ਦੀ ਉਸਾਰੀ ਲਈ ਨੀਹਾਂ ਦਾ ਕੰਮ ਦੇਣਗੇ। ਤੁਹਾਡੇ ਦਾਦੇ ਨੇ ਉਹ ਮਹਾ ਕਾਰਨਾਮਾ ਕੀਤਾ ਜਿਸ ਦੀ ਮਿਸਾਲ ਦੁਨੀਆਂ ਵਿਚ ਹੋਰ ਕਿਧਰੇ ਨਹੀਂ। ਤੁਸੀਂ ਉਹ ਕੁਝ ਕਰ ਦਿਖਾਇਆ ਜੋ ਦੁਨੀਆਂ ਨਾ ਕਰ ਸਕੀ ਤੇ ਨਾ ਹੀ ਅੱਗੋਂ ਸ਼ਾਇਦ ਕਰ ਸਕੇ। ਤੁਸੀਂ ਮਰੇ ਨਹੀਂ, ਅਮਰ ਹੋ ਗਏ ਜੇ। ਕੌਮ ਇਥੇ ਆਇਆ ਕਰੇਗੀ। ਤੁਹਾਨੂੰ ਸ਼ਰਧਾਂਜਲੀਆਂ ਅਰਪਨ ਕਰਨ, ਤੁਹਾਡੇ ਤੋਂ ਸਬਕ ਸਿੱਖਣ ਤੇ ਕੁਰਬਾਨੀ ਲਈ ਉਤਸ਼ਾਹ ਲੈਣ। ਤੁਹਾਨੂੰ ਮਾਰਨ ਵਾਲੇ ਦਾ ਨਾਂ ਨਿਸ਼ਾਨ ਨਹੀਂ ਰਹੇਗਾ। ਅਸੀਂ ਜਦ ਤਕ ਜ਼ਿੰਦਾ ਹਾਂ, ਉਹਨੂੰ ਵੀ ਸੁਖ ਨਾਲ ਨਹੀਂ ਰਹਿਣ ਦਿਆਂਗੇ।'

ਆਪਣੇ ਦਿਲ ਵਿਚ ਹੀ ਗੱਲਾਂ ਕਰਕੇ ਉਹ ਦੀਵਾਨ ਜੈ ਰਾਮ ਦੇ ਘਰ ਪਰਤ ਆਇਆ। ਰਾਤ ਸੁੱਤਾ ਤੇ ਸੁਪਨੇ ਵਿਚ ਉਸ ਛੋਟੇ ਸਾਹਿਬਜਾਦਿਆਂ ਦੇ ਦਰਸ਼ਨ ਕੀਤੇ। ਹਸੂੰ ਹਸੂੰ ਕਰਦੇ ਚਿਹਰੇ ਉਸ ਅੱਗੋਂ ਲੰਘੇ। ਉਹ ਚਰਣ ਫੜਨ ਲਈ ਦੌੜਿਆ ਉਹ ਅਲੋਪ ਹੋ ਗਏ। ਰਾਤ ਕਈ ਵਾਰ ਜਾਗ ਖੁਲ੍ਹੀ ਤੇ ਸਤਿਨਾਮ ਸ੍ਰੀ ਵਾਹਿਗੁਰੂ ਦਾ ਜਾਪ ਕਰਦਾ ਰਿਹਾ ਸੀ।

●●●

ਕਾਂਡ-6

'ਮੈਂ ਚੱਲ ਕੇ ਨਵਾਬ ਨਾਲ ਗੱਲ ਬਾਤ ਕਰਕੇ ਤੁਹਾਨੂੰ ਸੁਨੇਹਾ ਭੇਜਾਂਗਾ, ਤੁਸੀਂ ਫਿਰ ਆ ਜਾਣਾ।' ਦੀਵਾਨ ਜੈ ਰਾਮ ਨੇ ਕਿਹਾ, 'ਪਤਾ ਨਹੀਂ ਉਹ ਕਿਹੜੇ ਵੇਲੇ ਵਿਹਲੇ ਹੋਣ ਤੇ ਉਸ ਵੇਲੇ ਤਕ ਤੁਸੀਂ ਕਿਉਂ ਉਡੀਕਦੇ ਰਹੋ।'

'ਠੀਕ ਏ', ਸਾਧੂ ਹਜ਼ਾਰਾ ਸਿੰਘ ਨੇ ਕਿਹਾ, 'ਮੈਂ ਘਰ ਹੀ ਰਹਾਂਗਾ। ਤੁਸੀਂ ਬੇਸ਼ੱਕ ਜਾ ਸਕਦੇ ਹੋ।'

ਦੀਵਾਨ ਜੈ ਰਾਮ ਚਲਾ ਗਿਆ। ਉਹਦੀ ਪਤਨੀ ਸ਼ੋਭਾ ਰਾਣੀ ਵੀ ਆਪਣੇ ਕੰਮ ਕਾਜ ਵਿਚ ਰੁਝ ਗਈ। ਹਜ਼ਾਰਾ ਸਿੰਘ ਕਮਰੇ ਵਿਚ ਬਿਲਕੁਲ ਇਕੱਲਾ ਸੀ ਜਦੋਂ ਕਿ ਦੀਵਾਨ ਜੈ ਰਾਮ ਦੀ ਨੌਜਵਾਨ ਧੀ ਅੰਦਰ ਆਈ ਤੇ ਮੁਸਕਰਾ ਕੇ ਹਜ਼ਾਰਾ ਸਿੰਘ ਵੱਲ ਵੇਖਿਆ। ਹਜ਼ਾਰਾ ਸਿੰਘ ਨੇ ਕਿਹਾ, 'ਆਉ, ਤੁਸੀਂ ਤਾਂ ਦੂਰ ਦੂਰ ਹੀ ਰਹਿੰਦੇ ਹੋ।' ਜਵਾਨ ਕੁੜੀ ਦੀਆਂ ਅੱਖਾਂ ਕੁਝ ਝੁਕ ਗਈਆਂ ਤੇ ਸ਼ਰਮ ਨਾਲ ਉਹਦੇ ਚਿਹਰੇ ਦਾ ਰੰਗ ਇਕ ਦਮ ਹੀ ਬਦਲ ਗਿਆ। ਉਹਨੇ ਆਪਣੀ ਉਂਗਲ ਹੋਠਾਂ 'ਤੇ ਰੱਖ ਕੇ ਨਹੁੰਆਂ ਨਾਲ ਦੰਦ ਖੁਰਚਣੇ ਸ਼ੁਰੂ ਕਰ ਦਿੱਤੇ। ਇਕ ਮਿੰਟ ਦੀ ਚੁੱਪ ਪਿੱਛੋਂ ਬੋਲੀ, 'ਐਵੇਂ ਤੁਹਾਨੂੰ ਮਹਿਸੂਸ ਹੋਇਆ ਏ, ਮੈਂ ਤਾਂ ਸਵੇਰੇ ਸ਼ਾਮ ਤੁਹਾਨੂੰ ਮਿਲਦੀ ਰਹੀ ਹਾਂ। ਹੁਣ ਮੈਂ ਹੱਥ ਦਿਖਾਣ ਆਈ ਹਾਂ।'

'ਮੈਂ ਤਾਂ ਕੱਲ ਵੀ ਕਿਹਾ ਸੀ ਕਿ ਹੱਥ ਦਿਖਾ ਲਉ ਪਰ ਤੁਸੀਂ ਆਪ ਹੀ ਨੇੜੇ ਨਹੀਂ ਸੀ ਲੱਗੇ', ਹਜ਼ਾਰਾ ਸਿੰਘ ਨੇ ਆਖਿਆ।

'ਮੈਨੂੰ ਕਿਸੇ ਦੇ ਸਾਹਮਣੇ ਹੱਥ ਦਿਖਾਣ ਤੋਂ ਸ਼ਰਮ ਆਉਂਦੀ ਹੈ', ਕੁੜੀ ਨੇ ਦੱਸਿਆ।

'ਹੁਣ ਦਿਖਾ ਲਉ।'

'ਇਸੇ ਲਈ ਤਾਂ ਆਈ ਹਾਂ।'

'ਲਿਆਉ ਦਿਖਾਉ ਹੱਥ।'

ਕੁੜੀ ਨੇ ਆਪਣਾ ਕੋਮਲ ਹੱਥ ਅੱਗੇ ਕੀਤਾ ਤੇ ਝਕਦਿਆਂ ਝਕਦਿਆਂ ਹੱਥ

ਹਜ਼ਾਰਾ ਸਿੰਘ ਦੇ ਹੱਥ ਵਿਚ ਦੇ ਦਿੱਤਾ। ਬਾਹਰ ਵਿਹੜੇ ਵੱਲ ਝਾਤੀ ਮਾਰੀ, ਕੋਈ ਵੀ ਨਹੀਂ ਸੀ ਦੇਖ ਰਿਹਾ। ਹਜ਼ਾਰਾ ਸਿੰਘ ਨੇ ਹੱਥ 'ਤੇ ਨਜ਼ਰ ਮਾਰ ਕੇ ਹੱਥ ਛੱਡ ਦਿੱਤਾ। ਕੁੜੀ ਨੂੰ ਇਉਂ ਲੱਗਾ ਜਿਵੇਂ ਹਜ਼ਾਰਾ ਸਿੰਘ ਡਰ ਗਿਆ ਏ। ਹਜ਼ਾਰਾ ਸਿੰਘ ਨੇ ਕਿਹਾ, 'ਪੁੱਛੋ ਤੁਸੀਂ ਕੀ ਪੁੱਛਣਾ ਚਾਹੁੰਦੇ ਹੋ ?'

'ਤੁਸੀਂ ਦੱਸੋ ਕੀ ਦੇਖਿਆ ਏ ਮੇਰੇ ਹੱਥ 'ਚ,' ਕੁੜੀ ਨੇ ਕਿਹਾ, 'ਝੱਟ ਪਟ ਛੱਡ ਦਿੱਤਾ ਜੇ, ਕਿਉਂ ਕੋਈ ਬਦਕਿਸਮਤੀ ਦੀ ਰੇਖ ਦੇਖ ਲਈ ਜੇ।'

'ਨਹੀਂ, ਜਵਾਨ ਕੁੜੀ ਦਾ ਹੱਥ ਫੜੀ ਰੱਖਣਾ ਸਾਡੇ ਵਰਗੇ ਸਾਧੂਆਂ ਲਈ ਖਤਰਨਾਕ ਹੋ ਸਕਦਾ ਏ,' ਹਜ਼ਾਰਾ ਸਿੰਘ ਨੇ ਕਿਹਾ।

'ਅੱਛਾ ਦੱਸੋ, ਕੀ ਦੇਖਿਆ ਜੇ ?'

'ਬਹੁਤ ਕੁਝ'

'ਫਿਰ ਵੀ'

'ਤੁਸੀਂ ਕਿਸੇ ਰਾਜੇ ਦੇ ਘਰ ਜਾਉਗੇ ਜਾਂ ਫਕੀਰ ਦੇ। ਤੁਹਾਡੀ ਰੇਖਾ ਦੱਸਦੀ ਏ ਕਿ ਅਸਾਧਾਰਨ ਜੀਵਨ ਜੀਉਣ ਦਾ ਸਮਾਂ ਆਏਗਾ। ਇਹ ਅਸਾਧਾਰਨ ਜੀਵਨ ਜਾਂ ਰਾਜਿਆਂ ਦੇ ਮਹਿਲਾਂ ਵਿਚ ਹੁੰਦਾ ਹੈ ਜਾਂ ਫਕੀਰਾਂ ਦੇ ਡੇਰਿਆਂ 'ਤੇ। ਹਜ਼ਾਰਾ ਸਿੰਘ ਨੇ ਦੱਸਿਆ। ਇਹ ਸੁਣਕੇ ਕੁੜੀ ਇਕ ਵਾਰ ਤਾਂ ਸਿਰ ਤੋਂ ਪੈਰਾਂ ਤਕ ਕੰਬ ਗਈ। ਰਾਜੇ ਦੇ ਘਰ ਜਾਣ ਵਾਲੀ ਗੱਲ ਤਾਂ ਉਹਦੇ ਲਈ ਕੋਈ ਕੰਬਣੀ ਛੇੜਣ ਵਾਲੀ ਨਹੀਂ ਸੀ ਪਰ ਫਕੀਰ ਦੇ ਡੇਰੇ 'ਤੇ ਰਹਿਣ ਵਾਲੀ ਗੱਲ ਉਹਦੇ ਲਈ ਕਾਫੀ ਚਿੰਤਾਜਨਕ ਸੀ।

'ਤੁਸੀਂ ਜੀਵਨ ਵਿਚ ਖੁਸ਼ ਰਹੋਗੇ,' ਹਜ਼ਾਰਾ ਸਿੰਘ ਨੇ ਅਗਲੀ ਗੱਲ ਦੱਸੀ।

'ਉਹ ਕਿਵੇਂ ?' ਕੁੜੀ ਨੇ ਕਿਹਾ, 'ਫਕੀਰਾਂ ਦੇ ਡੇਰੇ ਮੈਂ ਕਿਵੇਂ ਖੁਸ਼ ਰਹਿ ਸਕਦੀ ਹਾਂ।'

'ਤੁਹਾਨੂੰ ਭੁਲੇਖਾ ਏ, ਫਕੀਰਾਂ ਦੇ ਡੇਰੇ ਰਾਜਿਆਂ ਦੇ ਮਹੱਲਾਂ ਨਾਲੋਂ ਵਧੇਰੇ ਖੁਸ਼ੀ ਤੇ ਸੰਤੁਸ਼ਟਤਾ ਹੋ ਸਕਦੀ ਹੈ,' ਹਜ਼ਾਰਾ ਸਿੰਘ ਨੇ ਕਿਹਾ।

'ਹੋਰ ਕੁਝ ਦੱਸੋ ?'

'ਉਮਰ ਬਹੁਤੀ ਨਹੀਂ, 70 ਸਾਲ ਦੇ ਨੇੜੇ ਤੇੜੇ ਹੈ,' ਹਜ਼ਾਰਾ ਸਿੰਘ ਬੋਲਿਆ।

'ਬੜੀ ਏ,' ਕੁੜੀ ਬੋਲੀ। ਹਜ਼ਾਰਾ ਸਿੰਘ ਨੇ ਕੁਝ ਹੋਰ ਗੱਲਾਂ ਦੱਸੀਆਂ। ਝੱਟ

ਪਟ ਪਿੱਛੋਂ ਕੁੜੀ ਨੇ ਕਿਹਾ, 'ਮੈਂ ਵੀ ਜੋਤਿਸ਼ ਲਾਵਾਂ ਇਕ।'

'ਹਾਂ ਲਾਉ।'

'ਤੁਸੀਂ ਸਾਧੂ ਨਵੇਂ ਬਣੇ ਹੋ ?'

'ਉਹ ਕਿਵੇਂ ?' ਹਜ਼ਾਰਾ ਸਿੰਘ ਦਾ ਉਹਦੇ ਜੋਤਿਸ਼ ਦੇ ਇਕੋ ਵਾਕ ਨਾਲ ਰੰਗ ਉੱਡ ਗਿਆ ਤੇ ਉਹਨੇ ਮੁਸ਼ਕਿਲ ਨਾਲ ਆਪਣੇ ਆਪ 'ਤੇ ਕਾਬੂ ਪਾ ਕੇ ਉਕਤ ਦੋ ਸ਼ਬਦ ਆਖੇ।

'ਪਹਿਲਾਂ ਦੱਸੋ ਇਹ ਠੀਕ ਏ ਕਿ ਨਹੀਂ', ਕੁੜੀ ਨੇ ਪੁੱਛਿਆ।

'ਤੁਸੀਂ ਕਿਵੇਂ ਅਨੁਮਾਨ ਲਾਇਆ ?'

'ਅਨੁਮਾਨ ਨਹੀਂ ਜੋਤਿਸ਼।'

'ਚਲੋ ਜੋਤਿਸ਼ ਹੀ ਸਹੀ।'

'ਤੁਸੀਂ ਪਹਿਲਾਂ ਦੱਸੋ ਕਿ ਮੇਰਾ ਜੋਤਿਸ਼ ਠੀਕ ਏ ਕਿ ਨਹੀਂ ?' ਕੁੜੀ ਨੇ ਦ੍ਰਿੜ੍ਹਤਾ ਨਾਲ ਆਪਣੀ ਗੱਲ ਪੁੱਛੀ।

'ਸ਼ਾਇਦ ਠੀਕ ਹੋਵੇ, ਇਹ ਵੀ ਹੋ ਸਕਦਾ ਹੈ ਕਿ ਗਲਤ ਹੋਵੇ', ਹਜ਼ਾਰਾ ਸਿੰਘ ਨੇ ਗੱਲ ਗੋਲ ਮੋਲ ਕਰਨ ਦਾ ਯਤਨ ਕਰਦਿਆਂ ਉੱਤਰ ਦਿੱਤਾ।

'ਗਲਤ ਨਹੀਂ ਹੋ ਸਕਦਾ।'

'ਦੱਸੋ ਵੀ ਕਿਵੇਂ ?'

'ਤੁਸੀਂ ਸਾਧ ਬੋਲੀ ਨਹੀਂ ਬੋਲਦੇ, ਤੁਹਾਡੀ ਬੋਲੀ ਸਾਡੇ ਵਰਗੀ ਏ', ਕੁੜੀ ਨੇ ਕਿਹਾ। 'ਇਥੋਂ ਮੈਨੂੰ ਸ਼ੱਕ ਪਿਆ ਸੀ।'

'ਇਸੇ ਦੇਸ ਦੇ ਰਹਿਣ ਵਾਲੇ ਜੁ ਹੋਏ, ਅਸੀਂ ਕੋਈ ਪੂਰਬੀਏ ਥੋੜ੍ਹੇ ਹਾਂ ਕਿ ਸਾਡੀ ਬੋਲੀ ਹੋਰ ਹੁੰਦੀ', ਹਜ਼ਾਰਾ ਸਿੰਘ ਨੇ ਕਿਹਾ।

'ਤੁਹਾਡੇ ਹੱਥ ਵਿਚ ਕੜਾ ਏ।'

'ਫਿਰ ਕੀ ਹੋਇਆ ?'

'ਇਹ ਤਾਂ ਸਿੱਖ ਪਾਂਦੇ ਨੇ।'

ਹੁਣ ਹਜ਼ਾਰਾ ਸਿੰਘ ਨੂੰ ਯਕੀਨ ਹੋ ਗਿਆ ਕਿ ਇਸ ਕੁੜੀ ਨੂੰ ਭੁਲੇਖੇ ਵਿਚ

ਨਹੀਂ ਰੱਖਿਆ ਜਾ ਸਕਦਾ। ਇਹ ਬਹੁਤ ਚੇਤੰਨ ਤੇ ਸਮਝਦਾਰ ਏ। ਇਹਨੂੰ ਪਹਿਲਾਂ ਬੋਲੀ ਤੋਂ ਸ਼ੱਕ ਪਿਆ ਤੇ ਫਿਰ ਇਸ ਸ਼ੱਕ ਦੀ ਪੜਤਾਲ ਕਰਦੀ ਉਹਦੀ ਨਜ਼ਰ ਮੇਰੇ ਕੜੇ 'ਤੇ ਜਾ ਪਈ ਏ। ਇਹਨੂੰ ਇਹ ਵੀ ਪਤਾ ਏ ਕਿ ਹਰ ਸਿੰਘ ਕੜਾ ਪਾਂਦਾ ਏ। ਹਜ਼ਾਰਾ ਸਿੰਘ ਨੇ ਕਿਹਾ, 'ਜ਼ਰੂਰੀ ਨਹੀਂ ਕਿ-ਸਿੱਖ ਹੀ ਕੜੇ ਪਾਣ, ਅਸੀਂ ਸਾਧ ਸੰਤ ਵੀ ਪਾ ਲੈਂਦੇ ਹਾਂ। ਉਹਨਾਂ ਨੂੰ ਕੜਾ ਅੱਜ ਮਿਲਿਆ ਏ, ਅਸੀਂ ਤਾਂ ਸਦੀਆਂ ਤੋਂ ਪਾਂਦੇ ਆ ਰਹੇ ਹਾਂ।'

'ਤੁਹਾਡੇ ਗੁਰੂ ਨੇ ਨਹੀਂ ਪਾਇਆ, ਕੁੜੀ ਬੋਲੀ, 'ਉਹ ਮਹਾਤਮਾਂ ਸਾਡੇ ਘਰ ਕਈ ਸਾਲਾਂ ਤੋਂ ਆਉਂਦੇ ਹਨ, ਉਹਨਾਂ ਦੇ ਮੈਂ ਕਦੀ ਨਹੀਂ ਦੇਖਿਆ।'

ਹਜ਼ਾਰਾ ਸਿੰਘ ਪੂਰੀ ਤਰ੍ਹਾਂ ਲਾਜਵਾਬ ਹੋ ਗਿਆ ਤੇ ਉਸ ਨੇ ਕਿਹਾ, 'ਮੇਰੇ ਬਾਰੇ ਤੁਸੀਂ ਜੋ ਕੁਝ ਦੱਸਿਆ ਏ ਉਹ ਠੀਕ ਏ।' ਹਜ਼ਾਰਾ ਸਿੰਘ ਨੇ ਹੱਥ ਜੋੜ ਲਏ ਤੇ ਬੜੀ ਨਿਮਰਤਾ ਨਾਲ ਕਿਹਾ, 'ਹੁਣ ਤੁਸੀਂ ਮੇਰਾ ਭੇਦ ਕਿਸੇ ਨੂੰ ਨਹੀਂ ਦੱਸਣਾ, ਜੇ ਦੱਸਿਆ ਤਾਂ ਮੇਰੀ ਜ਼ਿੰਦਗੀ ਖਤਰੇ ਵਿਚ ਪੈ ਜਾਏਗੀ। ਮੈਂ ਤੁਹਾਡੇ ਮਾਤਾ ਪਿਤਾ ਦੀਆਂ ਨਜ਼ਰਾਂ ਵਿਚ ਡਿੱਗ ਜਾਵਾਂਗਾ ਤੇ ਜੇਕਰ ਨਵਾਬ ਤਕ ਗੱਲ ਪੁੱਜ ਗਈ ਤਾਂ ਉਹ ਕਤਲ ਕਰਵਾ ਦੇਵੇਗਾ।'

'ਤੁਸੀਂ ਇਹ ਭੇਸ ਕਿਉਂ ਧਾਰਿਆ ਹੈ ?' ਕੁੜੀ ਨੇ ਪੁੱਛਿਆ, 'ਮੈਨੂੰ ਇਹ ਦੱਸ ਦਿਉ ਫਿਰ ਮੈਂ ਕਿਸੇ ਕੋਲ ਗੱਲ ਨਹੀਂ ਕਰਾਂਗੀ।'

'ਸਾਡੇ ਗੁਰਦੇਵ ਗੁਰੂ ਗੋਬਿੰਦ ਸਿੰਘ ਜੀ ਹਨ, ਉਹਨਾਂ ਦੇ ਦੋ ਛੋਟੇ ਸਾਹਿਬਜ਼ਾਦਿਆਂ ਨੂੰ ਨਵਾਬ ਵਜ਼ੀਰ ਖਾਨ ਨੇ ਕੰਧਾਂ ਵਿਚ ਚਿਣ ਕੇ ਸ਼ਹੀਦ ਕਰ ਦਿੱਤਾ ਹੈ। ਮੈਂ ਉਸ ਤੋਂ ਬਦਲਾ ਲੈਣਾ ਏਂ, ਉਸ ਦੀ ਸ਼ਕਲ ਦੇਖ ਕੇ ਤੁਰ ਜਾਵਾਂਗਾ ਤੇ ਫਿਰ ਕਿਸੇ ਵੇਲੇ ਆ ਕੇ ਮਾਰਨ ਦਾ ਯਤਨ ਕਰਾਂਗਾ। ਉਹਨੂੰ ਦੇਖਣ ਦਾ ਹੋਰ ਕੋਈ ਰਾਹ ਨਹੀਂ ਸੀ ਸਿਵਾਏ ਇਸ ਦੇ ਕਿ ਤੁਹਾਡੇ ਪਿਤਾ ਜੀ ਰਾਹੀਂ ਉਹਦੇ ਮਹੱਲਾਂ ਤਕ ਪਹੁੰਚਾਂ। ਹਜ਼ਾਰਾ ਸਿੰਘ ਨੇ ਹੁਣ ਕੁੜੀ ਤੋਂ ਕਿਸੇ ਪ੍ਰਕਾਰ ਦੀ ਗੱਲ ਛੁਪਾਣਾ ਠੀਕ ਨਾ ਸਮਝਿਆ ਤੇ ਸਭ ਕੁਝ ਠੀਕ ਠੀਕ ਦੱਸ ਦਿੱਤਾ।

ਹਜ਼ਾਰਾ ਸਿੰਘ ਸਮਝਦਾ ਸੀ ਕਿ ਕੁੜੀ ਇਹ ਸਾਜਿਸ਼ ਸੁਣ ਕੇ ਔਖੀ ਹੋ ਜਾਏਗੀ ਤੇ ਹੋ ਸਕਦਾ ਹੈ ਕਿ ਉਹ ਤੁਰੰਤ ਮਾਂ ਨੂੰ ਦੱਸ ਦੇਵੇ ਤੇ ਮਾਂ ਅੱਗੋਂ ਦੀਵਾਨ ਨਾਲ ਗੱਲ ਕਰੇ। ਉਹਨੇ ਝੱਟ ਪਟ ਸੋਚ ਲਿਆ ਕਿ ਜੇਕਰ ਅਜੇਹੀ ਗੱਲ ਹੋਈ ਤਾਂ ਉਹ ਦੀਵਾਨ ਦੇ ਘਰ ਮੁੜਨ ਤੋਂ ਪਹਿਲਾਂ ਨਸ ਜਾਏਗਾ ਪਰ ਇਸ ਦੀ ਆਸ ਦੇ ਉਲਟ ਕੁੜੀ ਇਹ ਗੱਲ ਸੁਣ ਕੇ ਖੁਸ਼ ਹੋਈ ਤੇ ਉਹਨੇ ਕਿਹਾ, 'ਇਹਦਾ ਮਤਲਬ ਏ ਕਿ ਸਿੱਖ ਨਵਾਬ ਤੋਂ ਬਦਲਾ ਲੈਣਗੇ।'

'ਜ਼ਰੂਰ ਲੈਣਗੇ,' ਹਜ਼ਾਰਾ ਸਿੰਘ ਨੇ ਕਿਹਾ।

'ਅਸੀਂ ਤੇ ਸਮਝਦੇ ਸਾਂ ਕਿ ਸਿੱਖਾਂ ਵਿਚ ਇਤਨੀ ਜਾਨ ਨਹੀਂ ਰਹੀ ਹੋਣੀ। ਤੁਹਾਡਾ ਗੁਰੂ ਵੀ ਕਿਧਰੇ ਤੁਰ ਗਿਆ ਏ !' ਕੁੜੀ ਨੇ ਕਿਹਾ।

ਸਾਡੇ ਗੁਰਦੇਵ ਕਿਧਰੇ ਨਹੀਂ ਗਏ, ਉਹ ਸ਼ਾਹੀ ਫੌਜ ਨਾਲ ਟੱਕਰ ਲੈਣਗੇ ਤੇ ਜ਼ਰੂਰ ਲੈਣਗੇ। ਇਹ ਤਾਂ ਮੈਂ ਹੀ ਸਾਂ ਜਿਹੜਾ ਗੁਰਦੇਵ ਦੇ ਨਾਲ ਨਹੀਂ ਗਿਆ। ਮੈਂ ਨਵਾਬ ਦੇ ਲਹੂ ਦਾ ਪਿਆਸਾ ਹਾਂ। ਪਤਾ ਨਹੀਂ, ਹੋਰ ਵੀ ਕਈ ਮੇਰੇ ਵਰਗੇ ਆਪਣੀ ਆਪਣੀ ਥਾਂ ਯਤਨ ਕਰ ਰਹੇ ਹੋਣ', ਹਜ਼ਾਰਾ ਸਿੰਘ ਨੇ ਦੱਸਿਆ।

'ਜ਼ਰੂਰ ਮਾਰੋ, ਇਸ ਤਰ੍ਹਾਂ ਦੇ ਜਾਲਮਾਂ ਨੂੰ ਸਜ਼ਾ ਮਿਲਣੀ ਚਾਹੀਦੀ ਹੈ। ਕਿਤਨਾ ਹਨੇਰ ਹੈ ਕਿ ਦੋ ਬੱਚਿਆਂ ਨੂੰ ਕੰਧਾਂ ਵਿੱਚ ਖੜੇ ਕਰਕੇ ਮਾਰ ਦਿੱਤਾ ਗਿਆ। ਪੁੱਤਰ ਨਾ ਲੱਖੀਂ ਨਾ ਹਜ਼ਾਰੀਂ ਐਵੇਂ ਉਹਨਾਂ ਨੂੰ ਮਾਰ ਦਿੱਤਾ ਨੇ । ਮੈਨੂੰ ਦੱਸੋ, ਮੈਂ ਤੁਹਾਡੀ ਇਸ ਮਾਮਲੇ ਵਿਚ ਕੀ ਮਦਦ ਕਰ ਸਕਦੀ ਹਾਂ। ਮੈਨੂੰ ਬਹੁਤ ਖੁਸ਼ੀ ਹੋਈ ਹੈ ਕਿ ਤੁਸੀਂ ਇਕ ਚੰਗੇ ਕੰਮ ਲਈ ਆਏ ਹੋ। ਪਹਿਲਾਂ ਮੈਨੂੰ ਤੁਹਾਡੇ ਵਿਰੁੱਧ ਗੁੱਸਾ ਸੀ ਕਿ ਤੁਸੀਂ ਸਾਨੂੰ ਧੋਖਾ ਦੇਣ ਆਏ ਹੋ ਪਰ ਹੁਣ ਮੈਂ ਸਮਝਦੀ ਹਾਂ ਕਿ ਮੇਰਾ ਗੁੱਸਾ ਠੀਕ ਨਹੀਂ ਸੀ।

'ਤੁਹਾਡੀ ਇਤਨੀ ਮਦਦ ਹੀ ਕਾਫੀ ਹੈ ਕਿ ਤੁਸੀਂ ਮੇਰਾ ਸਿੱਖ ਹੋਣਾ ਕਿਸੇ ਨੂੰ ਨਾ ਦੱਸੋ', ਹਜ਼ਾਰਾ ਸਿੰਘ ਨੇ ਕਿਹਾ।

'ਲੋਕਾਂ ਵਿਚ ਬੜਾ ਗੁੱਸਾ ਏ ਨਵਾਬ ਦੀ ਉਸ ਹਰਕਤ ਵਿਰੁੱਧ। ਜਿਸ ਮੌਲਵੀ ਨੇ ਫਤਵਾ ਦਿੱਤਾ ਸੀ ਉਹਨੂੰ ਵੀ ਮਾਰੋ । ਭਾਵੇਂ ਸਾਡਾ ਰਿਸ਼ਤੇਦਾਰ ਏ ਸੁੱਚਾ ਨੰਦ ਦੀਵਾਨ ਪਰ ਤੁਸੀਂ ਉਹਨੂੰ ਵੀ ਆਪਣਾ ਨਿਸ਼ਾਨਾ ਬਣਾਉ। ਪਿਤਾ ਜੀ ਨਾਲ ਗੱਲ ਨਾ ਕਰਨਾ। ਉਹਨਾਂ ਅੰਦਰ ਨੌਕਰੀ ਕਰਕੇ ਕਮਜ਼ੋਰੀ ਚੋਖੀ ਆ ਗਈ ਏ', ਕੁੜੀ ਨੇ ਕਿਹਾ।

'ਉਹਨਾਂ ਨਾਲ ਗੱਲਬਾਤ ਕਰਨ ਦਾ ਸੁਆਲ ਹੀ ਨਹੀਂ ਉਠਦਾ।' ਹਜ਼ਾਰਾ ਸਿੰਘ ਨੇ ਕਿਹਾ, 'ਮੈਨੂੰ ਖੁਸ਼ੀ ਏ ਕਿ ਕਮਜ਼ੋਰ ਪਿਉ ਦੇ ਘਰ ਇਕ ਬਹਾਦਰ ਕੁੜੀ ਜੰਮੀ ਏ।'

'ਤੁਸੀਂ ਮੇਰੇ ਤੋਂ ਪੁੱਛ ਲੈਣਾ, ਜੋ ਕੁਝ ਨਵਾਬ ਬਾਰੇ ਪੁੱਛਣਾ ਚਾਹੋਗੇ। ਮੈਂ ਵੀ ਤੁਹਾਨੂੰ ਵਾਕਿਫੀਅਤ ਦੇ ਸਕਾਂਗੀ', ਕੁੜੀ ਨੇ ਕਿਹਾ।

●●●

ਕਾਂਡ-7

ਹਜ਼ਾਰਾ ਸਿੰਘ ਦੇ ਮਨ ਉਤੋਂ ਕਾਫੀ ਭਾਰ ਹੌਲਾ ਹੋ ਗਿਆ। ਝੱਟ ਪਹਿਲਾਂ ਦੀਵਾਨ ਜੈ ਰਾਮ ਦੀ ਲੜਕੀ ਨੇ ਉਸ ਨੂੰ ਜਦ ਪਛਾਣ ਲਿਆ ਸੀ ਤਾਂ ਹਜ਼ਾਰਾ ਸਿੰਘ ਦੀ ਖਾਨਿਉਂ ਗਈ ਸੀ ਤੇ ਉਹਨੂੰ ਇਹ ਪਰਤੀਤ ਹੋਣ ਲੱਗ ਪਿਆ ਸੀ ਕਿ ਉਹ ਫਸ ਜਾਏਗਾ ਪਰ ਕੁੜੀ ਦੀ ਹਮਦਰਦੀ ਤੇ ਸਨੇਹ ਨੇ ਛੇਤੀ ਉਹਦੇ ਵਿਚਾਰਾਂ ਨੂੰ ਬਦਲ ਦਿੱਤਾ। ਹੁਣ ਉਹਨੇ ਕੜਾ ਜਰਾ ਉਤੇ ਕਰ ਲਿਆ ਤੇ ਕੁੜਤੇ ਦੀ ਬਾਂਹ ਅੱਗੇ ਕਰ ਲਈ। ਉਹਨੇ ਸੋਚਿਆ ਕਿ ਜਿਵੇਂ ਕੜੇ ਤੋਂ ਇਕ ਕੁੜੀ ਪਛਾਣ ਗਈ ਏ, ਹੋ ਸਕਦਾ ਏ ਕਿ ਨਵਾਬ ਜਾਂ ਉਹਦਾ ਕੋਈ ਹੋਰ ਬੰਦਾ ਵੀ ਪਛਾਣ ਜਾਏ ਆਖਰ ਨਵਾਬ ਤਾਂ ਉਹਦੇ ਨਾਲੋਂ ਵੱਧ ਹੁਸ਼ਿਆਰ ਤੇ ਚਾਲਾਕ ਏ।

ਹਜ਼ਾਰਾ ਸਿੰਘ ਪਹੁੰਚ ਗਿਆ। ਹਰ ਨੌਕਰ, ਹਰ ਅਮੀਰ ਤੇ ਹਰ ਦਰਬਾਰੀ ਜਿਹੜਾ ਵੀ ਰਾਹ ਵਿਚ ਮਿਲਦਾ, ਉਹ ਬੜੀ ਨੀਝ ਲਾ ਕੇ ਹਜ਼ਾਰਾ ਸਿੰਘ ਵੱਲ ਦੇਖਦਾ। ਹਜ਼ਾਰਾ ਸਿੰਘ ਉਹਨਾਂ ਵੱਲ ਇਕ ਝਾਤੀ ਮਾਰਦਾ ਤੇ ਫਿਰ ਆਪਣਾ ਧਿਆਨ ਅੱਗੇ ਕਰ ਲੈਂਦਾ ਪਰ ਹਰ ਇਕ ਨੂੰ ਚੋਰ ਨਜ਼ਰ ਨਾਲ ਜ਼ਰੂਰ ਦੇਖ ਲੈਂਦਾ। ਨੌਕਰ ਅੱਗੇ ਅੱਗੇ ਤੇ ਸਾਧੂ ਹਜ਼ਾਰਾ ਸਿੰਘ ਪਿੱਛੇ ਪਿੱਛੇ ਤੁਰਿਆ ਗਿਆ। ਨਵਾਬ ਦੇ ਮਹੱਲ ਵਿਚ ਪਹੁੰਚ ਕੇ ਹਜ਼ਾਰਾ ਸਿੰਘ ਹੋਰ ਸੁਚੇਤ ਹੋ ਗਿਆ। ਉਸ ਨੇ ਚੰਗੀ ਤਰ੍ਹਾਂ ਨਾਲ ਦੇਖਿਆ ਕਿ ਜੇਕਰ ਉਹ ਇਕੱਲਾ ਆਉਣਾ ਚਾਹੇ ਤਾਂ ਆ ਸਕੇਗਾ ਕਿ ਨਹੀਂ। ਹਜ਼ਾਰਾ ਸਿੰਘ ਨੇ ਨੌਕਰ ਨੂੰ ਪੁੱਛਿਆ, ਕਿਉਂ ਬਈ ਅੰਦਰ ਜਾਣ ਲਈ ਇਹ ਇਕੋ ਰਾਹ ਏ ਜਾਂ ਹੋਰ ਵੀ ਏ ?'

'ਆਮ ਆਉਣ ਜਾਣ ਲਈ ਇਕੋ ਰਾਹ ਏ,' ਨੌਕਰ ਨੇ ਦੱਸਿਆ। 'ਉਂਝ ਪਿਛਲੇ ਪਾਸੇ ਵੀ ਇਕ ਰਾਹ ਏ ਤੇ ਇਕ ਰਾਹ ਸੁਰੰਗ ਵਿੱਚੋਂ ਏ।'

'ਸੁਰੰਗ ਕਿੱਥੇ ਜਾਂਦੀ ਏ ?' ਹਜ਼ਾਰਾ ਸਿੰਘ ਨੇ ਨੌਕਰ ਨੂੰ ਸਵਾਲ ਕੀਤਾ।

'ਉਸ ਬਾਗ ਵਿਚ ਜਿਹੜਾ ਮਹੱਲ ਤੋਂ ਅੱਧ ਮੀਲ ਦੂਰ ਏ,' ਨੌਕਰ ਨੇ ਦੱਸਿਆ। 'ਮਹਾਰਾਜ, ਜਦ ਖਤਰਾ ਵੱਧ ਜਾਏ ਤਾਂ ਉਸ ਸੁਰੰਗ ਰਾਹੀਂ ਨਵਾਬ ਸਾਹਿਬ ਤੇ ਉਹਨਾਂ ਦਾ ਪਰਿਵਾਰ ਬਾਗ ਵਿਚ ਚਲਾ ਜਾਂਦਾ ਏ ਤੇ ਬਾਗ ਵਿੱਚੋਂ ਅੱਗੋਂ

ਉਹਲੇ ਉਹਲੇ ਜਿਥੇ ਚਾਹੁੰਣ ਜਾ ਸਕਦੇ ਹਨ। ਮਹਾਰਾਜ ਜਿਥੇ ਹਕੂਮਤਾਂ ਦਾ ਮਜ਼ਾ ਏ ਉਥੇ ਖਤਰਾ ਵੀ ਤਾਂ ਹਰ ਵੇਲੇ ਰਹਿੰਦਾ ਏ।'

'ਠੀਕ ਏ', ਹਜ਼ਾਰਾ ਸਿੰਘ ਨੇ ਕਿਹਾ ਤੇ ਆਸ ਪਾਸ ਚੰਗੀ ਤਰ੍ਹਾਂ ਦੇਖਦਾ ਗਿਆ।

'ਚੋਰ ਚਕਾਰ ਤਾਂ ਇਥੇ ਆ ਹੀ ਨਹੀਂ ਸਕਦਾ ਹੋਣਾ। ਇਹਨਾਂ ਉੱਚੀਆਂ ਕੰਧਾਂ ਦੇ ਚਾਰ ਚੁਫੇਰੇ।' ਹਜ਼ਾਰਾ ਸਿੰਘ ਨੇ ਦੋ ਕੁ ਮਿੰਟ ਦੀ ਚੁਪ ਪਿੱਛੋਂ ਪੁੱਛਿਆ।

'ਨਹੀਂ ਜੀ, ਚੋਰ ਨੇ ਮਰਨਾ ਏ ਇਧਰ ਆ ਕੇ, ਉਂਝ ਇਹ ਕੰਧਾਂ ਟੱਪਣੀਆਂ ਕੋਈ ਔਖੀਆਂ ਤਾਂ ਨਹੀਂ। ਪਾਉੜੀ ਰੱਖ ਕੇ ਝੱਟ ਟੱਪੀਆਂ ਜਾ ਸਕਦੀਆਂ ਹਨ ਪਰ ਹਰ ਵੇਲੇ ਪਹਿਰਾ ਰਹਿੰਦਾ ਏ, ਕੌਣ ਇਧਰ ਚੋਰੀ ਕਰਨ ਆਏਗਾ।'

ਨਵਾਬ ਦੇ ਜਾਤੀ ਕਮਰਿਆਂ ਨੇੜੇ ਪਹੁੰਚ ਗਏ। ਨੌਕਰ ਨੇ ਇਸ਼ਾਰਾ ਕਰਕੇ ਕਿਹਾ, 'ਮਹਾਰਾਜ ਇਧਰ ਲੰਘ ਜਾਉ। ਅਜੇ ਇਹ ਵਾਕ ਉਹਦੇ ਮੂੰਹ ਵਿਚ ਹੀ ਸੀ ਕਿ ਦੀਵਾਨ ਜੈ ਰਾਮ ਜੀ ਪਹੁੰਚ ਗਏ। ਉਹ ਪਹਿਲਾਂ ਹੀ ਉਹਨਾਂ ਦੀ ਉਡੀਕ ਵਿਚ ਦੋ ਵਾਰ ਬਾਹਰ ਆ ਕੇ ਝਾਕ ਚੁਕੇ ਸਨ। ਉਹਨਾਂ ਨੇ ਹੱਥ ਜੋੜ ਕੇ ਮੁਸਕ੍ਰਾਂਦਿਆਂ ਕਿਹਾ, 'ਆ ਗਏ ਮਹਾਰਾਜ, ਨਵਾਬ ਸਾਹਿਬ ਦੋ ਵਾਰ ਯਾਦ ਕਰ ਚੁਕੇ ਹਨ।'

'ਮੈਨੂੰ ਤਾਂ ਜਦੋਂ ਸੁਨੇਹਾ ਗਿਆ, ਉਸੇ ਵੇਲੇ ਤੁਰ ਪਿਆ। ਇਕ ਮਿੰਟ ਵੀ ਨਹੀਂ ਅਟਕਿਆ, ਹਜ਼ਾਰਾ ਸਿੰਘ ਸਾਧੂ ਨੇ ਕਿਹਾ।

ਤਾਂ ਫਿਰ ਇਹ ਨੌਕਰ ਰਾਹ ਵਿਚ ਕਿਧਰੇ ਠਹਿਰ ਗਿਆ ਹੋਵੇਗਾ। ਇਹ ਬੜੇ ਭੈੜੇ ਬੰਦੇ ਨੇ, ਜਿਧਰ ਭੇਜੀਏ, ਦੇਰ ਕਰ ਦਿੰਦੇ ਨੇ', ਦੀਵਾਨ ਨੇ ਕਿਹਾ।

ਦੀਵਾਨ ਸਾਧੂ ਨੂੰ ਨਾਲ ਲੈ ਕੇ ਅੰਦਰ ਗਿਆ। ਅੱਗੇ ਨਵਾਬ ਸਾਹਿਬ ਇਕ ਗੱਦੇਦਾਰ ਤਖ਼ਤ ਵਾਂਗ ਬਣੇ ਤਖਤਪੋਸ਼ 'ਤੇ ਬੈਠੇ ਸਨ। ਉਹਨਾਂ ਨੇ ਉਠ ਕੇ ਸਾਧੂ ਨੂੰ ਆਪਣੇ ਕੋਲ ਬਿਠਾ ਲਿਆ ਤੇ ਪੁੱਛਿਆ, 'ਸੁਣਾਉ ਕੀ ਹਾਲ ਏ ?' ਨਵਾਬ ਨੇ ਇਸ ਤਰ੍ਹਾਂ ਪੁੱਛਿਆ ਜਿਵੇਂ ਕੋਈ ਵਾਕਿਫਕਾਰ ਇਕ ਦੂਜੇ ਨੂੰ ਪੁੱਛਦੇ ਨੇ।

'ਠੀਕ ਏ', ਸਾਧੂ ਨੇ ਬਸ ਇਤਨਾ ਹੀ ਕਿਹਾ। ਨਵਾਬ ਸਮਝ ਗਿਆ ਕਿ ਇਹ ਸਾਧੂ ਸਚਮੁੱਚ ਸਾਧੂ ਏ, ਜੇਕਰ ਨਕਲੀ ਸਾਧੂ ਹੁੰਦਾ ਤਾਂ ਉਹਨੇ ਬੜੇ ਅਦਬ ਤੇ ਸਤਿਕਾਰ ਭਰੇ ਸ਼ਬਦ ਵਰਤਣੇ ਸਨ। ਜਨਾਬ ਤੇ ਹਜ਼ੂਰ ਨਾਲ ਗੱਲ ਕਰਨੀ ਸੀ। ਇਹ ਵੀ ਨਵਾਬ ਨੇ ਅਨੁਮਾਨ ਲਾ ਲਿਆ ਕਿ ਇਹ ਕੋਈ ਚਾਲਾਕ ਆਦਮੀ ਨਹੀਂ। ਉਹ ਜਾਣਦਾ ਸੀ ਕਿ ਕਈ ਚਾਲਾਕ ਆਦਮੀ ਪਾਖੰਡ ਕਰਕੇ ਅਮੀਰਾਂ ਤੇ ਨਵਾਬਾਂ ਨੂੰ ਲੁਟਦੇ ਫਿਰਦੇ ਹਨ। ਕਦੇ ਇਕ ਪਾਸ ਜਾਂਦੇ ਹਨ ਤੇ ਕਦੇ ਦੂਜੇ ਪਾਸ। ਇਹ ਸਾਧੂ

ਅੱਗੇ ਆਏ ਸਭ ਸਾਧੂਆਂ ਫਕੀਰਾਂ ਨਾਲੋਂ ਨਿਰਾਲਾ ਸੀ। ਨਾ ਇਸ ਅੰਦਰ ਵੜਦਿਆਂ ਝੁਕ ਕੇ ਸਲਾਮ ਕੀਤਾ ਤੇ ਨਾ ਇਸ ਨੇ ਉਸ ਤਰ੍ਹਾਂ ਗੱਲ ਕੀਤੀ।

'ਤੁਸੀਂ ਕਿੱਥੇ ਵਿਦਿਆ ਸਿਖਦੇ ਰਹੇ ਹੋ ਜੋਤਿਸ਼ ਦੀ', ਨਵਾਬ ਨੇ ਦੂਜਾ ਸਵਾਲ ਕੀਤਾ।

'ਕਈ ਥਾਂ, ਖਾਸ ਕਰਕੇ ਬਨਾਰਸ ਜਾ ਕੇ', ਸਾਧੂ ਨੇ ਕਿਹਾ।

'ਬਨਾਰਸ ਦੇ ਤਾਂ ਠਗ ਮਸ਼ਹੂਰ ਹਨ', ਨਵਾਬ ਨੇ ਕਿਹਾ।

'ਬਨਰਾਸ ਦੇ ਪੰਡਿਤ ਤੇ ਵਿਦਵਾਨ ਵੀ ਮਸ਼ਹੂਰ ਹਨ, ਨਿਰੇ ਠੱਗ ਨਹੀਂ।' ਸਾਧੂ ਨੇ ਪਰਤਵੀਂ ਗੱਲ ਕੀਤੀ।

'ਲਉ ਦੇਖੋ ਮੇਰਾ ਹੱਥ ਨਵਾਬ ਨੇ ਇਹ ਕਹਿ ਕੇ ਆਪਣਾ ਹੱਥ ਉਹਦੇ ਅੱਗੇ ਕਰ ਦਿੱਤਾ। ਹਜ਼ਾਰਾ ਸਿੰਘ ਉਹਦਾ ਹੱਥ ਫੜਨ ਲੱਗਾ ਪਰ ਫਿਰ ਮਨ ਵਿਚ ਨਵਾਬ ਲਈ ਪੈਦਾ ਹੋਈ ਨਫ਼ਰਤ ਜਾਗ ਪਈ ਤੇ ਅੰਦਰੋਂ ਮਨ ਨੇ ਕਿਹਾ ਕਿ ਇਸ ਦੁਸ਼ਟ ਦੇ ਹੱਥ ਨੂੰ ਆਪਣੇ ਹੱਥ ਵਿਚ ਨਹੀਂ ਲੈਣਾ ਚਾਹੀਦਾ। ਦੁਸ਼ਟਾਂ ਨਾਲ ਛੂਹਣਾਂ ਵੀ ਪਾਪ ਏ। ਇਕ ਸਕਿੰਟ ਲਈ ਉਹਦੇ ਮਨ ਵਿਚ ਫਿਰ ਇਹ ਗੱਲ ਆਈ ਕਿ ਮੈਂ ਕੁੜਤੇ ਥੱਲੇ ਪਾਈ ਆਪਣੀ ਕਿਰਪਾਨ ਕੱਢ ਕੇ ਇਹਨੂੰ ਹੁਣੇ ਖਤਮ ਕਰ ਦਿਆਂ ਪਰ ਨਾਲ ਹੀ ਬੇਕਸੂਰ ਦੀਵਾਨ ਜੈ ਰਾਮ ਤੇ ਸਾਧੂ ਦੇ ਮਾਰੇ ਜਾਣ ਦਾ ਖਿਆਲ ਆ ਗਿਆ। ਅਖੀਰ ਇਹਨੇ ਕਿਹਾ, 'ਹੱਥ ਮੈਂ ਦੇਖ ਲਿਆ ਏ, ਜ਼ਰਾ ਉਲਟਾ ਕਰੋ ਹੱਥ।'

ਨਵਾਬ ਨੇ ਹੱਥ ਉਲਟੇ ਕੀਤੇ। 'ਮੱਥੇ ਤੋਂ ਕੁਲੇ ਵਾਲੀ ਪਗੜੀ ਉਤਾਰੋ', ਸਾਧੂ ਨੇ ਕਿਹਾ। ਫਿਰ ਮੱਥਾ ਦੇਖਿਆ। ਪੰਜ ਮਿੰਟ ਪੂਰੇ ਉਹ ਗਹੁ ਨਾਲ ਦੇਖਦਾ ਰਿਹਾ ਤਾਂ ਕਿ ਨਵਾਬ ਨੂੰ ਯਕੀਨ ਹੋ ਜਾਏ ਕਿ ਉਹ ਬੜੀ ਮਿਹਨਤ ਨਾਲ ਜਾਣਨ ਦਾ ਯਤਨ ਕਰ ਰਿਹਾ ਹੈ। ਫਿਰ ਉਹਨੇ ਆਪਣੀਆਂ ਉਂਗਲਾਂ 'ਤੇ ਗਿਣਤੀ ਕੀਤੀ, ਪੋਟੇ ਗਿਣੇ ਤੇ ਉਹਨਾਂ ਨਾਲ ਹਿਸਾਬ ਲਾਇਆ। ਫਿਰ ਉਹਨੇ ਦੱਸਣਾ ਸ਼ੁਰੂ ਕੀਤਾ, 'ਕਿਉਂ ਜੀ ਤੁਹਾਨੂੰ ਇਕ ਵਾਰ ਜੀਵਨ ਵਿਚ ਬੀਮਾਰੀ ਦਾ ਬੜਾ ਖਤਰਨਾਕ ਹਮਲਾ ਹੋ ਚੁੱਕਿਆ ਹੈ?'

'ਮੈਨੂੰ ਤਾਂ ਯਾਦ ਨਹੀ।'

'ਬਚਪਨ ਵਿਚ ਹੋਵੇਗਾ।'

'ਹੋ ਸਕਦਾ ਏ।'

ਹਜ਼ਾਰਾ ਸਿੰਘ ਦਾ ਪਹਿਲਾ ਤੀਰ ਹੀ ਖਾਲੀ ਗਿਆ। ਜੇ ਇਹ ਸਵਾਲ ਠੀਕ ਹੋ ਜਾਂਦਾ ਤਾਂ ਵਧੇਰੇ ਚੜ੍ਹ ਮਰ ਜਾਣੀ ਸੀ।

'ਤੁਸੀਂ ਘੋੜੇ ਤੋਂ ਡਿੱਗੇ ਹੋ ?' ਇਹ ਦੂਜਾ ਸਵਾਲ ਸੀ ।

'ਕਈ ਵਾਰੀ ।'

'ਕਦੀ ਧੌਣ 'ਤੇ ਸੱਟ ਵਜੀ ?'

'ਹਾਂ ਇਕ ਵਾਰ ਵਜੀ ਸੀ, ਨਵਾਬ ਨੇ ਕਿਹਾ ।

'ਤੁਸੀਂ ਕਈ ਵਾਰ ਜੀਵਨ ਤੋਂ ਅਤਿ ਨਿਰਾਸ਼ ਹੋਏ ਹੋ ?'

'ਹੋ ਸਕਦਾ ਹੈ', ਨਵਾਬ ਨੇ ਕਿਹਾ। ਛੱਡੋ ਇਹਨਾਂ ਪਿੱਛਲੀਆਂ ਗੱਲਾਂ ਨੂੰ ਉਹ ਤੇ ਜੋ ਹੋਣਾ ਸੀ ਹੋ ਗਿਆ, ਤੁਸੀਂ ਅੱਗੋਂ ਲਈ ਕੁਝ ਦੱਸੋ ।

'ਅੱਗੇ ਲਈ ਵੀ ਦੱਸਦੇ ਹਾਂ', ਸਾਧੂ ਨੇ ਕਿਹਾ, 'ਪਹਿਲਾਂ ਅਸੀਂ ਇਹ ਤਸੱਲੀ ਕਰਨੀ ਏਂ ਕਿ ਅਸੀਂ ਜੋ ਕੁਝ ਸਮਝ ਲਿਆ ਏ ਉਹ ਠੀਕ ਏ ਕਿ ਨਹੀਂ। ਇਹ ਕੁੰਡਲੀ ਤੇ ਰੇਖਾ ਦਾ ਜੋੜ ਹੁੰਦਾ ਏ, ਠੀਕ ਜੁੜ ਜਾਏ ਤਾਂ ਸਭ ਠੀਕ ਪਤਾ ਲੱਗ ਸਕਦਾ ਏ, ਨਹੀਂ ਤੇ ਸਭ ਕੁਝ ਗਲਤ ਹੋ ਸਕਦਾ ਹੈ । ਇਹ ਹਿਸਾਬ ਏ ਇਕ ਤਰ੍ਹਾਂ ਦਾ, ਇਕ ਗਲਤੀ ਵੀ ਸਾਰਾ ਕੁਝ ਬਦਲ ਕੇ ਰੱਖ ਸਕਦੀ ਏ ।'

'ਚਲੋ ਦੱਸੋ ਫਿਰ', ਨਵਾਬ ਨੇ ਆਖਿਆ ।

'ਤੁਹਾਡੀ ਇਕ ਵਾਰ ਦਿੱਲੀ ਸਰਕਾਰ ਨਾਲ ਟੱਕਰ ਹੋਵੇਗੀ ।' ਸਾਧੂ ਨੇ ਭਵਿੱਖ ਬਾਣੀ ਸ਼ੁਰੂ ਕਰ ਦਿੱਤੀ, 'ਉਸ ਵਿਚ ਤੁਹਾਨੂੰ ਸਫਲਤਾ ਪ੍ਰਾਪਤ ਹੋਵੇਗੀ ਤੇ ਦਿੱਲੀ ਵਾਲੇ ਤੁਹਾਡੀਆਂ ਸ਼ਰਤਾਂ ਮੰਨ ਕੇ ਸਮਝੌਤੇ ਕਰਕੇ ਪਰਤਣਗੇ ।'

'ਹੋਰ ਕੁਝ'

'ਪਰ ਤੁਹਾਡੀ ਉਮਰ ਬਹੁਤੀ ਨਹੀਂ', ਸਾਧੂ ਨੇ ਕਿਹਾ ।

'ਕਿੰਨਾ ਕੁ ਚਿਰ ?'

'ਕਹਿ ਨਹੀ ਸਕਦਾ ਪਰ ਦਸ ਸਾਲ ਦੇ ਅੰਦਰ ਜੀਵਨ ਖਤਮ ਹੋ ਜਾਵੇਗਾ।'

'ਮੌਤ ਕਿਵੇਂ ਹੋਵੇਗੀ ?'

'ਕੀ ਮਤਲਬ ?'

'ਬੀਮਾਰ ਹੋ ਕੇ ਮਰਾਂਗਾ ਜਾਂ ਹੋਰ ਕਿਸੇ ਤਰ੍ਹਾਂ ।'

'ਜ਼ਰਾ ਹੱਥ ਫਿਰ ਦਿਖਾਉ', ਹਜ਼ਾਰਾ ਸਿੰਘ ਨੇ ਕਿਹਾ । ਦੂਰੋਂ ਹੀ ਹੱਥ ਵੱਲ ਦੇਖ ਕੇ ਉਹਨੇ ਦੱਸਿਆ, ਤੁਸੀਂ ਕੁਦਰਤੀ ਮੌਤੇ ਨਹੀਂ ਮਰਨਾ । ਇਹ ਮੌਤ ਅਚਾਨਕ

ਕਿਸੇ ਹੋਰ ਕਾਰਨ ਹੋਵੇਗੀ ।'

'ਬੀਮਾਰੀ ਨਾਲ ਵੀ ਤਾਂ ਅਚਾਨਕ ਮੌਤ ਹੋ ਸਕਦੀ ਏ', ਨਵਾਬ ਨੇ ਆਖਿਆ ।

'ਇਹ ਬੀਮਾਰੀ ਨਾਲ ਨਹੀਂ ਜਾਪਦੀ', ਸਾਧੂ ਨੇ ਕਿਹਾ । 'ਕਿਸੇ ਦੁਸ਼ਮਣ ਹੱਥੋਂ ਮਰੋਗੇ ।'

'ਜੇ ਇਹ ਠੀਕ ਨਾ ਹੋਇਆ ?'

'ਮੈਂ ਜੁੰਮੇਂਵਾਰ ਹਾਂ ।'

'ਹੋਰ ਦੱਸੋ ?'

'ਜੀਵਨ ਦੇ ਅੰਤਿਮ ਸਮੇਂ ਤੁਹਾਨੂੰ ਅਤਿ ਨਿਰਾਸ਼ਤਾ ਹੋਏਗੀ, ਇਹ ਪਤਾ ਨਹੀਂ ਕਾਹਦੀ, ਸਾਧੂ ਨੇ ਦੱਸਿਆ । ਹੋਰ ਕਈ ਗੱਲਾਂ ਦੱਸੀਆਂ ਤੇ ਅਖੀਰ ਸਾਧੂ ਨੇ ਕਿਹਾ, 'ਤੁਸੀਂ ਸਿੱਖਾਂ ਨਾਲ ਟੱਕਰ ਨਹੀਂ ਸੀ ਲੈਣੀ । ਇਹ ਤੁਹਾਡੇ ਰਾਹ ਵਿਚ ਰੋੜਾ ਬਣਨਗੇ ।'

'ਉਹਨਾਂ ਕਾਹਦਾ ਰੋੜਾ ਬਣਨਾ ਏ, ਉਹਨਾਂ ਦਾ ਗੁਰੂ ਤਾਂ ਆਨੰਦਪੁਰ ਛੱਡ ਗਿਆ ਏ, ਸਿੱਖ ਮੈਂ ਰਹਿਣ ਕੋਈ ਨਹੀਂ ਦਿੱਤਾ ।'

'ਮੈਨੂੰ ਇਉਂ ਜਾਪਦਾ ਏ ਕਿ ਸਿੱਖਾਂ ਨਾਲ ਤੁਸਾਂ ਕੋਈ ਵਧੀਕੀ ਅਜੇਹੀ ਕੀਤੀ ਏ ਜਿਹੜੀ ਉਹ ਭੁੱਲਣ ਨਹੀਂ ਲੱਗੇ ਤੇ ਬਦਲਾ ਲੈਣਗੇ', ਸਾਧੂ ਨੇ ਕਿਹਾ ।

'ਦੇਖੀ ਜਾਏਗੀ', ਨਵਾਬ ਨੇ ਕਿਹਾ ।

'ਤੁਸੀਂ ਜ਼ਰਾ ਬਚ ਕੇ ਰਹਿਣਾ' ਸਾਧੂ ਨੇ ਕਿਹਾ ਤੇ ਝੱਟ ਹੋਰ ਗੱਲਾਂ ਕਰਕੇ ਤੁਰ ਪਿਆ । ਨਵਾਬ ਨੇ ਤੁਰਨ ਸਮੇਂ ਕਿਹਾ, 'ਨਜੂਮੀ ਤਾਂ ਅੱਗੇ ਵੀ ਬੜੇ ਆਏ ਹਨ ਪਰ ਕਿਸੇ ਨੇ ਮੈਨੂੰ ਇਤਨੀ ਸਪਸ਼ਟ ਗੱਲ ਨਹੀਂ ਆਖੀ, ਮੈਂ ਤੁਹਾਡੀ ਦਲੇਰੀ ਦੀ ਦਾਦ ਦਿੰਦਾ ਹਾਂ ਜਿਨ੍ਹਾਂ ਸਾਫ ਗੱਲ ਕਰਦਿਆਂ ਝਾਕਾ ਨਹੀਂ ਮਹਿਸੂਸ ਕੀਤਾ।'

ਸਾਧੂ ਦੀਵਾਨ ਦੇ ਨਾਲ ਬਾਹਰ ਆ ਗਿਆ ਤੇ ਫਿਰ ਇਕ ਵਾਰ ਮਹੱਲ ਵੱਲ ਚੰਗੀ ਤਰ੍ਹਾਂ ਝਾਤੀ ਮਾਰੀ ।

●●●

ਕਾਂਡ-8

ਹਜ਼ਾਰਾ ਸਿੰਘ ਨੇ ਫੈਸਲਾ ਕੀਤਾ ਕਿ ਸਾਧੂਆਂ ਵਾਲਾ ਭੇਸ ਹੀ ਰੱਖਿਆ ਜਾਏ। ਇਸ ਭੇਸ ਵਿਚ ਕੋਈ ਨਹੀਂ ਪਛਾਣਦਾ ਕਿ ਉਹ ਸਿੰਘ ਹੈ। ਤਿੰਨ ਦਿਨ ਉਹਨੇ ਸਰਹੰਦ ਰਹਿ ਕੇ ਤਜਰਬਾ ਕੀਤਾ ਸੀ। ਸਾਰੇ ਨਗਰ ਵਿਚ ਉਹ ਦਰਜਨਾਂ ਬੰਦਿਆਂ ਨੂੰ ਮਿਲਿਆ, ਉਹਨਾਂ ਨਾਲ ਗੱਲਬਾਤ ਵੀ ਕੀਤੀ ਪਰ ਕੋਈ ਨਾ ਪਛਾਣ ਸਕਿਆ। ਸਾਰੇ ਸਰਹੰਦ ਵਿਚ ਕੇਵਲ ਦੀਵਾਨ ਦੀ ਲੜਕੀ ਹੀ ਸੀ ਜਿਸ ਨੇ ਉਹਨੂੰ ਪਛਾਣਿਆਂ ਤੇ ਉਹ ਵੀ ਦੋ ਗੱਲਾਂ ਤੋਂ। ਹਜ਼ਾਰਾ ਸਿੰਘ ਉਸ ਦੇ ਪਛਾਣਨ ਪਿੱਛੋਂ ਉਹਨਾਂ ਦੋਹਾਂ ਗੱਲਾਂ ਬਾਰੇ ਵੀ ਪਹਿਲਾਂ ਨਾਲੋਂ ਵੱਧ ਸੁਚੇਤ ਹੋ ਗਿਆ। ਜਦ ਕੋਈ ਓਪਰਾ ਆਦਮੀ ਮਿਲਦਾ ਤਾਂ ਉਹਦੇ ਨਾਲ ਠੇਠ ਪੰਜਾਬੀ ਦੀ ਥਾਂ ਕੁਝ ਸਾਧ ਭਾਸ਼ਾ ਰਲੀ ਮਿਲੀ ਬੋਲੀ ਵਿਚ ਗੱਲਾਂ ਕਰ ਲੈਂਦਾ। ਦੂਜਾ ਉਹ ਯਤਨ ਕਰਦਾ ਕਿ ਕੜਾ ਸਾਹਮਣੇ ਨਜ਼ਰ ਨਾ ਆਏ। ਇਕ ਦੋ ਵਾਰ ਉਹਦੇ ਮਨ ਵਿਚ ਇਹ ਖਿਆਲ ਵੀ ਆਇਆ ਕਿ ਸਿੰਘ ਤੇ ਲੁਕਣਾ ਕੀ। ਮੈਨੂੰ ਲੁਕ ਕੇ ਨਹੀਂ, ਪ੍ਰਗਟ ਤੌਰ 'ਤੇ ਸਿੰਘ ਦੇ ਰੂਪ ਵਿਚ ਰਹਿਣਾ ਚਾਹੀਦਾ ਹੈ। ਇਹ ਜਜ਼ਬਾਤੀ ਤੌਰ 'ਤੇ ਖਿਆਲ ਕਿਸੇ ਵੇਲੇ ਜ਼ੋਰ ਫੜਦਾ ਪਰ ਫਿਰ ਉਹਦੀ ਬੁੱਧੀ ਉਹਨੂੰ ਪਰੇਰਦੀ ਕਿ ਤੂੰ ਇਕ ਖਾਸ ਕੰਮ ਲਈ ਘਰੋਂ ਤੁਰਿਆ ਏਂ। ਉਹ ਕੰਮ ਜੇਕਰ ਕਰਨਾ ਚਾਹੁੰਦਾ ਏਂ ਤਾਂ ਤੈਨੂੰ ਕੋਈ ਭੇਸ ਧਾਰ ਕੇ ਕੰਮ ਕਰਨਾ ਪਵੇਗਾ। ਜੇ ਭੇਸ ਨਹੀਂ ਧਾਰੇਂਗਾ ਤਾਂ ਤੂੰ ਸਫਲ ਨਹੀਂ ਹੋ ਸਕਦਾ। ਇਹ ਭੇਸ ਬਦਲਣਾ ਤਾਂ ਦੁਸ਼ਮਣ ਨਾਲ ਟਾਕਰੇ ਵਿਚ ਇਕ ਚਾਲ ਹੈ, ਲੜਾਈ ਦਾ ਇਕ ਪੈਂਤੜਾ ਹੈ। ਜਦ ਫੜਿਆ ਗਿਆ ਤਾਂ ਉਸ ਸਮੇਂ ਤੇਰਾ ਇਕਬਾਲ ਨ ਕਰਨਾ ਤੇ ਆਪਣੇ ਆਪ ਨੂੰ ਸਿੰਘ ਕਹਿਣ ਤੋਂ ਮੁਕਰਨਾ ਤੇਰੀ ਗਿਰਾਵਟ ਹੋਵੇਗੀ। ਇਹ ਵਿਚਾਰ ਜਦ ਵੀ ਪਰਬਲ ਹੋ ਜਾਂਦਾ ਤਾਂ ਉਹ ਫਿਰ ਸਾਧੂ ਭੇਸ ਵਿਚ ਰਹਿ ਕੇ ਆਪਣੇ ਨਿਸ਼ਾਨੇ ਲਈ ਕੰਮ ਕਰਨ ਲਈ ਲੱਕ ਬੰਨ੍ਹ ਲੈਂਦਾ।

ਸਰਹੰਦ ਤੋਂ ਹਜ਼ਾਰਾ ਸਿੰਘ ਨਵਾਬ ਨੂੰ ਮਿਲ ਕੇ ਤੁਰ ਆਇਆ। ਆਉਂਦੀ ਵਾਰ ਉਹ ਦੀਵਾਨ ਦੇ ਘਰ ਵੀ ਨਾ ਗਿਆ ਤੇ ਸ਼ਹਿਰ ਤੋਂ ਬਾਹਰ ਨਿਕਲ ਆਇਆ। ਉਹਨੇ ਸੋਚਿਆ ਕਿ ਨਵਾਬ ਦੇ ਕਿਸੇ ਦਰਬਾਰੀ ਦੇ ਘਰ ਰਹਿ ਕੇ ਨਵਾਬ ਨੂੰ ਨਹੀਂ ਮਾਰਿਆ ਜਾ ਸਕਦਾ। ਜੇ ਇਉਂ ਮਾਰਿਆ ਜਾ ਸਕਦਾ ਹੁੰਦਾ ਤਾਂ ਉਹ ਅੱਜ ਨਵਾਬ ਤਕ ਪਹੁੰਚ ਕੇ ਖਾਲੀ ਨਾ ਪਰਤ ਆਉਂਦਾ। ਉਹ ਇਸੇ ਲਈ ਮੁੜ ਆਇਆ ਹੈ

ਕਿਉਂਕਿ ਉਹ ਨਹੀਂ ਚਾਹੁੰਦਾ ਕਿ ਕੋਈ ਹੋਰ ਵਿਚਾਰਾ ਮੈਨੂੰ ਘਰ ਰੱਖਣ ਦੇ ਕਾਰਨ ਮਾਰਿਆ ਜਾਏ ।

ਸ਼ਹਿਰ ਤੋਂ ਬਾਹਰ ਆ ਕੇ ਹਜ਼ਾਰਾ ਸਿੰਘ ਇਕ ਰੁੱਖ ਦੀ ਛਾਵੇਂ ਬੈਠ ਗਿਆ ਤੇ ਸੋਚਣ ਲੱਗ ਪਿਆ ਕਿ ਨਵਾਬ ਨੂੰ ਕਿਸ ਤਰ੍ਹਾਂ ਤੇ ਕਦੋਂ ਮਾਰਿਆ ਜਾਏ । ਇਕ ਵਾਰ ਫਿਰ ਉਹਦਾ ਜੀ ਕੀਤਾ ਕਿ ਉਹ ਪਹਿਲਾਂ ਚੱਲ ਕੇ ਦਸਮੇਸ਼ ਪਿਤਾ ਦੀ ਭਾਲ ਕਰੇ, ਉਹਨਾਂ ਦੇ ਦਰਸ਼ਨ ਕਰਕੇ ਤੇ ਆਸ਼ੀਰਵਾਦ ਲੈ ਕੇ ਮੁੜ ਆ ਕੇ ਨਵਾਬ ਨੂੰ ਮਾਰੇ ਪਰ ਇਹ ਜਜ਼ਬਾ ਬਹੁਤੀ ਦੇਰ ਨਾ ਟਿਕਦਾ । ਇਸੇ ਕਰਕੇ ਅਮਲ ਨਹੀਂ ਹੋ ਸਕਦਾ। ਝਟ ਹੀ ਉਹਦੇ ਮਨ ਵਿਚ ਇਹ ਵਿਚਾਰ ਭਾਰੂ ਹੋ ਜਾਂਦਾ ਕਿ ਕਲਗੀਧਰ ਪਾਤਿਸ਼ਾਹ ਦੇ ਦਰਸ਼ਨ ਕਰਨ ਜਾਣ ਸਮੇਂ ਨਵਾਬ ਦਾ ਸਿਰ ਲੈ ਕੇ ਜਾਣਾ ਚਾਹੀਦਾ ਹੈ ਤੇ ਉਹ ਦਸਮ ਪਾਤਿਸ਼ਾਹ ਦੇ ਚਰਣਾਂ 'ਤੇ ਰੱਖ ਕੇ ਫਿਰ ਆਪਣੀ ਦਰਸ਼ਨਾਂ ਦੀ ਰੀਝ ਪੂਰੀ ਕਰਨੀ ਚਾਹੀਦੀ ਹੈ ।

ਇਸ ਸੋਚ ਲੜੀ ਵਿਚੋਂ ਨਿਕਲ ਕੇ ਫਿਰ ਮਸਲੇ 'ਤੇ ਵਿਚਾਰ ਸ਼ੁਰੂ ਕਰ ਦਿੱਤਾ ਕਿ ਮਾਰਿਆ ਕਿਵੇਂ ਜਾਏ । ਜੇਕਰ ਘਰ ਤੋਂ ਬਾਹਰ ਨਿਕਲੇ ਨੂੰ ਕਿਸੇ ਥਾਂ ਲੁਕ ਕੇ ਹਮਲਾ ਕਰਕੇ ਮਾਰਿਆ ਤਾਂ ਹੋ ਸਕਦਾ ਹੈ ਕਿ ਨਵਾਬ ਬਚ ਜਾਏ । ਜੇਕਰ ਬਾਹਰ ਮਾਰਿਆ ਤਾਂ ਨਾਲ ਉਹਦੇ ਸਾਥੀ ਵੀ ਹੋਣਗੇ, ਫਿਰ ਉਹਨਾਂ ਸਾਰਿਆਂ ਤੋਂ ਨਵਾਬ ਦਾ ਸਿਰ ਕਿਵੇਂ ਖੋਹ ਸਕਾਂਗਾ । ਤਰੀਕਾ ਉਹਨੂੰ ਇਹੀ ਠੀਕ ਜਾਪਿਆ ਕਿ ਕਿਸੇ ਨਾ ਕਿਸੇ ਤਰ੍ਹਾਂ ਨਵਾਬ ਦੇ ਮਹੱਲ ਵਿਚ ਦਾਖਲ ਹੋਇਆ ਜਾਏ ਤੇ ਸੁੱਤੇ ਪਏ ਜਾਂ ਇਕੱਲੇ 'ਤੇ ਹਮਲਾ ਕਰਕੇ ਸਿਰ ਵੱਢਿਆ ਜਾਏ । ਉਹਨੇ ਸੋਚਿਆ ਕਿ ਇਹ ਸਾਰਾ ਕੰਮ ਇਕੱਲੇ ਦਾ ਨਹੀਂ । ਇਸ ਲਈ ਹੋਰ ਸਾਥੀਆਂ ਦੀ ਲੋੜ ਹੈ । ਕੋਈ ਕਿਲ੍ਹੇ ਵਰਗੀਆਂ ਮਹੱਲ ਦੀਆਂ ਕੰਧਾਂ 'ਤੇ ਚੜ੍ਹਨ ਵਿਚ ਮਦਦ ਦੇਵੇ, ਅੰਦਰ ਨਾਲ ਚੱਲੇ, ਕੋਈ ਬਾਹਰ ਖੜਾ ਸਾਰੇ ਪਾਸੇ ਨਿਗਰਾਨੀ ਰੱਖੇ । ਇਕ ਆਦਮੀ ਤਾਂ ਕੁਝ ਵੀ ਨਹੀਂ ਕਰ ਸਕਦਾ । ਇਕ ਇਕੱਲਾ ਤੇ ਦੋ ਯਾਰਾਂ, ਇਸੇ ਲਈ ਸਿਆਣੇ ਕਹਿੰਦੇ ਹਨ ।

ਇਹਨਾਂ ਸੋਚਾਂ ਵਿਚ ਠੰਡੀ ਹਵਾ ਦੇ ਝੋਕਿਆਂ ਨੇ ਨੀਂਦਰ ਪੈਦਾ ਕਰ ਦਿੱਤੀ ਤੇ ਹਜ਼ਾਰਾ ਸਿੰਘ ਉਸੇ ਤਰ੍ਹਾਂ ਹੇਠ ਘਾਹ ਉਤੇ ਪਰਨਾ ਵਿਛਾ ਕੇ ਸੌਂ ਗਿਆ । ਸੁੱਤਿਆਂ ਪਿਆਂ ਉਹਦੀ ਅਚੇਤ ਸ਼ਕਤੀ ਨੇ ਉਡਾਰੀ ਮਾਰੀ ਤੇ ਉਹ ਸੁਪਨ ਦੇਸ਼ ਪਹੁੰਚ ਗਿਆ । ਉਹਨੇ ਦੇਖਿਆ ਕਿ ਕਲਗੀਧਰ ਪਾਤਿਸ਼ਾਹ ਖੜੇ ਹਨ, ਉਹ ਕਹਿ ਰਹੇ ਹਨ ਕਿ ਜ਼ਾਲਮ ਨੂੰ ਜ਼ੁਲਮ ਕਦੇ ਨਹੀਂ ਪਚ ਸਕਦਾ । ਤੁਸੀਂ ਹੌਸਲਾ ਰੱਖੋ, ਇਸ ਜ਼ੁਲਮੀ ਰਾਜ ਦੀਆਂ ਜੜ੍ਹਾਂ ਪੁਟ ਦਿੱਤੀਆਂ ਜਾਣਗੀਆਂ । ਸੱਚ ਦੀਆਂ ਤਾਕਤਾਂ ਬਲਵਾਨ ਹੋ ਰਹੀਆਂ ਹਨ । ਸਤਿਗੁਰੂ ਆਪ ਚੜ੍ਹਦੀ ਕਲਾ ਵਿਚ ਹਨ। ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਸਾਰਾ ਹਾਲ ਉਹਨਾਂ ਨੂੰ ਇਕ ਸਿੰਘ ਨੇ ਦੱਸ ਦਿੱਤਾ ਹੈ ਪਰ ਉਹਨਾਂ ਦੇ ਚਿਹਰੇ 'ਤੇ ਕਿਸੇ ਪ੍ਰਕਾਰ ਦੀ ਗਮਗੀਨੀ ਜਾਂ ਦੁਖਾਂਤ ਚਿੰਨ੍ਹ ਨਹੀਂ

ਆਇਆ। ਸਗੋਂ ਚਿਹਰੇ ਤੋਂ ਪ੍ਰਸੰਨਤਾ ਪ੍ਰਤੀਤ ਹੋ ਰਹੀ ਹੈ। ਹਜ਼ਾਰਾ ਸਿੰਘ ਆਪ ਹੀ ਅਨੁਮਾਨ ਲਾਂਦਾ ਹੈ ਕਿ ਸਤਿਗੁਰੂ ਇਸ ਗੱਲ ਕਰਕੇ ਖੁਸ਼ ਹਨ ਕਿ ਉਹਨਾਂ ਦੇ ਸਪੁੱਤਰਾਂ ਨੇ ਸਿੱਖੀ ਸ਼ਾਨ ਰੱਖ ਵਿਖਾਈ ਹੈ। ਉਮਰ ਦੇ ਬਹੁਤ ਛੋਟੇ ਸਨ। ਇਸ ਉਮਰ ਵਿਚ ਇਨਸਾਨ ਅਨਜਾਣਤਾ ਵਿਚ ਡੋਲ ਸਕਦਾ ਹੈ। ਪਰ ਉਹ ਡੋਲੇ ਨਹੀਂ। ਉਹਨਾਂ ਨੇ ਆਪਾ ਵਾਰ ਕੇ ਆਪਣੇ ਪਿਤਾ ਦੀ ਕੁਲ ਨੂੰ ਸਫਲ ਕੀਤਾ ਹੈ। ਦਸਮੇਸ਼ ਪਿਤਾ ਨੇ ਇਹ ਖ਼ਬਰ ਸੁਣ ਕੇ ਅਕਾਲ ਪੁਰਖ ਦਾ ਧੰਨਵਾਦ ਕੀਤਾ।

ਹਜ਼ਾਰਾ ਸਿੰਘ ਨੇ ਫਿਰ ਦੇਖਿਆ ਕਿ ਦੁਸ਼ਮਣ ਦੀਆਂ ਫੌਜਾਂ ਨਾਲ ਦਸਮੇਸ਼ ਪਿਤਾ ਸਿੰਘਾਂ ਸਮੇਤ ਘਿਰੇ ਪਏ ਹਨ। ਅਜੀਤ ਸਿੰਘ ਸਾਹਿਬਜ਼ਾਦਾ ਤਲਵਾਰ ਲੈ ਕੇ ਮੈਦਾਨ ਵਿਚ ਆਇਆ ਤੇ ਹਜ਼ਾਰਾਂ ਦੁਸ਼ਮਣਾਂ ਦੇ ਦਲ ਵਿਚ ਭੱਜ ਕੇ ਵੜ ਗਿਆ ਤੇ ਤਲਵਾਰ ਨਾਲ ਕਮਾਲ ਦਾ ਗਤਕਾ ਖੇਡੀ ਜਾ ਰਿਹਾ ਹੈ। ਇਕ ਤੀਰ ਕਿਸੇ ਵੈਰੀ ਦੀ ਕਮਾਨ ਵਿੱਚੋਂ ਨਿਕਲ ਕੇ ਸਿੱਧਾ ਆ ਕੇ ਸਾਹਿਬਜ਼ਾਦੇ ਅਜੀਤ ਸਿੰਘ ਦੇ ਲੱਗਾ ਤੇ ਖ਼ੂਨ ਦੀ ਫੁਹਾਰ ਦੂਰ ਤਕ ਜਾ ਡਿੱਗੀ। ਇਹ ਦ੍ਰਿਸ਼ ਦੇਖ ਕੇ ਹਜ਼ਾਰਾ ਸਿੰਘ ਦਾ ਸਰੀਰ ਕੰਬ ਗਿਆ ਤੇ ਜਾਗ ਖੁੱਲ੍ਹ ਗਈ।

ਉਹ ਉਠ ਕੇ ਬੈਠ ਗਿਆ ਤੇ ਵਾਹਿਗੁਰੂ ਵਾਹਿਗੁਰੂ ਦਾ ਉਚਾਰਨ ਕਰਨ ਲੱਗ ਪਿਆ। ਇਕ ਮਿੰਟ ਪਿੱਛੋਂ ਉਹਨੂੰ ਭਾਵਲਾ ਪਿਆ ਜਿਵੇਂ ਕੋਈ ਉਹਦੇ ਪਿੱਛੇ ਆਦਮੀ ਏ। ਉਹਨੇ ਮੁੜ ਕੇ ਦੇਖਿਆਂ ਤਾਂ ਇਕ ਸਿੰਘ ਖੜਾ ਸੀ। ਸਿੰਘ ਨੇ ਮੁਸਕ੍ਰਾਂਦਿਆਂ ਫਤਹਿ ਬੁਲਾਈ ਤੇ ਪੁੱਛਿਆ, 'ਕੀ ਗੱਲ ਤੁਸੀਂ ਬੜੇ ਤ੍ਰਬਕ ਕੇ ਉਠੇ ਹੋ, ਕੋਈ ਸੁਪਨਾ ਵੇਖ ਰਹੇ ਸੀ।'

'ਸਮਝ ਨਹੀਂ ਆ ਰਹੀ, ਕਿਥੇ ਸਾਂ ਤੇ ਕਿਥੇ ਆ ਗਿਆ ਹਾਂ।' ਹਜ਼ਾਰਾ ਸਿੰਘ ਨੇ ਆਪਣੀਆਂ ਅੱਖਾਂ ਮਲੀਆਂ ਜਿਵੇਂ ਉਹ ਨੀਂਦਰ ਤੋਂ ਸੁਚੇਤ ਹੋਣ ਦਾ ਯਤਨ ਕਰ ਰਿਹਾ ਹੋਵੇ ਫਿਰ ਉਹਨੇ ਸਿੰਘ ਨੂੰ ਪੁੱਛਿਆ, 'ਤੁਸੀਂ ਕਿਥੋਂ ਆਏ ਹੋ ? ਮੈਨੂੰ ਤੁਸਾਂ ਕਿਵੇਂ ਦੇਖ ਲਿਆ।'

ਮੈਂ ਤੁਰਿਆ ਜਾ ਰਿਹਾ ਸਾਂ ਕਿ ਸਾਹ ਲੈਣ ਲਈ ਖੜਾ ਹੋ ਗਿਆ। ਤੁਸੀਂ ਸੁੱਤੇ ਪਏ ਸੀ। ਸਿਰਹਾਣੇ ਤੁਹਾਡੇ ਰੇਬਦਾਰ ਕਛਹਿਰਾ ਪਿਆ ਸੀ। ਇਹ ਦੇਖ ਕੇ ਮੈਂ ਸਮਝ ਗਿਆ ਕਿ ਤੁਸੀਂ ਸਿੰਘ ਹੋ। ਨੇੜੇ ਆ ਕੇ ਦੇਖਿਆ ਕਿ ਤੁਸੀਂ ਤਾਂ ਕੜਾ ਵੀ ਪਾਇਆ ਹੋਇਆ ਹੈ। ਮੈਂ ਬੈਠ ਗਿਆ।' ਸਿੰਘ ਨੇ ਦੱਸਿਆ।

'ਬਹੁਤ ਦੇਰ ਤੋਂ ਬੈਠੇ ਹੋ ?' ਹਜ਼ਾਰਾ ਸਿੰਘ ਨੇ ਪੁੱਛਿਆ।

'ਕਾਫੀ ਦੇਰ ਤੋਂ', ਸਿੰਘ ਨੇ ਦੱਸਿਆ।

'ਫਿਰ ਜਗਾ ਲੈਣਾ ਸੀ।'

'ਮੈਂ ਕਿਹਾ ਪਤਾ ਨਹੀਂ ਕਿਤਨੇ ਕੁ ਥੱਕੇ ਹੋਏ ਹੋ । ਆਰਾਮ ਕਰਦੇ ਨੂੰ ਕਾਹਨੂੰ ਉਠਾਵਾਂ, ਕਾਹਲੀ ਤਾਂ ਹੈ ਨਹੀਂ ਸੀ ।'

'ਅੱਛਾ ਤੁਸੀਂ ਕਿਧਰੋਂ ?' ਹਜ਼ਾਰਾ ਸਿੰਘ ਨੇ ਹੁਣ ਅਸਲ ਗੱਲ ਪੁੱਛੀ ।

'ਮੈਂ ਮਾਲਵੇ ਵੱਲੋਂ ਆ ਰਿਹਾ ਹਾਂ', ਸਿੰਘ ਨੇ ਦੱਸਿਆ । 'ਉਧਰ ਸੱਚੇ ਪਾਤਿਸ਼ਾਹ ਦੇ ਦੋਵੇਂ ਸਾਹਿਬਜ਼ਾਦੇ ਅਜੀਤ ਸਿੰਘ ਤੇ ਜੁਝਾਰ ਸਿੰਘ ਚਮਕੌਰ ਦੀ ਜੰਗ ਵਿਚ ਸ਼ਹੀਦ ਹੋ ਗਏ ਹਨ ।

'ਮੈਂ ਹੁਣੇ ਤਾਂ ਸੁਪਨੇ ਵਿਚ ਇਹੋ ਦ੍ਰਿਸ਼ ਦੇਖ ਰਿਹਾ ਸਾਂ', ਹਜ਼ਾਰਾ ਸਿੰਘ ਨੇ ਕਿਹਾ । 'ਬਹੁਤ ਮਾੜਾ ਹੋਇਆ, ਸਤਿਗੁਰਾਂ ਦੇ ਚਾਰੇ ਪੁੱਤਰ ਤਾਂ ਸ਼ਹੀਦ ਹੋ ਗਏ । ਹੁਣ ਪਿੱਛੇ ਇਕ ਵੀ ਨਾ ਰਹਿ ਗਿਆ ।'

'ਅਸੀਂ ਜੁ ਹਾਂ', ਸਿੰਘ ਬੋਲਿਆ ।

'ਅਸੀਂ ਕਾਹਦੇ ਪੁੱਤਰ ਹਾਂ ?' ਹਜ਼ਾਰਾ ਸਿੰਘ ਨੇ ਕਿਹਾ, 'ਜੇ ਪੁੱਤਰ ਹੁੰਦੇ ਤਾਂ ਹੁਣ ਤਕ ਸਾਹਿਬਜ਼ਾਦਿਆਂ ਨੂੰ ਸ਼ਹੀਦ ਕਰਨ ਤੇ ਤਸੀਹੇ ਦੇਣ ਵਾਲੇ ਨਵਾਬ ਦਾ ਲਹੂ ਨਾ ਪੀਤਾ ਹੁੰਦਾ । ਉਹ ਤੇ ਐਸ਼ ਨਾਲ ਸਰਹੰਦ ਦੇ ਮਹੱਲਾਂ ਵਿਚ ਰਹਿੰਦਾ ਪਿਆ ਏ ।' ਸਿੰਘ ਨੇ ਕਿਹਾ, 'ਵਕਤ ਦੀ ਗੱਲ ਏ, ਕੁਝ ਸਮਾਂ ਠਹਿਰ ਜਾਉ, ਦੇਖੋ ਗੁਰੂ ਮਹਾਰਾਜ ਕੁਝ ਭਾਣਾ ਵਰਤਾਣਗੇ ।'

'ਗੁਰੂ ਮਹਾਰਾਜ ਤਾਂ ਕਰਨਗੇ ਪਰ ਅਸੀਂ ਕੀ ਕੀਤਾ', ਹਜ਼ਾਰਾ ਸਿੰਘ ਨੇ ਕਿਹਾ ।

'ਮੈਂ ਜਿਧਰੋਂ ਵੀ ਲੰਘਿਆ ਹਾਂ ਹਰ ਪਾਸੇ ਲੋਕੀ ਵਿਹਨਾਂ ਸ਼ਹੀਦੀਆਂ ਦੀਆਂ ਗੱਲਾਂ ਹੀ ਕਰ ਰਹੇ ਹਨ ।' ਸਿੰਘ ਨੇ ਦੱਸਿਆ, 'ਮੇਰਾ ਖਿਆਲ ਏ ਕਿ ਕੌਮ ਵਿਚ ਅਜੇਹਾ ਤੂਫਾਨ ਉਠਣ ਵਾਲਾ ਏ ਜਿਹੜਾ ਇਹਨਾਂ ਸਾਰੇ ਨੜੇ ਨਵਾਬਾਂ ਨੂੰ ਰੋਹੜ ਕੇ ਲੈ ਜਾਵੇਗਾ ।'

'ਤੂਫਾਨ ਆਪੇ ਨਹੀਂ ਉਠਿਆ ਕਰਦਾ, ਇਸ ਲਈ ਵੀ ਮਨੁੱਖ ਦੀ ਹਿੰਮਤ ਤੇ ਯਤਨ ਦੀ ਲੋੜ ਹੁੰਦੀ ਹੈ', ਹਜ਼ਾਰਾ ਸਿੰਘ ਨੇ ਕਿਹਾ ।

'ਮੈਂ ਤੁਹਾਡੀ ਗੱਲ ਸਮਝ ਗਿਆ ਹਾਂ', ਸਿੰਘ ਨੇ ਕਿਹਾ । 'ਮੈਂ ਤੁਹਾਡੇ ਨਾਲ ਹਾਂ, ਆਉ ਖਾਂ ਰਲ ਕੇ ਕੁਝ ਕਰੀਏ, ਜੇ ਮੈਂ ਸਾਥ ਨਾ ਦਿਆਂ ਤਾ ਗੁਰਦੇਵ ਸਿੰਘ ਨਾ ਕਹਿਣਾ ।'

'ਤੁਹਾਡਾ ਨਾਂ ਗੁਰਦੇਵ ਸਿੰਘ ਏ ।'

'ਹਾਂ ਜੀ ।'

'ਲਉ ਜੀ, ਗੁਰਦੇਵ ਸਿੰਘ ਜੀ ਮੈਂ ਵੀ ਤੁਹਾਨੂੰ ਬਚਨ ਦਿੰਦਾ ਹਾਂ ਕਿ ਜਦ ਤਕ ਨਵਾਬ ਸਰਹੰਦ ਤੋਂ ਬਦਲਾ ਨਹੀਂ ਲੈ ਲੈਂਦੇ, ਮੈਂ ਆਪਣੇ ਘਰ ਨਹੀਂ ਪਰਤਾਂਗਾ', ਹਜ਼ਾਰਾ ਸਿੰਘ ਨੇ ਬਚਨ ਦਿੱਤਾ ।

'ਮੈਂ ਤਾਂ ਪਹਿਲਾਂ ਹੀ ਇਹ ਪ੍ਰਣ ਕਰਕੇ ਘਰ ਤੋਂ ਤੁਰਿਆ ਹਾਂ', ਗੁਰਦੇਵ ਸਿੰਘ ਨੇ ਦੱਸਿਆ'

'ਫਿਰ ਹੋ ਸਕਦਾ ਏ ਕਿ ਸਾਡੇ ਤਰ੍ਹਾਂ ਹੋਰ ਵੀ ਕਈ ਨਿਕਲੇ ਹੋਣ । ਸਾਨੂੰ ਜ਼ਰਾ ਤੁਰ ਫਿਰ ਕੇ ਪਤਾ ਕਰ ਲੈਣਾ ਚਾਹੀਦਾ ਹੈ ।' ਜੇਕਰ ਪੰਜ ਸੱਤ ਇਕੋ ਜਿਹੇ ਰਲ ਜਾਈਏ ਤਾਂ ਕੋਈ ਤਕੜੀ ਵਿਉਂਤ ਬਣ ਸਕਦੀ ਏ, ਹਜ਼ਾਰਾ ਸਿੰਘ ਨੇ ਸੁਝਾਉ ਦਿੱਤਾ ।

'ਮੈਂ ਇਲਾਕੇ ਤੋਂ ਜਾਣੂੰ ਹਾਂ । ਤੁਹਾਨੂੰ ਕਈ ਸਿੰਘਾਂ ਨਾਲ ਮਿਲਾ ਸਕਦਾ ਹਾਂ', ਗੁਰਦੇਵ ਸਿੰਘ ਨੇ ਦੱਸਿਆ ।

'ਬਹੁਤ ਅੱਛਾ', ਹਜ਼ਾਰਾ ਸਿੰਘ ਉਠਿਆ ਤੇ ਆਪਣੇ ਜੋਗੀਆ ਬਸਤਰਾਂ ਵੱਲ ਦੇਖ ਕੇ ਕਹਿਣ ਲੱਗਾ, 'ਲਾਹ ਦਿਆਂ ਇਹਨਾਂ ਨੂੰ।'

'ਨਹੀਂ, ਪਾਈ ਰੱਖੋ', ਗੁਰਦੇਵ ਸਿੰਘ ਨੇ ਕਿਹਾ । ਦੋਵੇਂ ਉਥੋਂ ਚਲ ਪਏ ।

ਕਾਂਡ-9

ਹਜ਼ਾਰਾ ਸਿੰਘ ਤੇ ਗੁਰਦੇਵ ਸਿੰਘ ਇਕ ਦੂਜੇ ਨੂੰ ਮਿਲ ਕੇ ਬਹੁਤ ਖੁਸ਼ ਹੋਏ। ਇਕ ਨਿਸ਼ਾਨੇ ਲਈ ਘਰੋਂ ਤੁਰੇ ਸਨ ਤੇ ਦੋਵੇਂ ਸਾਥੀ ਦੀ ਭਾਲ ਵਿਚ ਸਨ। ਦੋਹਾਂ ਨੇ ਇਕ ਦੂਜੇ ਦਾ ਪਿੰਡ, ਪਿੱਛਾ, ਵੱਡੇ ਵਡੇਰਿਆਂ ਆਦਿ ਬਾਰੇ ਜਾਣਕਾਰੀ ਪ੍ਰਾਪਤ ਕਰ ਲਈ। ਰਾਹ ਤੁਰੇ ਜਾਂਦਿਆਂ ਹਜ਼ਾਰਾ ਸਿੰਘ ਨੇ ਪੁੱਛਿਆ, 'ਹੁਣ ਆਪਾਂ ਕਿਧਰ ਚਲੇ ਹਾਂ ?'

'ਉਹ ਸਾਹਮਣੇ ਦਿਸਦੇ ਪਿੰਡ ਨੂੰ', ਗੁਰਦੇਵ ਸਿੰਘ ਨੇ ਦੱਸਿਆ।

'ਉਥੇ ਕੀ ਏ ?'

'ਇਕ ਆਦਮੀ।'

'ਸਿੱਖ ਤਾਂ ਸਰਹੰਦ ਦੇ ਇਤਨਾ ਨੇੜੇ ਰਹਿ ਨਹੀਂ ਸਕਦਾ। ਤੁਸੀਂ ਕਿਸ ਵੱਲ ਚਲੇ ਹੋ ?' ਹਜ਼ਾਰਾ ਸਿੰਘ ਨੇ ਸਵਾਲ ਕੀਤਾ।

'ਉਹ ਸਹਿਜਧਾਰੀ ਸਿੱਖ ਏ', ਗੁਰਦੇਵ ਸਿੰਘ ਨੇ ਦੱਸਿਆ। 'ਇਹ ਮੁੰਡਾ ਸਾਡੇ ਪਿੰਡ ਵਿਆਹਿਆ ਹੋਇਆ ਏ, ਪੂਰਾ ਸਿੱਖੀ ਖਿਆਲਾਂ ਵਾਲਾ ਏ। ਉਂਝ ਇਹ ਹਿੰਦੂ ਏ, ਜਿਸ ਕਰਕੇ ਪਿੰਡ ਵਿਚ ਰਹਿ ਰਿਹਾ ਏ। ਮੈਂ ਅੱਗੇ ਵੀ ਇਹਦੇ ਕੋਲ ਕਈ ਵਾਰ ਠਹਿਰ ਗਿਆ ਹਾਂ। ਸਿੱਖਾਂ ਨਾਲ ਇਹਦੀ ਬਹੁਤੀ ਦੋਸਤੀ ਏ। ਇਹਦਾ ਖੂਹ ਤਾਂ ਆਉਂਦੇ ਜਾਂਦੇ ਸਿੱਖਾਂ ਲਈ ਸਰਾਂ ਏ।'

'ਅਸੀਂ ਉਹਦੇ ਕੋਲ ਜਾ ਕੇ ਕੀ ਕਰਾਂਗੇ ?' ਹਜ਼ਾਰਾ ਸਿੰਘ ਨੇ ਪੁੱਛਿਆ।

'ਉਹਦੇ ਤੋਂ ਪਤਾ ਲੱਗ ਸਕਦਾ ਏ ਕਿ ਲਾਗਲੇ ਪਿੰਡਾਂ ਵਿਚ ਕਿਥੇ ਕਿਥੇ ਕੋਈ ਸਿੱਖ ਵਸਦਾ ਏ।' ਗੁਰਦੇਵ ਸਿੰਘ ਨੇ ਕਿਹਾ, 'ਫਿਰ ਆਪਾਂ ਉਹਨਾਂ ਸਿੰਘਾਂ ਨੂੰ ਮਿਲ ਕੇ ਕੋਈ ਵਿਉਂਤ ਬਣਾ ਲਵਾਂਗੇ।'

'ਬਹੁਤੇ ਬੰਦਿਆਂ ਦੇ ਸਲਾਹੀ ਪਈ ਗੱਲ ਵੀ ਸਿਰੇ ਨਹੀਂ ਚੜ੍ਹਦੀ। ਆਪਾਂ ਦੋਹਾਂ ਨੇ ਸੋਚ ਲਿਆ, ਬਸ ਠੀਕ ਏ।' ਹਜ਼ਾਰਾ ਸਿੰਘ ਨੇ ਕਿਹਾ।

'ਠੀਕ ਕਹਿੰਦਾ ਏਂ ਪਰ ਇਹ ਕੰਮ ਇਤਨਾ ਸੌਖਾ ਨਹੀਂ, ਕਾਹਲੀ ਨਹੀਂ ਕਰਨੀ ਚਾਹੀਦੀ। ਕਾਹਲੀ ਕੀਤਿਆਂ ਹੋ ਸਕਦਾ ਏ ਕਿ ਸਾਰਾ ਕੰਮ ਹੀ ਚੌੜ ਹੋ ਜਾਏ। ਹਕੂਮਤ ਨਾਲ ਟੱਕਰ ਲੈਣੀ ਹੋਵੇ ਤਾਂ ਲੋਕਾਂ ਦਾ ਮਿਲਵਰਤਣ ਪਹਿਲਾਂ ਯਕੀਨੀ ਹੋਣਾ ਚਾਹੀਦਾ ਹੈ। ਉਹਨਾਂ ਪਾਸ ਫੌਜਾਂ, ਘੋੜੇ, ਬੰਦੂਕਾਂ, ਤੋਪਾਂ ਤੇ ਧਨ ਏ, ਸਾਡੇ ਕੋਲ ਕੀ ਏ ? ਅਸੀਂ ਜੋ ਕੁਝ ਕਰ ਸਕਣਾ ਏ ਤਾਂ ਲੋਕਾਂ ਦੇ ਮਿਲਵਰਤਣ ਨਾਲ। ਪਹਿਲਾਂ ਲੋਕਾਂ ਨੂੰ ਤਿਆਰ ਕਰੀਏ।' ਗੁਰਦੇਵ ਸਿੰਘ ਨੇ ਬੜੀ ਸਿਆਣਪ ਨਾਲ ਹਜ਼ਾਰਾ ਸਿੰਘ ਨੂੰ ਸਮਝਾਇਆ।

ਦੋਵੇਂ ਪਿੰਡ ਦੇ ਬਾਹਰਵਾਰ ਖੂਹ 'ਤੇ ਪਹੁੰਚ ਗਏ। ਅੱਗੋਂ ਸੋਹਣਾ ਖੂਹ ਜੋ ਕੇ ਆਪ ਇਕ ਪਾਸੇ ਸੁੱਤਾ ਪਿਆ ਸੀ। ਪੈਰਾਂ ਦਾ ਖੜਾਕ ਤੇ ਗੱਲਾਂ ਦੀ ਆਵਾਜ਼ ਸੁਣਕੇ ਉਹਦੀ ਜਾਗ ਖੁਲ੍ਹ ਗਈ ਤੇ ਉਹ ਉਠ ਕੇ ਬੈਠ ਗਿਆ। ਉਹਨੇ ਗੁਰਦੇਵ ਸਿੰਘ ਨੂੰ ਪਛਾਣ ਲਿਆ ਤੇ ਉਠ ਕੇ ਗਲਵਕੜੀ ਪਾ ਲਈ, 'ਆਓ ਸਿੰਘ ਜੀ ਤੁਸੀਂ।' ਫਿਰ ਉਹਨੇ ਸਾਧੂਆਂ ਦੇ ਭੇਸ ਵਿਚ ਹਜ਼ਾਰਾ ਸਿੰਘ ਨੂੰ ਪਛਾਣ ਲਿਆ।

'ਤੁਹਾਨੂੰ ਕਿਵੇਂ ਪਤਾ ਲੱਗ ਗਿਆ ਕਿ ਮੈਂ ਸਾਧੂ, ਸਿੰਘ ਹਾਂ ! ਹਜ਼ਾਰਾ ਸਿੰਘ ਨੇ ਸੋਹਣੇ ਤੋਂ ਪੁੱਛਿਆ।

'ਸਿੰਘ ਲੱਖ ਪਿਆ ਵੇਸ ਬਦਲੇ, ਮੇਰੀਆਂ ਅੱਖਾਂ ਧੋਖਾ ਨਹੀਂ ਖਾ ਸਕਦੀਆਂ। ਮੈਂ ਹੁਣ ਝੱਟ ਪਛਾਣ ਸਕਦਾ ਹਾਂ। ਨਾਲੇ ਤੁਹਾਡੇ ਵਾਲਾ ਵੇਸ ਤਾਂ ਲੁਕ ਕੇ ਰਹਿਣ ਵਾਲੇ ਸਿੰਘਾਂ ਲਈ ਸਭ ਤੋਂ ਸੌਖਾ ਢੰਗ ਏ। ਮੈਂ ਅੱਗੇ ਵੀ ਕਈ ਦੇਖ ਚੁੱਕਿਆ ਹਾਂ। ਸੋਹਣੇ ਨੇ ਕਿਹਾ, 'ਸਿੰਘ ਦਾੜ੍ਹਾ ਨਹੀਂ ਲੁਕਾ ਸਕਦਾ।

ਇਹ ਸਾਧੂ ਬਣਿਆਂ, ਖੁਲ੍ਹਾ ਛੱਡਿਆਂ ਪਤਾ ਨਹੀਂ ਲੱਗਦਾ ਕਿ ਹਿੰਦੂ ਏ ਜਾਂ ਸਿੰਘ।'

'ਸਿੰਘ ਤਾਂ ਲੁਕ ਕੇ ਨਹੀਂ ਰਹਿੰਦੇ, ਮੈਂ ਤਾਂ ਕੋਈ ਨਹੀਂ ਲੁਕ ਕੇ ਫਿਰਦਾ ਦੇਖਿਆ, 'ਗੁਰਦੇਵ ਸਿੰਘ ਨੇ ਕਿਹਾ।

'ਇਹ ਦੇਖ ਲਉ ਤੁਹਾਡੇ ਨਾਲ ਨੇ।' ਸੋਹਣੇ ਨੇ ਤੁਰੰਤ ਗਵਾਹੀ ਪੇਸ਼ ਕਰ ਦਿੱਤੀ।

'ਇਹ ਗੱਲ ਖਾਸ ਏ', ਗੁਰਦੇਵ ਸਿੰਘ ਨੇ ਕਿਹਾ, ਇਹ ਲੁਕਣ ਲਈ ਨਹੀਂ ਕਿਸੇ ਖਾਸ ਕੰਮ ਲਈ ਫਿਰ ਰਹੇ ਹਨ। ਮੈਂ ਜੁ ਤੇਰੇ ਸਾਹਮਣੇ ਸਿੱਖੀ ਸ਼ਕਲ ਤੇ ਰੂਪ ਵਿਚ ਹਾਂ।'

'ਤੁਹਾਨੂੰ ਫਿਰ ਮੇਰੀ ਗੱਲ ਦੀ ਠੀਕ ਸਮਝ ਨਹੀਂ ਆਈ', ਸੋਹਣੇ ਨੇ ਕਿਹਾ। 'ਮੈਂ ਇਹ ਨਹੀਂ ਕਿਹਾ ਕਿ ਇਹ ਲੁਕ ਰਹੇ ਹਨ ਜਾਂ ਸਿਰਫ ਲੁਕਣ ਲਈ ਸਿੰਘ ਵੇਸ

ਬਦਲ ਰਹੇ ਹਨ । ਮੇਰੇ ਪਾਸ ਅੱਗੇ ਇਕ ਸਿੰਘ ਹੋ ਕੇ ਗਿਆ ਏ, ਉਹ ਵੀ ਸਾਧੂ ਭੇਸ ਵਿਚ ਸੀ । ਉਹ ਕਹਿੰਦਾ ਸੀ ਕਿ ਮੈਂ ਨਵਾਬ ਸਰਹੰਦ ਨੂੰ ਮਾਰਨ ਚਲਿਆ ਹਾਂ । ਪਤਾ ਨਹੀਂ ਸਰਹੰਦ ਅਪੜਿਆ ਵੀ ਏ ਕਿ ਨਹੀਂ, ਫਿਰ ਉਹਦੀ ਉਘ ਸੁਘ ਨਹੀਂ ਲੱਗੀ ।'

'ਦੇਖ ਲਉ ਜੀ', ਹਜ਼ਾਰਾ ਸਿੰਘ ਨੂੰ ਸੰਬੋਧਨ ਕਰ ਕੇ ਗੁਰਦੇਵ ਸਿੰਘ ਨੇ ਕਿਹਾ, 'ਅਸੀਂ ਤਾਂ ਪਿੱਛੇ ਰਹਿ ਗਏ ਹਾਂ, ਕਈ ਸਾਡੇ ਤੋਂ ਵੀ ਅੱਗੇ ਲੰਘ ਗਏ ਹਨ । ਇਹ ਦੱਸਦੇ ਪਏ ਹਨ ਕਿ ਅੱਗੇ ਇਕ ਸਿੰਘ ਇਸੇ ਕੰਮ ਲਈ ਗਿਆ ਏ । ਜੇ ਉਹ ਸਾਨੂੰ ਮਿਲ ਜਾਏ ਤਾਂ ਵਧੀਆ ਗੱਲ ਏ । ਰਲ ਕੇ ਕੋਈ ਰਾਹ ਸੋਚੀਏ ।'

'ਉਹ ਤਾਂ ਪਰਸੋਂ ਗਿਆ ਸੀ, ਹੁਣ ਪਤਾ ਨਹੀਂ ਕਿਥੇ ਚਲਾ ਗਿਆ ਏ । ਮੈਂ ਉਹਦੇ ਤੋਂ ਬਹੁਤਾ ਕੁਝ ਨਹੀਂ ਪੁੱਛਿਆ ।' ਸੋਹਣੇ ਨੇ ਦੱਸਿਆ।

'ਹੋਰ ਵੀ ਕੋਈ ਅਜੇਹਾ ਮਿਲਿਆ ?' ਗੁਰਦੇਵ ਸਿੰਘ ਨੇ ਪੁੱਛਿਆ ।

'ਸੋਚ ਕੇ ਤੁਰਿਆ ਤਾਂ ਕੋਈ ਨਹੀਂ, ਉਂਝ ਜਿਹੜਾ ਵੀ ਮਿਲਦਾ ਏ, ਸਿੱਖ ਹੋਵੇ ਜਾਂ ਹਿੰਦੂ ਜਾਂ ਮੁਸਲਮਾਨ, ਸਭ ਇਹੋ ਗੱਲਾਂ ਕਰਦੇ ਨੇ ਕਿ ਦੋ ਨਿਰਦੋਸ਼ ਜੀਆਂ ਨੂੰ ਤੇ ਫਿਰ ਉਹ ਵੀ ਦਸਵੇਂ ਗੁਰੂ ਦੇ ਪੁੱਤਰਾਂ ਨੂੰ ਨਿਹੱਕ ਹੀ ਮਾਰ ਦੇਣਾ, ਕੋਈ ਨਿੱਕੀ ਜਿਹੀ ਗੱਲ ਨਹੀਂ । ਹਨੇਰ ਹੋਇਆ ਏ ਬਹੁਤ ਵੱਡਾ ਹਨੇਰ । ਮੈਨੂੰ ਤਾਂ ਇਕ ਵੀ ਗੰਭੀਰ ਆਦਮੀ ਅਜੇਹਾ ਨਹੀਂ ਮਿਲਿਆ ਜਿਸ ਨੇ ਕਿਹਾ ਹੋਵੇ ਕਿ ਚੰਗਾ ਹੋਇਆ । ਸਭ ਬੜਾ ਮਹਿਸੂਸ ਪਏ ਕਰਦੇ ਨੇ ਪਰ ਲੋਕਾਂ ਵਿਚ ਆਪ ਕਰਨ ਦੀ ਹਿੰਮਤ ਨਹੀਂ । ਜੇ ਕੋਈ ਅੱਗੇ ਲੱਗੇ ਤਾਂ ਲੋਕੀਂ ਪਿੱਛੇ ਤੁਰਨ ਨੂੰ ਤਿਆਰ ਨੇ ।' ਸੋਹਣੇ ਨੇ ਮਨ ਦੀ ਗੱਲ ਦੱਸੀ ।

'ਤੂੰ ਤੁਰਨ ਨੂੰ ਤਿਆਰ ਏਂ ?' ਗੁਰਦੇਵ ਸਿੰਘ ਨੇ ਸੋਹਣੇ ਤੋਂ ਪੁੱਛਿਆ ।

'ਹਾਂ, ਮੈਂ ਵੀ ਤਿਆਰ ਹਾਂ', ਸੋਹਣੇ ਨੇ ਦੱਸਿਆ, 'ਮੈਂ ਤਾਂ ਉਸ ਦਿਨ ਫੈਸਲਾ ਕਰ ਲਿਆ ਏ ਕਿ ਸਿੰਘ ਸਜ ਜਾਣਾ ਏ । ਜ਼ੁਲਮ ਦਾ ਟਾਕਰਾ ਕਰਨ ਲਈ ਸਿੰਘ ਸਜਣਾ ਜ਼ਰੂਰੀ ਏ । ਭਾਵੇਂ ਯਥਾ ਸ਼ਕਤ ਸੇਵਾ ਹੁਣ ਵੀ ਕਰੀ ਜਾਂਦਾ ਹਾਂ । ਪਰ ਮਨ ਇਤਨੇ ਕੁ ਨਾਲ ਸੰਤੁਸ਼ਟ ਨਹੀਂ । ਮੈਂ ਚਾਹੁੰਦਾ ਹਾਂ ਕਿ ਮੇਰੀ ਜੁਆਨ ਭੈਣ ਏ, ਉਹਦਾ ਵਿਆਹ ਹੋ ਜਾਏ ਤੇ ਮੈਂ ਸੁਰਖਰੂ ਹੋ ਜਾਵਾਂ ।

'ਕਿਸ ਤਰ੍ਹਾਂ ਦਾ ਰਿਸ਼ਤਾ ਚਾਹੀਦਾ ਏ ?' ਗੁਰਦੇਵ ਸਿੰਘ ਨੇ ਪੁੱਛਿਆ ।

'ਕੋਈ ਸ਼ਰੀਫ ਤੇ ਇੱਜ਼ਤਦਾਰ ਮੁੰਡਾ ਹੋਵੇ । ਜੇ ਕਮਾਊ ਹੋਵੇ ਤਾਂ ਚੰਗਾ ਏ, ਮਨ ਨੂੰ ਤਸੱਲੀ ਰਹਿੰਦੀ ਏ, ਧੀ ਭੈਣ ਸੁਖੀ ਰਹਿ ਕੇ ਦਿਨ ਕੱਟੀ ਜਾਏਗੀ', ਸੋਹਣੇ ਨੇ ਕਿਹਾ ।

'ਜੇ ਕੋਈ ਸਿੰਘ ਹੋਵੇ ?' ਗੁਰਦੇਵ ਸਿੰਘ ਨੇ ਝਕਦੇ ਝਕਦੇ ਆਖਿਆ ।

'ਮੈਂ ਤਾਂ ਖੁਸ਼ ਹਾਂ ਪਰ ਮੇਰੀ ਮਾਂ ਤੇ ਭੈਣ ਨੂੰ ਸ਼ਾਇਦ ਇਹ ਪਸੰਦ ਨਾ ਹੋਵੇ', ਸੋਹਣੇ ਨੇ ਦੱਸਿਆ, 'ਉਹ ਤਾਂ ਟਿਕ ਕੇ ਰੋਟੀ ਖਾਣ ਵਾਲਾ ਚਾਹੁੰਦੀਆਂ ਨੇ ।'

'ਅੱਛਾ ਫਿਰ ਕਿਧਰੇ ਸੂਹ ਲੱਗੀ ਤਾਂ ਦੱਸਾਂਗੇ', ਗੁਰਦੇਵ ਸਿੰਘ ਨੇ ਕਿਹਾ ।

'ਜਵਾਨ ਭੈਣ ਏ, ਹਰ ਵੇਲੇ ਤੌਖਲਾ ਰਹਿੰਦਾ ਏ । ਹਰਾਮੀ ਹਾਕਮ ਬਘਿਆੜਾਂ ਵਾਂਗ ਜਵਾਨੀ ਤੇ ਹੁਸਨ ਨੂੰ ਪੈਂਦੇ ਨੇ । ਕੁੜੀ ਘਰ ਆਪਣੇ ਤੁਰੇ ਤੇ ਮੈਂ ਜ਼ਮੀਨ ਕਿਸੇ ਨੂੰ ਵਾਹੀ ਲਈ ਦੇ ਕੇ ਵਿਹਲਾ ਹੋ ਜਾਵਾਂ ।' ਸੋਹਣੇ ਨੇ ਕਿਹਾ ।

ਹਜ਼ਾਰਾ ਸਿੰਘ ਉਠ ਕੇ ਖੂਹ 'ਤੇ ਪਾਣੀ ਪੀਣ ਲੱਗ ਗਿਆ । ਸੋਹਣੇ ਨੇ ਕਿਹਾ, 'ਠਹਿਰ ਜਾਓ, ਗੱਲਾਂ ਵਿਚ ਮੈਨੂੰ ਚੇਤਾ ਹੀ ਨਹੀਂ ਰਿਹਾ । ਕੁਝ ਖਾਣ ਪੀਣ ਨੂੰ ਪੁੱਛਣ ਦਾ ਇਸ ਵੇਲੇ ਹੋਰ ਤਾਂ ਕੁਝ ਨਹੀਂ, ਖੂਹ 'ਤੇ ਦੁੱਧ ਪਿਆ ਏ, ਉਹ ਹੀ ਘੁਟ ਘੁਟ ਪੀ ਲਓ । ਹੁਣੇ ਫਿਰ ਰੋਟੀ ਪਕਵਾ ਕੇ ਲੈ ਆਉਂਦਾ ਹਾਂ ।'

'ਨਹੀਂ, ਇਸ ਸਮੇਂ ਕਿਸੇ ਚੀਜ਼ ਦੀ ਲੋੜ ਨਹੀਂ, ਪਾਣੀ ਦੀ ਪਿਆਸ ਸੀ, ਉਹ ਬੁਝਾ ਲਈ ਏ ।' ਪਾਣੀ ਦੇ ਚਾਰ ਬੁਕ ਪੀ ਕੇ ਹਜ਼ਾਰਾ ਸਿੰਘ ਨੇ ਕਿਹਾ ।

'ਅੱਛਾ ਦੱਸ ਘਰ ਸਭ ਠੀਕ ਨੇ ।' ਗੁਰਦੇਵ ਸਿੰਘ ਨੂੰ ਵੀ ਘਰ ਦੀ ਸੁਖ ਸਾਂਦ ਹੁਣ ਪੁੱਛਣ ਦਾ ਚੇਤਾ ਆਇਆ ।

'ਸਭ ਠੀਕ ਏ, ਦਾਤੇ ਦੀ ਮਿਹਰ ਏ', ਸੋਹਣੇ ਨੇ ਬੜੀ ਸੰਤੁਸ਼ਟਤਾ ਨਾਲ ਉੱਤਰ ਦਿੱਤਾ ।

'ਕਿੰਨੇ ਬੱਚੇ ਈ ?'

'ਤਿੰਨ—ਦੋ ਮੁੰਡੇ ਇਕ ਕੁੜੀ ।' ਸੋਹਣੇ ਨੇ ਦੱਸਿਆ ਤੇ ਫਿਰ ਪੁੱਛਿਆ, 'ਤੁਸੀਂ ਦੱਸੋ ਪਿੰਡ ਦਾ ਕੀ ਹਾਲ ਏ, ਕਿੰਨੇ ਕੁ ਦਿਨ ਹੋਏ ਨੇ ਘਰੋਂ ਆਇਆਂ ?'

'ਜਿਦਣ ਦਾ ਸਾਹਿਬਜ਼ਾਦਿਆਂ ਦੀ ਸ਼ਹੀਦੀ ਬਾਰੇ ਸੁਣਿਆ ਏ', ਗੁਰਦੇਵ ਸਿੰਘ ਨੇ ਦੱਸਿਆ, 'ਹੁਣ ਤੇ ਜੀ ਕਰਦਾ ਏ, ਬਸ ਪੈ ਜਾਈਏ ਟੁੱਟ ਕੇ ਨਵਾਬ ਦੇ ਗਲ, ਮਾਰ ਦਈਏ ਉਹਨੂੰ ਜਾਂ ਆਪ ਮਰ ਜਾਈਏ ।'

'ਲੋਕਾਈ ਬਥੇਰੀ ਇਸੇ ਤਰ੍ਹਾਂ ਪਈ ਕਚੀਚੀਆਂ ਵਟਦੀ ਏ, ਹੁਣ ਤਾਂ ਕੋਈ ਮੌਕਾ ਬਣੇ ਤਾਂ ਫਿਰ ਵੇਖੋ ਕਿਵੇਂ ਨੌਜਵਾਨ ਤਬਕੇ ਵਿੱਚੋ ਸਿੱਖ ਬਣਦੇ ਨੇ', ਸੋਹਣੇ ਨੇ ਦੱਸਿਆ ।

'ਬਸ ਫਿਰ ਨਵਾਬ ਵੀ ਜੀਉਂਦਾ ਨਹੀਂ ਬਹੁਤੇ ਦਿਨ ।' ਗੁਰਦੇਵ ਸਿੰਘ ਨੇ

ਕਿਹਾ, 'ਮੈਨੂੰ ਚੇਤੇ ਆ ਗਿਆ ਏ ਸੋਹਣੇ ਇਕ ਜ਼ਰੂਰੀ ਕੰਮ । ਮੈਨੂੰ ਇਕ ਦੋ ਬੰਦੂਕਾਂ ਦਾ ਕਿਧਰੋਂ ਪ੍ਰਬੰਧ ਕਰਕੇ ਦੇ ਸਕਦਾ ਏਂ ।'

'ਬੰਦੂਕ ਕਿਥੋਂ ਮਿਲੇ, ਹੋਰ ਕਿਸੇ ਪਾਸ ਤਾਂ ਹੋਣੀ ਨਹੀਂ । ਨਵਾਬ ਦੇ ਬੰਦਿਆਂ ਪਾਸ ਹੀ ਹੁੰਦੀਆਂ ਨੇ, ਸੋਹਣੇ ਨੇ ਕਿਹਾ ।

'ਮੈਨੂੰ ਕਿਸੇ ਦੱਸਿਆ ਸੀ ਕਿ ਕਈ ਬੰਦੇ ਨਵਾਬ ਦੀ ਫੌਜ 'ਚੋਂ ਭੱਜ ਜਾਂਦੇ ਨੇ ਬੂੰਦਕਾਂ ਨਾਲ ਲੈ ਕੇ, ਉਹਨਾਂ ਵਿੱਚੋਂ ਜੇ ਕੋਈ ਮਿਲ ਜਾਏ ਤਾਂ ਉਹਦੇ ਤੋਂ ਮਿਲ ਸਕਦੀ ਏ ।' ਗੁਰਦੇਵ ਸਿੰਘ ਨੇ ਦੱਸਿਆ, 'ਭਗੌੜਿਆਂ ਨੇ ਸਿਰ ਮਾਰਨੀਆਂ ਨੇ, ਨਿਰਾ ਕਾਠ ਏ ਉਹਨਾਂ ਲਈ, ਸਾਡੇ ਲਈ ਇਸ ਸਮੇਂ ਬੰਦੂਕ ਅਤਿ ਜ਼ਰੂਰੀ ਏ । ਤੂੰ ਜਾਣਦਾ ਏਂ ਕਿ ਨਿਰੀ ਤਲਵਾਰ ਨਾਲ ਬਹੁਤਾ ਮੁਕਾਬਲਾ ਨਹੀਂ ਹੋ ਸਕਦਾ । ਤਲਵਾਰ ਨੇੜੇ ਦਾ ਹਥਿਆਰ ਏ, ਬੰਦੂਕ ਬੰਦੂਕ ਏ, ਤਾਹੀਓਂ ਜ਼ਰੂਰੀ ਚਾਹੀਦੀ ਏ ।'

'ਇਕ ਨਹੀਂ ਦੋ ਚਾਹੀਦੀਆਂ ਨੇ, ਇਕ ਮੇਰੇ ਲਈ ਵੀ', ਹਜ਼ਾਰਾ ਸਿੰਘ ਨੇ ਕਿਹਾ ।

'ਮੈਂ ਪਤਾ ਕਰਾਂਗਾ, ਸਾਡੇ ਪਿੰਡ ਦਾ ਇਕ ਬੰਦਾ ਨਵਾਬ ਦੀ ਫੌਜ ਦਾ ਭਗੌੜਾ ਏ, ਉਹ ਲੁਕ ਛਿਪ ਕੇ ਦਿਨ ਕੱਟਦਾ ਏ । ਮੈਂ ਅੱਜ ਉਹਨੂੰ ਮਿਲ ਕੇ ਪਤਾ ਕਰਾਂਗਾ ।'

ਜੇ ਮੁੱਲ ਮਿਲ ਜਾਏ ਤਾਂ ਅਸੀਂ ਜੇ ਹੋ ਸਕਿਆ, ਦੇ ਦਿਆਂਗੇ ।

'ਤੁਸੀਂ ਠਹਿਰੋ, ਮੈਂ ਰੋਟੀ ਲਿਆਵਾਂ ਨਾਲੇ ਉਹਦਾ ਪਤਾ ਕਰਦਾ ਆਵਾਂਗਾ ।' ਸੋਹਣਾ ਇਹ ਕਹਿ ਕੇ ਪਿੰਡ ਚਲਾ ਗਿਆ ।

●●●

ਕਾਂਡ-10

'ਸੋਹਣਾ ਬੰਦਾ ਤੇ ਆਪਣਾ ਏ ਜੇ ਕਰ ਕੰਮ ਕਰ ਦੇਵੇ ਤਾਂ ਕਿਡਾ ਚੰਗਾ ਹੋਵੇ,' ਹਜ਼ਾਰਾ ਸਿੰਘ ਨੇ ਕਿਹਾ ।

'ਮੈਨੂੰ ਬੜੀ ਆਸ ਏ ਕਿ ਇਹ ਕਿਧਰੋਂ ਨ ਕਿਧਰੋਂ ਬੰਦੂਕ ਲੈ ਕੇ ਆਏਗਾ,' ਗੁਰਦੇਵ ਸਿੰਘ ਨੇ ਬੜੇ ਵਿਸ਼ਵਾਸ ਨਾਲ ਕਿਹਾ ।

'ਪਰ ਜੇ ਕਰ ਬੰਦੂਕ ਲਈ ਰੰਕਮ ਤਾਰਨੀ ਪਈ ਤਾਂ ਉਹਦਾ ਕੀ ਕਰਾਂਗੇ ? ਇਹ ਤਾਂ ਅਸਾਂ ਸੋਚਿਆ ਹੀ ਨਹੀਂ,' ਹਜ਼ਾਰਾ ਸਿੰਘ ਨੇ ਦੱਸਿਆ ।

'ਗੱਲ ਤੇਰੀ ਠੀਕ ਏ,' ਗੁਰਦੇਵ ਸਿੰਘ ਨੇ ਇਕ ਲੰਮਾ ਸਾਹ ਲੈ ਕੇ ਆਖਿਆ, 'ਸੋਹਣੇ ਨੂੰ ਹੀ ਕਹਾਂਗੇ ਕਿ ਫੜ ਦੇ ਕਿਸੇ ਸ਼ਾਹ ਤੋਂ । ਅਸੀਂ ਉਹ ਨੂੰ ਮੋੜ ਦਿਆਂਗੇ ।'

'ਅਸੀਂ ਮੋੜਾਂਗੇ ਕਿਵੇਂ ?' ਹਜ਼ਾਰਾ ਸਿੰਘ ਨੇ ਪੁੱਛਿਆ, ਸਾਨੂੰ ਕਿਹੜੀ ਆਮਦਨੀ ਏ ? ਰੋਟੀ ਤਾਂ ਆਪ ਕਦੇ ਕਿਧਰੇ ਤੇ ਕਦੇ ਕਿਧਰੇ ਜਾ ਕੇ ਖਾਂਦੇ ਹਾਂ । ਘਰ ਸਾਡੇ ਰਕਮਾਂ ਨਹੀਂ ਜੋ ਉਥੋਂ ਲਿਆ ਕੇ ਦੇ ਦਿਆਂਗੇ । ਘਰ ਦੇ ਪਿੱਛੋਂ ਪਤਾ ਨਹੀਂ ਕਿਵੇਂ ਗੁਜ਼ਾਰਾ ਕਰਦੇ ਹੋਣਗੇ, ਫਿਰ ਅਸੀਂ ਝੂਠਾ ਲਾਰਾ ਕਿਉਂ ਲਾਈਏ ਕਿ ਅਸੀਂ ਰਕਮ ਮੋੜ ਦਿਆਂਗੇ, ਇਸ ਨਾਲੋਂ ਚੰਗਾ ਏ ਕਿ ਅਸੀਂ ਸਾਫ ਕਹਿ ਦਈਏ ਕਿ ਅਸੀਂ ਰਕਮ ਨਹੀਂ ਦੇ ਸਕਦੇ ਜੇਕਰ ਤੂੰ ਲੈ ਸਕਦਾ ਏਂ ਤਾਂ ਲੈ ਦੇ ।'

'ਬੰਦੂਕ ਦਾ ਪਤਾ ਲੱਗ ਲਏ, ਪਹਿਲਾਂ ਹੀ ਅਸੀਂ ਢੇਰੀ ਨਾ ਢਾਹ ਲਈਏ,' ਗੁਰਦੇਵ ਸਿੰਘ ਨੇ ਸਮਝਾਇਆ ।' 'ਪਤਾ ਨਹੀਂ ਮਿਲਦੀ ਵੀ ਏ ਕਿ ਨਹੀਂ, ਜੇ ਮਿਲੇ ਤਾਂ ਅਗਲਾ ਕਿਤਨੇ ਪੈਸੇ ਮੰਗਦਾ ਏ, ਅਜੇਹੀ ਚੀਜ਼ ਦਾ ਮੁੱਲ ਵੀ ਤਾਂ ਕੁਝ ਨਹੀਂ ਦੱਸਿਆ ਜਾ ਸਕਦਾ, ਕੋਈ ਲੱਖ ਮੰਗੇ ਕੋਈ ਕੱਖ ।'

'ਸੋਹਣਾ ਆਉਂਦਾ ਤਾਂ ਪਿਆ ਏ, ਲਾਉ ਖਾਂ ਉਹ ਦੇ ਚਿਹਰੇ ਤੋਂ ਅਨੁਮਾਨ ਸਫਲ ਹੋ ਕੇ ਆ ਰਿਹਾ ਏ ਕਿ ਨਹੀਂ,' ਹਜ਼ਾਰਾ ਸਿੰਘ ਨੇ ਬੁਝਾਰਤ ਪਾ ਦਿੱਤੀ।

'ਇਤਨੀ ਦੂਰੋਂ ਕੀ ਪਤਾ ਲੱਗਦਾ ਏ,' ਗੁਰਦੇਵ ਸਿੰਘ ਨੇ ਉੱਤਰ ਦਿੱਤਾ ।

'ਲਉ ਫਿਰ ਮੈਂ ਠੀਕ ਦੱਸ ਸਕਦਾ ਹਾਂ,' ਹਜ਼ਾਰਾ ਸਿੰਘ ਨੇ ਬੜੇ ਵਿਸ਼ਵਾਸ

ਨਾਲ ਕਿਹਾ, 'ਉਹ ਕਾਮਯਾਬ ਹੋ ਕੇ ਆ ਰਿਹਾ ਜੇ ।' ਇਤਨੇ ਵਿਚ ਸੋਹਣਾ ਵੀ ਉਹਨਾਂ ਦੇ ਨੇੜੇ ਆ ਗਿਆ । ਉਹ ਨੇ ਆਉਂਦਿਆਂ ਪੁੱਛਿਆ, ਸੁਣਾਉ ਰੋਟੀ ਪਹੁੰਚ ਗਈ ਸੀ ?

'ਆਹੋ, ਅਸੀਂ ਖਾ ਲਈ ਏ ਪਰ ਤੁਸੀਂ ਕਿਸੇ ਹੱਥ ਕਿਉਂ ਭੇਜੀ, ਇਉਂ ਸਾਡੇ ਆਉਣ ਦੀ ਗੱਲ ਧੁੰਮ ਸਕਦੀ ਏ ।' ਹਜ਼ਾਰਾ ਸਿੰਘ ਨੇ ਕਿਹਾ, 'ਆਪ ਲੈ ਆਉਂਦੇ ਤਾਂ ਚੰਗਾ ਸੀ ।'

'ਕੋਈ ਗੱਲ ਨਹੀਂ, ਬੰਦਾ ਮੇਰਾ ਆਪਣਾ ਸੀ, ਅਜੇਹਾ ਨਹੀਂ ਕਰ ਸਕਦਾ, ਉਹ ਚਲਾ ਗਿਆ ਏ ਕਿ ਇਥੇ ਈ ਏ । ਮੈਂ ਉਹਨੂੰ ਕਹਿ ਦਿਆਂ ਉਹ ਅੱਗੋਂ ਕਿਸੇ ਨਾਲ ਇਸ ਬਾਰੇ ਗੱਲ ਨਾ ਕਰੇ,' ਸੋਹਣੇ ਨੇ ਕਿਹਾ ।

'ਕਹਿਣ ਦੀ ਹੁਣ ਲੋੜ ਨਹੀਂ, ਉਹ ਸ਼ਾਇਦ ਉਂਝ ਹੀ ਨਾ ਕਿਸੇ ਨੂੰ ਦੱਸੇ । ਬੜਾ ਸਿੱਧਾ ਸਾਦਾ ਜਿਹਾ ਬੰਦਾ ਸੀ, ਉਹ ਨੂੰ ਸ਼ਾਇਦ ਇਹ ਵੀ ਪਤਾ ਨਹੀਂ ਕਿ ਸਿੱਖ ਕੀ ਹੁੰਦੇ ਨੇ ਤੇ ਅਸੀਂ ਸਿੱਖ ਹਾਂ ।' ਗੁਰਦੇਵ ਸਿੰਘ ਨੇ ਕਿਹਾ, 'ਜੇਕਰ ਉਹਨੂੰ ਉਚੇਚੇ ਤੌਰ 'ਤੇ ਕਿਹਾ ਤਾਂ ਉਹ ਜ਼ਰੂਰ ਕਿਧਰੇ ਨਾ ਕਿਧਰੇ ਗੱਲ ਕਰ ਬੈਠੇਗਾ । ਤੁਸੀਂ ਛੱਡੋ ਇਸ ਗੱਲ ਨੂੰ ਤੇ ਦੱਸੋ ਕਿ ਕਿਧਰੋਂ ਪਤਾ ਲੱਗਾ ਏ ਬੰਦੂਕ ਦਾ ਕਿ ਨਹੀਂ ।'

'ਹਾਂ ਮੈਂ ਪਤਾ ਕੀਤਾ ਏ, ਉਸ ਬੰਦੇ ਪਾਸ ਤਾਂ ਇਸ ਸਮੇਂ ਨਹੀਂ ਪਰ ਉਹਦੇ ਅੱਗੋਂ ਇਕ ਯਾਰ ਪਾਸ ਏ, ਉਹ ਲਿਆ ਦਿੰਦਾ ਏ ਉਸ ਪਾਸੋਂ । ਉਹ ਨੂੰ ਮੈਂ ਤੋਰ ਕੇ ਆਇਆ ਹਾਂ,' ਸੋਹਣੇ ਨੇ ਦੱਸਿਆ । 'ਮਿਲ ਜਾਏ ਤਾਂ ਚੰਗਾ ਏ,' ਹਜ਼ਾਰਾ ਸਿੰਘ ਨੇ ਕਿਹਾ ।

'ਚੰਗਾ ਜਿਹਾ ਚੰਗਾ, ਅਸੀਂ ਪੰਜ ਸੱਤ ਬੰਦੂਕਾਂ ਵਾਲੇ ਜੁੜ ਜਾਈਏ ਤਾਂ ਸੱਚੀ ਮੁੱਚੀ ਨਵਾਬ ਦੀ ਨਾਸੀਂ ਧੂੰ ਦੇ ਦਈਏ ।' ਗੁਰਦੇਵ ਸਿੰਘ ਨੇ ਕਿਹਾ, 'ਉਹਦੇ ਖਜ਼ਾਨੇ ਵਿਚ ਕਿਧਰੋਂ ਰਕਮ ਨਾ ਜਾਣ ਦਈਏ, ਉਹਨੂੰ ਮਹੱਲ ਤੋਂ ਬਾਹਰ ਨਿਕਲਣ ਜੋਗਾ ਨਾ ਛੱਡੀਏ ।'

'ਉਹਨੇ ਬਾਹਰ ਨਿਕਲ ਕੇ ਵੀ ਕੀ ਲੈਣਾ ਏ, ਉਹ ਅੰਦਰ ਬੈਠਾ ਹੁਕਮ ਚਾੜ੍ਹਦਾ ਰਹੇਗਾ । ਸਵਾਲ ਤਾਂ ਉਹਨੂੰ ਮਾਰਨ ਦਾ ਏ । ਜੇਕਰ ਇਹ ਹੋ ਜਾਏ ਤਾਂ ਅਸਲ ਕਾਮਯਾਬੀ ਏ ।' ਸ੍ਰ: ਹਜ਼ਾਰਾ ਸਿੰਘ ਨੇ ਉਹਦੀ ਗੱਲ ਟੋਕ ਕੇ ਆਖਿਆ ।

'ਸਭ ਤਰ੍ਹਾਂ ਕਾਮਯਾਬੀ ਏ,' ਗੁਰਦੇਵ ਸਿੰਘ ਨੇ ਦੱਸਿਆ 'ਜੇਕਰ ਉਹਨੂੰ ਮਾਰ ਲਈਏ ਤਾਂ ਤੇ ਪੂਰੀ ਕਾਮਯਾਬੀ ਹੋਈ ਪਰ ਜੇਕਰ ਉਹ ਮਰੇ ਨਾ ਤਾਂ ਉਹਦੀ ਹਰਕਤ ਨੂੰ ਫੇਲ੍ਹ ਕਰ ਲੈਣਾ ਵੀ ਵੱਡੀ ਪ੍ਰਾਪਤੀ ਏ ।'

'ਹਕੂਮਤ ਕਿਵੇਂ ਫੇਲ੍ਹ ਹੋ ਸਕਦੀ ਏ ?' ਹਜ਼ਾਰਾ ਸਿੰਘ ਨੇ ਪੁੱਛਿਆ।

'ਉਹਦਾ ਖਜ਼ਾਨਾ ਲੁਟ ਲਿਆ ਜਾਏ, ਬਾਹਰੋਂ ਰਕਮਾਂ ਜਾਣ ਨਾ ਦਿੱਤੀਆਂ ਜਾਣ, ਲੋਕਾਂ ਵਿਚ ਹਫੜਾਦਫੜੀ ਮਚ ਜਾਏ, ਫੌਜ ਸਰਕਾਰ ਦੀ ਹੋਰ ਪਾਸੇ ਰੁਝੀ ਰਹੇ। ਬਦਅਮਨੀ ਫੈਲੀ ਰਹੇ, ਕਿਸੇ ਸਰਕਾਰੀ ਬੰਦੇ ਦੀ ਪੁੱਛ ਨਾ ਰਹੇ, ਇਹੋ ਜਿਹੇ ਕਈ ਤਰੀਕੇ ਹੋ ਸਕਦੇ ਹਨ।' ਗੁਰਦੇਵ ਸਿੰਘ ਨੇ ਦੱਸਿਆ।

'ਅਸੀਂ ਇਤਨਾ ਕੁਝ ਕਿਸ ਤਰ੍ਹਾਂ ਕਰ ਲਵਾਂਗੇ ?' ਹਜ਼ਾਰਾ ਸਿੰਘ ਨੇ ਬੜੀ ਹੈਰਾਨੀ ਨਾਲ ਕਿਹਾ। 'ਇਹ ਕੰਮ ਤਾਂ ਤਕੜੀ ਫੌਜ ਨਾਲ ਲਿਆ ਕੇ ਹੀ ਕੀਤਾ ਜਾ ਸਕਦਾ ਹੈ। ਅਸੀਂ ਫੌਜ ਕਿਥੋਂ ਲੈ ਸਕਦੇ ਹਾਂ, ਫੌਜ ਲਈ ਬੰਦੇ ਤੇ ਬੰਦਿਆਂ ਲਈ ਖਰਚ ਦਾ ਪ੍ਰਬੰਧ।'

'ਭੋਲੇ ਪਾਤਿਸ਼ਾਹ ਹੋ ਤੁਸੀਂ ਤੇ,' ਗੁਰਦੇਵ ਸਿੰਘ ਨੇ ਮੁਸਕਰਾ ਕੇ ਕਿਹਾ। 'ਜਦੋਂ ਤੁਸੀਂ ਕੋਈ ਕੰਮ ਕਰਨ ਲਈ ਨਿੱਤਰ ਪਓਗੇ ਤਾਂ ਬੰਦੇ ਵੀ ਆ ਜਾਣਗੇ ਤੇ ਪੈਸੇ ਦੇਣ ਵਾਲੇ ਵੀ। ਹੁਣ ਤੁਹਾਨੂੰ ਕੋਈ ਕਿਵੇਂ ਦੇਵੇ, ਨਾ ਕਿਸੇ ਨੂੰ ਤੁਹਾਡੇ ਵਿਚਾਰਾਂ ਦਾ ਪਤਾ ਨਾ ਕਿਸੇ ਨੂੰ ਤੁਹਾਡੇ ਕੰਮ ਦੀ ਵਾਕਿਫੀਅਤ। ਮੈਂ ਤਾਂ ਯਕੀਨ ਕਰਦਾ ਹਾਂ ਕਿ ਪਿੰਡਾਂ ਵਿਚ ਜੇਕਰ ਇਹ ਗੱਲ ਧੁੰਮ ਜਾਏ ਤਾਂ ਲੋਕੀ ਸਾਡੇ ਨਾਲ ਤੁਰਨ ਨੂੰ ਵੀ ਤਿਆਰ ਹੋ ਸਕਦੇ ਨੇ ਤੇ ਮਦਦ ਕਰਨ ਨੂੰ ਵੀ। ਲੋਕੀ ਨਵਾਬ ਤੋਂ ਦੁਖੀ ਨੇ, ਉਹ ਚਾਹੁੰਦੇ ਨੇ ਕਿ ਕੋਈ ਉਠੇ ਤੇ ਉਹਦਾ ਤਖਤਾ ਉਲਟ ਦੇਵੇ।'

'ਚਲੋ ਫਿਰ ਧੁਮਾਈਏ ਪਿੰਡਾਂ ਵਿਚ ਪਹਿਲਾਂ ਇਹ ਗੱਲ,' ਹਜ਼ਾਰਾ ਸਿੰਘ ਨੇ ਕਿਹਾ।

'ਇਹ ਕੰਮ ਅਸੀਂ ਤੁਸੀਂ ਨਹੀਂ ਕਰ ਸਕਦੇ, ਇਹਦੇ ਲਈ ਹੋਰ ਬੰਦਿਆਂ ਦੀ ਲੋੜ ਏ। ਅਸੀਂ ਕਿਸ ਨੂੰ ਕਹਿ ਸਕਦੇ ਹਾਂ, ਜਦ ਕਿ ਪਿੰਡਾਂ ਵਿਚ ਖੁਲ੍ਹੇ ਫਿਰ ਤੁਰ ਵੀ ਨਹੀਂ ਸਕਦੇ। ਫਿਰ ਸਾਡੀ ਗੱਲ 'ਤੇ ਸ਼ਾਇਦ ਲੋਕੀ ਛੇਤੀ ਇਤਬਾਰ ਨਾ ਕਰਨ,' ਗੁਰਦੇਵ ਸਿੰਘ ਬੋਲਿਆ।

'ਫਿਰ ਕਰੇ ਕੌਣ ?'

'ਸੋਹਣੇ ਤੇ ਇਹਦੇ ਵਰਗੇ ਸਾਡੇ ਹਮਦਰਦ ਇਹ ਕੰਮ ਕਰ ਸਕਦੇ ਹਨ,' ਗੁਰਦੇਵ ਸਿੰਘ ਨੇ ਮਨ ਵਿਚ ਪੂਰੀ ਤਰ੍ਹਾਂ ਵਿਉਂਤਾਂ ਬਣਾ ਕੇ ਦੱਸਿਆ। 'ਇਹ ਲੋਕਾਂ ਵਿਚ ਗੱਲਾਂ ਕਰਨ ਕਿ ਸਿੱਖ ਇਕੱਠੇ ਹੋ ਰਹੇ ਹਨ, ਹਥਿਆਰ ਤੇ ਫੌਜਾਂ ਇਕੱਠੀਆਂ ਕਰ ਰਹੇ ਹਨ, ਉਹ ਸਰਕਾਰ ਦਾ ਤਖ਼ਤਾ ਉਲਟਾਣ ਦਾ ਯਤਨ ਕਰਨਗੇ। ਇਹੋ ਜਿਹੀਆਂ ਗੱਲਾ ਦਸਾਂ ਨਾਲ ਕਰੋ ਤਾਂ ਸ਼ਾਮ ਤਕ ਦਸ

ਸੌ ਨੂੰ ਪਤਾ ਲੱਗ ਜਾਂਦਾ ਏ, ਅੱਗ ਵਾਂਗ ਇਹ ਖ਼ਬਰ ਖਿਲਰਦੀ ਏ । ਜਦ ਚਰਚਾ ਚੱਲੀ ਤਾਂ ਫਿਰ ਲੋਕੀ ਸਾਡੀ ਮਦਦ ਵੀ ਕਰਨਗੇ, ਨਾਲ ਵੀ ਰਲਣਗੇ ।

'ਸਰਕਾਰ ਤੱਕਦੀ ਤਾਂ ਨਹੀਂ ਰਹੇਗੀ, ਉਹ ਵਧੇਰੇ ਸਰਗਰਮ ਹੋ ਜਾਏਗੀ, ਸਾਡਾ ਪਿੱਛਾ ਕਰਨ ਲੱਗ ਪਏਗੀ ਤੇ ਕਾਬੂ ਕਰ ਲਵੇਗੀ । ਨਵਾਬ ਫਿਰ ਬਾਹਰ ਨਹੀਂ ਨਿਕਲੇਗਾ,' ਹਜ਼ਾਰਾ ਸਿੰਘ ਨੇ ਕਿਹਾ ।

'ਮੇਰਾ ਖਿਆਲ ਏ ਕਿ ਨਵਾਬ ਅਜੇ ਨਹੀਂ ਅੰਦਰ ਵੜਨ ਲੱਗਾ । ਉਹ ਅਜੇ ਪਿੱਛਾ ਕਰੇਗਾ, ਫਿਰ ਜਦੋਂ ਸਾਡਾ ਇਕ ਅੱਧਾ ਵਾਰ ਹੋ ਗਿਆ, ਉਸ ਪਿੱਛੋਂ ਭਾਵੇਂ ਲੁਕੇ । ਅਜੇ ਤਾਂ ਉਹਦੇ ਮਨ ਵਿਚ ਸਾਡੇ ਤੋਂ ਬਹੁਤਾ ਭੈ ਨਹੀਂ । ਗੁਰਦੇਵ ਸਿੰਘ ਨੇ ਕਿਹਾ, 'ਨਾਲੇ ਉਹਨੂੰ ਕੀ ਪਤਾ, ਅਸੀਂ ਕੌਣ ਹਾਂ, ਕਿੱਥੇ ਹਾਂ ਤੇ ਕੀ ਕਰ ਰਹੇ ਹਾਂ ?

'ਕਿਉਂ ਸੋਹਣੇ ਜੀ, ਕਰੋਗੇ ਇਹ ਸੇਵਾ ? ਹਜ਼ਾਰਾ ਸਿੰਘ ਨੇ ਪੁੱਛਿਆ ।

'ਜਿਵੇਂ ਆਖੋ, ਮੈਂ ਤਾਂ ਹਰ ਤਰ੍ਹਾਂ ਦੀ ਸੇਵਾ ਲਈ ਤਿਆਰ ਹਾਂ,' ਸੋਹਣੇ ਨੇ ਉੱਤਰ ਦਿੱਤਾ ।

'ਫਿਰ ਕਰਨਾ ਪ੍ਰਚਾਰ ?'

'ਜੇ ਕਿਸੇ ਪੁੱਛਿਆ ਕਿ ਤੈਨੂੰ ਕਿਥੋਂ ਪਤਾ ਲੱਗਾ ਏ ਤਾਂ ਫਿਰ ਕੀ ਉੱਤਰ ਦਿਆਂ ?' ਸੋਹਣੇ ਨੇ ਪੁੱਛਿਆ ।

'ਆਖ ਦਈਂ, ਸਿੱਖਾਂ ਦਾ ਜੱਥਾ ਲੰਘਦਾ ਜਾਂਦਾ ਦੇਖਿਆ ਏ, ਉਹ ਗੱਲਾਂ ਕਰਦੇ ਜਾਂਦੇ ਸਨ,' ਗੁਰਦੇਵ ਸਿੰਘ ਨੇ ਸਮਝਾਇਆ ।

'ਚਲੋ ਠੀਕ ਏ', ਸੋਹਣੇ ਨੇ ਹਾਂ ਕੀਤੀ ।

'ਫਿਰ ਅਸੀਂ ਪੱਤਰਾ ਵਾਚ ਜਾਈਏ ਪਹਿਲਾਂ,' ਹਜ਼ਾਰਾ ਸਿੰਘ ਨੇ ਕਿਹਾ ।

'ਉਹ ਕੌਣ ਆਉਂਦਾ ਪਿਆ ਏ ?' ਗੁਰਦੇਵ ਸਿੰਘ ਨੇ ਪੁੱਛਿਆ ।

'ਉਹੀ ਬੰਦਾ ਏ ਜਿਸ ਨੂੰ ਬੰਦੂਕ ਲੈਣ ਭੇਜਿਆ ਸੀ,' ਸੋਹਣੇ ਨੇ ਕਿਹਾ, 'ਤੁਸੀਂ ਜ਼ਰਾ ਖੇਤ ਦੇ ਉਹਲੇ ਹੋ ਜਾਓ, ਸ਼ਾਇਦ ਤੁਹਾਨੂੰ ਦੇਖ ਕੇ ਨਾ ਦੇਵੇ ।'

'ਚੰਗਾ,' ਦੋਵੇਂ ਕੋਡੇ ਹੋ ਕੇ ਖਾਲ ਰਾਹੀਂ ਖੇਤ ਵਿਚ ਚਲੇ ਗਏ । ਉਹ ਬੰਦਾ ਆ ਗਿਆ ਤੇ ਉਸ ਨੇ ਕਿਹਾ, 'ਬੰਦੂਕ ਮਿਲ ਗਈ ਏ ਪਰ ਬਾਰੂਦ ਨਹੀਂ ਮਿਲਿਆ, ਉਹ ਉਹਦੇ ਕੋਲ ਹੈ ਨਹੀਂ ।'

'ਚਲੋ ਬੰਦੂਕ ਹੀ ਸਹੀ ।'

'ਇਹ ਤਾਂ ਦੱਸ ਚਾਹੀਦੀ ਕਾਹਦੇ ਲਈ ਏ ।'

'ਇਹ ਫਿਰ ਦੱਸਾਂਗਾ ।'

'ਨਹੀਂ, ਮੈਂ ਪਹਿਲਾਂ ਪੁੱਛਣਾ ਏ ।'

'ਨਾ ਪੁੱਛੋਂ ਤਾਂ ਚੰਗਾ ਏ ।'

'ਨਹੀਂ, ਮੈਂ ਪੁੱਛਣਾ ਏ ।'

'ਫਿਰ ਬਚਨ ਦੇ ਕਿ ਕਿਸੇ ਅੱਗੇ ਗੱਲ ਨਹੀਂ ਕਰਾਂਗਾ,' ਸੋਹਣੇ ਨੇ ਉਹਦੇ ਤੋਂ ਸਹੁੰ ਚੁਕਵਾਈ ਤੇ ਫਿਰ ਦੱਸਿਆ, 'ਇਹ ਬੰਦੂਕ ਸਿੱਖਾਂ ਨੂੰ ਚਾਹੀਦੀ ਏ, ਉਹਨਾਂ ਨੇ ਨਵਾਬ ਸਰਹੰਦ ਨੂੰ ਮਾਰਨਾ ਏਂ ।'

'ਸੱਚੀਂ' ਹੈਰਾਨੀ ਨਾਲ ਉਸ ਬੰਦੇ ਨੇ ਪੁੱਛਿਆ ।

'ਆਹੋ,' ਸੋਹਣੇ ਨੇ ਦੱਸਿਆ ।

'ਫਿਰ ਉਹਨਾਂ ਨੂੰ ਮੈਨੂੰ ਮਿਲਾ,' ਉਸ ਆਦਮੀ ਨੇ ਕਿਹਾ, 'ਮੈਂ ਉਹਨਾਂ ਦੀ ਹੋਰ ਮਦਦ ਵੀ ਕਰ ਸਕਦਾ ਹਾਂ । ਹੁੰਦੇ ਤਾਂ ਸਿੱਖ ਕਾਫਰ ਨੇ ਪਰ ਜੇਕਰ ਕਾਫਰ ਵੀ ਚੰਗਾ ਕੰਮ ਕਰਨ ਤਾਂ ਉਹਨਾਂ ਦੀ ਮਦਦ ਕਰਨੀ ਚਾਹੀਦੀ ਏ । ਨਵਾਬ ਨੂੰ ਮਾਰਨਾ ਚੰਗਾ ਕੰਮ ਏ, ਪੁੰਨ ਏ ਨਿਰਾ । ਉਹਦੇ ਵਰਗਾ ਤਾਂ ਦਰਿੰਦਾ ਕੋਈ ਨਹੀਂ ਸਾਰੀ ਦੁਨੀਆਂ ਵਿਚ । ਮੈਂ ਬਹੁਤ ਤੰਗ ਆ ਕੇ ਨੌਕਰੀ ਛੱਡ ਕੇ ਨੱਸਿਆ ਸੀ । ਮੇਰੇ ਕੋਲੋਂ ਪੁੱਛੋ ਉਹਦੀਆਂ ਕਰਤੂਤਾਂ, ਜਿਹੜਾ ਕਈ ਮਹੀਨੇ ਉਹਦੇ ਮਹੱਲ 'ਤੇ ਪਹਿਰਾ ਦਿੰਦਾ ਰਿਹਾ ਹਾਂ ।'

ਆਏ ਜਦ ਸਿੱਖ ਤਾਂ ਮਿਲਾ ਦਿਆਂਗਾ,' ਸੋਹਣੇ ਨੇ ਇਹ ਕਹਿ ਕੇ ਟਾਲ ਦਿੱਤਾ ।

'ਚਲੋ ਉਹਨਾਂ ਨੂੰ ਦੱਸ ਦਈਂ ਕਿ ਜਬੋਵਾਲੀ ਦਾ ਲੁਹਾਰ ਬੰਦੂਕ ਬਣਾ ਲੈਂਦਾ ਏ, ਹੈ ਵੀ ਉਹ ਲਾਲਚੀ ਤੇ ਨਵਾਬ ਦੇ ਸਖਤ ਖਿਲਾਫ । ਉਹਨੂੰ ਮਿਲਣ 'ਤੇ ਜਿਤਨੀਆਂ ਕਹਿਣਗੇ ਉਹ ਬਣਾ ਦੇਵੇਗਾ । ਲੁਹਾਰਾ ਤਰਖਾਣਾ ਦੋਵੇਂ ਕੰਮ ਕਰ ਲੈਂਦਾ ਏ ।' ਉਸ ਬੰਦੇ ਨੇ ਬੰਦੂਕ ਕੱਢ ਕੇ ਸੋਹਣੇ ਨੂੰ ਦੇ ਦਿੱਤੀ ।

'ਇਹਦਾ ਮੁੱਲ ?'

'ਬਹੁਤ ਜ਼ਿਆਦਾ ।'

'ਕੀ ?'

'ਨਵਾਬ ਦੀ ਮੌਤ ।'

'ਨਹੀਂ ਸੱਚ ਦੱਸ ।'

'ਬਸ ਨਵਾਬ ਮਾਰ ਦਿਉ ਤਾਂ ਮੈਂ ਸਮਝ ਲਵਾਂਗਾ ਕਿ ਮੈਨੂੰ ਰਕਮ ਆ ਗਈ।' ਉਸ ਨੇ ਕਿਹਾ ਤੇ ਬੰਦੂਕ ਦੇ ਕੇ ਚਲਾ ਗਿਆ । ਸੋਹਣੇ ਨੇ ਆਵਾਜ਼ ਦੇ ਕੇ ਬੰਦੂਕ ਹਜ਼ਾਰਾ ਸਿੰਘ ਤੇ ਗੁਰਦੇਵ ਸਿੰਘ ਦੇ ਹਵਾਲੇ ਕਰ ਦਿੱਤੀ ।

●●●

ਕਾਂਡ-11

ਹਜ਼ਾਰਾ ਸਿੰਘ ਤੇ ਗੁਰਦੇਵ ਸਿੰਘ ਦੋਹਾਂ ਦੇ ਮਨ ਹੁਣ ਵਧੇਰੇ ਖੁਸ਼, ਸੰਤੁਸ਼ਟ ਤੇ ਦਲੇਰ ਹੋ ਗਏ । ਇਕ ਬੰਦੂਕ ਮਿਲ ਜਾਣ ਨਾਲ ਸਮਝਣ ਲੱਗ ਪਏ ਕਿ ਅਸੀਂ ਦੋ ਨਹੀਂ ਯਾਰਾਂ ਹੋ ਗਏ ਹਾਂ । ਬੰਦੂਕ ਅਜੇ ਤਕ ਬਿਨਾਂ ਬਾਰੂਦ ਦੇ ਸੀ । ਇਸ ਲਈ ਬਾਰੂਦ ਪਰਾਪਤ ਕਰਨ ਦੇ ਸਾਰੇ ਟਿਕਾਣੇ ਵੀ ਸੋਹਣੇ ਨੇ ਪੁੱਛ ਕੇ ਦੱਸ ਦਿੱਤੇ ਸਨ । ਇਸ ਲਈ ਇਹ ਹੁਣ ਬਾਰੂਦ ਪਰਾਪਤ ਕਰਨ ਲਈ ਤੁਰ ਪਏ । ਸੋਹਣੇ ਨੇ ਇਹਨਾਂ ਨੂੰ ਇਕ ਘੋੜਾ ਵੀ ਲੈ ਦਿੱਤਾ । ਦੋਵੇਂ ਇਕੋ ਘੋੜੇ 'ਤੇ ਸਵਾਰ ਉਸ ਪਿੰਡ ਪਹੁੰਚੇ ਜਿਥੋਂ ਬਾਰੂਦ ਮਿਲ ਸਕਦਾ ਸੀ । ਜਾ ਕੇ ਉਸ ਆਦਮੀ ਦਾ ਘਰ ਲੱਭਾ ਤੇ ਹਨੇਰੇ ਵਿਚ ਹੀ ਉਹਦੇ ਕੋਲ ਪਹੁੰਚੇ । ਜੋ ਕੁਝ ਥੋੜ੍ਹੀ ਥੋੜ੍ਹੀ ਰਕਮ ਦੋਹਾਂ ਪਾਸ ਸੀ, ਉਹ ਉਹਦੇ ਅੱਗੇ ਢੇਰੀ ਕਰ ਦਿੱਤੀ ਤੇ ਉਸ ਤੋਂ ਬਾਰੂਦ ਮੁੱਲ ਲੈ ਲਿਆ ।

ਪਿੰਡ ਤੋਂ ਬਾਹਰ ਨਿਕਲ ਰਹੇ ਸਨ ਕਿ ਪਿੰਡ ਦਾ ਚੌਧਰੀ ਅੱਗੋਂ ਆ ਗਿਆ । ਉਹ ਕਿਧਰੇ ਬਾਹਰਲੇ ਪਿੰਡ ਨੂੰ ਗਿਆ ਹੋਇਆ ਸੀ ਤੇ ਰਾਤ ਨੂੰ ਦੇਰ ਨਾਲ ਘਰ ਆ ਰਿਹਾ ਸੀ, ਉਹਨੇ ਹਨੇਰੇ ਵਿਚ ਘੋੜੇ ਤੇ ਜਾਂਦੇ ਦੋ ਬੰਦੇ ਦੇਖੇ ਤੇ ਉਹਨੂੰ ਸ਼ੱਕ ਪੈ ਗਿਆ ਜਿਵੇਂ ਉਹਦੀ ਹਵੇਲੀ ਵਿੱਚੋਂ ਘੋੜਾ ਖੋਲ੍ਹ ਕੇ ਲਿਆਂਦਾ ਏ । ਬਿਲਕੁਲ ਇਹਨਾਂ ਦੇ ਘੋੜੇ ਵਰਗਾ ਹੀ ਇਕ ਘੋੜਾ ਉਹਦੇ ਕੋਲ ਵੀ ਸੀ । ਉਹਨੇ ਆਵਾਜ਼ ਦਿੱਤੀ, 'ਠਹਿਰੋ ਬਈ ਕਿਹੜੇ ਹੋ ਜਾਂਦੇ ?'

ਸਿੰਘਾਂ ਨੇ ਉਹਦੀ ਆਵਾਜ਼ ਦੀ ਪਰਵਾਹ ਨਾ ਕੀਤੀ ਤੇ ਆਪਣੀ ਚਾਲ ਤੁਰਦੇ ਗਏ । ਉਹਨੇ ਦੂਜੀ ਆਵਾਜ਼ ਦਿੱਤੀ ਜਦ ਫਿਰ ਵੀ ਨਾ ਬੋਲੇ ਤਾਂ ਉਹਨੇ ਗੁੱਸੇ ਨਾਲ ਕਿਹਾ, 'ਕਿਹੜੇ ਹੋ ਹਰਾਮਦੇ ਖਲੋਂਦੇ ਕਿਉਂ ਨਹੀਂ ।'

'ਬਕਵਾਸ ਨਾ ਕਰ ਉਏ,' ਹਜ਼ਾਰਾ ਸਿੰਘ ਨੇ ਕਿਹਾ, 'ਤੈਨੂੰ ਕੀ ਕੋਈ ਹੋਇਐ, ਤੂੰ ਕੌਣ ਏਂ ਪੁੱਛਣ ਵਾਲਾ ?'

'ਦੱਸਦਾ ਹਾਂ ਤੁਹਾਨੂੰ,' ਚੌਧਰੀ ਨੇ ਕਿਹਾ ਤੇ ਰੌਲਾ ਪਾ ਦਿੱਤਾ, 'ਚੋਰ ਉਏ, ਚੋਰ ਉਏ, ਛੇਤੀ ਪਹੁੰਚੋ, ਘੋੜਾ ਲੈ ਗਏ ।' ਨਾਲ ਹੀ ਉਹ ਜਿਸ ਘੋੜੇ 'ਤੇ ਸੀ, ਉਹ ਉਹਨੇ ਮੋੜਿਆ, ਇਹਨਾਂ ਦੇ ਪਿੱਛੇ ਲਾ ਦਿੱਤਾ । ਪਿੰਡ ਦੇ ਲੋਕੀ ਝੱਟ ਪਟ ਘਰਾਂ ਤੋਂ

ਨਿਕਲੇ ਤੇ ਇਧਰ ਉਧਰ ਨੱਸਣ ਲੱਗ ਪਏ ਜਿਹਨਾਂ ਨੂੰ ਯਕੀਨ ਸੀ ਕਿ ਚੌਧਰੀ ਦੀ ਆਵਾਜ਼ ਇਧਰੋਂ ਆਈ ਏ, ਉਹ ਤੁਰੰਤ ਉਧਰ ਨੂੰ ਨੱਸੇ।

ਸਿੰਘਾਂ ਨੇ ਘੋੜਾ ਰੋਕ ਲਿਆ। ਜਦ ਚੌਧਰੀ ਨੇੜੇ ਆਇਆ ਤਾਂ ਉਹਨੇ ਪਛਾਣ ਲਿਆ ਕਿ ਇਹ ਸਾਧਾਰਨ ਆਦਮੀ ਨਹੀਂ, ਸਿੰਘ ਹਨ ਪਰ ਉਹਨੇ ਆਪਣੇ ਮਨ ਦੀ ਕਮਜ਼ੋਰੀ ਤੇ ਰਾਤ ਦੇ ਹਨੇਰੇ ਵਿਚ ਕਾਬੂ ਪਾ ਕੇ ਤੇ ਮੂੰਹ 'ਤੇ ਆ ਗਏ ਅਚਾਨਕ ਪਸੀਨੇ ਨੂੰ ਪੂੰਝ ਕੇ ਕਿਹਾ, 'ਖੜੇ ਕਿਉਂ ਨਹੀਂ ਹੋਏ ?'

'ਸਾਡੀ ਮਰਜ਼ੀ', ਹਜ਼ਾਰਾ ਸਿੰਘ ਨੇ ਮੁੜ ਗਰਜਵਾਂ ਉੱਤਰ ਦਿੱਤਾ।

'ਤੁਹਾਨੂੰ ਪਤਾ ਏ ਮੈਂ ਕੌਣ ਆਂ ?'

'ਕੌਣ ਏਂ ਤੂੰ ?'

'ਮੈਂ ਚੌਧਰੀ ਹਯਾਤ ਖਾਂ।'

'ਫਿਰ ਕੀ ਹੋਇਆ ਜੇ ਚੌਧਰੀ ਹਯਾਤ ਖਾਨ ਏਂ।' ਇਸ ਵਾਰੀ ਗੁਰਦੇਵ ਸਿੰਘ ਬੋਲਿਆ, 'ਜੇਕਰ ਤੂੰ ਨਵਾਬ ਦਾ ਪੁੱਤਰ ਹੁੰਦਾ ਤਾਂ ਵੀ ਸਾਨੂੰ ਕੀ ਲੋੜ ਸੀ ਕਿ ਅਸੀਂ ਰੁਕਦੇ।'

'ਇਸ ਪਿੰਡ ਵਿੱਚੋਂ ਕੋਈ ਨਹੀਂ ਮੇਰੀ ਇਜਾਜ਼ਤ ਬਗੈਰ ਲੰਘ ਸਕਦਾ', ਚੌਧਰੀ ਨੇ ਕਿਹਾ।

'ਅਸੀਂ ਨਹੀਂ ਜਾਣਦੇ ਕਿਸੇ ਨੂੰ ਟਿਚ ਵੀ, ਵੱਡਾ ਆਇਆ ਜੇ ਇਜਾਜ਼ਤਾਂ ਦੇਣ ਵਾਲਾ', ਗੁਰਦੇਵ ਸਿੰਘ ਨੇ ਬੜੇ ਵਿਅੰਗ ਨਾਲ ਕਿਹਾ।

'ਘੋੜਾ ਰੋਕੋ।'

'ਨਹੀਂ ਰੋਕਦੇ।'

'ਆਵੇ ਫਿਰ ਸੋਟਾ।'

'ਆਉਣ ਦੇ', ਇਹ ਸ਼ਬਦ ਅਜੇ ਹਜ਼ਾਰਾ ਸਿੰਘ ਦੇ ਮੂੰਹ ਵਿਚ ਹੀ ਸਨ ਕਿ ਚੌਧਰੀ ਨੇ ਹੱਥ ਵਿਚ ਫੜਿਆ ਸੋਟਾ ਦੇ ਮਾਰਿਆ। ਹਜ਼ਾਰਾ ਸਿੰਘ ਨੇ ਕਿਰਪਾਨ ਅੱਗੇ ਕਰਕੇ ਰੋਕ ਲਿਆ। ਚੌਧਰੀ ਨੂੰ ਹੋਰ ਵਧੇਰੇ ਗੁੱਸਾ ਚੜ੍ਹ ਗਿਆ ਤੇ ਉਹਨੇ ਦੂਜਾ ਵਾਰ ਕੀਤਾ। ਇਹ ਗੁਰਦੇਵ ਸਿੰਘ ਨੇ ਰੋਕ ਲਿਆ। ਤੀਜੀ ਵਾਰ ਜਦ ਚੌਧਰੀ ਨੇ ਸੋਟਾ ਮਾਰਿਆ ਤਾਂ ਹਜ਼ਾਰਾ ਸਿੰਘ ਨੇ ਫੁਰਤੀ ਨਾਲ ਉਹਦਾ ਸੋਟਾ ਫੜ ਲਿਆ ਤੇ ਜ਼ੋਰ ਨਾਲ ਹੁਜੋਕਾ ਮਾਰ ਕੇ ਸੋਟਾ ਖੋਹ ਲਿਆ। ਗੁਰਦੇਵ ਸਿੰਘ ਇਤਨੇ ਵਿਚ ਘੋੜਾ ਨੇੜੇ ਕਰਕੇ ਛਾਲ ਮਾਰ ਕੇ ਚੌਧਰੀ ਦੇ ਘੋੜੇ 'ਤੇ ਪਹੁੰਚ ਗਿਆ। ਉਹ ਨੇ ਚੁੱਕ ਕੇ ਚੌਧਰੀ

ਨੂੰ ਘੋੜੇ ਤੋਂ ਥੱਲੇ ਦੇ ਮਾਰਿਆ ਤੇ ਆਪ ਘੋੜੇ ਦੀ ਕਾਠੀ 'ਤੇ ਬੈਠ ਕੇ ਕਹਿਣ ਲੱਗਾ, ਹਜ਼ਾਰਾ ਸਿੰਘ ਜੀ ਚਲੋ। ਵਾਹਿਗੁਰੂ ਜਦੋਂ ਦੇਣ 'ਤੇ ਆਵੇ ਤਾਂ ਇਕ ਦੀ ਥਾਂ ਦੋ ਘੋੜੇ ਬਖਸ਼ ਸਕਦਾ ਹੈ। ਇਹ ਚੌਧਰੀ ਸਾਡਾ ਰਾਹ ਨਾ ਰੋਕਦਾ ਤਾਂ ਅਸਾਂ ਕੋਈ ਇਸ ਦਾ ਘੋੜਾ ਲੈਣਾ ਸੀ। ਇਹਨੇ ਰਾਹ ਰੋਕਿਆ, ਆਕੜ ਕੀਤੀ ਤੇ ਫਾਇਦਾ ਸਾਨੂੰ ਹੋ ਗਿਆ। ਇਕ ਘੋੜੇ 'ਤੇ ਦੋ ਜਣੇ ਔਖੇ ਸਾਂ, ਹੁਣ ਸੌਖੇ ਹੋ ਕੇ ਚਲਾਂਗੇ।'

ਚੌਧਰੀ ਸਿਰ ਭਾਰ ਥੱਲੇ ਡਿੱਗਾ। ਥੱਲੇ ਜ਼ਮੀਨ ਕੱਚੀ ਹੋਣ ਕਾਰਨ ਬਹੁਤੀ ਸੱਟ ਨਾ ਲੱਗੀ ਪਰ ਦਹਿਸ਼ਤ ਨਾਲ ਹੀ ਉਹ ਬੇਹੋਸ਼ ਹੋ ਗਿਆ। ਉਹ ਨੂੰ ਸੋਟਾ ਖੁਸਣ ਸਮੇਂ ਪਹਿਲਾ ਝਟਕਾ ਲੱਗਾ ਤੇ ਫਿਰ ਝਟ ਪਟ ਉਪਰ ਥੱਲੀਂ ਅਜੇਹੇ ਦੋ ਤਿੰਨ ਝਟਕੇ ਲੱਗੇ ਕਿ ਸਹਿ ਨ ਸਕਿਆ ਤੇ ਬੇਹੋਸ਼ ਹੋ ਗਿਆ।

ਪਿੰਡ ਦੇ ਲੋਕੀ ਨੇੜੇ ਆ ਗਏ। ਹਜ਼ਾਰਾ ਸਿੰਘ ਨੇ ਉੱਚੀ ਆਵਾਜ਼ ਵਿਚ ਕਿਹਾ, 'ਚੋਰ ਨਹੀਂ ਅਸੀਂ ਸਿੰਘ ਹਾਂ, ਆਉ ਤੇ ਆਪਣੇ ਪਿੰਡ ਦੇ ਚੌਧਰੀ ਨੂੰ ਚੁੱਕ ਕੇ ਲੈ ਜਾਉ, ਬੇਹੋਸ਼ ਹੋਇਆ ਪਿਆ ਜੇ, ਅਸੀਂ ਚੱਲੇ ਹਾਂ।'

ਸਿੰਘ ਘੋੜੇ ਲੈ ਕੇ ਤੁਰ ਗਏ, ਪਿੰਡ ਦੇ ਲੋਕੀ ਪਿੱਛੋਂ ਚੌਧਰੀ ਨੂੰ ਪਿੰਡ ਲੈ ਗਏ ਤੇ ਦੂਜੇ ਦਿਨ ਦੁਪਹਿਰ ਨੂੰ ਜਾ ਕੇ ਉਹਨੂੰ ਹੋਸ਼ ਆਈ ਤੇ ਉਹਨੇ ਸਾਰੀ ਗੱਲ ਦੱਸੀ।

ਹੁਣ ਹਜ਼ਾਰਾ ਸਿੰਘ ਤੇ ਗੁਰਦੇਵ ਸਿੰਘ, ਦੋਹਾਂ ਪਾਸ ਦੋ ਘੋੜੇ ਤੇ ਇਕ ਬੰਦੂਕ ਸੀ। ਦੋਵੇਂ ਇਕ ਥਾਂ ਰੁੱਖਾਂ ਦੇ ਝੁੰਡ ਵਿਚ ਆਰਾਮ ਕਰਨ ਲਈ ਠਹਿਰੇ। ਉਥੇ ਆਪਸ ਵਿਚ ਅਗਲੇ ਪ੍ਰੋਗਰਾਮ ਬਾਰੇ ਵਿਚਾਰ ਵਟਾਂਦਰਾ ਸ਼ੁਰੂ ਕਰ ਦਿੱਤਾ।

'ਮੈਂ ਸਮਝਦਾ ਹਾਂ ਕਿ ਹੁਣ ਸਾਨੂੰ ਸਰਹੰਦ ਵੱਲ ਸਿੱਧਾ ਜਾਣਾ ਚਾਹੀਦਾ ਹੈ ਤੇ ਛੇਤੀ ਨਵਾਬ ਦਾ ਸਿਰ ਵੱਢ ਕੇ ਦਸਵੇਂ ਸਤਿਗੁਰਾਂ ਦੇ ਚਰਣਾਂ ਵਿਚ ਹਾਜਰ ਕਰਨਾ ਚਾਹੀਦਾ ਹੈ। ਪਾਤਸ਼ਾਹ ਤੋਂ ਵਿਛੜਿਆਂ ਹੋਇਆਂ ਬਹੁਤ ਚਿਰ ਹੋ ਗਿਆ ਏ, ਉਹ ਪਤਾ ਨਹੀਂ ਕਿੱਥੇ ਚਲੇ ਗਏ ਹੋਣ', ਹਜ਼ਾਰਾ ਸਿੰਘ ਨੇ ਇਸ ਮਸਲੇ 'ਤੇ ਗੱਲਬਾਤ ਸ਼ੁਰੂ ਕਰਦਿਆਂ ਆਖਿਆ।

'ਕਾਹਲੀ ਨਹੀਂ ਕਰਨੀ ਚਾਹੀਦੀ', ਗੁਰਦੇਵ ਸਿੰਘ ਨੇ ਸਲਾਹ ਦਿੱਤੀ, 'ਕਾਹਲੀ ਅੱਗੇ ਟੋਏ, ਹੋ ਸਕਦਾ ਏ ਕਿ ਅਸੀਂ ਸਫਲ ਨਾ ਹੋਈਏ।'

'ਫਿਰ ਕੀ ਹੋ ਜਾਏਗਾ, 'ਹਜ਼ਾਰਾ ਸਿੰਘ ਨੇ ਉੱਤਰ ਦਿੱਤਾ, 'ਵੱਧ ਤੋਂ ਵੱਧ ਇਹੀ ਏ ਕਿ ਅਸੀਂ ਵੀ ਮਰ ਜਾਵਾਂਗੇ।'

ਮੈਂ ਮਰਨ ਤੋਂ ਨਹੀਂ ਡਰਦਾ ਪਰ ਐਵੇਂ ਮਰਨ ਨੂੰ ਚੰਗਾ ਨਹੀਂ ਸਮਝਦਾ', ਗੁਰਦੇਵ ਸਿੰਘ ਨੇ ਕਿਹਾ। 'ਮਰਨ ਲਈ ਤਾਂ ਹਰ ਵੇਲੇ ਮੌਕਾ ਮਿਲ ਸਕਦਾ ਏ ਪਰ ਕੁਝ ਕਰ ਕੇ ਮਰਨਾ ਚਾਹੀਦਾ ਏ।'

'ਤੁਸੀਂ ਫਿਰ ਕੀ ਸੋਚਦੇ ਹੋ ਕਿ ਕੀ ਕਰਨਾ ਚਾਹੀਦਾ ਏ ? ਹਜ਼ਾਰਾ ਸਿੰਘ ਨੇ ਪੁੱਛਿਆ ।

'ਅਜੇ ਬੰਦੇ ਇਕੱਠੇ ਕਰੋ, ਜੱਥਾ ਤਿਆਰ ਹੋ ਜੁਾਏ, ਫਿਰ ਕੁਝ ਕਰੀਏ', ਗੁਰਦੇਵ ਸਿੰਘ ਨੇ ਰਾਏ ਦਿੱਤੀ ।

'ਇਹ ਤਾਂ ਬਹੁਤ ਲੰਮੀ ਗੱਲ ਪੈ ਜਾਏਗੀ । ਜੱਥਾ ਇਕੱਠਾ ਕਰਦਿਆਂ ਮਹੀਨੇ ਲੱਗ ਸਕਦੇ ਹਨ ।' ਹਜ਼ਾਰਾ ਸਿੰਘ ਨੇ ਕਿਹਾ, 'ਮੈਂ ਨਹੀਂ ਇਤਨਾ ਸਮਾਂ ਸਹਾਰਾ ਕਰ ਸਕਦਾ ।'

'ਇਹੋ ਜਿਹੇ ਕੰਮਾਂ ਵਿਚ ਮਹੀਨੇ ਬਹੁਤ ਨਹੀਂ ਹੁੰਦੇ', ਗੁਰਦੇਵ ਸਿੰਘ ਨੇ ਆਖਿਆ, 'ਹੋ ਸਕਦਾ ਏ ਕਿ ਅਸੀਂ ਦਿਨਾਂ ਵਿਚ ਹੀ ਜੱਥਾ ਬਣਾ ਲਈਏ । ਮੈਂ ਬਹੁਤ ਵੱਡੀ ਪੱਧਰ 'ਤੇ ਕੁਝ ਕਰਨ ਦੀ ਸੋਚਦਾ ਹਾਂ ।'

'ਸਿੰਘ ਤੇ ਕੋਈ ਟਾਵਾਂ ਟਾਵਾਂ ਕਿਧਰੇ ਹੋਵੇਗਾ । ਜੱਥੇ ਜੋਗੇ ਬੰਦੇ ਕਿਥੋਂ ਮਿਲਣਗੇ', ਹਜ਼ਾਰਾ ਸਿੰਘ ਨੇ ਕਿਹਾ ।'

'ਸਿੰਘ ਬਹੁਤ ਨੇ ਜਦੋਂ ਅਸੀਂ ਕੰਮ ਆਰੰਭਿਆ, ਕਈ ਗਭਰੂ ਨਵੇਂ ਸਿੰਘ ਸਜ ਜਾਣਗੇ । ਮੈਂ ਜਾਣਦਾ ਹਾਂ ਕਿ ਦੇਸ਼ ਵਿਚ ਸਾਨੂੰ ਚੋਖੇ ਬੰਦੇ ਮਿਲ ਸਕਦੇ ਹਨ ।' ਗੁਰਦੇਵ ਸਿੰਘ ਨੇ ਸਮਝਾਇਆ ।

'ਮੈਂ ਨਹੀਂ ਇਹ ਰਾਹ ਠੀਕ ਸਮਝਦਾ', ਹਜ਼ਾਰਾ ਸਿੰਘ ਨੇ ਕਿਹਾ, 'ਪਰ ਕਿਉਂਕਿ ਤੁਸੀਂ ਠੀਕ ਸਮਝਦੇ ਹੋ, ਇਸ ਲਈ ਅਜ਼ਮਾ ਕੇ ਦੇਖ ਲਉ ।

'ਨਹੀਂ ਤੁਸੀਂ ਵੀ ਜਦ ਤਕ ਸਹਿਮਤ ਨਾ ਹੋਵੋ ਫਿਰ ਸਵਾਦ ਨਹੀਂ ਆ ਸਕਦਾ । ਉਹ ਕੰਮ ਬੰਦਾ ਦਿਲ ਲਾ ਕੇ ਕਰ ਹੀ ਨਹੀਂ ਸਕਦਾ ਜਿਸ ਬਾਰੇ ਪਹਿਲਾਂ ਹੀ ਮਨ ਵਿਚ ਸ਼ੰਕੇ ਹੋਣ', ਗੁਰਦੇਵ ਸਿੰਘ ਨੇ ਕਿਹਾ ।

'ਮੇਰਾ ਜੀ ਤਾਂ ਕਰਦਾ ਏ ਕਿ ਇਕ ਵਾਰ ਮੈਂ ਹੁਣੇ ਜਾ ਕੇ ਯਤਨ ਕਰ ਕੇ ਦੇਖਾਂ । ਤੁਸੀਂ ਆਪਣੇ ਤਰੀਕੇ ਨਾਲ ਕੰਮ ਕਰੋ, ਮੈਂ ਸਰਹੰਦ ਜਾਂਦਾ ਹਾਂ ।' ਹਜ਼ਾਰਾ ਸਿੰਘ ਨੇ ਮਨ ਬਣਾ ਕੇ ਤਜਵੀਜ਼ ਰੱਖੀ ।' ਇਉਂ ਮੈਂ ਤੁਹਾਨੂੰ ਇਕੱਲੇ ਨਹੀਂ ਜਾਣ ਦੇਣਾ । ਜੇ ਜਾਵਾਂਗੇ ਤਾਂ ਅਸੀਂ ਦੋਵੇਂ ਜਾਵਾਂਗੇ, ਦੇਖੀ ਜਾਏਗੀ ਜੋ ਕੁਝ ਵਾਪਰੇਗੀ' ਗੁਰਦੇਵ ਸਿੰਘ ਨੇ ਉੱਤਰ ਦਿੱਤਾ ।

'ਫਿਰ ਇਹ ਤਾਂ ਤੁਹਾਡੀ ਸੋਚ ਦੇ ਉਲਟ ਤੁਹਾਨੂੰ ਤੋਰਨ ਦੀ ਗੱਲ ਹੋਈ, ਮੈਂ ਨਹੀਂ ਫਿਰ ਜਾਂਦਾ ।' ਹਜ਼ਾਰਾ ਸਿੰਘ ਨੇ ਕਿਹਾ ।

'ਨਹੀਂ, ਇਕ ਵਾਰ ਜ਼ਰੂਰ ਚਲਦੇ ਹਾਂ, ਜੇਕਰ ਤੁਹਾਡੀ ਇੱਛਾ ਪੂਰੀ ਹੋ ਜਾਏ

ਤਾਂ ਧੰਨ ਭਾਗ ਮੇਰੇ ਵੀ', ਗੁਰਦੇਵ ਸਿੰਘ ਨੇ ਕਿਹਾ। ਦੋਵੇਂ ਕਾਫੀ ਦੇਰ ਇਸ ਵਿਸ਼ੇ 'ਤੇ ਬਹਿਸ ਕਰਦੇ ਰਹੇ ਪਰ ਗੁਰਦੇਵ ਸਿੰਘ ਨੇ ਹੁਣ ਇਸ ਗੱਲ 'ਤੇ ਡਟ ਕੇ ਪਹਿਰਾ ਦਿੱਤਾ ਕਿ ਪਹਿਲਾਂ ਸਰਹੰਦ ਹੀ ਜਾਵਾਂਗੇ, ਉਥੇ ਨਵਾਬ ਨੂੰ ਮਾਰਨ ਦਾ ਯਤਨ ਕੀਤਾ ਜਾਏਗਾ। ਜੇਕਰ ਸਫਲ ਨਾ ਹੋਏ ਤਾਂ ਫਿਰ ਉਹਦੇ ਸੋਚੇ ਅਨੁਸਾਰ ਅਮਲ ਕੀਤਾ ਜਾਏਗਾ। ਪਹਿਲਾਂ ਤਾਂ ਹਜ਼ਾਰਾ ਸਿੰਘ ਬਜ਼ਿਦ ਰਿਹਾ ਕਿ ਉਹ ਆਪਣੇ ਵਿਚਾਰ ਛੱਡਦਾ ਹੈ ਪਰ ਫਿਰ ਉਹ ਮੰਨ ਗਿਆ। ਦੋਹਾਂ ਨੇ ਫਿਰ ਇਸ ਵਿਸ਼ੇ 'ਤੇ ਬਹਿਸ ਕੀਤੀ ਕਿ ਸਰਹੰਦ ਜਾ ਕੇ ਕੀ ਕਰਨਾ ਹੈ, ਕਿਵੇਂ ਕਰਨਾ ਹੈ ਤੇ ਕਿਸ ਰਾਹ ਜਾਣਾ ਹੈ। ਸਾਰਾ ਨਿਸ਼ਚਿਤ ਪ੍ਰੋਗਰਾਮ ਤਿਆਰ ਕਰ ਕੇ ਤੇ ਅਰਦਾਸ ਸੋਧ ਕੇ ਸਿੰਘ ਸਰਹੰਦ ਨੂੰ ਤੁਰ ਪਏ।

ਕਾਂਡ–12

ਹਜ਼ਾਰਾ ਸਿੰਘ ਗੁਰਦੇਵ ਸਿੰਘ, ਦੋਹਾਂ ਨੇ ਭੇਸ ਬਦਲ ਲਏ। ਦੋਹਾਂ ਨੇ ਸਾਧੂਆਂ ਵਾਲਾ ਬਾਣਾ ਪਾ ਲਿਆ। ਉਹਨਾਂ ਦਿਨਾਂ ਵਿਚ ਸਿੰਘਾਂ ਲਈ ਭੇਸ ਬਦਲਣ ਸਮੇਂ ਸਾਧੂ ਬਣਨਾ ਹੀ ਸਭ ਤੋਂ ਠੀਕ ਰਹਿੰਦਾ ਸੀ ਕਿਉਂਕਿ ਦੇਸ਼ ਵਿਚ ਸਾਰੇ ਸਾਧੂ ਕੇਸ ਦਾੜ੍ਹੀ ਰੱਖਦੇ ਸਨ। ਕਦੀ ਕਦੀ ਕੋਈ ਸਿੰਘ ਹੋਰ ਵੀ ਭੇਸ ਬਣਾਂਦੇ ਪਰ ਉਹ ਖਤਰਨਾਕ ਤੇ ਛੇਤੀ ਪਛਾਣੇ ਜਾਣ ਵਾਲਾ ਹੋਣ ਕਰਕੇ ਛੇਤੀ ਛੱਡ ਦਿੰਦੇ। ਹਜ਼ਾਰਾ ਸਿੰਘ ਅੱਗੇ ਤਜਰਬਾ ਕਰ ਚੁੱਕਿਆ ਸੀ ਤੇ ਸਾਧੂ ਦੇ ਭੇਸ ਵਿਚ ਉਹਨੂੰ ਕਿਸੇ ਨੇ ਨਹੀਂ ਸੀ ਪਛਾਣਿਆਂ ਸਿਵਾਏ ਦੀਵਾਨ ਜੈ ਰਾਮ ਦੀ ਲੜਕੀ ਦੇ। ਹੁਣ ਫਿਰ ਉਹ ਦੋਵੇਂ ਸਾਧੂਆਂ ਦੇ ਭੇਸ ਵਿਚ ਸ਼ਹਿਰ ਵਿਚ ਦਾਖਲ ਹੋਏ। ਫਿਰ ਤੁਰ ਕੇ ਸੂਹ ਕੱਢ ਲਈ ਕਿ ਨਵਾਬ ਅੱਜ ਮਹੱਲ ਵਿਚ ਹੀ ਹੈ। ਫਿਰ ਇਹ ਵੀ ਪਤਾ ਕਰ ਲਿਆ ਕਿ ਉਹਨੇ ਕੱਲ ਕਿਧਰੇ ਬਾਹਰ ਚਲੇ ਜਾਣਾ ਹੈ। ਹਜ਼ਾਰਾ ਸਿੰਘ ਕਿਉਂਕਿ ਸ਼ਹਿਰ ਵਿਚ ਫਿਰ ਤੁਰ ਗਿਆ ਸੀ। ਇਸ ਲਈ ਉਹ ਕੁਝ ਬੰਦਿਆਂ ਨੂੰ ਜਾਣਦਾ ਸੀ ਤੇ ਕੁਝ ਟਿਕਾਣਿਆਂ ਦਾ ਉਹਨੂੰ ਪਤਾ ਸੀ।

ਹਜ਼ਾਰਾ ਸਿੰਘ ਦੀਵਾਨ ਜੈ ਰਾਮ ਦੇ ਘਰ ਨਹੀਂ ਸੀ ਜਾਣਾ ਚਾਹੁੰਦਾ ਪਰ ਉਹਦੀ ਲੜਕੀ ਨੂੰ ਜ਼ਰੂਰ ਮਿਲਣਾ ਚਾਹੁੰਦਾ ਸੀ। ਇਸ ਲਈ ਉਹਨੇ ਦੋ ਤਿੰਨ ਚੱਕਰ ਉਸ ਪਾਸੇ ਦੇ ਲਾਏ। ਹੁਣ ਭੇਸ ਹੋਰ ਸੀ, ਮੱਥੇ 'ਤੇ ਤਿਲਕ ਪਹਿਲਾਂ ਨਹੀਂ ਸੀ, ਹੁਣ ਉਹ ਤਿਲਕ ਲਾ ਕੇ ਆਇਆ ਅਤੇ ਹੋਰ ਵੀ ਕਈ ਤਬਦੀਲੀਆਂ ਕੀਤੀਆਂ ਹੋਈਆਂ ਸਨ। ਕਈ ਵਾਰ ਚੱਕਰ ਮਾਰਨ ਪਿੱਛੋਂ ਅਖੀਰ ਇਕ ਵਾਰ ਉਹਨੂੰ ਦੀਵਾਨ ਦੀ ਲੜਕੀ ਮਿਲ ਪਈ। ਉਹਨੇ ਬੁਲਾ ਕੇ ਕਿਹਾ, 'ਪਛਾਣਿਆਂ ਏ ਮੈਨੂੰ ?'

ਲੜਕੀ ਪਹਿਲਾਂ ਤਾਂ ਠਠੰਬਰ ਗਈ ਪਰ ਝੱਟ ਹੀ ਉਹਨੇ ਪਛਾਣ ਲਿਆ ਤੇ ਕਿਹਾ, 'ਹਾਂ ਪਛਾਣ ਲਿਆ ਏ, ਤੁਸੀਂ ਆਓ ਘਰ।'

'ਨਹੀਂ, ਹੁਣ ਮੈਂ ਘਰ ਜਾਣ ਨੂੰ ਤਿਆਰ ਨਹੀਂ,' ਹਜ਼ਾਰਾ ਸਿੰਘ ਨੇ ਕਿਹਾ।

'ਕਿਉਂ, ਨਾਰਾਜ਼ਗੀ ਹੋ ਗਈ ਏ ?'

'ਨਹੀਂ, ਨਾਰਾਜ਼ਗੀ ਕਾਹਦੀ ?'

'ਫਿਰ ਚਲੋ ਘਰ ।'

'ਨਹੀਂ, ਮੇਰਾ ਇਸ ਸਮੇਂ ਤੁਹਾਡੇ ਘਰ ਜਾਣਾ ਮੇਰੇ ਲਈ ਵੀ ਚੰਗਾ ਨਹੀਂ ਤੇ ਤੁਹਾਡੇ ਲਈ ਵੀ ਨਹੀਂ ।' ਹਜ਼ਾਰਾ ਸਿੰਘ ਨੇ ਇਸ਼ਾਰੇ ਨਾਲ ਗੱਲ ਸਮਝਾਈ ।

'ਅੱਛਾ ਮੈਂ ਸਮਝ ਗਈ ਆਂ ।' ਲੜਕੀ ਨੇ ਮੁਸਕ੍ਰਾਂਦਿਆਂ ਕਿਹਾ, 'ਤੁਸੀਂ ਖਤਰਨਾਕ ਕੰਮ ਕਰਨ ਲਈ ਆਏ ਹੋ ?'

'ਹਾਂ, ਹਜ਼ਾਰਾ ਸਿੰਘ ਨੇ ਸਾਫ ਕਹਿ ਦਿੱਤਾ', 'ਅਸੀਂ ਅੱਜ ਨਵਾਬ ਦੀ ਜਾਨ ਲੈ ਲੈਣੀ ਏ ।'

'ਕਿੰਨੇ ਹੋ ਤੁਸੀਂ ?'

'ਦੋ ਸਿੰਘ ।'

'ਦੋ ਕੀ ਕਰੋਗੇ ?' ਲੜਕੀ ਨੇ ਕਿਹਾ, ਇਸ ਤਰ੍ਹਾਂ ਦੇ ਕੰਮ ਦੋ ਦੇ ਕਰਨ ਵਾਲੇ ਨਹੀਂ ਹੁੰਦੇ ।'

'ਇਹੋ ਜਿਹੇ ਕੰਮ ਕਰ ਹੀ ਦੋ ਜਣੇ ਸਕਦੇ ਨੇ ।' ਹਜ਼ਾਰਾ ਸਿੰਘ ਨੇ ਕਿਹਾ, 'ਬਹੁਤਿਆਂ ਦੇ ਸਲਾਹੀਂ ਪਿਆਂ ਤਾਂ ਮਾਮਲਾ ਚੌੜ ਹੋ ਜਾਂਦਾ ਏ ।'

'ਫਿਰ ਮੈਂ ਕੀ ਮਦਦ ਕਰ ਸਕਦੀ ਹਾਂ ?' ਲੜਕੀ ਨੇ ਸਾਫ ਸਪਸ਼ਟ ਪੁੱਛਿਆ।

'ਤੁਸੀਂ ਦੱਸੋ ਕੀ ਕਰੋਗੇ ?' ਹਜ਼ਾਰਾ ਸਿੰਘ ਨੇ ਉਲਟਾ ਉਹਦੇ 'ਤੇ ਸਵਾਲ ਕਰ ਦਿੱਤਾ ।

'ਮੈਨੂੰ ਕੀ ਪਤਾ ਤੁਹਾਨੂੰ ਕਿਸ ਤਰ੍ਹਾਂ ਦੀ ਮਦਦ ਚਾਹੀਦੀ ਏ', ਲੜਕੀ ਨੇ ਉੱਤਰ ਦਿੱਤਾ ।

'ਕੋਈ ਅਜੇਹਾ ਬੰਦਾ ਦੱਸੋ ਜਿਸ ਰਾਹੀਂ ਅਸੀਂ ਮਹੱਲ ਵਿਚ ਦਾਖਲ ਹੋ ਜਾਈਏ', ਹਜ਼ਾਰਾ ਸਿੰਘ ਨੇ ਪੁੱਛਿਆ ।

'ਅਜੇਹਾ ਬੰਦਾ ਤਾਂ ਮੈਂ ਦੱਸ ਨਹੀਂ ਸਕਦੀ ਪਰ ਮੈਂ ਇਕ ਜ਼ਨਾਨੀ ਨੂੰ ਜਾਣਦੀ ਹਾਂ, ਜੇਕਰ ਉਹਦਾ ਘਰ ਵਾਲਾ ਰਾਤ ਪਹਿਰੇ 'ਤੇ ਹੋਇਆ ਤਾਂ ਸ਼ਾਇਦ ਕੰਮ ਬਣ ਜਾਏ । ਉਹ ਲਾਲਚਣ ਬਹੁਤ ਏ ਪੈਸੇ ਦੀ । ਉਹਨੂੰ ਕੁਝ ਲਾਲਚ ਦੇ ਕੇ ਜੇਕਰ ਕੰਮ ਹੋ ਜਾਏ ਤਾਂ ਚੰਗਾ ਜੇ ।'

'ਉਹ ਕੀ ਕਰੇਗੀ ?' ਹਜ਼ਾਰਾ ਸਿੰਘ ਨੇ ਪੁੱਛਿਆ ।

'ਉਹ ਬਹੁਤ ਕੁਝ ਕਰ ਸਕਦੀ ਏ', ਲੜਕੀ ਨੇ ਦੱਸਿਆ, 'ਉਹ ਮਕਰ ਕਰਨ ਵਿਚ ਸਭ ਤੋਂ ਵੱਧ ਮਸ਼ਹੂਰ ਹੈ । ਉਹ ਘਰ ਵਾਲੇ ਨੂੰ ਸ਼ਰਾਬ ਪਿਆ ਕੇ ਬੇਹੋਸ਼ ਕਰ

ਸਕਦੀ ਏ, ਕਿਸੇ ਰੁਝੇਵੇਂ ਵਿੱਚ ਲਾ ਕੇ ਦਰਵਾਜ਼ਾ ਖੋਲ੍ਹ ਸਕਦੀ ਏ, ਅਜੇ ਪਤਾ ਨਹੀਂ ਉਹ ਕਿਥੇ ਪਹਿਰੇ 'ਤੇ ਹੁੰਦਾ ਏ ਅਤੇ ਕਿਹੜੇ ਵੇਲੇ ਹੁੰਦਾ ਏ । ਪਤਾ ਕੀਤਿਆਂ ਹੀ ਕੁਝ ਪਤਾ ਲੱਗੇਗਾ । ਫਿਰ ਹੀ ਗੱਲ ਸਿਰੇ ਚੜ੍ਹ ਸਕਦੀ ਹੈ ।

'ਸਾਡੇ ਪਾਸ ਦੇਣ ਲਈ ਵੀ ਕੁਝ ਨਹੀਂ,' ਹਜ਼ਾਰਾ ਸਿੰਘ ਨੇ ਕਿਹਾ, 'ਨਾਲੇ ਉਹਦੇ ਨਾਲ ਗੱਲ ਕੌਣ ਕਰੇ ?'

'ਮੈਂ ਵੀ ਸਿੱਧੀ ਗੱਲ ਤਾਂ ਕਰ ਨਹੀਂ ਸਕਦੀ । ਅੱਛਾ ਇਕ ਤਰੀਕਾ ਸੁਝਿਆ ਏ ।' ਲੜਕੀ ਬੋਲੀ ।

'ਉਹ ਕੀ ?'

'ਤੁਸੀਂ ਗੱਲ ਨਾ ਕਰੋ, ਬਾਹਰ ਜਾ ਕੇ ਖੂਹ 'ਤੇ ਠਹਿਰੋ, ਮੈਂ ਉਹਦੇ ਨਾਲ ਗੱਲ ਕਰਕੇ ਆਉਂਦੀ ਹਾਂ ।' ਲੜਕੀ ਨੇ ਦੱਸਿਆ, 'ਮੈਂ ਪੈਸੇ ਵੀ ਲਈ ਆਵਾਂਗੀ ਤੇ ਉਹਦਾ ਵੀ ਪਤਾ ਕਰਕੇ ਆਉਂਦੀ ਹਾਂ । ਜੇ ਮੇਰੇ ਨਾਲ ਕੋਈ ਹੋਇਆ ਤਾਂ ਜ਼ਰਾ ਹੁਸ਼ਿਆਰ ਹੋ ਕੇ ਇਸ਼ਾਰਿਆਂ ਵਿਚ ਗੱਲ ਕਰਨੀ, ਇਸ਼ਾਰੇ ਸਮਝਣੇ ।'

ਇਹ ਕਹਿ ਕੇ ਕੁੜੀ ਤੁਰ ਗਈ । ਹਜ਼ਾਰਾ ਸਿੰਘ ਇਥੋਂ ਤੇਜ਼ ਤੁਰਦਾ ਗੁਰਦੇਵ ਸਿੰਘ ਪਾਸ ਪੁੱਜਿਆ । ਉਹਨੂੰ ਕਿਧਰੇ ਹੋਰ ਛੱਡ ਆਇਆ ਸੀ । ਗੁਰਦੇਵ ਸਿੰਘ ਬੰਦੂਕ ਲੈ ਕੇ ਬਾਹਰ ਕਿਧਰੇ ਠਹਿਰ ਗਿਆ ਸੀ । ਹਜ਼ਾਰਾ ਸਿੰਘ ਉਹਨੂੰ ਨਾਲ ਲੈ ਕੇ ਉਸ ਖੂਹ ਵੱਲ ਤੁਰ ਪਿਆ ਜਿਥੇ ਬੈਠਣ ਲਈ ਕੁੜੀ ਨੇ ਕਿਹਾ ਸੀ । ਰਾਹ ਵਿਚ ਹਜ਼ਾਰਾ ਸਿੰਘ ਨੇ ਕੁੜੀ ਨਾਲ ਹੋਈ ਗੱਲਬਾਤ ਦਾ ਸਾਰਾ ਬਿਆਨ ਕੀਤਾ । ਗੁਰਦੇਵ ਸਿੰਘ ਨੇ ਉਹਦੀ ਸਾਰੀ ਗੱਲ ਸੁਣਕੇ ਕਿਹਾ, 'ਕਦੇ ਵੀ ਆਪਣੀ ਇਹੋ ਜਿਹੀ ਵਿਉਂਤ ਦੂਜੇ ਨੂੰ ਨਹੀਂ ਦੱਸਣੀ ਚਾਹੀਦੀ । ਇਹ ਬਹੁਤ ਖਤਰਨਾਕ ਸਾਬਤ ਹੋ ਸਕਦੀ ਏ । ਜੇਕਰ ਉਹ ਕੁੜੀ ਹੁਣੇ ਜਾ ਕੇ ਨਵਾਬ ਨੂੰ ਪਤਾ ਦੇ ਦੇਵੇ ਜਾਂ ਪਿਉ ਨੂੰ ਦੱਸ ਦੇਵੇ ਤੇ ਉਹ ਨਵਾਬ ਦੀਆਂ ਨਜ਼ਰਾਂ ਵਿਚ ਚੰਗਾ ਬਣਨ ਲਈ ਸਾਰਾ ਭਾਂਡਾ ਭੰਨ ਦੇਵੇ ਤਾਂ ਇਕ ਤਾਂ ਸਾਡੀ ਵਿਉਂਤ ਫੇਲ੍ਹ ਹੋ ਗਈ ਤੇ ਦੂਜਾ ਅਸੀਂ ਹੁਣੇ ਫੜੇ ਜਾਈਏ । ਆਪਣੀ ਜ਼ਿੰਦਗੀ ਤੇ ਸਾਰਾ ਕੰਮ ਤੁਸੀਂ ਉਸ ਕੁੜੀ ਦੇ ਹਵਾਲੇ ਕਰ ਆਏ ਹੋ, ਇਹ ਸਿਆਣਪ ਨਹੀਂ । ਇਨਕਲਾਬੀ ਇਉਂ ਨਹੀਂ ਕੀਤਾ ਕਰਦੇ । ਲੋਕੀ ਕਹਿੰਦੇ ਨੇ ਕੰਧਾਂ ਨੂੰ ਵੀ ਕੰਨ ਹੁੰਦੇ ਹਨ । ਜੇਕਰ ਗੱਲ ਕਰੋ ਤਾਂ ਸੰਭਲ ਕੇ, ਤੁਸੀਂ ਗਲੀ ਵਿਚ ਖੜੇ ਗੱਲਾਂ ਕਰਦੇ ਰਹੇ ਹੋ । ਮੈਂ ਤੁਹਾਡੀ ਥਾਂ ਹੁੰਦਾ ਤਾਂ ਕਦੇ ਇਸ ਤਰ੍ਹਾਂ ਨਾ ਕਰਦਾ । ਅਜਿਹਾ ਖਤਰਾ ਮੁੱਲ ਲੈਣਾ ਕੋਈ ਚੰਗੀ ਗੱਲ ਨਹੀਂ ।'

'ਤੁਸੀਂ ਨਿਸਚਿੰਤ ਰਹੋ ਉਹ ਕੁੜੀ ਇਹੋ ਜਿਹੀ ਨਹੀਂ, ਉਹਨੇ ਬਿਲਕੁਲ ਕਿਸੇ ਅੱਗੇ ਗੱਲ ਨਹੀਂ ਕਰਨੀ ਤੇ ਨਾ ਹੀ ਉਹ ਸਾਨੂੰ ਫਸਾ ਕੇ ਖੁਸ਼ ਹੋ ਸਕਦੀ ਏ,' ਹਜ਼ਾਰਾ ਸਿੰਘ ਨੇ ਵਿਸ਼ਵਾਸ ਦਿਵਾਇਆ ।

'ਵਿਸ਼ਵਾਸ ਤਾਂ ਕਰਨਾ ਮਾੜਾ ਨਹੀਂ ਪਰ ਮੈਂ ਇਸ ਤਰ੍ਹਾਂ ਦੇ ਕੰਮਾਂ ਵਿਚ ਕਿਸੇ 'ਤੇ ਵਿਸ਼ਵਾਸ ਕਰਨ ਨੂੰ ਤਿਆਰ ਨਹੀਂ ਹੋ ਸਕਦਾ', ਗੁਰਦੇਵ ਸਿੰਘ ਨੇ ਕਿਹਾ ।

'ਅੱਗੋਂ ਮੈਂ ਸੁਚੇਤ ਰਹਾਂਗਾ ।' ਹਜ਼ਾਰਾ ਸਿੰਘ ਨੇ ਇਉਂ ਕਿਹਾ ਜਿਵੇਂ ਉਹ ਗੱਲ ਖਤਮ ਕਰਨੀ ਚਾਹੁੰਦਾ ਸੀ ।

'ਗੁੱਸਾ ਨਾ ਕਰਨਾ, ਮੈਂ ਜੋ ਦਿਲ ਵਿਚ ਰੱਖ ਕੇ ਸੜਨ ਕੁਰਝਣ ਵਿਚ ਵਿਸ਼ਵਾਸ ਨਹੀਂ ਰੱਖਦਾ, ਸਾਫ਼ ਮੂੰਹ 'ਤੇ ਗੱਲ ਕਰ ਕੇ ਦਿਲ ਦਾ ਉਛਾਲ ਕੱਢ ਲੈਂਦਾ ਹਾਂ', ਗੁਰਦੇਵ ਸਿੰਘ ਨੇ ਕਿਹਾ ।

'ਗੁੱਸੇ ਵਾਲੀ ਕੋਈ ਗੱਲ ਨਹੀਂ, ਅਸੀਂ ਇਕ ਦੂਜੇ ਨੂੰ ਸਮਝਾਣਾ ਏ, ਜੇਕਰ ਅਸੀਂ ਨਾ ਸਮਝਾਇਆ ਤਾਂ ਕੌਣ ਸਮਝਾਏਗਾ', ਹਜ਼ਾਰਾ ਸਿੰਘ ਨੇ ਉੱਤਰ ਦਿੱਤਾ ।

ਗੱਲਾਂ ਕਰਦੇ ਦੋਵੇਂ ਉਸ ਖੂਹ 'ਤੇ ਪਹੁੰਚ ਗਏ । ਗੁਰਦੇਵ ਸਿੰਘ ਨੇ ਉਥੇ ਧੂਣੀ ਧੁਖਾਈ ਤੇ ਹਜ਼ਾਰਾ ਸਿੰਘ ਨੂੰ ਬਿਠਾ ਕੇ ਆਪ ਖੇਤਾਂ ਵੱਲ ਨਿਕਲ ਗਿਆ । ਝੱਟ ਪਿੱਛੋਂ ਪਰਤ ਆਇਆ ਤਾਂ ਇਤਨੇ ਵਿਚ ਕੁੜੀ ਵੀ ਆ ਗਈ । ਉਹ ਇਸ ਸਮੇਂ ਇਕੱਲੀ ਸੀ, ਉਹਨੇ ਆ ਕੇ ਦੱਸਿਆ, 'ਮੈਂ ਗੱਲ ਕਰਕੇ ਆਈ ਹਾਂ । ਉਹਨੂੰ ਜੋ ਉਹਨੇ ਮੂੰਹੋਂ ਮੰਗਿਆ ਦੇ ਦਿੱਤਾ ਏ । ਉਹਦੇ ਪਤੀ ਨੇ ਕਿਲ੍ਹੇ ਦੇ ਖੱਬੇ ਪਾਸੇ ਵੱਲ ਦੀ ਬਾਹੀ ਦੇ ਦਰਵਾਜ਼ੇ 'ਤੇ ਪਹਿਰਾ ਦੇਣਾ ਏ । ਉਹ ਆਪ ਉਹਨੂੰ ਸ਼ਰਾਬ ਪਿਆ ਕੇ ਲਿਜਾਏਗੀ ਤੇ ਚਾਬੀਆਂ ਉਹਦੀ ਜੇਬ ਵਿੱਚੋਂ ਕੱਢ ਕੇ ਦੇ ਜਾਏਗੀ । ਤੁਸੀਂ ਬੇਸ਼ੱਕ ਖੱਬੇ ਪਾਸੇ ਦੇ ਦਰਵਾਜ਼ੇ ਰਾਹੀਂ ਅੰਦਰ ਜਾ ਕੇ ਆਪਣਾ ਕੰਮ ਕਰ ਆਉਣਾ ਪਰ ਇਕ ਖਿਆਲ ਕਰਨਾ ਕਿ ਉਹ ਪਹਿਰੇਦਾਰ ਨਾ ਮਰੇ । ਮੈਂ ਬਚਨ ਦੇ ਕੇ ਆਈ ਹਾਂ ਕਿ ਉਹ ਕਿਸੇ ਨੂੰ ਗੱਲ ਨਹੀਂ ਦੱਸੇਗੀ ਤੇ ਮੈਂ ਉਹਦੇ ਪਤੀ ਨੂੰ ਕੁਝ ਨਹੀਂ ਹੋਣ ਦਿਆਂਗੀ ।'

'ਕਿੰਨੇ ਪੈਸੇ ਦਿੱਤੇ ਜੇ ?'

'ਤੁਹਾਨੂੰ ਕੀ ਇਸ ਗੱਲ ਨਾਲ', ਕੁੜੀ ਨੇ ਉੱਤਰ ਦਿੱਤਾ । ਤੁਸੀਂ ਆਪਣਾ ਕੰਮ ਕਰੋ ।

'ਤੁਸੀਂ ਬੜਾ ਵੱਡਾ ਖਤਰਾ ਮੁੱਲ ਲੈ ਲਿਆ ਏ', ਗੁਰਦੇਵ ਸਿੰਘ ਨੇ ਕੁੜੀ ਨੂੰ ਕਿਹਾ ।

'ਤੁਹਾਡੇ ਨਾਲੋਂ ਵੱਡਾ ਖਤਰਾ ਤਾਂ ਮੁੱਲ ਨਹੀਂ ਲੈ ਰਹੀ । ਤੁਸੀਂ ਜਾਨਾਂ ਤਲੀ 'ਤੇ ਰੱਖ ਕੇ ਜਾ ਰਹੇ ਹੋ', ਕੁੜੀ ਨੇ ਕਿਹਾ । 'ਤੁਸੀਂ ਸਫਲ ਹੋ ਗਏ ਫਿਰ ਤਾਂ ਇਹ ਕੋਈ ਖਤਰਾ ਨਹੀਂ ਪਰ ਜੇਕਰ ਵਿਉਂਤ ਸਿਰੇ ਨਾ ਚੜ੍ਹੀ ਤਾਂ ਭਾਵੇਂ ਕੁਝ ਗੁੰਝਲ ਪੈ ਜਾਏ ।'

'ਇਹ ਕਿਵੇਂ ?'

'ਫਿਰ ਕਤਲ ਕਰਨ ਵਾਲੇ ਵੱਲ ਨਹੀਂ, ਪਿੱਛੋਂ ਗਦੀ ਸਾਂਭਣ ਲਈ ਝਗੜਾ ਚਲ ਪੈਣਾ ਏ, ਆਪਾ ਧਾਪੀ ਮੱਚ ਜਾਏਗੀ ਤੇ ਉਸ ਵਿਚ ਤਾਂ ਕਿਸੇ ਨੇ ਇਹ ਖੁਰਾਖੋਜ ਕੀ ਲੱਭਣਾ ਏਂ ਕਿ ਇਹ ਕਿਵੇਂ ਹੋ ਗਿਆ।'

'ਅੱਛਾ ਚਾਬੀ ਤੁਸੀਂ ਸਾਨੂੰ ਕਿਵੇਂ ਦਿਓਗੇ'। ਹਜ਼ਾਰਾ ਸਿੰਘ ਨੇ ਪੁੱਛਿਆ।

'ਮੈਂ ਨਹੀਂ ਦੇਣ ਆਉਣਾ। ਉਹ ਦਰਵਾਜ਼ੇ ਦੇ ਬਾਹਰ ਹੀ ਸੁੱਟ ਦੇਵੇਗੀ, ਤੁਸੀਂ ਚੁੱਕ ਲੈਣੀ', ਕੁੜੀ ਨੇ ਕਿਹਾ। 'ਮੇਰੇ ਮਨ ਵਿਚ ਇਕ ਸ਼ੰਕਾ ਏ, ਉਹ ਮੈਂ ਦੱਸੇ ਬਿਨਾਂ ਨਹੀਂ ਰਹਿ ਸਕਦੀ।'

'ਕੀ ?' ਹਜ਼ਾਰਾ ਸਿੰਘ ਨੇ ਪੁੱਛਿਆ।

'ਤੁਸੀਂ ਸਾਧੂਆਂ ਦੇ ਭੇਸ ਵਿਚ ਅੰਦਰ ਨਾ ਜਾਣਾ।' ਕੁੜੀ ਨੇ ਸਲਾਹ ਦਿੱਤੀ, 'ਇਕ ਤਾਂ ਇਹ ਭੇਸ ਬਦਨਾਮ ਹੁੰਦਾ ਏ। ਇਸ ਭੇਸ ਵਿਚ ਕਤਲ ਕਰਨ ਨਹੀਂ ਜਾਣਾ ਚਾਹੀਦਾ, ਦੂਜਾ ਜੇ ਸਫਲ ਨਾ ਹੋਏ ਤਾਂ ਅੱਗੋਂ ਕਿਸੇ ਸਿੱਖ ਲਈ ਸਾਧੂ ਦਾ ਭੇਸ ਧਾਰਨਾ ਔਖਾ ਹੋ ਜਾਵੇਗਾ। ਸਭ ਸਾਧੂ ਫੜ ਕੇ ਨਵਾਬ ਨੇ ਮਰਵਾ ਦੇਣੇ ਨੇ।'

'ਤੁਹਾਡੀ ਸਲਾਹ ਠੀਕ ਏ, ਅਸੀਂ ਸਿੰਘਾਂ ਦੇ ਭੇਸ ਵਿਚ ਜਾਵਾਂਗੇ। ਸਾਧੂਆਂ ਦੇ ਭੇਸ ਵਿਚ ਸਾਡਾ ਗੁਪਤ ਢੰਗ ਰਹਿਣਾ ਚਾਹੀਦਾ ਹੈ', ਗੁਰਦੇਵ ਸਿੰਘ ਨੇ ਕਿਹਾ।

'ਚੰਗਾ ਫਿਰ ਤੁਸੀਂ ਰਾਤ ਨੂੰ ਅਪੜ ਜਾਣਾ, ਪਰਮਾਤਮਾ ਤੁਹਾਨੂੰ ਸਫਲਤਾ ਬਖਸ਼ੇ। ਕੁੜੀ ਕਹਿ ਕੇ ਤੁਰ ਆਈ।

'ਕਿਉਂ ਜੀ ਹੁਣ ਵੀ ਹੈ ਕੋਈ ਸ਼ੱਕ ਦੀ ਗੁੰਜਾਇਸ਼, ਹਜ਼ਾਰਾ ਸਿੰਘ ਨੇ ਮੁੜ ਗੱਲ ਛੇੜ ਲਈ।

'ਮੈਂ ਅਸੂਲੀ ਗੱਲ ਕੀਤੀ ਸੀ, ਇਸ ਕੁੜੀ ਬਾਰੇ ਉਚੇਚੇ ਤੌਰ 'ਤੇ ਨਹੀਂ। ਹੋ ਸਕਦਾ ਏ ਕਿ ਇਹ ਬਹੁਤ ਚੰਗੀ ਹੋਵੇ', ਗੁਰਦੇਵ ਸਿੰਘ ਨੇ ਕਿਹਾ।

'ਚੰਗਾ ਹੁਣ ਸੋਚੋ ਕਿ ਕਿਵੇਂ ਕਰਨਾ ਏ', ਹਜ਼ਾਰਾ ਸਿੰਘ ਨੇ ਕਿਹਾ।

'ਬਸ ਚਲ ਕੇ ਅੰਦਰ ਹਮਲਾ ਕਰਦੇ ਹਾਂ, ਅੱਗੋਂ ਜੋ ਅਕਾਲ ਪੁਰਖ ਨੂੰ ਭਾਵੇ, ਦੇਖੀ ਜਾਏਗੀ।' ਗੁਰਦੇਵ ਸਿੰਘ ਨੇ ਕਿਹਾ, 'ਉਂਝ ਸਾਨੂੰ ਸੁਚੇਤ ਹੋ ਕੇ ਚਲਣਾ ਪਵੇਗਾ। ਨਵਾਬ ਦੇ ਪਹਿਰੇਦਾਰ ਇਕ ਨਹੀਂ ਹੋਰ ਵੀ ਕਈ ਹੋ ਸਕਦੇ ਨੇ। ਕੁਝ ਬਾਹਰ ਕੁਝ ਅੰਦਰ, ਕਈ ਹੁੰਦੇ ਨੇ।'

'ਗੁਰੂ ਆਸਰੇ ਤੁਰ ਪੈਣਾ ਏਂ ਦੇਖੀ ਜਾਏਗੀ', ਹਜ਼ਾਰਾ ਸਿੰਘ ਨੇ ਕਿਹਾ ਤੇ ਘੋੜਾ ਤੇਜ਼ ਕੀਤਾ। ਉਧਰੋਂ ਰਾਤ ਪੈ ਗਈ ਤੇ ਸਾਰੇ ਪਾਸੇ ਹਨੇਰਾ ਛਾ ਗਿਆ।

●●●

ਕਾਂਡ-13

ਹਜ਼ਾਰਾ ਸਿੰਘ ਤੇ ਗੁਰਦੇਵ ਸਿੰਘ ਨੇ ਅਰਦਾਸਾ ਕੀਤਾ ਤੇ ਤੁਰ ਪਏ । ਉਸ ਸਮੇਂ ਰਾਤ ਅੱਧੀ ਬੀਤ ਚੁੱਕੀ ਸੀ । ਸਾਰਾ ਸਰਹੰਦ ਸ਼ਹਿਰ ਬਿਲਕੁਲ ਚੁੱਪ ਸੀ ਜਾਂ ਇਉਂ ਆਖੋ ਸੁਸਰੀ ਵਾਂਗ ਸੁੱਤਾ ਪਿਆ ਸੀ । ਕਦੇ ਕਦੇ ਕੁੱਤੇ ਭੌਂਕਣ ਦੀ ਆਵਾਜ਼ ਆਉਂਦੀ ਸੀ ਜਿਸ ਤੋਂ ਪਤਾ ਲੱਗਦਾ ਸੀ ਕਿ ਇਸ ਪਾਸੇ ਮਨੁੱਖੀ ਵਸੋਂ ਹੈ । ਦੋਵੇਂ ਧੌਲੇ ਧੌਲੇ ਕਦਮ ਧਰਦੇ ਨਵਾਬ ਦੇ ਮਹੱਲਾਂ ਵੱਲ ਵੱਧੇ । ਗੁਰਦੇਵ ਸਿੰਘ ਨੇ ਪੁੱਛਿਆ, 'ਨਵਾਬ ਨੇ ਕੁੱਤੇ ਤਾਂ ਨਹੀਂ ਰੱਖੇ ਹੋਏ, ਬੰਦਿਆਂ ਤੋਂ ਤਾਂ ਅੱਖ ਬਚਾਈ ਜਾ ਸਕਦੀ ਹੈ ਪਰ ਕੁਤਿਆਂ ਨੇ ਦੇਖ ਲਿਆ ਤਾਂ ਬਚਣਾ ਔਖਾ ਹੋ ਜਾਏਗਾ ।'

'ਠੀਕ ਏ ਤੁਹਾਡੀ ਗੱਲ ਪਰ ਮੇਰਾ ਖਿਆਲ ਏ ਨਵਾਬ ਨੇ ਕੁੱਤੇ ਨਹੀਂ ਰੱਖੇ । ਕੁਤਿਆਂ ਵਰਗੇ ਬੰਦੇ ਜੁ ਹਨ ਉਸ ਪਾਸ ।' ਹਜ਼ਾਰਾ ਸਿੰਘ ਨੇ ਜ਼ਰਾ ਕੁ ਗੱਲ ਨੂੰ ਹਾਸੇ ਵੱਲ ਲਿਜਾਂਦਿਆਂ ਆਖਿਆ ।

'ਕੁੱਤੇ ਤਾਂ ਮਾਲਕ ਦੇ ਵਫਾਦਾਰ ਹੁੰਦੇ ਨੇ ਪਰ ਮਨੁੱਖ ਦੇ ਰੂਪ ਵਿਚ ਨਵਾਬ ਦੇ ਰੱਖੇ ਹੋਏ ਕੁੱਤੇ ਵਫਾਦਾਰ ਵੀ ਨਹੀਂ ।' ਗੁਰਦੇਵ ਸਿੰਘ ਨੇ ਉਹਦੀ ਹਾਸੇ ਵਿਚ ਆਖੀ ਗੱਲ ਵਿੱਚੋਂ ਵੀ ਗੱਲ ਕੱਢ ਲਈ ਤੇ ਕਿਹਾ, 'ਐ ਦੇਖ ਲੈ ਨਵਾਬ ਦੇ ਰਖਵਾਲੇ ਵੀ ਤਾਂ ਅਸੀਂ ਖਰੀਦ ਲਏ ਹਨ । ਮਨੁੱਖ ਲਾਲਚ ਵਸ ਆ ਕੇ ਕੀ ਕੁਝ ਕਰ ਗੁਜ਼ਰਦਾ ਹੈ, ਮਾਇਆ ਮਨੁੱਖ ਵਿਚ ਗਿਰਾਵਟ ਪੈਦਾ ਕਰ ਦਿੰਦੀ ਹੈ, ਇਹੋ ਜਿਹੀਆਂ ਗੱਲਾਂ ਵੇਖ ਕੇ ਹੀ ਸਿਆਣਿਆਂ ਨੇ ਮਨੁੱਖ ਲਈ ਮਾਇਆ ਨੂੰ ਨਾਗਣੀ ਆਖਿਆ ਸੀ ।'

'ਇਹ ਠੀਕ ਏ, ਜਿਹੜਾ ਕੰਮ ਤੁਸੀਂ ਹੋਰ ਤਰੀਕਿਆਂ ਨਾਲ ਨਾ ਕਰ ਸਕੋ, ਉਹ ਮਾਇਆ ਕਰ ਦਿੰਦੀ ਏ', ਗੁਰਦੇਵ ਸਿੰਘ ਨੇ ਕਿਹਾ । ਮਾਇਆ ਦਾ ਲਾਲਚ ਕੌਮਾਂ ਨੂੰ ਡੋਬਦਾ ਹੈ, ਇਨਸਾਨ ਨੂੰ ਬਰਬਾਦ ਕਰ ਦਿੰਦਾ ਹੈ ।

'ਅਸੀਂ ਮਹੱਲ ਦੇ ਪਿਛਲੇ ਪਾਸੇ ਆ ਗਏ ਹਾਂ, ਉਹਨੇ ਤਾਂ ਖੱਬੇ ਪਾਸੇ ਵੱਲ ਜਾਣ ਲਈ ਕਹਾ ਸੀ', ਹਜ਼ਾਰਾ ਸਿੰਘ ਨੇ ਕਿਹਾ ।

''ਮੈਨੂੰ ਕੀ ਪਤਾ, ਤੁਸੀਂ ਹੋ ਕੇ ਗਏ ਹੋ । ਜ਼ਿਆਦਾ ਚੰਗੀ ਤਰ੍ਹਾਂ ਜਾਣਦੇ ਹੋ, ਮੈਂ ਕੀ ਆਖ ਸਕਦਾ ਹਾਂ'', ਗੁਰਦੇਵ ਸਿੰਘ ਨੇ ਉੱਤਰ ਦਿੱਤਾ ।

'ਆਊ ਇਧਰ', ਹਜ਼ਾਰਾ ਸਿੰਘ ਨੇ ਕਿਹਾ ।

'ਹਨੇਰਾ ਬਹੁਤ ਹੈ ਜ਼ਰਾ ਸੰਭਲ ਕੇ ਤੁਰਨਾ ।' ਗੁਰਦੇਵ ਸਿੰਘ ਨੇ ਹੌਲੀ ਜਿਹੀ ਕਿਹਾ, 'ਹੁਣ ਗੱਲਾਂ ਬੰਦ ਤੇ ਇਕ ਦੂਜੇ ਦੇ ਨੇੜੇ ਨੇੜੇ ਹੋ ਕੇ ਤੁਰੀਏ । ਰਾਤ ਦੀ ਇਸ ਖਾਮੋਸ਼ੀ ਵਿਚ ਆਵਾਜ਼ ਬਹੁਤ ਦੂਰ ਦੂਰ ਤਕ ਜਾਂਦੀ ਏ ।'

'ਠੀਕ ਏ ।'

'ਤੁਸੀਂ ਅੱਗੇ ਲੱਗੋ ।'

'ਨਹੀਂ ਤੁਸੀਂ ਆਗੂ ਹੋ ।'

'ਆਗੂ ਤੁਸੀਂ ਹੋ, ਜਿਹੜੇ ਅੱਗੇ ਵੀ ਆਉਂਦੇ ਰਹੇ ਹੋ ਇਸ ਥਾਂ, ਮੈਂ ਤਾਂ ਪਹਿਲੀ ਵਾਰ ਆਇਆ ਹਾਂ ।' ਗੁਰਦੇਵ ਸਿੰਘ ਨੇ ਆਖਿਆ ਤੇ ਮੋਢੇ ਤੋਂ ਫੜ ਕੇ ਹਜ਼ਾਰਾ ਸਿੰਘ ਨੂੰ ਅੱਗੇ ਕਰ ਦਿੱਤਾ । ਆਪ ਪਿੱਛੇ ਪਿੱਛੇ ਹੋ ਤੁਰਿਆ ।

ਚੰਨ ਚੜ੍ਹ ਪਿਆ ਬਿਲਕੁਲ ਹਨੇਰਾ ਨਾ ਰਿਹਾ ਤੇ ਕੁਝ ਚਾਨਣ ਵਿਚ ਮਹੱਲ ਦੀਆਂ ਕੰਧਾਂ ਨਜ਼ਰ ਆਉਣ ਲੱਗ ਪਈਆਂ । ਹਜ਼ਾਰਾ ਸਿੰਘ ਅੰਦਾਜ਼ੇ ਨਾਲ ਹੀ ਦਰਵਾਜ਼ੇ ਤਕ ਪਹੁੰਚ ਗਿਆ । ਉਥੇ ਕੋਈ ਵੀ ਨਹੀਂ ਸੀ । ਦਰਵਾਜ਼ੇ ਦੇ ਨਾਲ ਹੀ ਚਾਬੀਆਂ ਦਾ ਗੁੱਛਾ ਡਿੱਗਾ ਪਿਆ ਸੀ, ਹਜ਼ਾਰਾ ਸਿੰਘ ਨੇ ਚਾਬੀਆਂ ਚੁੱਕੀਆਂ ਤੇ ਹੌਲੀ ਜਿਹੀ ਗੁਰਦੇਵ ਸਿੰਘ ਦੇ ਕੰਨਾਂ ਵਿਚ ਕਿਹਾ, ਦੇਖਿਆ ਕਿਤਨੀ ਹੁਸ਼ਿਆਰੀ ਨਾਲ ਕੁੜੀ ਨੇ ਸਾਰੀ ਵਿਉਂਤ ਬਣਾਈ ਏ । ਸਾਨੂੰ ਇਉਂ ਚਾਬੀਆਂ ਲੈਣ ਦੀ ਜਾਚ ਸਾਰੀ ਉਮਰ ਨਹੀਂ ਆ ਸਕਦੀ ।'

'ਉਹ ਸ਼ਰਾਬੀ ਕਿਧਰ ਗਿਆ ?' ਗੁਰਦੇਵ ਸਿੰਘ ਨੇ ਪੁੱਛਿਆ ।

'ਕਿਧਰੇ ਪਿਆ ਹੋਏਗਾ ।'

'ਉਹਦਾ ਪਹਿਲਾਂ ਪਤਾ ਕਰੀਏ ।'

'ਛੱਡੋ ਜੀ, ਸਾਨੂੰ ਕੀ ਏ ਕਿਧਰੇ ਪਿਆ ਰਹੇ । ਸ਼ਾਇਦ ਘਰ ਹੀ ਤੁਰ ਗਿਆ ਹੋਵੇ ਜਾਂ ਕਿਧਰੇ ਹੋਰ ਡਿੱਗਾ ਪਿਆ ਹੋਵੇ ।'

'ਮਹੱਲ ਵਿਚ ਬਿਲਕੁਲ ਚੁੱਪ ਵਰਤੀ ਹੋਈ ਏ, ਕਿਧਰੇ ਵੀ ਪਹਿਰੇਦਾਰ ਦੀ ਆਵਾਜ਼ ਨਹੀਂ ਆ ਰਹੀ ।' ਗੁਰਦੇਵ ਸਿੰਘ ਨੇ ਦੱਸਿਆ ।

'ਹੋ ਸਕਦਾ ਏ ਕਿ ਨਵਾਬ ਦੇ ਹੁਕਮ ਨਾਲ ਚੁੱਪ ਕਰਕੇ ਪਹਿਰਾ ਦੇਣ ਦਾ ਰਿਵਾਜ਼ ਹੋਵੇ', ਹਜ਼ਾਰਾ ਸਿੰਘ ਨੇ ਕਿਹਾ ।

'ਚੁੱਪ ਪਹਿਰਾ ਤਾਂ ਬਹੁਤ ਖਤਰਨਾਕ ਹੁੰਦਾ ਏ, ਆਵਾਜ਼ ਨਾਲ ਤਾਂ ਹਰ ਕਿਸੇ

ਨੂੰ ਪਤਾ ਲੱਗ ਜਾਂਦਾ ਏ ਕਿ ਪਹਿਰੇਦਾਰ ਕਿਧਰ ਬੋਲਦਾ ਪਿਆ ਏ, ਚੁੱਪ ਪਹਿਰੇਦਾਰ ਦਾ ਪਤਾ ਉਦੋਂ ਲੱਗਦਾ ਏ ਜਦੋਂ ਉਹ ਸਿਰੋਂ ਆਣ ਫੜੇ ।' ਗੁਰਦੇਵ ਸਿੰਘ ਨੇ ਦੱਸਿਆ ।

'ਖੋਲ੍ਹੀਏ ਦਰਵਾਜ਼ਾ ਹਜ਼ਾਰਾ ਸਿੰਘ ਨੇ ਕਿਹਾ ਤੇ ਨਾਲ ਹੀ ਅੱਗੇ ਵੱਧ ਕੇ ਦਰਵਾਜ਼ੇ ਨੂੰ ਟੋਹਿਆ ਤੇ ਜਿੰਦਰਾ ਲੱਭਣ ਦਾ ਯਤਨ ਕੀਤਾ । ਜੰਦਰਾ ਬਾਹਰੋਂ ਬੰਦ ਸੀ ਪਰ ਕੁਝ ਇਸ ਤਰ੍ਹਾਂ ਦਾ ਬਣਿਆ ਹੋਇਆ ਸੀ ਕਿ ਅੰਦਰੋਂ ਵੀ ਖੋਲ੍ਹਿਆ ਜਾ ਸਕਦਾ ਸੀ । ਪਹਿਰੇਦਾਰ ਬਾਹਰ ਪਹਿਰਾ ਦਿੰਦੇ ਸਨ, ਜੰਦਰਾ ਖੋਲ੍ਹ ਕੇ ਉਹ ਅੰਦਰ ਲੰਘ ਗਏ । ਦਰਵਾਜ਼ੇ ਨੂੰ ਪਹਿਲਾਂ ਵਾਂਗ ਹੀ ਭੀੜ ਦਿੱਤਾ ਤਾਂ ਕਿ ਕਿਸੇ ਹੋਰ ਪਹਿਰੇਦਾਰ ਦੀ ਨਜ਼ਰ ਨ ਪੈ ਜਾਏ ਤੇ ਕੋਈ ਆ ਨਾ ਜਾਏ । ਜ਼ਰਾ ਕੁ ਅੱਗੇ ਵੱਧੇ ਤਾਂ ਮਹੱਲ ਦੇ ਅੰਦਰ ਵੀ ਬਿਲਕੁਲ ਚੁੱਪ ਚਾਂ ਸੀ । ਹਜ਼ਾਰਾ ਸਿੰਘ ਅੱਗੇ ਅੱਗੇ ਕਦਮ ਧਰਦਾ ਗਿਆ ਤੇ ਗੁਰਦੇਵ ਸਿੰਘ ਉਸਦੇ ਪਿੱਛੇ ਪਿੱਛੇ ।

'ਉਧਰ ਬੱਤੀ ਜਗਦੀ ਪਈ ਏ, ਹੋ ਸਕਦਾ ਏ ਕਿ ਨਵਾਬ ਉਧਰ ਹੀ ਹੋਵੇ ।' ਹਜ਼ਾਰਾ ਸਿੰਘ ਨੇ ਗੁਰਦੇਵ ਸਿੰਘ ਨੂੰ ਬੜੀ ਮੱਧਮ ਜਿਹੀ ਆਵਾਜ਼ ਵਿਚ ਦੱਸਿਆ ।

'ਉਧਰ ਵੀ ਤਾਂ ਰੌਸ਼ਨੀ ਏ ।' ਇਕ ਹੋਰ ਪਾਸੇ ਉਂਗਲ ਦਾ ਇਸ਼ਾਰਾ ਕਰਕੇ ਗੁਰਦੇਵ ਸਿੰਘ ਨੇ ਆਖਿਆ ।

'ਨਹੀਂ, ਨਵਾਬ ਉਹਨਾਂ ਕਮਰਿਆਂ ਵਿਚ ਨਹੀਂ ਹੁੰਦਾ । ਉਹ ਇਧਰ ਹੀ ਕਿਸੇ ਕਮਰੇ ਵਿਚ ਏ,' ਹਜ਼ਾਰਾ ਸਿੰਘ ਨੇ ਦੱਸਿਆ ।

'ਤੁਸੀਂ ਉਹਦਾ ਕਮਰਾ ਵੇਖ ਤਾਂ ਗਏ ਸੀ,' ਗੁਰਦੇਵ ਸਿੰਘ ਨੇ ਕਿਹਾ ।

'ਆਹੋ ਪਰ ਨਵਾਬ ਦਾ ਕੀ ਪਤਾ ਕਿੱਥੇ ਹੋਵੇ, ਜਿੱਥੇ ਜੀ ਕੀਤਾ ਜਾ ਪਏ । ਬੇਗਮਾਂ ਵੀ ਕਈ ਹੋਈਆਂ, ਕਦੇ ਕਿਸੇ ਪਾਸ, ਕਦੇ ਕਿਸੇ ਪਾਸ ਰਹਿੰਦੇ ਹੋਣਗੇ,' ਹਜ਼ਾਰਾ ਸਿੰਘ ਨੇ ਦੱਸਿਆ ।

'ਚੱਲੋ ਫਿਰ' ਗੁਰਦੇਵ ਸਿੰਘ ਨੇ ਕਿਹਾ । ਦੋਵੇਂ ਤੁਰਦੇ ਹੋਏ ਇਤਨੇ ਵਿਚ ਇਕ ਬਰਾਂਡੇ ਵਿਚ ਪੁੱਜ ਗਏ । ਬਰਾਂਡੇ ਨਾਲ ਸ਼ੀਸ਼ੇ ਦੀ ਬਾਰੀ ਵਿੱਚੋਂ ਅੰਦਰ ਝਾਕਿਆ ਤਾਂ ਸਾਹਮਣੇ ਕੋਈ ਸੁੱਤਾ ਪਿਆ ਦਿਸਿਆ । ਹਜ਼ਾਰਾ ਸਿੰਘ ਨੇ ਕਿਹਾ, ਜਾਪਦਾ ਏ ਕਿ ਨਵਾਬ ਏ ।'

ਅਜੇ ਇਹ ਗੱਲ ਹਜ਼ਾਰਾ ਸਿੰਘ ਨੇ ਆਖੀ ਹੀ ਸੀ ਕਿ ਬਰਾਂਡੇ ਵਿਚ ਕਿਸੇ ਨੁੱਕਰੇ ਪਿੰਜਰੇ ਵਿਚ ਲਟਕੇ ਇਕ ਤੋਤੇ ਨੇ ਰੌਲਾ ਪਾਣਾ ਸ਼ੁਰੂ ਕਰ ਦਿੱਤਾ । ਉਹਦੀ ਗੱਲ ਦੀ ਤਾਂ ਸਮਝ ਨਾ ਆਈ ਪਰ ਇਉਂ ਜਾਪਿਆ ਜਿਵੇਂ ਉਹ ਕਹਿ ਰਿਹਾ ਹੋਵੇ, 'ਨਵਾਬ ਸਾਹਿਬ ਕੋਈ ਆਇਆ ਜੇ ।' ਉਹਦੀ ਆਵਾਜ਼ ਸੁਣਕੇ ਮਹੱਲ ਵਿਚ

ਹਿਲਜੁਲ ਸ਼ੁਰੂ ਹੋ ਗਈ । ਕਮਰੇ ਵਿਚ ਪਏ ਬੰਦੇ ਨੇ ਪਾਸਾ ਪਰਤ ਕੇ ਝਾਕਿਆ । ਇਹ ਦੋਵੇਂ ਇਕ ਪਾਸੇ ਹੋ ਗਏ । ਉਹ ਉਠਿਆ ਤੇ ਬਾਹਰ ਆ ਗਿਆ । ਬਰਾਂਡੇ ਵਿਚ ਉਹਨੂੰ ਕੋਈ ਵੀ ਨਜ਼ਰ ਨਾ ਆਇਆ ।

'ਚੁੱਪ ਉਏ ਉਲੂ ਦਿਆ ਪੱਠਿਆ ਬਾਹਰ ਤਾਂ ਕੋਈ ਵੀ ਨਹੀਂ ਆਇਆ, ਤੂੰ ਐਵੇਂ ਸੰਘ ਪਾੜੀ ਜਾਂਦਾ ਏਂ । ਸੁੱਤੇ ਪਏ ਨੂੰ ਜਗਾ ਦਿੱਤਾ ਈ ।'

ਇਹ ਨਵਾਬ ਦਾ ਸਾਲਾ ਸੀ ਜਿਹੜਾ ਨਵਾਬ ਪਾਸ ਹੀ ਰਹਿੰਦਾ ਸੀ । ਕਦੇ ਕਦੇ ਨਵਾਬ ਦੇ ਸੌਣ ਵਾਲੇ ਕਮਰੇ ਵਿਚ ਇਹ ਸੁੱਤਾ ਹੁੰਦਾ ।

ਹਜ਼ਾਰਾ ਸਿੰਘ ਨੇ ਗੁਰਦੇਵ ਸਿੰਘ ਨੂੰ ਦੱਸਿਆ, 'ਇਹ ਨਵਾਬ ਨਹੀਂ, ਕੋਈ ਹੋਰ ਏ ।'

'ਕੌਣ ਏ ?'

'ਕੀ ਪਤਾ ?'

ਅਜੇ ਇਹ ਗੱਲ ਕਰ ਹੀ ਰਹੇ ਸਨ ਕਿ ਇਕ ਹੋਰ ਆਦਮੀ ਆ ਗਿਆ ਜਿਸ ਨੇ ਤੋਤੇ ਦੀ ਆਵਾਜ਼ ਸੁਣ ਲਈ ਸੀ, ਉਹ ਚੱਕਰ ਲਾ ਕੇ ਮੁੜਿਆ । ਹਜ਼ਾਰਾ ਸਿੰਘ ਤੇ ਗੁਰਦੇਵ ਸਿੰਘ ਹਨੇਰੇ ਦੀ ਆੜ ਵਿਚ ਇਕ ਨੁੱਕਰੇ ਰਹੇ । ਗੁਰਦੇਵ ਸਿੰਘ ਨੇ ਕਿਹਾ, ਇਉਂ ਜਾਪਦਾ ਏ ਜਿਵੇਂ ਤੋਤੇ ਨੇ ਸਾਰਿਆਂ ਨੂੰ ਜਗਾ ਦਿੱਤਾ ਏ ।'

'ਸ਼ਾਇਦ ਇਹ ਤੋਤਾ ਇਸੇ ਲਈ ਰੱਖਿਆ ਹੋਵੇ ।' ਹਜ਼ਾਰਾ ਸਿੰਘ ਨੇ ਕਿਹਾ, 'ਇਹਨੂੰ ਮਾਰ ਦੇਈਏ ।'

'ਉਹਨੇ ਪਹਿਲਾਂ ਹੀ ਰੌਲਾ ਪਾ ਕੇ ਸਭ ਨੂੰ ਜਗਾ ਦੇਣਾ ਏਂ, ਇਧਰ ਜਾਣਾ ਹੀ ਨਹੀਂ ਚਾਹੀਦਾ, ਗੁਰਦੇਵ ਸਿੰਘ ਨੇ ਕਿਹਾ ।

'ਚਲੋ ਫਿਰ ਦੂਜੇ ਪਾਸਿਉਂ ਚਲੀਏ, ਨਵਾਬ ਉਧਰ ਹੋਵੇਗਾ, ਮੱਧਮ ਜਿਹਾ ਚਾਨਣ ਤਾਂ ਇਸ ਕਮਰੇ ਵਿਚ ਏ ।' ਹਜ਼ਾਰਾ ਸਿੰਘ ਨੇ ਸਲਾਹ ਦਿੱਤੀ ਤੇ ਤੁਰ ਪਿਆ । ਅੱਗੋਂ ਫਿਰ ਕਿਸੇ ਦੇ ਆਉਣ ਦੀ ਆਵਾਜ਼ ਆਈ ਤੇ ਦੋਵੇਂ ਇਕ ਪਾਸੇ ਹਨੇਰੇ ਵੱਲ ਹੋ ਗਏ । ਉਹ ਬੰਦਾ ਸਿੱਧਾ ਇਹਨਾਂ ਵੱਲ ਤੁਰਿਆ ਆਇਆ । ਇਹ ਹਨੇਰੇ ਵਿਚ ਖੜੇ ਉਹਨੂੰ ਚਾਨਣ ਵਿਚ ਦੇਖ ਰਹੇ ਸਨ । ਪਰ ਉਹਨੂੰ ਚਾਨਣ ਵਿਚ ਹੋਣ ਕਰਕੇ ਹਨੇਰੇ ਵਿਚ ਕੁਝ ਨਹੀਂ ਸੀ ਨਜ਼ਰ ਆ ਰਿਹਾ । ਉਹ ਅੱਗੇ ਵੱਧਦਾ ਗਿਆ, ਅਸਲ ਵਿਚ ਉਹਨੇ ਹਨੇਰੇ ਵਿੱਚੋਂ ਲੰਘ ਕੇ ਅੱਗੇ ਜਾਣਾ ਸੀ । ਜਦ ਇਹਨਾਂ ਦੇ ਨੇੜੇ ਆਇਆ ਤਾਂ ਹਜ਼ਾਰਾ ਸਿੰਘ ਨੇ ਝਪਟ ਕੇ ਉਹਨੂੰ ਗਿੱਚੀ ਤੋਂ ਫੜ ਲਿਆ ਤੇ ਨਾਲ ਹੀ ਜ਼ੋਰ ਦੀ ਲੱਤ ਮਾਰ ਕੇ ਥੱਲੇ ਸੁੱਟ ਲਿਆ । ਉਹ ਆਦਮੀ ਅਚਾਨਕ ਕਾਬੂ ਆ ਜਾਣ ਕਾਰਨ

ਘਬਰਾਇਆ ਤੇ ਉਹਨੇ ਗਿੱਚੀ ਛੁਡਾਣ ਲਈ ਬਥੇਰੇ ਹੱਥ ਪੈਰ ਮਾਰੇ ਪਰ ਹਜ਼ਾਰਾ ਸਿੰਘ ਦਾ ਹੱਥ ਛੁਡਾਣਾ ਸੌਖਾ ਨਹੀਂ ਸੀ। ਉਹਦੀ ਇਕ ਚੀਕ ਨਿਕਲੀ ਤੇ ਫਿਰ ਗਲਾ ਬੰਦ ਕਰ ਦਿੱਤਾ।

ਚੀਕ ਸੁਣ ਕੇ ਕਈ ਪਹਿਰੇਦਾਰ ਜੋ ਦਰਵਾਜ਼ਿਆਂ ਅੱਗੇ ਬੈਠੇ ਊਂਘ ਰਹੇ ਸਨ, ਭੱਜੇ ਆਏ। ਹਰ ਪਾਸੇ ਮਹੱਲ ਵਿਚ ਭਾਜੜ ਪੈ ਗਈ। ਕੁਝ ਤੋਤੇ ਨੇ ਸ਼ੱਕ ਪਾਇਆ ਸੀ ਤੇ ਕੁਝ ਚੀਕ ਨੇ ਕਸਰ ਪੂਰੀ ਕਰ ਦਿੱਤੀ।

ਹਜ਼ਾਰਾ ਸਿੰਘ ਤੇ ਗੁਰਦੇਵ ਸਿੰਘ ਦੋਵੇਂ ਉਹਨੂੰ ਛੱਡ ਕੇ ਨਸ ਪਏ। ਜਿਸ ਦਰਵਾਜ਼ੇ ਵੱਲੋਂ ਉਹ ਆਏ ਸਨ ਉਧਰ ਕਾਫੀ ਆਦਮੀ ਆ ਖੜੇ ਹੋਏ, ਹਜ਼ਾਰਾ ਸਿੰਘ ਨੇ ਪਾਉੜੀਆਂ ਤੱਕੀਆਂ ਤੇ ਝੱਟ ਉਹਨਾਂ ਰਾਹੀਂ ਕੋਠੇ 'ਤੇ ਚੜ੍ਹ ਗਿਆ। ਪਹਿਰੇਦਾਰ ਪਿੱਛੇ ਭੱਜ ਤੁਰੇ। ਅੱਗੇ ਕੋਠਾ ਲੰਘ ਕੇ ਵੱਡੀ ਕੰਧ ਸੀ। ਹਜ਼ਾਰਾ ਸਿੰਘ ਉਸ ਕੰਧ ਤੋਂ ਦੌੜਦਾ ਬਾਹਰਲੀ ਕੰਧ 'ਤੇ ਆ ਗਿਆ ਤੇ ਮਹੱਲ ਦੇ ਪਿਛਲੇ ਪਾਸੇ ਛਾਲ ਮਾਰ ਕੇ ਹਨੇਰੇ ਵਿਚ ਅਲੋਪ ਹੋ ਗਿਆ ਪਰ ਗੁਰਦੇਵ ਸਿੰਘ ਕੰਧ 'ਤੇ ਦੌੜਦਾ ਹੋਇਆ ਤਿਲਕ ਜਾਣ ਕਾਰਨ ਮਹੱਲ ਦੇ ਅੰਦਰਵਾਰ ਡਿੱਗ ਪਿਆ ਤੇ ਪਹਿਰੇਦਾਰਾਂ ਨੇ ਉਹਨਾਂ ਝੱਪ ਲਿਆ। ਇਉਂ ਹਜ਼ਾਰਾ ਸਿੰਘ ਤਾਂ ਬੱਚ ਨਿਕਲ ਗਿਆ ਪਰ ਗੁਰਦੇਵ ਸਿੰਘ ਉਹਨਾਂ ਦੇ ਕਾਬੂ ਆ ਗਿਆ। ਫੌਜ ਹਜ਼ਾਰਾ ਸਿੰਘ ਦੇ ਪਿੱਛੇ ਵੀ ਚਾਰ ਚੁਫੇਰੇ ਦੌੜਾ ਦਿੱਤੀ ਗਈ।

●●●

ਕਾਂਡ-14

ਦੀਵਾਨ ਜੈ ਰਾਮ ਦੀ ਲੜਕੀ ਬਿਮਲਾ ਨੂੰ ਸਾਰੀ ਰਾਤ ਨੀਂਦਰ ਨਾ ਪਈ । ਉਹ ਮੰਜੇ 'ਤੇ ਲੇਟੀ ਪਾਸੇ ਮਾਰਦੀ ਰਹੀ ਤੇ ਮਨ ਵਿਚ ਸੋਚਦੀ ਰਹੀ ਕਿ ਹੁਣੇ ਕੋਈ ਆਦਮੀ ਮਹੱਲ ਤੋਂ ਆ ਕੇ ਪਤਾ ਦੇਵੇਗਾ ਕਿ ਨਵਾਬ ਨੂੰ ਕਤਲ ਕਰ ਦਿੱਤਾ ਗਿਆ ਹੈ । ਜਿਉਂ ਜਿਉਂ ਅੱਧੀ ਰਾਤ ਤੋਂ ਸਮਾਂ ਵੱਧ ਹੁੰਦਾ ਗਿਆ, ਉਹਦੀ ਉਤਸੁਕਤਾ ਵੱਧਦੀ ਗਈ । ਉਹ ਹੈਰਾਨ ਸੀ ਕਿ ਕੋਈ ਆਦਮੀ ਉਹਦੇ ਪਿਤਾ ਨੂੰ ਦੱਸਣ ਲਈ ਨਹੀਂ ਆ ਰਿਹਾ । ਇਹਦਾ ਕਾਰਨ ਕੀ ਹੋ ਸਕਦਾ ਹੈ । ਉਹਨੇ ਆਪਣੇ ਮਨ ਵਿਚ ਅਨੁਮਾਨ ਲਾਇਆ ਕਿ ਹੋ ਸਕਦਾ ਹੈ ਕਿ ਉਹ ਅਜੇ ਅੰਦਰ ਹੀ ਨਾ ਜਾ ਸਕੇ ਹੋਣ, ਉਹਨਾਂ ਨੂੰ ਕੁੰਜੀਆਂ ਨਾ ਮਿਲੀਆਂ ਹੋਣ ਜਾਂ ਉਸ ਪਹਿਰੇਦਾਰ ਨੂੰ ਨਸ਼ਾ ਨ ਚੜ੍ਹਿਆ ਹੋਵੇ । ਇਹ ਵੀ ਹੋ ਸਕਦਾ ਹੈ ਕਿ ਉਹ ਫੜੇ ਗਏ ਹੋਣ । ਇਹ ਵੀ ਸੰਭਵ ਹੈ ਕਿ ਕਿਸੇ ਨੇ ਸਾਰਾ ਭਾਂਡਾ ਭੰਨ ਦਿੱਤਾ ਹੋਵੇ । ਫਿਰ ਉਹਦੇ ਮਨ ਵਿਚ ਖਿਆਲ ਆਇਆ ਕਿ ਜੇਕਰ ਕਿਸੇ ਤਰ੍ਹਾਂ ਵੀ ਨਵਾਬ ਨੂੰ ਪਤਾ ਲੱਗ ਗਿਆ ਕਿ ਮੈਂ ਵੀ ਇਸ ਸਾਜਿਸ਼ ਵਿਚ ਸ਼ਾਮਲ ਹਾਂ ਤਾਂ ਮੇਰੀ ਤੇ ਪਿਤਾ ਜੀ ਦੋਹਾਂ 'ਤੇ ਮੁਸੀਬਤ ਆ ਜਾਏਗੀ । ਨਵਾਬ ਨੇ ਢਿੱਲ ਨਹੀਂ ਕਰਨੀ ਤੇ ਝੱਟ ਸਾਨੂੰ ਪਿਉ ਧੀ ਨੂੰ ਫੜ ਕੇ ਸਜ਼ਾ ਦੇ ਦੇਣੀ ਏ । ਉਹਦੀਆਂ ਸਜ਼ਾਵਾਂ ਵੀ ਦੁਨੀਆਂ ਤੋਂ ਨਿਰਾਲੀਆਂ ਹਨ । ਚੁੱਕ ਕੇ ਸ਼ੇਰਾਂ ਅੱਗੇ ਸੁਟਾ ਦੇਵੇ ਜਾਂ ਖ਼ੂਨੀ ਕੁੱਤਿਆਂ ਤੋਂ ਪੜਵਾ ਦੇਵੇ । ਉਹਨੂੰ ਯਾਦ ਆਇਆ ਕਿ ਇਕ ਵਾਰ ਕਿਸੇ ਨੇ ਇਸੇ ਤਰ੍ਹਾਂ ਨਵਾਬ ਨੂੰ ਮਾਰਨ ਦਾ ਯਤਨ ਕੀਤਾ ਸੀ ਤਾਂ ਨਵਾਬ ਨੇ ਉਹਨੂੰ ਧਰਤੀ ਵਿਚ ਗੱਡ ਦਿੱਤਾ ਤੇ ਉਥੇ ਹੀ ਉਹ ਸਹਿਕ ਕੇ ਮਰ ਗਿਆ । ਮੈਨੂੰ ਕੀ ਸਜਾ ਦੇਵੇਗਾ, ਇਸ ਦਾ ਉਹਨੂੰ ਕੋਈ ਅਨੁਮਾਨ ਨਹੀਂ ਸੀ । ਉਹ ਝੱਟ ਦੀ ਝੱਟ ਆਪਣੇ ਆਪ ਨੂੰ ਦੋਸ਼ੀ ਸਮਝ ਕੇ ਆਪਣੇ ਬਾਰੇ ਸੰਭਵ ਸਜ਼ਾਵਾਂ ਚੇਤੇ ਕਰਦੀ ਰਹੀ ਪਰ ਜਦੋਂ ਉਹਨੂੰ ਇਸ ਗੱਲ ਦਾ ਅਹਿਸਾਸ ਹੋਇਆ ਕਿ ਨਵਾਬ ਇਹ ਵੀ ਸਜ਼ਾ ਦੇ ਸਕਦਾ ਹੈ ਕਿ ਇਸ ਨੂੰ ਮੁਸਲਮਾਨ ਬਣਾ ਕੇ ਕਿਸੇ ਮੁਸਲਮਾਨ ਜਾਂ ਆਪਣੇ ਕਿਸੇ ਚੇਲੇ ਨਾਲ ਵਿਆਹ ਦੇਵੇ ਤਾਂ ਉਹ ਕੰਬ ਗਈ ਤੇ ਇਸ ਖਿਆਲ ਪਿੱਛੋਂ ਉਹਦੇ ਲਈ ਮੰਜੇ 'ਤੇ ਲੇਟਣਾ ਔਖਾ ਹੋ ਗਿਆ । ਉਹ ਉਠ ਬੈਠੀ ਤੇ ਚਾਰ ਚੁਫੇਰੇ ਦੇਖਿਆ । ਘਰ ਦੇ ਜੀ ਸੁੱਤੇ ਪਏ ਸਨ । ਉਹਨੇ ਉਠ ਕੇ ਟਹਿਲਣਾ ਸ਼ੁਰੂ ਕਰ ਦਿੱਤਾ । ਝੱਟ ਪਿੱਛੋਂ ਮਕਾਨ ਦਾ ਬਾਹਰਲਾ ਬੂਹਾ ਖੜਕਿਆ । ਉਹਦਾ ਦਿਲ ਤੇਜ਼ੀ ਨਾਲ ਧੱਕ ਧੱਕ ਕਰਨ ਲੱਗ

ਪਿਆ। ਲੱਤਾਂ ਕੰਬਣ ਲੱਗ ਪਈਆਂ ਤੇ ਇਕ ਦੰਮ ਮੂੰਹ ਖੁਸ਼ਕ ਹੋ ਗਿਆ। ਆਪਣੇ ਹੋਠਾਂ 'ਤੇ ਜੀਭ ਫੇਰ ਕੇ ਉਹਨੇ ਆਪੇ ਦਰਵਾਜ਼ਾ ਖੋਲ੍ਹਣ ਲਈ ਕਦਮ ਉਧਰ ਚੁਕੇ। ਖਿਆਲ ਆਇਆ ਕਿ ਬਸ ਆ ਗਏ ਹੋਣਗੇ ਨਵਾਬ ਦੇ ਫੌਜੀ ਤੇ ਹੁਣੇ ਪਈ ਮੁਸੀਬਤ। ਇਕ ਉਹਦਾ ਜੀ ਕੀਤਾ ਕਿ ਪਿਤਾ ਜੀ ਨੂੰ ਜਗਾ ਕੇ ਸਾਰਾ ਕੁਝ ਦੱਸ ਦੇਵੇ ਤਾਂ ਕਿ ਉਹ ਜੇਕਰ ਬਚਾਉ ਦਾ ਕੋਈ ਰਾਹ ਕੱਢ ਸਕਦੇ ਹੋਣ ਤਾਂ ਕੱਢ ਲੈਣ। ਡਰਦੀ ਕੰਬਦੀ ਤੇ ਕਈ ਸੋਚਾਂ ਸੋਚਦੀ ਉਹ ਦਰਵਾਜ਼ੇ ਤਕ ਪਹੁੰਚੀ। ਦਰਵਾਜ਼ੇ ਵਿੱਚਲੀ ਝੀਤ ਵਿੱਚੋਂ ਉਹਨੇ ਬਾਹਰ ਤੱਕਿਆ ਪਰ ਕੋਈ ਆਦਮੀ ਨਜ਼ਰ ਨ ਆਇਆ। ਮਨ ਨੂੰ ਕੁਝ ਹੌਂਸਲਾ ਹੋਇਆ ਕਿ ਜੇਕਰ ਨਵਾਬ ਫੌਜੀ ਭੇਜਦਾ ਤਾਂ ਉਹ ਕਿੰਨੇ ਸਾਰੇ ਹੁੰਦੇ। ਗਲੀ ਵਿਚ ਤਾਂ ਪੂਰੀ ਤਰ੍ਹਾਂ ਚੁੱਪ ਜਾਪਦੀ ਹੈ। ਫਿਰ ਉਹਨੇ ਦਰਵਾਜ਼ਾ ਖੋਲ੍ਹਿਆ ਤੇ ਬੜੀ ਉਤਸੁਕਤਾ ਨਾਲ ਚਾਰ ਚੁਫੇਰੇ ਝਾਕਿਆ। ਬਾਹਰ ਕੋਈ ਵੀ ਨਹੀਂ ਸੀ। ਦਰਵਾਜ਼ੇ ਦੇ ਇਕ ਪਾਸੇ ਸਹਿਮੀ ਹੋਈ ਬਿੱਲੀ ਬੈਠੀ ਸੀ ਜਿਸ ਤੋਂ ਉਹਨੂੰ ਯਕੀਨ ਹੋ ਗਿਆ ਕਿ ਦਰਵਾਜ਼ਾ ਖੜਕਾਣ ਦੀ ਆਵਾਜ਼ ਬਿੱਲੀ ਨੇ ਪੈਦਾ ਕੀਤੀ ਸੀ। ਗੁੱਸੇ ਨਾਲ ਉਹਨੇ ਬਿੱਲੀ ਨੂੰ ਝਾੜ ਪਾਈ, 'ਖਸਮਾਂ ਨੂੰ ਖਾਣੀ, ਇਸ ਵੇਲੇ ਆ ਕੇ ਦਿਲ ਹੀ ਕੱਢ ਲਿਆ ਸੂ। ਇਹਨੂੰ ਮਰ ਗਈ ਨੂੰ ਨੀਂਦਰ ਹੀ ਨਹੀਂ ਪਈ ਤੇ ਲੋਕਾਂ ਦੇ ਦਰਵਾਜ਼ੇ ਭੰਨਣ ਤੁਰ ਪਈ ਏ। ਚੱਲ ਦਫਾ ਹੋ, ਆਈਂ ਹੁਣ ਤੂੰ ਇਧਰ ਤੇਰੇ ਪਾਸੇ ਨਾ ਭੰਨ ਸੁੱਟੇ ਤਾਂ ਆਖੀਂ,' ਉਂਝ ਬਿਮਲਾ ਦਿਲੋਂ ਖੁਸ਼ ਸੀ ਕਿ ਸ਼ੁਕਰ ਏ ਇਹ ਦਰਵਾਜ਼ਾ ਖੜਕਾਣ ਵਾਲੇ ਨਵਾਬ ਦੇ ਬੰਦੇ ਨਹੀਂ ਸਨ।

ਜਦ ਅੰਦਰ ਮੁੜੀ ਤਾਂ ਉਹਦੇ ਪਿਤਾ ਦੀ ਜਾਗ ਖੁੱਲ੍ਹ ਗਈ ਤੇ ਦੀਵਾਨ ਨੇ ਉਠ ਕੇ ਕਿਹਾ, 'ਕੀ ਗੱਲ ਕੁੜੀਏ ਤੂੰ ਅਜੇ ਤਕ ਸੁੱਤੀ ਨਹੀਂ। ਕਿਧਰ ਗਈ ਸੀ।'

'ਗਈ ਤਾਂ ਕਿਧਰੇ ਵੀ ਨਹੀਂ। ਬਿੱਲੀ ਮਰ ਗਈ ਦਰਵਾਜ਼ਾ ਖੜਕਾਂਦੀ ਪਈ ਸੀ, ਉਹਨੂੰ ਰੋਕਣ ਗਈ ਸਾਂ,' ਬਿਮਲਾ ਨੇ ਦੱਸਿਆ।

'ਤੈਨੂੰ ਤਾਂ ਸੁੱਤਿਆਂ ਹੋਸ਼ ਨਹੀਂ ਰਹਿੰਦੀ ਭਾਵੇਂ ਕੋਲ ਢੋਲ ਪਏ ਵਜਣ, ਅੱਜ ਤੈਨੂੰ ਦਰਵਾਜ਼ੇ ਦਾ ਖੜਾਕ ਕਿਵੇਂ ਆ ਗਿਆ,' ਦੀਵਾਨ ਨੇ ਪੁੱਛਿਆ।

'ਅਜੇ ਚੰਗੀ ਤਰ੍ਹਾਂ ਸੁੱਤੀ ਨਹੀਂ ਸਾਂ,' ਬਿਮਲਾ ਨੇ ਅਸਲ ਗੱਲ ਕੁਝ ਗੋਲ ਮੋਲ ਕਰਕੇ ਦੱਸ ਦਿੱਤੀ।

'ਮੈਂ ਤਾਂ ਅੱਗੇ ਹੀ ਇਹੋ ਸਮਝਿਆ ਸੀ, ਕੀ ਗੱਲ ਵਕਤ ਤੇ ਚੋਖਾ ਬੀਤ ਗਿਆ ਏ,' ਦੀਵਾਨ ਨੇ ਕਿਹਾ।

'ਨਹੀਂ, ਵਕਤ ਬਹੁਤਾ ਤਾਂ ਨਹੀਂ ਹੋਇਆ। ਮਸੀਂ ਦੂਜਾ ਪਹਿਰ ਹੋਣਾ ਏ,' ਬਿਮਲਾ ਨੇ ਦੱਸਿਆ।'

'ਤੇ ਦੂਜਾ ਪਹਿਰ ਥੋੜ੍ਹਾ ਹੁੰਦਾ ਏ, ਤੀਜੇ ਪਹਿਰ ਤਾਂ ਲੋਕੀਂ ਜਾਗਣ ਵੀ ਲੱਗ ਪੈਂਦੇ ਨੇ।' ਦੀਵਾਨ ਨੇ ਕਿਹਾ, 'ਕੀ ਗੱਲ ਤਬੀਅਤ ਤਾਂ ਠੀਕ ਏ ਨਾ ।'

'ਤਬੀਅਤ ਤਾਂ ਠੀਕ ਏ, ਐਵੇਂ ਸੁਫਨੇ ਆਉਂਦੇ ਨੇ ਡਰਾਉਣੇ ਤੇ ਜਾਗ ਖੁੱਲ੍ਹ ਜਾਂਦੀ ਏ,' ਬਿਮਲਾ ਬੋਲੀ।

'ਦਿਨੇ ਸਹੇਲੀਆਂ ਨਾਲ ਕਰਦੀ ਰਹੀ ਹੋਵੇਂਗੀ ਗੱਲਾਂ ਕੁਝ ਇਸ ਤਰ੍ਹਾਂ ਦੀਆਂ ।' ਦੀਵਾਨ ਨੇ ਕਿਹਾ, 'ਸੌਂ ਜਾਹ ਹੁਣ।'

ਬਿਮਲਾ ਫਿਰ ਜਾ ਕੇ ਬਿਸਤਰੇ 'ਤੇ ਲੇਟ ਗਈ ਪਰ ਨੀਂਦਰ ਕਿਵੇਂ ਆ ਸਕਦੀ ਸੀ। ਕੱਲ ਉਹਨੇ ਜਜ਼ਬਾਤ ਵਿਚ ਆ ਕੇ ਜਿਹੜਾ ਬਹੁਤ ਵੱਡਾ ਕੰਮ ਕੀਤਾ ਸੀ, ਉਹ ਨੀਂਦਰ ਕਿਵੇਂ ਆਉਣ ਦੇ ਸਕਦਾ ਸੀ। ਉਹ ਗਲੀ ਵਿਚ ਹਰ ਨਿੱਕੀ ਆਵਾਜ਼ 'ਤੇ ਕੰਨ ਖੜੇ ਕਰ ਲੈਂਦੀ ਤੇ ਉਹਨੂੰ ਜਾਪਦਾ ਜਿਵੇਂ ਕੋਈ ਆ ਰਿਹਾ ਹੋਵੇ ।

ਬੜੀ ਮੁਸ਼ਕਿਲ ਨਾਲ ਦਿਨ ਚੜ੍ਹਿਆ। ਉਹ ਵੀ ਉਬਾਸੀਆਂ ਲੈਂਦੀ ਉਠੀ ਤੇ ਮੂੰਹ ਹੱਥ ਧੋ ਕੇ ਕੁਝ ਖਾਧਾ। ਅੱਜ ਕਿਸੇ ਚੀਜ਼ ਨੂੰ ਖਾਣ ਨੂੰ ਵੀ ਉਹਦਾ ਜੀ ਨਹੀਂ ਸੀ ਕਰਦਾ। ਨਵਾਬ ਦਾ ਇਕ ਨੌਕਰ ਆਇਆ ਤੇ ਉਹਨੇ ਆ ਕੇ ਦੀਵਾਨ ਜੀ ਨੂੰ ਆਵਾਜ਼ ਦਿੱਤੀ। ਅੱਗੇ ਨੌਕਰ ਇਸ ਤਰ੍ਹਾਂ ਦੀ ਆਵਾਜ਼ 'ਤੇ ਬਾਹਰ ਜਾਇਆ ਕਰਦਾ ਸੀ ਪਰ ਅੱਜ ਦੌੜ ਕੇ ਬਿਮਲਾ ਆਪ ਬਾਹਰ ਗਈ ਤੇ ਪੁੱਛਿਆ, ਕੀ ਗੱਲ ਏ?

ਦੀਵਾਨ ਜੀ ਨੂੰ ਸੱਦਿਆ ਏ।'

'ਕਿਸ ਨੇ ?'

'ਹਜ਼ੂਰ ਨੇ।'

'ਨਵਾਬ ਸਾਹਿਬ ਨੇ।'

'ਕੀ ਗੱਲ ਏ ?'

'ਕੋਈ ਕੰਮ ਏ।'

'ਸੁਖ ਏ ਨਾ, ਨਵਾਬ ਸਾਹਿਬ ਦੀ ਤਬੀਅਤ ਤਾਂ ਠੀਕ ਏ ਨਾ। ਇਸ ਵੇਲੇ ਕਿਉਂ ਸੱਦਿਆ ਨੇ ?' ਇਕੋ ਸਾਹੇ ਕਿੰਨੀਆਂ ਗੱਲਾਂ ਹੀ ਬਿਮਲਾ ਕਰ ਗਈ।

'ਨਵਾਬ ਸਾਹਿਬ ਨੇ ਅੱਜ ਬਾਹਰ ਜਾਣਾ ਏ, ਇਸ ਲਈ ਯਾਦ ਕਰਦੇ ਨੇ,' ਨੌਕਰ ਨੇ ਦੱਸਿਆ।

'ਪੱਟਿਆ ਪਹਾੜ ਤੇ ਨਿਕਲਿਆ ਚੂਹਾ' ਕਹਿ ਕੇ ਬਿਮਲਾ ਪਰਤ ਗਈ ਤੇ

ਦੀਵਾਨ ਜੀ ਨੂੰ ਦੱਸਿਆ। ਮੁੜ ਉਹ ਆਪਣੇ ਕਮਰੇ ਵਿਚ ਆ ਗਈ । ਹੁਣ ਉਹਨੂੰ ਇਸ ਗੱਲ ਦੀ ਤਾਂ ਤਸੱਲੀ ਹੋ ਗਈ ਕਿ ਮਾਮਲਾ ਵਿਗੜਿਆ ਨਹੀਂ ਪਰ ਉਹ ਅਜੇ ਵੀ ਸੋਚ ਰਹੀ ਸੀ ਕਿ ਉਹਨਾਂ ਦਾ ਯਤਨ ਸਿਰੇ ਕਿਉਂ ਨਾ ਚੜ੍ਹਿਆ, ਉਹਨਾਂ ਦੇ ਰਾਹ ਵਿਚ ਕਿਹੜੀ ਰੁਕਾਵਟ ਆ ਬਣੀ। ਕਿਸੇ ਸਮੇਂ ਉਹ ਅਤਿ ਦਰਜੇ ਦੀ ਡਰਾਕਲ ਤੇ ਕਿਸੇ ਸਮੇਂ ਬੜੀ ਦਲੇਰ ਤੇ ਆਸ਼ਾਵਾਦੀ ਹੋ ਜਾਂਦੀ। ਉਸ ਨੂੰ ਸੁਝ ਨਹੀਂ ਸੀ ਰਿਹਾ ਕਿ ਉਹ ਕਿਵੇਂ ਪਤਾ ਕਰੇ ਕਿ ਰਾਤ ਕੀ ਕੁਝ ਵਾਪਰਿਆ ਹੈ।'

ਦੀਵਾਨ ਜੈ ਰਾਮ ਤਿਆਰ ਹੋ ਕੇ ਤੁਰਨ ਲੱਗੇ ਤਾਂ ਬਿਮਲਾ ਨੇ ਕਿਹਾ, 'ਜ਼ਰਾ ਛੇਤੀ ਆ ਜਾਣਾ।'

'ਕਿਉਂ ? ਕੋਈ ਕੰਮ ਏ,' ਦੀਵਾਨ ਨੇ ਧੀ ਤੋਂ ਪੁੱਛਿਆ।

'ਕੰਮ ਤਾਂ ਖਾਸ ਕੋਈ ਨਹੀਂ, ਐਵੇਂ ਕਹਿ ਰਹੀ ਸਾਂ।' ਬਿਮਲਾ ਨੇ ਬਨਾਉਟੀ ਜਿਹੀ ਮੁਸਕ੍ਰਾਹਟ ਚਿਹਰੇ 'ਤੇ ਲਿਆ ਕੇ ਉੱਤਰ ਦਿੱਤਾ।

ਦੀਵਾਨ ਜੀ ਚਲੇ ਗਏ। ਬਿਮਲਾ ਨੇ ਗਲੀ ਗੁਆਂਢ ਵਿਚ ਕਈਆਂ ਦੇ ਘਰ ਚੱਕਰ ਲਾਏ ਕਿ ਕਿਸੇ ਘਰੋਂ ਕੁਝ ਪਤਾ ਲੱਗੇ ਪਰ ਕਿਧਰੇ ਕਿਸੇ ਗੱਲ ਦੀ ਚਰਚਾ ਨਹੀਂ ਸੀ। ਉਸ ਨੇ ਕਿਸੇ ਤੋਂ ਉਚੇਚੇ ਤੌਰ 'ਤੇ ਪੁੱਛਣਾ ਠੀਕ ਨਾ ਸਮਝਿਆ। ਇਕ ਥਾਂ ਤੋਂ ਕਿਸੇ ਨੇ ਦੱਸਿਆ, 'ਅੱਜ ਕੋਈ ਸਿੱਖ ਨਵਾਬ ਦੇ ਮਹੱਲ ਤੋਂ ਫੜਿਆ ਗਿਆ ਏ।'

ਬਸ ਇਹ ਸੁਣਦੇ ਸਾਰ ਹੀ ਬਿਮਲਾ ਦੀ ਖਾਨਿਉਂ ਗਈ। ਉਹ ਘਰ ਪਰਤ ਆਈ, ਅਤਿ ਘਬਰਾਹਟ ਵਿਚ ਉਹਨੇ ਮਾਂ ਤੋਂ ਪੁੱਛਿਆ, 'ਅਜੇ ਪਿਤਾ ਜੀ ਨਹੀਂ ਆਏ।'

'ਕੀ ਗੱਲ ਤੈਨੂੰ ਕੀ ਕੰਮ ਏ।'

'ਐਵੇਂ।'

'ਦੱਸਦੀ ਨਹੀਂ ਕੁਝ,' ਮਾਂ ਨੇ ਝਿੜਕ ਕੇ ਆਖਿਆ।

'ਮੈਨੂੰ ਰਾਤ ਬੜੇ ਗੰਦੇ ਸੁਪਨੇ ਆਉਂਦੇ ਰਹੇ ਨੇ ਤਾਂ ਹੀ ਮਨ ਨੂੰ ਧੁੜਕੂ ਲੱਗਾ ਹੋਇਆ ਏ।' ਬਿਮਲਾ ਨੇ ਗੱਲ ਨੂੰ ਟਾਲਣ ਲਈ ਉਸੇ ਝੂਠ ਦਾ ਸਹਾਰਾ ਲਿਆ ਜਿਹੜਾ ਰਾਤ ਨੂੰ ਪਿਤਾ ਸਾਹਮਣੇ ਬੋਲਿਆ ਸੀ।

'ਕੀ ਸੀ ਸੁਪਨਾ ?'

'ਬਸ ਪੁੱਛ ਕੁਝ ਨਾ, ਉਹਦੀ ਯਾਦ ਵੀ ਦਿਲ ਨੂੰ ਕਾਂਬਾ ਛੇੜ ਦਿੰਦੀ ਏ, ਦੱਸਣ

ਦੀ ਹਿੰਮਤ ਕਿਥੇ ।' ਬੜੀ ਹਿੰਮਤ ਤੇ ਹੁਸ਼ਿਆਰੀ ਨਾਲ ਬਿਮਲਾ ਨੇ ਗੱਲ ਛੁਪਾਈ । ਅਜੇ ਮਾਂ ਧੀ ਗੱਲਾਂ ਕਰ ਹੀ ਰਹੀਆਂ ਸਨ ਕਿ ਦੀਵਾਨ ਜੀ ਆ ਗਏ । ਬਿਮਲਾ ਨੇ ਪਿਤਾ ਦੇ ਚਿਹਰੇ ਤੋਂ ਹੀ ਪੜ੍ਹ ਲਿਆ ਕਿ ਉਹ ਸਾਧਾਰਨ ਹਾਲਤ ਵਿਚ ਪਰਤ ਰਹੇ ਹਨ, ਕੁਝ ਵੀ ਅਸਾਧਰਨ ਨਹੀਂ ।

ਛੱਟ ਗੱਲਾਂ ਬਾਤਾਂ ਪਿੱਛੋਂ ਬਿਮਲਾ ਨੇ ਪੁੱਛਿਆ, 'ਅੱਜ ਰਾਤੀ ਸੁਣਿਆ ਏ ਕਿ ਨਵਾਬ ਨੂੰ ਮਰਨ ਲਈ ਕੁਝ ਸਿੱਖ ਆ ਪਏ ਸਨ ।'

'ਇਕ ਆਇਆ ਸੀ ਫੜ ਲਿਆ ਨੇ । ਕੁਝ ਬੰਦੇ ਕਹਿੰਦੇ ਨੇ ਕਿ ਦੋ ਸਨ, ਇਕ ਦੌੜ ਗਿਆ ਏ ਪਰ ਪਤਾ ਨਹੀਂ ਕਿ ਉਹ ਕਿਉਂ ਆਏ ਸੀ ?' ਦੀਵਾਨ ਨੇ ਬੜੀ ਮਾਮੂਲੀ ਜਿਹੀ ਗੱਲ ਸਮਝ ਕੇ ਤੁਰੰਤ ਮੁਕਾ ਦਿੱਤੀ ।

'ਲੋਕੀਂ ਤਾਂ ਚਰਚੇ ਪਏ ਕਰਦੇ ਨੇ ।' ਬਿਮਲਾ ਨੇ ਗੱਲ ਮੁੜ ਛੇੜਣ ਲਈ ਆਖਿਆ ।

'ਲੋਕਾਂ ਦੀ ਕਿਹੜੀ ਗੱਲ ਏ ਛੱਟ ਰਾਈ ਦਾ ਪਹਾੜ ਬਣਾ ਲੈਂਦੇ ਨੇ,' ਦੀਵਾਨ ਨੇ ਕਿਹਾ ।

'ਤੁਸੀਂ ਉਹ ਸਿੱਖ ਦੇਖਿਆ ਏ ?' ਬਿਮਲਾ ਨੇ ਇਹ ਸਵਾਲ ਤਾਂ ਕੀਤਾ ਤਾਂਕਿ ਪਤਾ ਲੱਗ ਜਾਏ ਕਿ ਕਿਧਰੇ ਹਜ਼ਾਰਾ ਸਿੰਘ ਤਾਂ ਨਹੀਂ ਫੜਿਆ ਗਿਆ ।

'ਮੈਂ ਨਹੀਂ ਦੇਖਿਆ,' ਦੀਵਾਨ ਨੇ ਉੱਤਰ ਦਿੱਤਾ । ਹੁਣ ਹੋਰ ਕੋਈ ਸਵਾਲ ਪੁੱਛਣ ਦੀ ਗੁੰਜਾਇਸ਼ ਨਹੀਂ ਸੀ । ਬਿਮਲਾ ਆਪਣੇ ਕਮਰੇ ਵਿਚ ਚਲੀ ਗਈ ਤੇ ਇਸ ਬਾਰੇ ਸੋਚਦੀ ਰਹੀ । ਉਹਨੇ ਅਖੀਰ ਫੈਸਲਾ ਕੀਤਾ ਕਿ ਸ਼ਹਿਰ ਤੋਂ ਬਾਹਰ ਉਸ ਸੰਤ ਦੇ ਡੇਰੇ ਚੱਲਿਆ ਜਾਏ। ਉਹਦੇ ਤੋਂ ਹਜ਼ਾਰਾ ਸਿੰਘ ਦਾ ਪਤਾ ਲੱਗੇਗਾ ਜਿਸ ਨਾਲ ਉਹ ਪਹਿਲੀ ਵਾਰ ਘਰ ਆਇਆ ਸੀ ।

ਸਾਧੂ ਦੇ ਡੇਰੇ ਜਾਣ ਲਈ ਵੀ ਕੋਈ ਬਹਾਨਾ ਚਾਹੀਦਾ ਸੀ, ਉਹ ਸੋਚਦੇ ਸੋਚਦੇ ਲੱਭ ਪਿਆ । ਉਹੀ ਝੂਠੀ ਗੱਲ ਜਿਸ ਨਾਲ ਰਾਤ ਪਿਉ ਨੂੰ ਸੰਤੁਸ਼ਟ ਕੀਤਾ ਸੀ ਤੇ ਜਿਸ ਰਾਹੀਂ ਮਾਂ ਨੂੰ ਟਰਕਾਇਆ ਸੀ । ਹੁਣ ਉਸੇ ਗੱਲ 'ਤੇ ਤੀਜਾ ਲਾਭ ਪ੍ਰਾਪਤ ਕਰਨ ਦਾ ਯਤਨ ਕੀਤਾ ਗਿਆ ।

ਬਿਮਲਾ ਨੇ ਆ ਕੇ ਪਿਤਾ ਨੂੰ ਕਿਹਾ, 'ਰਾਤ ਬੜੇ ਭਿਆਨਕ ਸੁਪਨੇ ਆਉਂਦੇ ਰਹੇ ਹਨ । ਮੈਂ ਤੱਕਿਆ ਏ ਉਹ ਮਹਾਤਮਾਂ ਆਪਣੇ ਔਖੇ ਨੇ, ਕਈ ਦਿਨਾਂ ਦੇ ਭੁੱਖੇ ਨੇ । ਮੇਰਾ ਜੀ ਕਰਦਾ ਏ ਕਿ ਜਾ ਕੇ ਵੇਖ ਆਵਾਂ । ਜੇ ਆਗਿਆ ਦਿਉ ਤਾਂ ਕਿਸੇ ਨੂੰ ਨਾਲ ਲੈ ਕੇ ਛੱਟ ਫੇਰਾ ਮਾਰ ਆਵਾਂ ।'

'ਸ਼ਾਮ ਨੂੰ ਚੱਲਾਂਗੇ, ਮੈਂ ਵੀ ਹੋ ਆਵਾਂਗਾ', ਦੀਵਾਨ ਜੈ ਰਾਮ ਨੇ ਨਵੀਂ ਤਜਵੀਜ਼ ਪੇਸ਼ ਕਰ ਦਿੱਤੀ ।

'ਤੁਸੀਂ ਪਤਾ ਨਹੀਂ ਜਾ ਸਕੋ ਕਿ ਨਾ, ਸ਼ਾਮ ਤਕ ਕੀ ਪਤਾ ਕਿੱਧਰ ਜਾਣਾ ਪੈ ਜਾਏ, ਮੈਂ ਹੁਣੇ ਹੋ ਆਉਂਦੀ ਹਾਂ ।' ਬਿਮਲਾ ਨੇ ਬੜੇ ਪਿਆਰ ਤੇ ਕੁਝ ਖਾਸ ਅੰਦਾਜ਼ ਵਿਚ ਕਿਹਾ ।

'ਜਾ ਹੋ ਆ,' ਦੀਵਾਨ ਜੈ ਰਾਮ ਨੇ ਕਿਹਾ, 'ਪਰ ਨਾਲ ਕਿਸ ਨੂੰ ਲੈ ਕੇ ਜਾਏਂਗੀ ?'

'ਜਿਸ ਨੂੰ ਕਹਿੰਦੇ ਹੋ ।'

'ਇਕ ਨੌਕਰ ਤੇ ਨੌਕਰਾਣੀ ਲੈ ਜਾ,' ਦੀਵਾਨ ਨੇ ਕਿਹਾ ।

'ਠੀਕ ਏ', ਬਿਮਲਾ ਖੁਸ਼ ਹੋ ਗਈ ।

ਝੱਟ ਪਿੱਛੋਂ ਬਿਮਲਾ ਨੇ ਤਿਆਰ ਹੋ ਕੇ ਤਿੰਨ ਘੋੜੇ ਮੰਗਵਾਏ । ਇਕ 'ਤੇ ਆਪ ਚੜ੍ਹ ਗਈ ਤੇ ਦੂਜੇ 'ਤੇ ਨੌਕਰਾਣੀ ਬਿਠਾ ਲਈ । ਨੌਕਰ ਨੂੰ ਤੀਜਾ ਘੋੜਾ ਦਿੱਤਾ ਤੇ ਕਿਹਾ ਕਿ ਉਹ ਪਿੱਛੇ ਪਿੱਛੇ ਤੁਰਿਆ ਆਏ ਉਹਨਾਂ ਨੂੰ ਲੈ ਕੇ ਬਿਮਲਾ ਸਾਧੂ ਦੇ ਡੇਰੇ ਵੱਲ ਤੁਰ ਪਈ ।

●●●

ਕਾਂਡ-15

ਨਵਾਬ ਵਜੀਦ ਖਾਂ ਪਹਿਲਾਂ ਹੀ ਬੜਾ ਚਿਤੰਤਰੁ ਸੀ ਕਿਉਂਕਿ ਉਹਨੂੰ ਦਿੱਲੀ ਤੋਂ ਇਹ ਕੰਨਸੋਅ ਮਿਲ ਰਹੀ ਸੀ ਕਿ ਕੇਂਦਰੀ ਮੁਗਲ ਸਰਕਾਰ ਉਹਦੀ ਥਾਂ ਕਿਸੇ ਹੋਰ ਨੂੰ ਸਰਹੰਦ ਦਾ ਨਵਾਬ ਬਣਾ ਰਹੀ ਸੀ । ਮੁਗਲ ਹਕੂਮਤ ਦੀ ਦ੍ਰਿਸ਼ਟੀ ਵਿਚ ਸਰਹੰਦ ਦਾ ਰਾਜ ਬੜੀ ਅਹਿਮੀਅਤ ਰੱਖਦਾ ਸੀ । ਇਹ ਸਮਝਿਆ ਜਾਂਦਾ ਸੀ ਕਿ ਸਰਹੰਦ ਕਿਸੇ ਵੀ ਬਾਹਰਲੇ ਹਮਲਾਵਰ ਲਈ ਵੱਡੀ ਰੁਕਾਵਟ ਬਣ ਸਕਦਾ ਹੈ । ਜਿਹੜਾ ਕੋਈ ਮੁਗਲਾਂ ਤੋਂ ਰਾਜ ਖੋਹਣ ਲਈ ਜਾਂ ਲੁਟਣ ਲਈ ਬਾਹਰੋਂ ਆਵੇ ਉਹਨੂੰ ਰੋਕਣ ਦਾ ਪਹਿਲਾ ਕੰਮ ਲਾਹੌਰ ਦੇ ਹਾਕਮਾਂ ਦਾ ਹੈ । ਜਿਹੜਾ ਲਾਹੌਰ ਟੱਪ ਆਇਗਾ ਉਹਨੂੰ ਰੋਕਣਾ ਤੇ ਦਿੱਲੀ ਵੱਲ ਵੱਧਣ ਤੋਂ ਡੱਕਣਾ ਸਰਹੰਦ ਦੇ ਨਵਾਬ ਦਾ ਕੰਮ ਹੈ । ਸਰਹੰਦ ਦਾ ਨਵਾਬ ਅਧੀਨ ਆਸੇ ਪਾਸੇ ਦੇ ਬਾਈ ਛੋਟੇ ਰਾਜੇ ਤੇ ਫੌਜਦਾਰ ਬੜੀ ਵੱਡੀ ਤਾਕਤ ਬਣ ਜਾਂਦੇ ਹਨ । ਦਿੱਲੀ ਦਰਬਾਰ ਵਿਚ ਵਜ਼ੀਰਾਂ, ਮੁੱਖ ਅਧਿਕਾਰੀਆਂ ਅਤੇ ਅਸਰ ਵਾਲੇ ਕਾਜ਼ੀਆਂ ਦੇ ਕਈ ਧੜੇ ਸਨ । ਕੱਟੜ ਕਿਸਮ ਦੇ ਲੋਕੀਂ ਨਵਾਬ ਵਜ਼ੀਦ ਖਾਂ ਦੇ ਹਮਾਇਤੀ ਸਨ । ਦੂਜੇ ਧੜੇ ਜੋ ਨਵਾਬ ਸਰਹੰਦ ਨੂੰ ਗੱਦੀ ਤੋਂ ਲਾਹ ਕੇ ਉਹਦੀ ਥਾਂ ਆਪਣੇ ਰਿਸ਼ਤੇਦਾਰਾਂ ਤੇ ਹਮਾਇਤੀਆਂ ਨੂੰ ਇਹ ਰਾਜ ਦੁਆਉਣਾ ਚਾਹੁੰਦੇ ਸਨ, ਉਹਨਾਂ ਨੇ ਨਵਾਬ ਸਰਹੰਦ ਵਿਰੁੱਧ ਚੋਖੀਆਂ ਅਫਵਾਹਾਂ ਫੈਲਾਈਆਂ ਤੇ ਇਹੋ ਜਿਹਾ ਵਾਤਵਰਨ ਪੈਦਾ ਕਰਨਾ ਸ਼ੁਰੂ ਕਰ ਦਿੱਤਾ ਕਿ ਕਿਸੇ ਸਮੇਂ ਵੀ ਉਹ ਫੌਜ ਭੇਜ ਕੇ ਨਵਾਬ ਸਰਹੰਦ ਦਾ ਰਾਜ ਉਲਟ ਸਕਦੇ ਹਨ । ਇਹ ਰਾਜਨੀਤਕ ਉਥਲ ਪੁੱਥਲ ਦੀਆਂ ਖ਼ਬਰਾਂ ਸਰਹੰਦ ਵੀ ਪਹੁੰਚ ਰਹੀਆਂ ਸਨ ਤੇ ਇਸੇ ਗੱਲ ਕਰਕੇ ਨਵਾਬ ਨੂੰ ਦਿੱਲੀ ਹਾਜ਼ਰ ਹੋਣ ਲਈ ਸੱਦਿਆ ਗਿਆ ਸੀ । ਨਵਾਬ ਸਰਹੰਦ ਜਾਣਦਾ ਸੀ ਕਿ ਉਸਦੇ ਵਿਰੁੱਧ ਕਈ ਦੂਸ਼ਣਾਂ ਦਾ ਚਿੱਠਾ ਤਿਆਰ ਕਰ ਲਿਆ ਗਿਆ ਹੈ ਤੇ ਜੇਕਰ ਉਹ ਬਾਦਸ਼ਾਹ ਸਲਾਮਤ ਨੂੰ ਸੰਤੁਸ਼ਟ ਨਾ ਕਰ ਸੱਕਿਆ ਤਾਂ ਹੋ ਸਕਦਾ ਹੈ ਕਿ ਉਹਨੂੰ ਉਥੇ ਹੀ ਡੱਕ ਕੇ ਪਿੱਛੋਂ ਰਾਜ ਬਦਲ ਦਿੱਤਾ ਜਾਏ ।

ਉਹ ਇਹ ਵੀ ਜਾਣਦਾ ਸੀ ਕਿ ਜੇ ਉਹ ਦਿੱਲੀ ਜਾਣ ਤੋਂ ਟਾਲ ਮਟੋਲਾ ਕਰੇ ਤਾਂ ਵਿਰੋਧੀ ਧੜਾ ਇਸ ਗੱਲ ਨੂੰ ਵੀ ਬਹਾਨਾ ਬਣਾ ਕੇ ਉਹਦੇ ਵਿਰੁੱਧ ਕਾਰਵਾਈ ਕਰਵਾ ਸਕਦਾ ਹੈ । ਉਹ ਜਾਣਦਾ ਸੀ ਕਿ ਬਾਦਸ਼ਾਹ ਕੰਨਾਂ ਦੇ ਕੱਚੇ ਹੁੰਦੇ ਨੇ । ਉਹਨਾਂ

ਦੇ ਅੱਗੇ ਪਿੱਛੇ ਰਹਿਣ ਵਾਲੇ ਤੇ ਵਿਸ਼ਵਾਸ ਦਾ ਪਾਤਰ ਬਣ ਚੁੱਕੇ ਲੋਕ ਬਾਦਸ਼ਾਹਾਂ ਦੇ ਕੰਨੀਂ ਜਿਸ ਤਰ੍ਹਾਂ ਦੀਆਂ ਗੱਲਾਂ ਪਾਈ ਜਾਣ ਉਹਦਾ ਜ਼ਰੂਰ ਅਸਰ ਹੁੰਦਾ ਹੈ। ਉਹਨੂੰ ਜਦੋਂ ਤੋਂ ਦਿੱਲੀ ਬੁਲਾਵੇ ਦਾ ਸੰਦੇਸ਼ਾ ਆਇਆ ਸੀ, ਚਿੰਤਾਤੁਰ ਸੀ । ਕਈ ਵਾਰੀ ਉਹਦੇ ਮਨ ਵਿਚ ਇਹ ਸੋਚ ਵੀ ਆਈ ਕਿ ਸਰਹੰਦ ਤੋਂ ਜਿਸ 'ਕਰ' ਦੀ ਆਸ ਸੀ, ਉਹ ਪੂਰਾ ਨਹੀਂ ਭੇਜਿਆ ਗਿਆ । ਇਸ ਲਈ ਹੋ ਸਕਦਾ ਹੈ ਕਿ ਇਸ ਕਰਕੇ ਬਾਦਸ਼ਾਹ ਸਲਾਮਤ ਨਾਰਾਜ਼ ਹੋਣ । ਉਸਨੂੰ ਆਸ ਸੀ ਕਿ ਜਦ ਉਹ ਜਾ ਕੇ ਸਥਿਤੀ ਦਾ ਪੂਰਾ ਜਾਇਜ਼ਾ ਪੇਸ਼ ਕਰੇਗਾ ਤਾਂ ਬਾਦਸ਼ਾਹ ਸੰਤੁਸ਼ਟ ਹੋ ਜਾਏਗਾ । ਉਹਨੇ ਸੋਚਿਆ ਸੀ ਕਿ ਉਹ ਜਾ ਕੇ ਇਹ ਦੱਸੇਗਾ ਕਿ ਉਹਦੇ ਯਤਨਾਂ ਨਾਲ ਗੁਰੂ ਗੋਬਿੰਦ ਸਿੰਘ ਆਨੰਦਪੁਰ ਛੱਡਣ ਲਈ ਮਜ਼ਬੂਰ ਹੋ ਗਏ ਸਨ। ਹੁਣ ਉਹਦੀ ਵਿਉਂਤ ਸਦਕਾ ਆਨੰਦਪੁਰ ਵਿਚ ਬਾਗੀਆਂ ਦਾ ਅੱਡਾ ਖਤਮ ਹੋ ਗਿਆ ਹੈ । ਗੁਰੂ ਗੋਬਿੰਦ ਸਿੰਘ ਦੇ ਚਾਰੇ ਪੁੱਤਰਾਂ ਨੂੰ ਉਹਨਾਂ ਨੇ ਕਿਸ ਤਰ੍ਹਾਂ ਮਾਰ ਮੁਕਾਇਆ ਹੈ । ਹੁਣ ਉਸਦੇ ਸਾਰੇ ਰਾਜ ਵਿਚ ਕਿਧਰੇ ਕੋਈ ਸਿੱਖ ਨਹੀਂ । ਉਹਨੇ ਸਿੱਖਾਂ ਦਾ ਖੁਰਾ ਖੋਜ ਮਿਟਾ ਦਿੱਤਾ ਹੈ । ਉਹ ਸੋਚਦਾ ਸੀ ਕਿ ਆਪਣੀਆਂ ਇਹਨਾਂ ਸੂਚਨਾਵਾਂ ਸਦਕਾ ਉਹ ਦਿੱਲੀ ਦਰਬਾਰ ਤੋਂ ਥਾਪੜਾ ਲੈ ਕੇ ਆਏਗਾ ਅਤੇ ਆਪਣਾ ਰਾਜ ਹੋਰ ਪੱਕੇ ਪੈਰੀਂ ਕਰਨ ਵਿਚ ਸਫਲ ਹੋਏਗਾ ।

ਰਾਤ ਨੂੰ ਉਹਦੇ ਮਹੱਲ ਵਿਚ ਸਿੱਖਾਂ ਦੇ ਆ ਜਾਣ ਨੇ ਉਹਦੀਆਂ ਆਸਾਂ 'ਤੇ ਪਾਣੀ ਫੇਰ ਦਿੱਤਾ । ਇਕ ਤਾਂ ਉਹਨੂੰ ਇਹ ਸਮਝ ਆ ਗਈ ਕਿ ਉਹਨੇ ਦੋ ਸਾਹਿਬਜ਼ਾਦਿਆਂ ਨੂੰ ਕੰਧਾਂ ਵਿਚ ਚਿਣ ਕੇ ਜੋ ਕਾਰਵਾਈ ਕੀਤੀ, ਉਸਦਾ ਬਦਲਾ ਸਿੱਖ ਉਹਦੀ ਜਾਣ ਤਕ ਲੈਣ ਲਈ ਤਿਆਰ ਹੋ ਗਏ ਨੇ । ਉਹ ਸਮਝਦਾ ਸੀ ਕਿ ਇਹਨਾਂ ਦੋ ਮਾਸੂਮਾਂ ਦੀ ਮੌਤ ਪਿੱਛੋਂ ਸਿੱਖਾਂ ਵਿਚ ਨਿਰਾਸਤਾ ਤੇ ਮਾਯੂਸੀ ਵੱਧੇਗੀ ਪਰ ਜਿਹੜੇ ਉਹਦੇ ਮਹੱਲਾਂ ਤਕ ਪਹੁੰਚਣ ਦੀ ਦਲੇਰੀ ਕਰਨ ਲੱਗ ਪਏ ਹਨ । ਇਸਦਾ ਸੱਪਸ਼ਟ ਭਾਵ ਹੈ ਕਿ ਉਹਨਾਂ ਵਿਚ ਮਾਯੂਸੀ ਨਹੀਂ ਆਈ ਸਗੋਂ ਗੁੱਸਾ ਤੇ ਬਦਲੇ ਦੀ ਭਾਵਨਾ ਭੜਕ ਉਠੀ ਹੈ । ਉਹਨੇ ਸੋਚਿਆ ਕਿ ਹੁਣ ਪਹਿਲਾਂ ਨਾਲੋਂ ਵੱਧ ਆਪਣੀ ਰਾਖੀ ਦਾ ਪ੍ਰਬੰਧ ਕਰਨਾ ਚਾਹੀਦਾ ਹੈ । ਦੂਜਾ ਆਪਣੇ ਵਧੇਰੇ ਭੇਰਸੇਯੋਗ ਬੰਦਿਆਂ ਨੂੰ ਆਪਣੀ ਰਾਖੀ ਲਈ ਨਿਯੁਕਤ ਕਰਨਾ ਚਾਹੀਦਾ ਹੈ ।

ਤੀਜਾ ਉਹਨੇ ਇਹ ਸੋਚਿਆ ਕਿ ਸਿੱਖਾਂ ਦੇ ਹਮਲੇ ਦੀ ਬਾਹਰ ਖ਼ਬਰ ਨਹੀਂ ਕੱਢਣੀ ਚਾਹੀਦੀ ਜੇ ਇਹ ਖ਼ਬਰ ਉਹਦੇ ਨਾਲੋਂ ਪਹਿਲੋਂ ਦਿੱਲੀ ਦਰਬਾਰ ਵਿਚ ਪਹੁੰਚ ਗਈ ਤਾਂ ਉਹ ਜਿਹੜੀਆਂ ਪ੍ਰਾਪਤੀਆਂ ਦੱਸਣ ਲਈ ਜਾ ਰਿਹਾ ਹੈ । ਉਹਨਾਂ ਪ੍ਰਾਪਤੀਆਂ ਦਾ ਪ੍ਰਭਾਵ ਖਤਮ ਹੋ ਜਾਏਗਾ । ਇਸ ਲਈ ਸਿੱਖਾਂ ਦੇ ਇਸ ਯਤਨ ਦੀ ਖ਼ਬਰ ਅਜੇ ਬਾਹਰ ਨਹੀਂ ਜਾਣੀ ਚਾਹੀਦੀ । ਦਿੱਲੀ ਤੋਂ ਮੁੜ ਆਵਾਂ ਤਾਂ ਇਸ ਮਾਮਲੇ ਨੂੰ ਨਜਿੱਠ ਲਵਾਂਗਾ । ਇਹ ਸੋਚ ਕੇ ਉਹਨੇ ਮਹੱਲ ਦੇ ਸਾਰੇ ਪਹਿਰੇਦਾਰਾਂ ਨੂੰ ਇਹ

ਸਖਤ ਤਾੜਨਾ ਕਰ ਦਿੱਤੀ ਕਿ ਉਹ ਅਜੇ ਬਿਲਕੁਲ ਇਸ ਘਟਨਾ ਦੀ ਚਰਚਾ ਨਾ ਕਰਨ । ਪਹਿਲਾਂ ਉਹਨੇ ਆਪਣੇ ਦਰਬਾਰੀ ਮੁੱਖੀਆਂ ਦੀ ਇਕੱਤਰਤਾ ਬੁਲਾਈ । ਸਭ ਨੂੰ ਇਹੀ ਸੁਨੇਹਾ ਭੇਜਿਆ ਕਿ ਨਵਾਬ ਸਾਹਿਬ ਨੇ ਹੁਣੇ ਦਿੱਲੀ ਜਾਣਾ ਹੈ ਤੇ ਜਾਣ ਤੋਂ ਪਹਿਲਾਂ ਉਹ ਕੁਝ ਜ਼ਰੂਰੀ ਵਿਚਾਰਾਂ ਕਰਨੀਆਂ ਚਾਹੁੰਦੇਹਨ । ਇਸ ਇਕੱਤਰਤਾ ਵਿਚ ਵਧੇਰੇ ਤਾਂ ਦਰਬਾਰੀ ਮੁੱਲਾਂ ਮੁਲਾਣੇ ਸਨ ਪਰ ਉਹਦੇ ਇਤਬਾਰੀ ਹਿੰਦੂਆਂ ਵਿਚ ਸੁੱਚਾ ਨੰਦ ਤੇ ਦੀਵਾਨ ਜੈ ਰਾਮ ਦੋਵੇਂ ਸ਼ਾਮਿਲ ਸਨ । ਇਹਨਾਂ ਨੂੰ ਵੀ ਉਹ ਆਪਸ ਵਿਚ ਲੜਾ ਕੇ ਰੱਖਦਾ ਸੀ । ਦੀਵਾਨ ਸੁੱਚਾ ਨੰਦ ਵਧੇਰੇ ਚਾਲਾਕ ਤੇ ਝੋਲੀ ਚੁੱਕ ਸੀ । ਉਹ ਸਮਝਦਾ ਸੀ ਕਿ ਇਹ ਹਾਕਮ ਲੋਕ ਵਧੇਰੇ ਖੁਸ਼ ਹੁੰਦੇ ਹਨ ਜਦੋਂ ਇਹਨਾਂ ਦੇ ਮਨ ਦੀ ਗੱਲ ਕਰੀਏ । ਇਸ ਲਈ ਜਦੋਂ ਵੀ ਹਿੰਦੂਆਂ ਸਿੱਖਾਂ ਬਾਰੇ ਦਰਬਾਰ ਵਿਚ ਕੋਈ ਗੱਲ ਆਉਂਦੀ ਤਾਂ ਮੁਸਲਮਾਨ ਦਰਬਾਰੀਆਂ ਨਾਲੋਂ ਵੀ ਕਰੜੀ ਤੇ ਸਖਤ ਗੱਲ ਕਰਦਾ । ਦੀਵਾਨ ਜੈ ਰਾਮ ਇਸ ਤਰ੍ਹਾਂ ਦਾ ਬੰਦਾ ਨਹੀਂ ਸੀ । ਉਹ ਆਪਣੇ ਧਰਮ ਵਿਸ਼ਵਾਸ ਵਿਚ ਭਰੋਸਾ ਰਖਦਾ ਸੀ । ਅਜਿਹੇ ਮਾਮਲਿਆਂ 'ਤੇ ਉਹ ਚੁੱਪ ਰਹਿ ਜਾਂਦਾ ਸੀ । ਦਿਲੋਂ ਉਹਨੂੰ ਸੁੱਚਾ ਨੰਦ 'ਤੇ ਗੁੱਸਾ ਆਉਂਦਾ ਪਰ ਉਹਦੀ ਪੇਸ਼ ਨਹੀਂ ਸੀ ਜਾਂਦੀ ਕਿਉਂਕਿ ਸੁੱਚਾ ਨੰਦ ਰਾਜ ਦਰਬਾਰੇ ਵਧੇਰੇ ਭਾਰੂ ਸੀ ।

ਨਵਾਬ ਗੁੱਸੇ ਵਿਚ ਸੀ ਤੇ ਉਹਨੇ ਦਰਬਾਰੀਆਂ ਨੂੰ ਇਹ ਤਾੜਨਾ ਕੀਤੀ ਕਿ ਉਹਨਾਂ ਦੀ ਕਮਜ਼ੋਰੀ ਕਾਰਨ ਰਾਤ ਨੂੰ ਸਿੱਖ ਮਹੱਲ ਵਿਚ ਆ ਵੜੇ ਸਨ । ਉਹਨਾਂ ਦਾ ਨਿਸ਼ਾਨਾ ਮੈਨੂੰ ਮਾਰਨਾ ਵੀ ਹੋ ਸਕਦਾ ਹੈ ਅਤੇ ਹਥਿਆਰ ਲੁੱਟਣਾ ਜਾਂ ਧਨ ਦੌਲਤ ਪ੍ਰਾਪਤ ਕਰਨਾ ਵੀ । ਇਸ ਗੱਲ ਦੀ ਅਜੇ ਚੰਗੀ ਤਰ੍ਹਾਂ ਪੜਤਾਲ ਕਰਨੀ ਚਾਹੀਦੀ ਹੈ ਕਿ ਇਸ ਸਾਜ਼ਿਸ ਪਿੱਛੇ ਕੌਣ ਹੈ ? ਕਿਸ ਦੀ ਸ਼ਹਿ 'ਤੇ ਉਹ ਆਏ ਸਨ . । ਮੇਰੇ ਮਹੱਲ ਵਿਚ ਉਹ ਕਿਸ ਤਰ੍ਹਾਂ ਦਾਖਲ ਹੋਏ ? 'ਘਰ ਦਾ ਭੇਤੀ ਲੰਕਾ ਢਾਹੇ' ਜ਼ਰੂਰੀ ਇਸ ਸਾਜ਼ਿਸ਼ ਵਿਚ ਸਾਡੇ ਆਪਣੇ ਬੰਦੇ ਸ਼ਾਮਲ ਹੋਣਗੇ, ਮੈਂ ਉਹਨਾਂ ਨੂੰ ਨਹੀਂ ਛੱਡਾਗਾਂ । ਮੈਂ ਅੱਜ ਹੁਣੇ ਦਿੱਲੀ ਜਾ ਰਿਹਾ ਹਾਂ । ਮੇਰੇ ਆਉਣ ਤਕ ਇਸ ਬੰਦੇ ਤੋਂ ਪੁੱਛ ਪੜਤਾਲ ਕਰਨੀ ਹੈ ਤਾਂ ਕਿ ਪਤਾ ਲੱਗ ਸਕੇ ਕਿ ਕਿਵੇਂ ਤੇ ਕਿਸ ਰਾਹੀਂ ਉਹ ਮਹੱਲ ਵਿਚ ਪਹੁੰਚੇ ਸਨ। ਉਹਨੇ ਇਹ ਵੀ ਦੱਸਿਆ ਕਿ ਅਜੇ ਇਹ ਖ਼ਬਰ ਬਾਹਰ ਨਹੀਂ ਨਿਕਲਣੀ ਚਾਹੀਦੀ ਕਿ ਸਿੱਖ ਆਏ ਸਨ ਸਗੋਂ ਇਹ ਗੱਲ ਧੁਮਾਣੀ ਚਾਹੀਦੀ ਏ, ਕਿ ਚੋਰ ਆਏ ਸਨ, ਜਿਨ੍ਹਾਂ ਵਿੱਚੋਂ ਇਕ ਚੋਰ ਫੜਿਆ ਗਿਆ ਹੈ ।

"ਜਿਹੜਾ ਬੰਦਾ ਫੜਿਆ ਗਿਆ ਹੈ ਉਹਨੂੰ ਮੇਰੇ ਹਵਾਲੇ ਹੁਣੇ ਕਰੋ ਤੇ ਮੈਂ ਉਹਦੇ ਟੋਟੇ ਟੋਟੇ ਕਰ ਦਿਆਂ ।" ਸੁੱਚਾ ਨੰਦ ਨੇ ਗੁੱਸੇ ਨਾਲ ਤੁਰੰਤ ਆਖਿਆ, "ਨਾ ਰਹੇ ਬਾਂਸ ਨਾ ਬਜੇ ਬਾਂਸਰੀ, ਨਾ ਕੋਈ ਵੇਖੇ ਕਿ ਉਹ ਸਿੱਖ ਸੀ ਅਤੇ ਨਾ ਬਾਹਰ ਇਹ ਗੱਲ ਨਿਕਲੇ ਕਿ ਚੋਰ ਨਹੀਂ ਸਿੱਖ ਆਏ ਸਨ ।"

"ਨਹੀਂ ਇਸ ਤਰ੍ਹਾਂ ਨਹੀਂ ਕਰਨਾ । ਨਵਾਬ ਨੇ ਘੂਰੀ ਵੱਟ ਕੇ ਸੁੱਚਾ ਨੰਦ ਵੱਲ

ਵੇਖਦਿਆਂ ਆਖਿਆ, ਇਹਨੂੰ ਮਾਰਿਆਂ ਗੱਲ ਠੱਪੀ ਨਹੀਂ ਰਹਿਣੀ, ਅਜੇ ਅਸੀਂ ਪਤਾ ਕਰਨਾ ਏ, ਇਹ ਕੌਣ ਏ ? ਕਿੱਥੋਂ ਦਾ ਰਹਿਣ ਵਾਲਾ ਏ । ਇਹਨੂੰ ਕਿਸ ਨੇ ਭੇਜਿਆ ਏ ? ਇਸ ਸਾਜ਼ਿਸ਼ ਵਿਚ ਹੋਰ ਕੌਣ ਕੌਣ ਸ਼ਾਮਲ ਏ । ਅਜੇ ਤੇ ਇਹ ਵੀ ਨਹੀਂ ਪਤਾ ਕਿ ਇਹਦੇ ਨਾਲ ਕਿੰਨੇ ਬੰਦੇ ਸਨ । ਕਈ ਕਹਿੰਦੇ ਨੇ ਕਿ ਦੋ ਸਨ, ਹੋ ਸਕਦੇ ਹੋਰ ਵੀ ਹੋਣ ਜੋ ਬਾਹਰ ਹਨੇਰੇ ਵਿਚ ਖੜੇ ਹੋਣ ਤੇ ਕੰਧ ਟੱਪਣ ਵਾਲੇ ਬੰਦੇ ਨੂੰ ਲੈ ਕੇ ਉਹ ਤੁਰੰਤ ਛਾਈਂ ਮਾਈਂ ਹੋ ਗਏ ਹੋਣ ।"

"ਜੇ ਮੈਨੂੰ ਹੁਕਮ ਕਰੋ ਤਾਂ ਮੈਂ ਤਸ਼ੱਦਦ ਕਰਕੇ ਤੇ ਇਹਨੂੰ ਪੁੱਠਾ ਟੰਗ ਕੇ ਇਹਦੇ ਤੋਂ ਸਾਰੀ ਗੱਲ ਕਢਾ ਸਕਦਾ ਹਾਂ ।" ਅਕਬਰ ਅਲੀ ਨੇ ਨਵਾਬ ਨੂੰ ਖੁਸ਼ ਕਰਨ ਲਈ ਤੇ ਦੂਜੇ ਦਰਬਾਰੀਆਂ ਤੋਂ ਬਾਜ਼ੀ ਲੈਣ ਲਈ ਇਹ ਗੱਲ ਆਖੀ ।

"ਮੈਂ ਰਾਤ ਦਾ ਆਪ ਉਹਦੇ ਤੋਂ ਕਈ ਤਰੀਕੇ ਵਰਤ ਕੇ ਪੁੱਛ ਬੈਠਾ ਹਾਂ, ਉਹ ਅਜੇ ਤਕ ਆਪਣਾ ਨਾਂ ਅਤੇ ਪਿੰਡ ਦੱਸਣ ਲਈ ਤਿਆਰ ਨਹੀਂ ।" ਨਵਾਬ ਨੇ ਦੱਸਿਆ, "ਉਹ ਆਪਣਾ ਨਾਂ 'ਗੋਸਾਈਂ ਦਾ ਪਹਿਲਵਾਨੜਾ' ਦੱਸਦਾ ਹੈ । ਪਿਤਾ ਦਾ ਨਾਂ ਗੁਰੂ ਗੋਬਿੰਦ ਸਿੰਘ ਕਹਿੰਦਾ ਹੈ, ਜੇ ਪਿੰਡ ਦਾ ਨਾਂ ਪੁੱਛੀਏ ਤੇ ਆਨੰਦਪੁਰ ਕਹਿੰਦਾ ਹੈ ।"

"ਫਿਰ ਜਿਵੇਂ ਜਨਾਬ ਹੁਕਮ ਕਰੋ, ਅਸੀਂ ਅਗਲੀ ਕਾਰਵਾਈ ਲਈ ਤਿਆਰ ਹਾਂ ।" ਇਕ ਹੋਰ ਦਰਬਾਰੀ ਨੇ ਗੱਲ ਮੁਕਾਣ ਲਈ ਕਹਿ ਦਿੱਤਾ, ਉਹ ਸਮਝਦਾ ਸੀ ਕਿ ਸਾਡੀ ਕਿਸੇ ਦੀ ਵੀ ਤਜ਼ਵੀਜ ਨਵਾਬ ਨੂੰ ਪਸੰਦ ਨਹੀਂ ਆਉਣੀ । ਇਸ ਲਈ ਨਵਾਬ 'ਤੇ ਹੀ ਇਹ ਮਸਲਾ ਛੱਡ ਦੇਣਾ ਚਾਹੀਦਾ ਹੈ ।

ਇਸ ਤੋਂ ਪਹਿਲੋਂ ਜਿੰਨਿਆਂ ਨੇ ਵੀ ਕੋਈ ਸੁਝਾਅ ਦਿੱਤਾ ਜਾਂ ਗੱਲ ਆਖੀ, ਨਵਾਬ ਸਭ ਦੀਆਂ ਗੱਲਾਂ ਹੀ ਕੱਟਦਾ ਗਿਆ । ਅਖੀਰ ਨਵਾਬ ਨੇ ਹੀ ਇਕੱਤਰਤਾ ਸਮਾਪਤ ਕਰਦਿਆਂ ਅੰਤਿਮ ਆਦੇਸ਼ ਦਿੱਤਾ, "ਤੁਸੀਂ ਇਕ ਤਾਂ ਆਪੋ ਆਪਣਿਆਂ ਵਸੀਲਿਆਂ ਰਾਹੀਂ ਇਸ ਸਾਜ਼ਿਸ਼ ਦਾ ਪਤਾ ਲਗਾਉ, ਜਿਹੜਾ ਅਸਲ ਗੱਲ ਲੱਭਣ ਵਿਚ ਕਾਮਯਾਬ ਹੋਇਆ, ਮੈਂ ਦਿੱਲੀ ਤੋਂ ਮੁੜ ਕੇ ਉਸਨੂੰ ਖਾਸ ਇਨਾਮ ਦਿਆਂਗਾ, ਉਸਦਾ ਰੁਤਬਾ ਵਧਾ ਸਕਦਾ ਹਾਂ । ਅਜੇ ਤਕ ਉਹ ਮੇਰੇ ਮਹਿਲ ਵਿਚ ਕੈਦ ਹੈ । ਮੇਰੇ ਦਿੱਲੀ ਜਾਣ ਪਿੱਛੋਂ ਉਸਨੂੰ ਬੰਦੀਖਾਨੇ ਵਿਚ ਭੇਜ ਕੇ ਵਾਰੀ ਵਾਰੀ ਪੁੱਛ ਪੜਤਾਲ ਕਰੋ । ਪਹਿਲਾਂ ਉਹਨੂੰ ਪਿਆਰ ਤੇ ਲਾਲਚ ਨਾਲ ਮਨਾਉਣ ਦਾ ਯਤਨ ਕਰੋ, ਜੇ ਉਹ ਪਰਦਾ ਫਾਸ਼ ਨਹੀਂ ਕਰਦਾ ਤਾਂ ਫਿਰ ਸਖਤੀ ਕਰੋ ਪਰ ਇਹ ਖਿਆਲ ਰੱਖਣਾ ਕਿ ਉਹ ਤਸ਼ਦਦ ਨਾਲ ਮਰ ਨਾ ਜਾਏ । ਸਾਜ਼ਿਸ਼ੀ ਯਤਨ ਕਰਨਗੇ ਕਿ ਉਹਨੂੰ ਮਾਰ ਮੁਕਾਈਏ ਤਾਂ ਕਿ ਸਾਜ਼ਿਸ਼ ਛੁਪੀ ਰਹੇ । ਮੈਂ ਦਿੱਲੀ ਜਿਸ ਕੰਮ ਲਈ ਜਾ ਰਿਹਾ ਹਾਂ, ਉਹਦੇ ਲਈ ਜ਼ਰੂਰੀ ਏ ਕਿ ਇਸ ਗੱਲ 'ਤੇ ਅਜੇ ਪਰਦਾ ਪਿਆ ਰਹੇ ਅਤੇ ਬਾਹਰ ਇਹੀ ਗੱਲ ਨਿਕਲੇ ਕਿ ਚੋਰ ਆਏ ਸਨ ।

ਨਵਾਬ ਨੇ ਆਪਣੀਆਂ ਬੇਗਮਾਂ ਨੂੰ ਵੀ ਚੱਲਣ ਤੋਂ ਪਹਿਲਾਂ ਤਾੜਨਾ ਕੀਤੀ ਕਿ ਉਹ ਮਹੱਲਾਂ ਤੋਂ ਬਾਹਰ ਨਾ ਨਿਕਲਣ ਤੇ ਬਾਹਰੋਂ ਆਪਣੀਆਂ ਸਹੇਲੀਆਂ ਤੇ ਰਿਸ਼ਤੇਦਾਰਾਂ ਨੂੰ ਮਹੱਲਾਂ ਵਿਚ ਨਾ ਬੁਲਾਉਣ । ਪਹਿਰੇਦਾਰਾਂ 'ਤੇ ਕੜੀ ਨਿਗਰਾਨੀ ਰੱਖੀ ਜਾਏ । ਜਿਨ੍ਹਾਂ ਸਿੱਖਾਂ ਨੇ ਇਹ ਦਲੇਰੀ ਕੀਤੀ ਏ ਉਹ ਦੁਬਾਰਾ ਵੀ ਕੁਝ ਕਰ ਸਕਦੇ ਹਨ ।

•••

ਕਾਂਡ–16

ਹਜ਼ਾਰਾ ਸਿੰਘ ਕਿਲ੍ਹੇ ਤੋਂ ਕੁਝ ਦੂਰ ਜਾ ਕੇ ਖੜਾ ਹੋ ਗਿਆ। ਉਹਨੇ ਚਾਰ ਚੁਫੇਰੇ ਨਜ਼ਰ ਦੌੜਾਈ। ਹਨੇਰੇ ਵਿਚ ਕੁਝ ਵੀ ਨਜ਼ਰ ਨਹੀਂ ਸੀ ਆ ਰਿਹਾ। ਉਹਨੇ ਪਹਿਲਾਂ ਤਾਂ ਇਹ ਸਮਝਿਆ ਕਿ ਗੁਰਦੇਵ ਸਿੰਘ ਪਿੱਛੇ ਪਿੱਛੇ ਆ ਰਿਹਾ ਹੋਵੇਗਾ, ਪਰ ਫਿਰ ਜਦ ਉਹਦੀ ਕੋਈ ਆਵਾਜ਼ ਨਾ ਆਈ ਤਾਂ ਹਜ਼ਾਰਾ ਸਿੰਘ ਨੇ ਪਰਤ ਕੇ ਦੇਖਿਆ। ਉਹਦੇ ਦਿਮਾਗ਼ ਵਿਚ ਤੁਰੰਤ ਤਿੰਨ ਗੱਲਾਂ ਆਈਆਂ। ਹੋ ਸਕਦਾ ਹੈ ਕਿ ਗੁਰਦੇਵ ਸਿੰਘ ਨੇ ਜਦ ਛਾਲ ਮਾਰੀ ਹੋਵੇ ਤਾਂ ਉਸ ਨਾਲ ਉਹਦਾ ਲੱਕ ਦਾ ਚੂਲਾ ਟੁੱਟ ਗਿਆ ਹੋਵੇ। ਇਹੋ ਜਿਹੇ ਵੇਲੇ ਇਸ ਤਰ੍ਹਾਂ ਦੀ ਸੱਟ ਲੱਗ ਜਾਣੀ ਸੰਭਵ ਹੈ। ਜੇ ਸੱਟ ਲੱਗੀ ਹੋਈ ਤਾਂ ਉਹਨੇ ਨਸ ਨਹੀਂ ਸਕਣਾ ਤੇ ਉਥੇ ਪਏ ਨੇ ਕਾਬੂ ਆ ਜਾਣਾ ਹੈ। ਫਿਰ ਫੁਰਨਾ ਫੁਰਿਆ ਕਿ ਜੇ ਸੱਟ ਲਗਦੀ ਤਾਂ ਉਹਦੀ ਆਵਾਜ਼ ਆਉਂਦੀ, ਉਹ ਦਰਦ ਨਾਲ ਚੀਕਦਾ। ਇਹ ਵੀ ਸੋਚਿਆ ਕਿ ਹੋ ਸਕਦਾ ਹੈ ਕਿ ਉਹ ਡਿੱਗਦਾ ਬੇਸੁੱਧ ਹੋ ਗਿਆ ਹੋਵੇ ਜਾਂ ਉਹਨੇ ਦੁਸ਼ਮਣ ਨੂੰ ਪਤਾ ਲੱਗਣ ਤੋਂ ਬਚਣ ਲਈ ਦਰਦ ਨੂੰ ਅੰਦਰੋਂ ਅੰਦਰ ਜਰ ਲਿਆ ਹੋਵੇ। ਇਕ ਇਹ ਵੀ ਸ਼ੱਕ ਪਿਆ ਕਿ ਹੋ ਸਕਦਾ ਹੈ ਉਹ ਕਾਬੂ ਆ ਗਿਆ ਹੋਵੇ। ਪਹਿਰੇ ਵਾਲੇ ਸਾਰੇ ਜਾਗ ਤਾਂ ਪਏ ਸਨ ਤੇ ਗੁਰਦੇਵ ਸਿੰਘ ਨੂੰ ਉਹਨੇ ਨਵਾਬ ਦੇ ਮਹੱਲ ਤੋਂ ਬਾਹਰ ਨਹੀਂ ਦੇਖਿਆ, ਹੋ ਸਕਦਾ ਹੈ ਕਿ ਅੰਦਰ ਕਾਬੂ ਆ ਗਿਆ ਹੋਵੇ। ਜੇ ਕਾਬੂ ਆ ਗਿਆ ਹੋਇਆ ਤਾਂ ਇਹ ਬਹੁਤ ਹੀ ਮਾੜੀ ਗੱਲ ਹੋਵੇਗੀ। ਫਿਰ ਮੈਨੂੰ ਨਸ ਕੇ ਨਹੀਂ ਜਾਣਾ ਚਾਹੀਦਾ। ਮੈਨੂੰ ਉਹਦੇ ਨਾਲ ਹੀ ਜੀਊਣਾ ਤੇ ਉਹਦੇ ਨਾਲ ਹੀ ਮਰਨਾ ਚਾਹੀਦਾ ਹੈ। ਉਹ ਵਿਚਾਰਾ ਕੀ ਸੋਚੇਗਾ ਕਿ ਮੈਂ ਉਹਨੂੰ ਫਸਾ ਕੇ ਕਿਵੇਂ ਨਿਕਲ ਗਿਆ ਹਾਂ। ਫਿਰ ਉਹਦੇ ਦਿਮਾਗ਼ ਨੇ ਇਹ ਸੋਚਿਆ ਕਿ ਸੰਭਵ ਹੈ, ਉਹ ਵੀ ਮਹੱਲ ਤੋਂ ਬਾਹਰ ਨਿਕਲ ਆਇਆ ਹੋਵੇ, ਪਰ ਹਨੇਰੇ ਵਿਚ ਪਿੱਛੇ ਆਉਣ ਦੀ ਥਾਂ ਉਹ ਕਿੱਧਰੇ ਹੋਰ ਪਾਸੇ ਨਿਕਲ ਗਿਆ ਹੋਵੇ। ਜਦ ਵੀ ਉਹਨੂੰ ਕੋਈ ਗੱਲ ਸੁਝਦੀ ਪਹਿਲੀ ਘੜੀ ਤਾਂ ਉਹ ਝੱਟ ਯਕੀਨ ਕਰ ਜਾਂਦਾ ਕਿ ਇਸੇ ਤਰ੍ਹਾਂ ਹੋਇਆ ਹੋਵੇਗਾ, ਪਰ ਫਿਰ ਝੱਟ ਪਿੱਛੋਂ ਉਹਦਾ ਮਨ ਹੋਰ ਗੱਲ ਸੋਚਣ ਲੱਗ ਪੈਂਦਾ।

ਉਹਨੇ ਇਕੋ ਥਾਂ ਖੜੇ ਹੋ ਕੇ ਸੋਚਦਿਆਂ ਤੇ ਗੁਰਦੇਵ ਸਿੰਘ ਨੂੰ ਉਡੀਕਦਿਆਂ ਝੱਟ ਬਿਤਾ ਦਿੱਤਾ। ਉਹਨੇ ਇਥੇ ਖੜੇ ਹੋ ਕੇ ਸੋਚਿਆ ਕਿ ਉਹਦਾ ਛੇਤੀ ਛੇਤੀ ਨਵਾਬ ਨੂੰ ਮਾਰਨ ਦਾ ਯਤਨ ਤਾਂ ਫੇਲ੍ਹ ਹੋ ਗਿਆ ਹੈ। ਹੁਣ ਉਹਨੂੰ ਅਹਿਸਾਸ ਹੋਇਆ ਕਿ

ਗੁਰਦੇਵ ਸਿੰਘ ਨੇ ਠੀਕ ਸੋਚਿਆ ਸੀ ਕਿ ਸਾਨੂੰ ਕਾਹਲੀ ਨਹੀਂ ਕਰਨੀ ਚਾਹੀਦੀ ਤੇ ਪਹਿਲਾਂ ਚੋਖੇ ਆਦਮੀ ਇਸ ਕੰਮ ਲਈ ਨਾਲ ਤਿਆਰ ਕਰਨੇ ਚਾਹੀਦੇ ਹਨ । ਫਿਰ ਅਜੇਹੀ ਤਕੜਾਈ ਨਾਲ ਹਮਲਾ ਕੀਤਾ ਜਾਏ ਕਿ ਨਵਾਬ ਪਹਿਲੇ ਯਤਨ ਨਾਲ ਹੀ ਮਾਰ ਲਿਆ ਜਾਏ । ਗੁਰਦੇਵ ਸਿੰਘ ਦੇ ਨਾ ਪਹੁੰਚਣ ਦਾ ਉਹਨੂੰ ਅਫਸੋਸ ਤਾਂ ਸੀ ਪਰ ਬਹੁਤਾ ਦੁੱਖ ਇਸ ਕਰਕੇ ਮਹਿਸੂਸ ਹੋ ਰਿਹਾ ਸੀ ਕਿਉਂਕਿ ਗੁਰਦੇਵ ਸਿੰਘ ਇਹਦੀ ਵਿਉਂਤ ਨਾਲ ਸਰਹੰਦ ਆ ਗਿਆ ਸੀ ।

ਇਕ ਦੋ ਵਾਰ ਨਵਾਬ ਦੇ ਫੌਜੀ ਇਹਦੇ ਨੇੜਿਓਂ ਲੰਘੇ ਪਰ ਇਹ ਝਾੜੀਆਂ ਦੇ ਪਿੱਛੇ ਹੋ ਜਾਂਦਾ ਰਿਹਾ ਤੇ ਉਹਨਾਂ ਨੂੰ ਨਜ਼ਰ ਨਾ ਪਿਆ। ਉਹਨਾਂ ਨੇ ਤੁਰੰਤ ਸਰਹੰਦ ਤੋਂ ਦਸ ਮੀਲ ਤਕ ਦਾ ਇਲਾਕਾ ਫਿਰ ਮਾਰਿਆ ਪਰ ਕਿੱਧਰੇ ਪਤਾ ਨਾ ਲੱਗਾ । ਹਜ਼ਾਰਾ ਸਿੰਘ ਕੋਲੋਂ ਲੰਘਣ ਵਾਲਿਆਂ ਦੀ ਉਹ ਨਜ਼ਰੀਂ ਨਾ ਪਿਆ । ਹਜ਼ਾਰਾ ਸਿੰਘ ਦੋਚਿੱਤੀ ਵਿਚ ਖੜਾ ਸੋਚਦਾ ਰਿਹਾ ਕਿ ਉਹ ਹੁਣ ਕੀ ਕਰੇ ? ਕਿੱਧਰ ਜਾਏ ? ਕਿਵੇਂ ਗੁਰਦੇਵ ਸਿੰਘ ਦਾ ਪਤਾ ਕਰੇ ? ਉਹਨੂੰ ਸੁੱਝ ਕੁਝ ਨਹੀਂ ਸੀ ਰਿਹਾ । ਅਖੀਰ ਉਹਨੇ ਮਨ ਵਿਚ ਫੈਸਲਾ ਕੀਤਾ ਕਿ ਭਾਵੇਂ ਫੜਿਆ ਜਾਵਾਂ ਪਰ ਇਕ ਵਾਰ ਮੁੜ ਕੇ ਮਹੱਲ ਦੀ ਕੰਧ ਤਾਂ ਜਾ ਕੇ ਦੇਖ ਆਵਾਂ, ਸ਼ਾਇਦ ਉਥੇ ਗੁਰਦੇਵ ਸਿੰਘ ਪਿਆ ਨਾ ਹੋਵੇ । ਇਹ ਮਨ ਵਿਚ ਸੋਚ ਕੇ ਉਹ ਹਨੇਰੇ ਵਿਚ ਹੀ ਮੁੜ ਕੇ ਮਹੱਲ ਵੱਲ ਨੂੰ ਤੁਰ ਪਿਆ । ਉਥੇ ਗੁਰਦੇਵ ਸਿੰਘ ਨਹੀਂ ਸੀ ਜਿਸ ਕਾਰਨ ਹਜ਼ਾਰਾ ਸਿੰਘ ਪਰਤ ਕੇ ਆ ਗਿਆ ਤੇ ਫਿਰ ਉਥੇ ਗਿਆ, ਜਿਥੇ ਸਾਧੂਆਂ ਵਾਲੇ ਕੱਪੜੇ ਰੱਖ ਕੇ ਆਇਆ ਸੀ, ਕੱਪੜੇ ਪਾਏ ਤੇ ਸਰਹੰਦ ਵੱਲ ਆ ਗਿਆ ਤਾਂ ਕਿ ਇਹ ਪਤਾ ਕੀਤਾ ਜਾ ਸਕੇ ਕਿ ਗੁਰਦੇਵ ਸਿੰਘ ਫੜਿਆ ਗਿਆ ਏ ਕਿ ਨਹੀਂ । ਰਾਤ ਦੀ ਘਟਨਾ ਦਾ ਸ਼ਹਿਰ ਵਿਚ ਵੀ ਕੀ ਪ੍ਰਭਾਵ ਹੈ । ਲੋਕਾਂ ਵਿਚ ਉਹਦੀ ਚਰਚਾ ਚੱਲ ਰਹੀ ਏ ਕਿ ਨਹੀਂ ।

ਹਜ਼ਾਰਾ ਸਿੰਘ ਨੇ ਸਰਹੰਦ ਵਿਚ ਆ ਕੇ ਸੁਣਿਆ ਕਿ ਸਭ ਇਹੀ ਕਹਿ ਰਹੇ ਸਨ ਕਿ ਰਾਤ ਨਵਾਬ ਦੇ ਮਹੱਲ ਵਿਚ ਚੋਰ ਆ ਪਏ । ਇਕ ਨੂੰ ਕਹਿੰਦਿਆਂ ਸੁਣਿਆ, 'ਬੜੇ ਦਲੇਰ ਨਿਕਲੇ ਨੇ ਚੋਰ ਉਹਨਾਂ ਸੋਚਿਆ ਹੋਣਾ ਏਂ ਕਿ ਨਿੱਕੇ ਨਿੱਕੇ ਘਰੀਂ ਕੀ ਚੋਰੀ ਕਰਨੀ ਏਂ, ਚਲੋ ਇਕ ਵੱਡੇ ਨੂੰ ਜਾ ਪਈਏ । ਨਵਾਬ ਦੇ ਮਹੱਲ 'ਤੇ ਕਿੰਨਾ ਪਹਿਰਾ ਹੁੰਦਾ ਏ, ਕਮਾਲ ਕੀਤੀ ਏ ਉਹਨਾਂ ਅੰਦਰ ਵੜਨ ਵਾਲੀ ਵੀ ਜੇ ਤੋਤਾ ਨਾ ਬੋਲਦਾ ਤਾਂ ਉਹਨਾਂ ਨੇ ਸਭ ਕੁਝ ਲੁੱਟ ਕੇ ਲੈ ਜਾਣਾ ਸੀ ।

'ਕੋਈ ਨਾਮੀ ਚੋਰ ਹੋਣੇ ਨੇ', ਦੂਜੇ ਨੇ ਕਿਹਾ ।

'ਇਹ ਨਹੀਂ ਅਜੇ ਕਿਸੇ ਨੂੰ ਦੱਸਿਆ ਕਿ ਚੋਰ ਕੌਣ ਸਨ', ਪਹਿਲੇ ਆਦਮੀ ਨੇ ਕਿਹਾ ।

'ਇਹ ਜ਼ਰੂਰੀ ਏ ਕਿ ਚੋਰ ਹੀ ਹੋਣ ? ਹੋ ਸਕਦਾ ਏ ਕਿ ਉਹ ਹੋਰ ਕਿਸੇ

ਕੰਮ ਲਈ ਵੜੇ ਹੋਣ,' ਇਕ ਬਜ਼ੁਰਗ ਨੇ ਰਾਏ ਦਿੱਤ। ।

'ਹੋ ਸਕਦਾ ਏ, ਪਰ ਅਸੀਂ ਤਾਂ ਉਹ ਗੱਲ ਦੱਸ ਰਹੇ ਹਾਂ ਜਿਹੜੀ ਉਹਨਾਂ ਮਹੱਲ ਤੋਂ ਬਾਹਰ ਧੁਮਾਈ ਏ,' ਪਹਿਲੇ ਬੰਦੇ ਨੇ ਕਿਹਾ।

ਹਜ਼ਾਰਾ ਸਿੰਘ ਇਹ ਗੱਲਾਂ ਸੁਣ ਕੇ ਅੱਗੇ ਤੁਰ ਪਿਆ। ਉਹ ਬਹੁਤਾ ਸਮਾਂ ਇਕੋ ਥਾਂ ਖੜੇ ਰਹਿਣਾ ਠੀਕ ਨਹੀਂ ਸੀ ਸਮਝਦਾ। ਇਕ ਪਿੱਪਲ ਥੱਲੇ ਕੁਝ ਆਦਮੀ ਬੈਠੇ ਗੱਲਾਂ ਕਰ ਰਹੇ ਸਨ। ਹਜ਼ਾਰਾ ਸਿੰਘ ਉਹਨਾਂ ਦੇ ਨੇੜੇ ਹੀ ਬੈਠ ਗਿਆ। ਉਹ ਵੀ ਰਾਤ ਨੂੰ ਨਵਾਬ ਦੇ ਘਰ ਚੋਰਾਂ ਦੇ ਆਉਣ ਦਾ ਚਰਚਾ ਕਰਦੇ ਰਹੇ। ਹਜ਼ਾਰਾ ਸਿੰਘ ਨੂੰ ਚੋਰ ਸ਼ਬਦ ਸੁਣ ਕੇ ਬੜੀ ਖਿੱਝ ਆਉਂਦੀ, ਗੁੱਸਾ ਚੜ੍ਹਦਾ ਤੇ ਜੀ ਕਰਦਾ ਕਿ ਹੁਣੇ ਖੁਲ੍ਹ ਕੇ ਆਖ ਦੇਵੇ ਕਿ ਨਵਾਬ ਦੇ ਘਰ ਚੋਰ ਨਹੀਂ ਮੈਂ ਗਿਆ ਸਾਂ, ਸਿੱਖ ਗਏ ਸਨ ਨਵਾਬ ਨੂੰ ਮਾਰਨ ਲਈ। ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਬਦਲਾ ਲੈਣ ਲਈ ਫਿਰ ਉਹ ਇਹ ਸੋਚ ਕੇ ਚੁੱਪ ਹੋ ਜਾਂਦਾ ਕਿ ਇਸ ਜਜ਼ਬਾਤੀ ਗੱਲ ਦਾ ਅਸਰ ਕੀ ਹੋਵੇਗਾ।

ਇਕ ਮੁੰਡਾ ਭੱਜਾ ਆਇਆ ਤੇ ਉਹਨੇ ਆਉਂਦਿਆਂ ਇਕ ਬੰਦੇ ਨੂੰ ਸੰਬੋਧਨ ਕਰਕੇ ਕਿਹਾ, 'ਚਾਚਾ ਫਜ਼ਲ ਦੀਨ, ਜਿਹੜੇ ਬੰਦੇ ਰਾਤੀ ਨਵਾਬ ਦੇ ਮਹੱਲ ਵਿਚ ਗਏ ਸਨ, ਉਹ ਚੋਰ ਨਹੀਂ ਸਨ, ਉਹ ਸਿੱਖ ਸਨ ਜਿਹੜੇ ਨਵਾਬ ਨੂੰ ਮਾਰਨ ਲਈ ਗਏ ਸਨ।'

'ਹੈਂ ਸਿੱਖ ਸਨ ?' ਫਜ਼ਲ ਦੀਨ ਨੇ ਇਉਂ ਪੁੱਛਿਆ ਜਿਵੇਂ ਉਹਨੂੰ ਮੁੰਡੇ ਦੀ ਗੱਲ 'ਤੇ ਯਕੀਨ ਬਿਲਕੁਲ ਹੀ ਨਾ ਆਇਆ ਹੋਵੇ।

'ਆਹੋ, ਜਿਹੜਾ ਬੰਦਾ ਫੜਿਆ ਗਿਆ ਏ, ਮੈਂ ਉਹਨੂੰ ਆਪ ਦੇਖ ਕੇ ਆਇਆ ਹਾਂ। ਮੁੰਡੇ ਨੇ ਦੱਸਿਆ, 'ਉਹ ਸਿੱਖ ਏ, ਉਹਨੂੰ ਦੋ ਸਿਪਾਹੀ ਫੜੀ ਲਿਜਾਂਦੇ ਨੇ ਬੰਦੀ ਘਰ ਵੱਲ।'

'ਸਿੱਖਾਂ ਦੀ ਇਹ ਜੁਰਅਤ ?' ਇਕ ਹੋਰ ਆਦਮੀ ਨੇ ਕਿਹਾ। ਉਹਦੇ ਗੱਲ ਕਹਿਣ ਦੇ ਢੰਗ ਤੋਂ ਪ੍ਰਤੀਤ ਹੁੰਦਾ ਸੀ ਕਿ ਉਹ ਸਿੱਖਾਂ ਨੂੰ ਨਫ਼ਰਤ ਕਰਦਾ ਏ ਤੇ ਉਹਦੇ ਭਾਣੇ ਸਿੱਖ ਹੁਣ ਕੁਝ ਵੀ ਕਰਨ ਜੋਗੇ ਨਹੀਂ ਰਹੇ।

'ਪਹਿਰੇਦਾਰ ਪਏ ਗੱਲਾਂ ਕਰਦੇ ਨੇ ਕਿ ਨਵਾਬ ਸਾਹਮਣੇ ਇਸ ਨੇ ਕੜਕ ਕੜਕ ਕੇ ਗੱਲਾਂ ਕੀਤੀਆਂ ਸਨ। ਜ਼ਰਾ ਨਹੀਂ ਡਰਿਆ ਤੇ ਸਾਫ ਕਹਿ ਦਿੱਤਾ ਸੂ ਕਿ ਅਸੀਂ ਤੁਹਾਨੂੰ ਮਾਰਨ ਲਈ ਆਏ ਹਾਂ,' ਮੁੰਡੇ ਨੇ ਦੱਸਿਆ।

'ਚਲੋ ਦੇਖ ਤਾਂ ਆਈਏ ਉਹ ਸਿੱਖ,' ਇਕ ਹੋਰ ਬੋਲਿਆ, ਬੰਦੀਖਾਨੇ ਅੱਪੜ ਗਏ ਹੋਣਗੇ ਕਿ ਅਜੇ ਜਾਂਦੇ ਪਏ ਨੇ।'

'ਮੇਰਾ ਖਿਆਲ ਏ, ਅਜੇ ਨਹੀਂ ਅੱਪੜੇ,' ਮੁੰਡੇ ਨੇ ਕਿਹਾ, ਜਾ ਕੇ ਬੇਸ਼ੱਕ ਦੇਖ ਲਓ। 'ਬੜਾ ਉੱਚਾ ਲੰਮਾ ਗਭਰੂ ਏ ਸਿੱਖ, ਪਰ ਉਹਨੂੰ ਰਤੀਂ ਨਹੀਂ ਆਪਣੇ ਫੜੇ ਜਾਣ ਦਾ ਗ਼ਮ। ਹੱਸਦਾ ਤੁਰਿਆ ਜਾਂਦਾ ਏ।'

'ਸਿੱਖ ਕੌਣ ਹੁੰਦੇ ਨੇ ?' ਹਜ਼ਾਰਾ ਸਿੰਘ ਨੇ ਉਹਨਾਂ ਬੰਦਿਆਂ ਤੋਂ ਪੁੱਛਿਆ ।

'ਤੁਸੀਂ ਨਹੀਂ ਦੇਖੇ ?' ਮੁੰਡੇ ਨੇ ਕਿਹਾ, 'ਆਉ ਤੁਹਾਨੂੰ ਵੀ ਦਿਖਾ ਲਿਆਂਦੇ ਹਾਂ।'

'ਸਾਧੂਆਂ ਨੂੰ ਕੀ ਲੋੜ ਏ ਜਾ ਕੇ ਦੇਖਣ ਦੀ।' ਹਜ਼ਾਰਾ ਸਿੰਘ ਨੇ ਜਾਣ ਕੇ ਕਿਹਾ ਤਾਂ ਕਿ ਉਹ ਜ਼ੋਰ ਲਾ ਕੇ ਨਾਲ ਲੈ ਚੱਲਣ।

'ਨਹੀਂ, ਚਲੋ ਚਲੋ, ਕੀ ਹਰਜ਼ ਏ,' ਫਜ਼ਲ ਦੀਨ ਨੇ ਕਿਹਾ। ਹਜ਼ਾਰਾ ਸਿੰਘ ਵੀ ਉੱਠ ਕੇ ਉਹਨਾਂ ਦੇ ਨਾਲ ਤੁਰ ਪਿਆ। ਉਹ ਰਾਹ ਵਿਚ ਵੀ ਇਸੇ ਵਿਸ਼ੇ 'ਤੇ ਗੱਲਬਾਤ ਕਰਦੇ ਗਏ। ਹਜ਼ਾਰਾ ਸਿੰਘ ਨੇ ਬਿਲਕੁਲ ਉਹਨਾਂ ਦੀਆਂ ਗੱਲਾਂ ਵਿਚ ਦਖਲ ਨਾ ਦਿੱਤਾ ਤੇ ਪਿੱਛੇ ਪਿੱਛੇ ਤੁਰਿਆ ਗਿਆ।

ਐਨ ਬੰਦੀਖਾਨੇ ਦੇ ਬੂਹੇ 'ਤੇ ਜਾ ਕੇ ਉਹਨਾਂ ਨੂੰ ਦੋ ਸਿਪਾਹੀ ਤੇ ਗੁਰਦੇਵ ਸਿੰਘ ਮਿਲ ਪਏ, ਸਾਰਿਆ ਨੇ ਗੁਰਦੇਵ ਸਿੰਘ ਵੱਲ ਦੇਖਿਆ। ਗੁਰਦੇਵ ਸਿਘ ਨੇ ਵੀ ਸਭ ਦੇ ਚਿਹਰੇ ਦੇਖੇ। ਜਦੋਂ ਉਹਦੀ ਨਜ਼ਰ ਹਜ਼ਾਰਾ ਸਿੰਘ 'ਤੇ ਪਈ, ਉਹਨੇ ਤੁਰੰਤ ਪਛਾਣ ਲਿਆ ਕਿਉਂਕਿ ਉਹ ਹਜ਼ਾਰਾ ਸਿੰਘ ਨੂੰ ਇਸ ਸਾਧੂ ਭੇਸ ਵਿਚ ਦੇਖ ਚੁੱਕਿਆ ਸੀ। ਉਹਨੇ ਝੱਟ ਨਜ਼ਰ ਅੱਗੇ ਤੋਰ ਲਈ ਤਾਂ ਕਿ ਕਿਸੇ ਨੂੰ ਸ਼ੱਕ ਨਾ ਪਵੇ। ਉਹਨੂੰ ਇਕ ਗੱਲ ਦਾ ਮਨ ਵਿਚ ਵਿਸ਼ਵਾਸ ਹੋ ਗਿਆ ਕਿ ਹਜ਼ਾਰਾ ਸਿੰਘ ਹੁਣ ਕਿੱਧਰੇ ਟਿੱਕ ਕੇ ਬੈਠਣ ਵਾਲਾ ਨਹੀਂ। ਇਹ ਉਹਦੀ ਰਿਹਾਈ ਲਈ ਡੱਟ ਕੇ ਮਦਦ ਕਰੇਗਾ ਤੇ ਕੋਈ ਨਾ ਕੋਈ ਰਾਹ ਕੱਢਣ ਲਈ ਵਾਹ ਲਾਏਗਾ। ਸ੍ਰ: ਗੁਰਦੇਵ ਸਿੰਘ ਦੇ ਚਿਹਰੇ ਤੋਂ ਇਹ ਅਨੁਭਵ ਹੋਇਆ ਜਿਵੇਂ ਉਹ ਸੌਖਾ ਮਹਿਸੂਸ ਕਰ ਰਿਹਾ ਹੈ। ਇਸ ਲਈ ਉਹਨੇ ਉੱਚੀ ਸਾਰੀ ਗਾ ਕੇ ਆਖਿਆ *'ਚਿੰਤਾ ਤਾ ਕੀ ਕੀਜੀਐ ਜੋ ਅਨਹੋਣੀ ਹੋਇ ॥'*

ਹਜ਼ਾਰਾ ਸਿੰਘ ਨੇ ਸਿਰ ਹਿਲਾਇਆ ਤੇ ਉਹਦੇ ਵਿਚਾਰ ਦੀ ਪਰੋੜ੍ਹਤਾ ਕੀਤੀ।

'ਚਲ ਬਈ ਅੰਦਰ' ਇਕ ਸਿਪਾਹੀ ਨੇ ਗੁਰਦੇਵ ਸਿੰਘ ਨੂੰ ਮੋਢੇ ਤੋਂ ਫੜ ਕੇ ਆਖਿਆ।

'ਚਲਦੇ ਹਾਂ, ਕਾਹਲੀ ਕਾਹਦੀ ਏ, ਨਵਾਬ ਤਾਂ ਦਿੱਲੀ ਤੁਰ ਗਿਆ। ਲੋਕੀਂ

ਮੈਨੂੰ ਦੇਖਣ ਆਏ ਨੇ, ਦੇਖ ਤਾਂ ਲੈਣ ਦਿਉ, ਇਹਨਾਂ ਵਿਚਾਰਿਆਂ ਦੀ ਰੀਝ ਤਾਂ ਪੂਰੀ ਕਰ ਦਿਉ,' ਗੁਰਦੇਵ ਸਿੰਘ ਨੇ ਉੱਤਰ ਦਿੱਤਾ ।

'ਨਹੀਂ, ਤੈਨੂੰ ਕਿੱਧਰੇ ਖੜੇ ਕਰਨ ਦਾ ਹੁਕਮ ਨਹੀਂ,' ਦੂਜੇ ਸਿਪਾਹੀ ਨੇ ਕਿਹਾ ।

'ਮੈਂ ਖੜਾ ਨਹੀਂ ਹੁੰਦਾ, ਹਿਲਦਾ ਜੁਲਦਾ ਤੇ ਤੁਰਦਾ ਰਹਿੰਦਾ ਹਾਂ, ਫਿਰ ਤਾਂ ਤੁਹਾਨੂੰ ਇਤਰਾਜ਼ ਨਹੀਂ ।' ਗੁਰਦੇਵ ਸਿੰਘ ਨੇ ਮੁਸਕਰਾ ਕੇ ਆਖਿਆ ।

'ਨਹੀਂ, ਚਲ ਅੰਦਰ ।' ਸਿਪਾਹੀ ਨੇ ਕਿਹਾ ਤੇ ਫੜ ਕੇ ਅੰਦਰ ਲੈ ਗਿਆ । ਗੁਰਦੇਵ ਸਿੰਘ ਨੇ ਇਕ ਵਾਰ ਫਿਰ ਹਜ਼ਾਰਾ ਸਿੰਘ ਵੱਲ ਧਿਆਨ ਨਾਲ ਦੇਖਿਆ । ਉਹਨੇ ਇਸ਼ਾਰਾ ਕਰਕੇ ਸਮਝਾ ਦਿੱਤਾ ਕਿ ਮੈਂ ਮਦਦ ਲਈ ਆਇਆ ਕਿ ਆਇਆ । ਬੜੀ ਹੁਸ਼ਿਆਰੀ ਨਾਲ ਇਸ਼ਾਰੇ ਹੋਏ । ਗੁਰਦੇਵ ਸਿੰਘ ਨੂੰ ਫਾਟਕ ਤੋਂ ਅੰਦਰ ਲੰਘਾ ਕੇ ਪਹਿਲੀ ਕੋਠੜੀ ਵਿਚ ਹੀ ਡੱਕ ਦਿੱਤਾ ਗਿਆ । ਸਾਰੇ ਆਦਮੀ ਪਰਤ ਆਏ ।

ਨਵਾਬ ਆਪਣੇ ਆਦਮੀਆਂ ਨੂੰ ਹਦਾਇਤ ਕਰਕੇ ਗਿਆ ਸੀ ਕਿ ਬਾਹਰ ਇਹ ਗੱਲ ਬਿਲਕੁਲ ਨਹੀਂ ਕੱਢਣੀ ਕਿ ਸਿੱਖ ਨਵਾਬ ਨੂੰ ਮਾਰਨ ਲਈ ਆਏ ਸਨ ' ਉਹਨੇ ਚੋਰਾਂ ਦੇ ਫੜੇ ਜਾਣ ਦੀ ਗੱਲ ਕਹਿਣ ਲਈ ਸਭ ਨੂੰ ਪੱਕੀ ਕੀਤੀ ਪਰ ਇਕ ਮੁੰਡੇ ਨੇ ਫੜ ਕੇ ਸਾਰਾ ਭੇਦ ਖੋਲ੍ਹ ਦਿੱਤਾ । ਸਵੇਰ ਦੀ ਸ਼ਹਿਰ ਵਿਚ ਚਰਚਾ ਸੀ ਕਿ ਚੋਰ ਫੜਿਆ ਗਿਆ ਹੈ, ਹੁਣ ਚਰਚਾ ਚਲ ਪਈ ਕਿ ਸਿੱਖ ਨਵਾਬ ਨੂੰ ਮਾਰਨ ਲਈ ਆਏ ਸਨ । ਇਸ ਤਬਦੀਲੀ ਨੇ ਹਜ਼ਾਰਾ ਸਿੰਘ ਦੇ ਮਨ ਨੂੰ ਬੜੀ ਸੰਤੁੱਸ਼ਟਤਾ ਦਿੱਤੀ ।

ਹਜ਼ਾਰਾ ਸਿੰਘ ਇਥੋਂ ਤੁਰ ਕੇ ਸਿੱਧਾ ਉਸ ਸਾਧੂ ਦੇ ਡੇਰੇ ਪਹੁੰਚਿਆ ਜਿਸ ਨੇ ਨਾਲ ਲੈ ਜਾ ਕੇ ਸਰਹੰਦ ਵਿਚ ਇਹਦੀ ਵਾਕਿਫੀਅਤ ਕਰਵਾਈ ਸੀ । ਸਾਧੂ ਨੇ ਹਜ਼ਾਰਾ ਸਿੰਘ ਨੂੰ ਦੇਖਦੇ ਸਾਰ ਪੁੱਛਿਆ, 'ਕਿਥੇ ਰਿਹਾ ਏਂ ਸਾਰਾ ਦਿਨ; ਰਾਤ ਦੇ ਯਤਨ ਪਿੱਛੋਂ ਕਿੱਧਰ ਚਲਾ ਗਿਆ ਸੈਂ ।'

'ਮੈਂ ਸਰਹੰਦ ਵਿਚ ਹੀ ਸਾਂ,' ਹਜ਼ਾਰਾ ਸਿੰਘ ਨੇ ਦੱਸਿਆ । 'ਇਹ ਪਤਾ ਕਰਦਾ ਰਿਹਾ ਹਾਂ ਕਿ ਮੇਰੇ ਨਾਲ ਦਾ ਸਿੰਘ ਫੜਿਆ ਗਿਆ ਏ ਕਿ ਨਹੀਂ । ਉਹਦੇ ਬਾਰੇ ਪਤਾ ਕੀਤਾ ਏ, ਉਹਨੂੰ ਫੜ ਕੇ ਬੰਦੀਖਾਨੇ ਵਿਚ ਲੈ ਗਏ ਹਨ । ਮੈਂ ਹੋਰ ਦੇਖਿਆ ਏ ਕਿ ਨਵਾਬ ਦੇ ਬੰਦੇ ਇਹ ਕਿਸੇ ਨੂੰ ਨਹੀਂ ਕਹਿੰਦੇ ਕਿ ਸਿੱਖ ਨਵਾਬ ਨੂੰ ਮਾਰਨ ਆਏ ਸਨ, ਉਹ ਪ੍ਰਚਾਰ ਕਰਦੇ ਪਏ ਹਨ ਕਿ ਚੋਰ ਆਏ ਸਨ ਚੋਰੀ ਕਰਨ ।' ਇਹ ਗੱਲ ਦੱਸ ਕੇ ਫਿਰ ਹਜ਼ਾਰਾ ਸਿੰਘ ਨੇ ਪੁੱਛਿਆ, 'ਪਰ ਤੁਹਾਨੂੰ ਕਿਵੇਂ ਪਤਾ ਲੱਗਾ ਏ ਕਿ ਅਸੀਂ ਰਾਤ ਨੂੰ ਨਵਾਬ ਨੂੰ ਮਾਰਨ ਗਏ ਸਾਂ ?'

'ਦੀਵਾਨ ਜੈ ਰਾਮ ਦੀ ਲੜਕੀ ਬਿਮਲਾ ਦੱਸ ਗਈ ਏ,' ਸਾਧੂ ਨੇ ਦੱਸਿਆ ।

'ਉਹ ਕਦੋਂ ਆਈ ਸੀ ?'

'ਹੁਣੇ ਤੁਹਾਡੇ ਅੱਗੇ ਅੱਗੇ ਗਈ ਏ, ਰਾਹ ਵਿਚ ਮੇਲ ਨਹੀਂ ਹੋਇਆ ਤੁਹਾਡਾ ?'

'ਨਹੀਂ ।'

'ਤੁਸੀਂ ਰਾਹੇ ਰਾਹ ਆਏ ਹੋ ।'

'ਨਹੀਂ, ਖੇਤਾਂ ਵਿੱਚੋਂ ਦੀ ।'

'ਫਿਰ ਮੇਲ ਕਿਵੇਂ ਹੁੰਦਾ ? ਸਾਧੂ ਨੇ ਦੱਸਿਆ, 'ਉਹ ਬੜੀ ਘਬਰਾਈ ਹੋਈ ਸੀ, ਤੇਰੇ ਬਾਰੇ ਉਚੇਚੇ ਤੌਰ 'ਤੇ ਪੁੱਛਦੀ ਸੀ । ਜਾਹ, ਜਾ ਕੇ ਉਹਨੂੰ ਮਿਲ ਆ ।'

'ਸਰਹੰਦ ਜਾਵਾਂ,' ਹਜ਼ਾਰਾ ਸਿੰਘ ਨੇ ਪੁੱਛਿਆ, 'ਜੇ ਦੀਵਾਨ ਨੂੰ ਪਤਾ ਲੱਗ ਗਿਆ ਤਾਂ ਕਿੱਧਰੇ ਤੁਹਾਡੀ ਵੀ ਮੁਸੀਬਤ ਨਾ ਆ ਜਾਏ ।'

'ਸਾਡੀ ਚਿੰਤਾ ਨਾ ਕਰ ।' ਸਾਧੂ ਨੇ ਹਜ਼ਾਰਾ ਸਿੰਘ ਨੂੰ ਕਿਹਾ, 'ਤੂੰ ਜਾ ਕੇ ਉਹਨੂੰ ਮਿਲ । ਉਹ ਬਹੁਤ ਉਤਾਵਲੀ ਸੀ ।'

'ਚੰਗਾ ਜੀ ।' ਹਜ਼ਾਰਾ ਸਿੰਘ ਨੇ ਕਿਹਾ ਤੇ ਵਾਪਸ ਸਰਹੰਦ ਨੂੰ ਪਰਤ ਪਿਆ ।

ਕਾਂਡ-17

ਹਜ਼ਾਰਾ ਸਿੰਘ ਪਹਿਲਾਂ ਸਰਹੰਦ ਨਗਰ ਵਿਚ ਉਹਨਾਂ ਟਿਕਾਣਿਆ 'ਤੇ ਗਿਆ ਜਿਥੇ ਉਹ ਪਹਿਲਾਂ ਵੀ ਕਈ ਵਾਰ ਜਾਂਦਾ ਹੁੰਦਾ ਸੀ ਤੇ ਉਹਨੂੰ ਹਕੂਮਤ ਦੀਆਂ ਸਾਰੀਆਂ ਸਰਗਰਮੀਆਂ ਦਾ ਪਤਾ ਲੱਗਦਾ ਰਹਿੰਦਾ ਸੀ । ਹੁਣ ਉਹ ਪਤਾ ਕਰਨਾ ਚਾਹੁੰਦਾ ਸੀ ਕਿ ਉਹਨਾਂ ਦੇ ਹਮਲੇ ਨਾਲ ਸੰਬੰਧਿਤ ਗੱਲਬਾਤ ਵਿਚ ਕੀ ਉਹਦਾ ਨਾਂ ਵੀ ਜੋੜਿਆ ਜਾ ਰਿਹਾ ਹੈ ਕਿ ਨਹੀਂ ਤੇ ਕੀ ਇਹ ਚਰਚਾ ਕਿ ਦੀਵਾਨ ਜੈ ਰਾਮ ਦਾ ਟੱਬਰ ਵੀ ਸਿੰਘਾਂ ਦਾ ਹਮਦਰਦ ਹੈ ਤੇ ਨਵਾਬ ਨੂੰ ਕਤਲ ਕਰਨ ਦੀ ਸਾਜ਼ਿਸ਼ ਵਿਚ ਲੋਕ ਉਸ ਪਰਿਵਾਰ ਬਾਰੇ ਕਿਸ ਪ੍ਰਕਾਰ ਦੀਆਂ ਗੱਲਾਂ ਕਰ ਰਹੇ ਹਨ । ਉਹ ਇਸ ਵਾਰੀ ਸੂਫੀਆਂ ਦੇ ਡੇਰੇ ਵੀ ਗਿਆ । ਕਾਦਰੀ ਫਿਰਕੇ ਦੇ ਇਕ ਸੂਫੀ ਡੇਰੇ ਦੇ ਦਰਵੇਸ਼ ਇਸ ਦੇ ਚੰਗੇ ਮਿੱਤਰ ਬਣ ਗਏ ਸਨ । ਉਹਨਾਂ ਸੂਫੀ ਮੁਸਲਮਾਨ ਦਰਵੇਸ਼ਾਂ ਨੂੰ ਇਹ ਸੰਤ ਬਹੁਤ ਚੰਗਾ ਲੱਗਦਾ ਸੀ ਕਿਉਂਕਿ ਇਹਨੇ ਬਾਬਾ ਫਰੀਦ ਦੇ ਕਲਾਮ ਨੂੰ ਕੰਠ ਕੀਤਾ ਹੋਇਆ ਸੀ ਅਤੇ ਜਦੋਂ ਵੀ ਇਹ ਉਹਨਾਂ ਦਰਵੇਸ਼ਾਂ ਵਿਚਕਾਰ ਜਾਂਦਾ । ਬਾਬਾ ਫਰੀਦ ਦੀ ਬਾਣੀ ਗਾ ਕੇ ਉਹਨਾਂ ਨੂੰ ਸੁਣਾਂਦਾ ਤੇ ਉਹ ਬਹੁਤ ਖੁਸ਼ ਹੁੰਦੇ । ਉਹਨਾਂ ਨੂੰ ਬਹੁਤੀ ਇਹ ਗੱਲ ਚੰਗੀ ਲੱਗਦੀ ਸੀ ਕਿ ਉਹ ਇਕ ਹਿੰਦੂ ਹੁੰਦਾ ਹੋਇਆ ਮੁਸਲਮਾਨ ਸੂਫੀ ਦਰਵੇਸ਼ ਦਾ ਕਲਾਮ ਪੜ੍ਹਦਾ ਹੈ ਤੇ ਉਹਦੀ ਉਹਨਾਂ ਦੇ ਵੱਡੇ ਸੂਫੀ ਪੀਰ ਪ੍ਰਤੀ ਇੰਨੀ ਸ਼ਰਧਾ ਹੈ । ਉਹਨਾਂ ਸੂਫੀਆਂ ਨੂੰ ਇਹ ਪਤਾ ਹੀ ਨਹੀਂ ਸੀ ਕਿ ਫਰੀਦ ਦੀ ਬਾਣੀ ਸਿੱਖਾਂ ਦੇ ਪੂਜਯ ਗ੍ਰੰਥ ਵਿਚ ਸ਼ਾਮਿਲ ਹੈ । ਇਸ ਤੋਂ ਪਹਿਲਾਂ ਕੋਈ ਸਿੱਖ ਉਹਨਾਂ ਦੇ ਡੇਰੇ ਨਹੀਂ ਸੀ ਆਇਆ । ਇਸ ਕਰਕੇ ਇਸ ਬਾਰੇ ਉਹ ਪੂਰੀ ਤਰ੍ਹਾਂ ਨਾਵਾਕਿਫ ਸਨ । ਉਹਨਾਂ ਦੀ ਇਸ ਅਣਜਾਣਤਾ ਨੂੰ ਹਜ਼ਾਰਾ ਸਿੰਘ ਜਾਣਦਾ ਸੀ । ਉਹ ਸਮਝਦਾ ਸੀ ਕਿ ਜੇ ਇਨ੍ਹਾਂ ਨੂੰ ਪਤਾ ਹੋਵੇ ਗੁਰੂ ਗ੍ਰੰਥ ਸਾਹਿਬ ਬਾਰੇ ਤਾਂ ਇਹਨਾਂ ਨੂੰ ਸ਼ੱਕ ਪੈ ਸਕਦਾ ਹੈ ਕਿ ਮੈਂ ਸਿੱਖ ਹਾਂ ।

ਸੂਫੀਆਂ ਦੇ ਡੇਰੇ ਉਹਨੇ ਵੇਖਿਆ ਕਿ ਉਥੇ ਸਿੱਖਾਂ ਵਿਰੁੱਧ ਕਾਰਵਾਈ ਦਾ ਚਰਚਾ ਤਾਂ ਬਹੁਤ ਹੁੰਦੀ ਹੈ ਪਰ ਉਹਨੂੰ ਇਹ ਵੀ ਸਮਝ ਆ ਗਈ ਕਿ ਨਵਾਬ ਵਜ਼ੀਰ ਖਾਂ ਪ੍ਰਤੀ ਸੂਫੀਆਂ ਦੇ ਮਨ ਵਿਚ ਵੀ ਕੋਈ ਸਤਿਕਾਰ ਨਹੀਂ, ਉਹ ਜਿੰਨੀਆਂ ਵੀ ਗੱਲਾਂ ਕਰਦੇ ਉਹਦੇ ਵਿੱਚੋਂ ਨਵਾਬ ਵਿਰੁੱਧ ਨਫ਼ਰਤ ਹੀ ਪ੍ਰਗਟ ਹੁੰਦੀ ਸੀ ।

ਸਰਹੰਦ ਵਿਚ ਇਕ ਅਮਲੀਆਂ ਦਾ ਵੀ ਡੇਰਾ ਸੀ । ਉਥੇ ਨਸ਼ਾ ਚਾੜ੍ਹਨ

ਵਾਲੀਆਂ ਵਸਤਾਂ ਦਾ ਖੁੱਲ੍ਹਾ ਵਰਤਾਓ ਹੁੰਦਾ ਸੀ ਅਤੇ ਜਦੋਂ ਸ਼ਾਮ ਨੂੰ ਅਮਲੀ ਇਕੱਠੇ ਹੁੰਦੇ ਤਾਂ ਉਹਨਾਂ ਦੀ ਗੱਲਬਾਤ ਵਿੱਚੋਂ ਹਜ਼ਾਰਾ ਸਿੰਘ ਨੂੰ ਇਕ ਤਾਂ ਇਹ ਪਤਾ ਲੱਗ ਗਿਆ ਕਿ ਛੋਟੇ ਸਾਹਿਬਜ਼ਾਦਿਆ ਨੂੰ ਇਉਂ ਸ਼ਹੀਦ ਕਰਨ ਦੀ ਸਲਾਹ ਦੇਣ ਵਾਲਾ ਕਾਜ਼ੀ ਮਹੁੰਮਦ ਇਬਰਾਹੀਮ ਸੀ। ਉਹ ਪਹਿਲਾਂ ਸੁਣ ਚੁੱਕਿਆ ਸੀ ਕਿ ਨਵਾਬ ਦੇ ਵੱਡੇ ਦਰਬਾਰੀਆਂ ਵਿੱਚੋਂ ਸੁੱਚਾ ਨੰਦ ਨੇ ਹੀ ਸਲਾਹ ਦਿੱਤੀ ਸੀ ਕਿ ਇਹਨਾਂ ਮਾਸੂਮ ਬਾਲਕਾਂ ਨੂੰ ਮਾਫ ਨਹੀਂ ਕਰਨਾ ਚਾਹੀਦਾ ਤੇ ਕਰੜੀ ਤੋਂ ਕਰੜੀ ਸਜ਼ਾ ਸੁਣਾਉਣੀ ਚਾਹੀਦੀ ਹੈ। ਹਜ਼ਾਰਾ ਸਿੰਘ ਨੇ ਮਨ ਵਿਚ ਫੈਸਲਾ ਕਰ ਲਿਆ ਕਿ ਨਵਾਬ ਤੋਂ ਬਿਨਾਂ ਸੁੱਚਾ ਨੰਦ ਤੇ ਕਾਜ਼ੀ ਇਬਰਾਹੀਮ ਨੂੰ ਵੀ ਉਹਨਾਂ ਦੇ ਅਪਣਾਏ ਵਤੀਰੇ ਕਾਰਨ ਸੋਧਣਾ ਚਾਹੀਦਾ ਹੈ। ਇਸ ਤਰ੍ਹਾਂ ਉਹਨੇ ਤੁਰ ਫਿਰ ਕੇ ਵੱਖ ਵੱਖ ਹੋਈ ਚਰਚਾ ਤੋਂ ਇਹ ਤੱਤ ਕੱਢਿਆ ਕਿ ਇਕ ਤਾਂ ਅਜੇ ਸਾਧੂ ਵਰਗ ਦਾ ਇਸ ਮਾਮਲੇ ਬਾਰੇ ਲੋਕਾਂ ਨੂੰ ਪਤਾ ਨਹੀਂ ਤੇ ਨਾ ਹੀ ਕੋਈ ਚਰਚਾ ਹੈ। ਦੂਜਾ ਅਜੇ ਤਕ ਜੈ ਰਾਮ ਦੇ ਟੱਬਰ 'ਤੇ ਵੀ ਕੋਈ ਉਂਗਲ ਨਹੀਂ ਉਠ ਰਹੀ। ਇਸ ਲਈ ਉਹ ਜੈ ਰਾਮ ਦੇ ਘਰ ਜਾ ਕੇ ਬਿਮਲਾ ਨਾਲ ਪਹਿਲਾਂ ਵਾਂਗ ਗੱਲ ਕਰ ਸਕਦਾ ਹੈ। ਪੂਰੀ ਤਸੱਲੀ ਕਰਕੇ ਉਹ ਦੀਵਾਨ ਜੈ ਰਾਮ ਦੇ ਘਰ ਪਹੁੰਚ ਗਿਆ। ਉਹਨੇ ਰਾਣੀ ਦੀ ਤੱਕਣੀ ਤੋਂ ਹੀ ਅਨੁਮਾਨ ਲਾ ਲਿਆ ਕਿ ਅਜੇ ਤਕ ਉਹਦੀ ਨਜ਼ਰ ਵਿਚ ਗੁੱਸਾ ਤੇ ਨਫ਼ਰਤ ਨਹੀਂ। ਜੇ ਉਹਦੇ 'ਤੇ ਸ਼ੱਕ ਹੁੰਦਾ ਤਾਂ ਅਜਿਹੇ ਵੇਲੇ ਉਸ ਪਰਿਵਾਰ ਦਾ ਵਤੀਰਾ ਦੁਸ਼ਮਣਾਂ ਵਾਲਾ ਹੋ ਸਕਦਾ ਸੀ। ਉਹਨੂੰ ਵੇਖ ਕੇ ਬਿਮਲਾ ਦੇ ਚਿਹਰੇ 'ਤੇ ਇਕ ਅਨੋਖੀ ਜਿਹੀ ਰੌਣਕ ਆ ਗਈ। ਉਹਦੀਆਂ ਗੱਲਾਂ 'ਤੇ ਪਲਿਤਣ ਦੀ ਥਾਂ ਲਾਲੀ ਭਾਅ ਮਾਰਨ ਲੱਗੀ। ਉਹਨੇ ਸੁੱਕੇ ਬੁੱਲਾਂ 'ਤੇ ਜੀਭ ਫੇਰ ਕੇ ਉਹਨਾਂ ਵਿਚ ਇਕ ਤਾਜ਼ਗੀ ਭਰ ਲਈ।

ਬਿਮਲਾ ਨੇ ਬਾਹਰਲੇ ਬੈਠਕ ਵਰਗੇ ਕਮਰੇ ਵਿਚ ਬਿਠਾਇਆ। ਰਾਣੀ ਵੀ ਕੋਲ ਆ ਬੈਠੀ। ਇਸ ਲਈ ਦੋਹਾਂ ਵਿਚਕਾਰ ਜ਼ਬਾਨ ਸਾਂਝੀ ਕਰਨ ਦੀ ਥਾਂ ਅੱਖਾਂ ਦੇ ਇਸ਼ਾਰਿਆਂ ਨਾਲ ਹਾਵ ਭਾਵ ਦਾ ਵਟਾਂਦਰਾ ਹੋਣ ਲੱਗ ਪਿਆ। ਝੱਟ ਪਿੱਛੋਂ ਉਹਨੇ ਮਾਂ ਨੂੰ ਕਿਹਾ ਕਿ ਕਿਸੇ ਨੌਕਰ ਨੂੰ ਆਵਾਜ਼ ਮਾਰੋ, ਸੰਤਾਂ ਦੇ ਭੋਜਨ ਪਾਣ ਲਈ ਕੁਝ ਵਸਤਾਂ ਬਣਾ ਲਿਆਵੇ। ਰਾਣੀ ਨੇ ਕਿਹਾ, "ਮੈਂ ਆਪ ਬਣਾ ਕੇ ਲਿਆਵਾਂਗੀ। ਨੌਕਰਾਂ ਦਾ ਕੰਮ ਆਮ ਮਿਲਣ ਗਿਲਣ ਆਉਣ ਵਾਲਿਆਂ ਬੰਦਿਆਂ ਦੀ ਸੇਵਾ ਸੰਭਾਲ ਕਰਨੀ ਏ, ਮਹਾਂ ਪੁਰਖਾਂ ਦੀ ਸੇਵਾ ਦਾ ਸਾਨੂੰ ਸੁਭਾਗ ਪ੍ਰਾਪਤ ਹੁੰਦਾ ਹੈ ਤੇ ਸਾਨੂੰ ਹੱਥੀਂ ਸੇਵਾ ਕਰਨ ਦਾ ਯਤਨ ਕਰਨਾ ਚਾਹੀਦਾ ਹੈ।

ਰਾਣੀ ਉੱਠ ਕੇ ਰਸੋਈ ਵਿਚ ਚਲੀ ਗਈ। ਹਜ਼ਾਰਾ ਸਿੰਘ ਪਹਿਲਾਂ ਦੂਰ ਇਕ ਮੂਹੜੇ 'ਤੇ ਬੈਠਾ ਸੀ ਜਿਥੇ ਸਾਹਮਣੇ ਦੱਖਣ ਵਾਲੇ ਪਾਸੇ ਬਿਮਲਾ ਬੈਠੀ ਸੀ। ਰਾਣੀ ਦੇ ਉੱਠ ਜਾਣ ਪਿੱਛੋਂ ਉਹ ਇਕ ਦੂਜੇ ਦੇ ਨੇੜੇ ਹੋ ਗਏ ਤਾਂ ਕਿ ਭੇਦ ਭਰੀਆਂ ਗੱਲਾਂ ਕਰ ਸਕਣ। ਬਿਮਲਾ ਨੇ ਕਿਹਾ, "ਮੇਰੀ ਤੇ ਜਾਨ ਹੀ ਨਿਕਲ ਗਈ ਜਾਪਦੀ

ਸੀ। ਜਦੋਂ ਸੁਣਿਆ ਕਿ ਨਵਾਬ ਨੂੰ ਮੁਕਾਣ ਗਏ ਬੰਦਿਆਂ ਵਿੱਚੋਂ ਇਕ ਫੜਿਆ ਗਿਆ ਹੈ। ਮੈਂ ਉਸ ਵਕਤ ਪ੍ਰਭੂ ਪਰਮਾਤਮਾ ਪਾਸ ਬੇਨਤੀ ਕੀਤੀ ਕਿ ਫੜਿਆ ਗਿਆ ਬੰਦਾ ਤੁਸੀਂ ਨਾ ਹੋਵੇ। ਦੂਜਾ ਮੇਰੇ 'ਤੇ ਇਸ ਗੱਲ ਦਾ ਡੂੰਘਾ ਪ੍ਰਭਾਵ ਸੀ ਕਿ ਇੰਨਾ ਜੁਗਾੜ ਵੀ ਜੋੜਿਆ ਤੇ ਫਿਰ ਵੀ ਤੁਸੀਂ ਕਾਮਯਾਬ ਨਾ ਹੋਏ। ਮੈਨੂੰ ਇਹ ਵੀ ਡਰ ਸੀ ਕਿ ਜੇ ਫੜੇ ਗਏ ਬੰਦੇ ਨੇ ਸਖਤੀ ਤੇ ਮਾਰ ਨਾ ਝਲਦਿਆਂ ਸਭ ਕੁਝ ਦੱਸ ਦਿੱਤਾ ਤਾਂ ਸਾਡਾ ਪਰਿਵਾਰ ਵੀ ਮੁਸ਼ਕਿਲਾਂ ਵਿਚ ਫਸ ਜਾਏਗਾ। ਘਰ ਦੇ ਤੇ ਬਾਹਰ ਦੇ ਸਾਰੇ ਮੈਨੂੰ ਆਪਣੇ ਗੁੱਸੇ ਤੇ ਨਫਰਤ ਦਾ ਨਿਸ਼ਾਨਾ ਬਨਾਉਣਗੇ।"

"ਤੁਸੀਂ ਇਸ ਗੱਲ ਦੀ ਤਾਂ ਚਿੰਤਾ ਹੀ ਨਾ ਕਰੋ ਕਿ ਫੜਿਆ ਗਿਆ ਸਿੰਘ ਆਪਣੇ ਉੱਪਰ ਜ਼ੁਲਮ ਹੁੰਦਾ ਵੇਖ ਕੇ ਸਾਰਾ ਕੁਝ ਦੱਸ ਦੇਵੇਗਾ। ਜਿਹੜੇ ਘਰੋਂ ਹੀ ਕੁਰਬਾਨੀ ਕਰਨ ਲਈ ਤੁਰੇ ਹੋਣ, ਉਹ ਨਾ ਸਖਤੀਆਂ ਤੋਂ ਡਰਦੇ ਨੇ ਤੇ ਨਾ ਮੌਤ ਦਾ ਉਹਨਾਂ ਨੂੰ ਭੈਅ ਹੁੰਦਾ ਹੈ। ਇਸ ਲਈ ਇਹ ਖਿਆਲ ਨਾ ਕਰੋ ਕਿ ਸਾਡੇ ਵਿੱਚੋਂ ਕੋਈ ਇਹ ਸਾਰੀ ਵਿਉਂਤ ਦੱਸ ਸਕਦਾ ਹੈ। ਹੋਰ ਕਿਸੇ ਵਸੀਲੇ ਰਾਹੀਂ ਗੱਲ ਨਿਕਲ ਜਾਏ ਤਾਂ ਮੈਂ ਕਹਿ ਨਹੀਂ ਸਕਦਾ।" ਹਜ਼ਾਰਾ ਸਿੰਘ ਨੇ ਯਕੀਨ ਦਿਵਾਉਂਦਿਆਂ ਆਖਿਆ, "ਸਾਨੂੰ ਇਸ ਨਾਕਾਮੀ ਦਾ ਕੋਈ ਅਫਸੋਸ ਨਹੀਂ, ਹਾਰਨ ਪਿੱਛੋਂ ਹੀ ਜਿੱਤੀਦਾ ਹੈ। ਜਿਹੜਾ ਹਾਰ ਬਰਦਾਸ਼ਤ ਨਹੀਂ ਕਰ ਸਕਦਾ, ਉਹ ਜਿੱਤਣ ਦੀ ਆਸ ਵੀ ਨਾ ਰੱਖੇ। ਅਜੇ ਪਤਾ ਨਹੀਂ ਨਵਾਬ ਤੇ ਹੋਰ ਕਿਤਨੇ ਹਮਲੇ ਹੋਣ।"

"ਤੁਹਾਡੀਆਂ ਇਹਨਾਂ ਗੱਲਾਂ ਨਾਲ ਤਾਂ ਮੇਰਾ ਕਮਜ਼ੋਰ ਮਨ ਵੀ ਤਗੜਾ ਹੋ ਗਿਆ ਹੈ। ਮੈਂ ਸੋਚਦੀ ਹਾਂ ਕਿ ਮੈਂ ਇਕ ਇਸਤ੍ਰੀ ਹੁੰਦਿਆਂ ਤੇ ਦੀਵਾਨ ਦੀ ਧੀ ਹੋ ਕੇ ਕਿਵੇਂ ਤੁਹਾਡੇ ਇਸ ਸੰਘਰਸ਼ ਨਾਲ ਜੁੜ ਗਈ ਹਾਂ। ਪਰ ਹੁਣ ਮੈਂ ਇਸ ਘੁੰਮਣ ਘੇਰੀ ਵਿਚ ਅਜੇਹੀ ਥਾਂ ਅੱਪੜ ਗਈ ਹਾਂ ਜਿਥੋਂ ਬਾਹਰ ਨਹੀਂ ਨਿਕਲ ਸਕਦੀ।"
ਲਾ ਨੇ ਆਖਿਆ, "ਚਲੋ ਛੱਡੋ ਇਹਨਾਂ ਗੱਲਾਂ ਨੂੰ, ਪਹਿਲਾਂ ਦੱਸੋ ਕਿ ਹੁਣ ਕਿਵੇਂ ਆਏ ਹੋ ਤੇ ਤੁਹਾਡੀ ਅੱਗੋਂ ਕੀ ਯੋਜਨਾ ਹੈ?"

"ਹੁਣ ਮੇਰਾ ਪਹਿਲਾ ਕੰਮ ਗੁਰਦੇਵ ਸਿੰਘ ਨੂੰ ਛੁਡਾਉਣਾ ਹੈ। ਇਹ ਕੰਮ ਹੁਣੇ ਇਕ ਅੱਧੇ ਦਿਨ ਵਿਚ ਹੋ ਸਕਦਾ ਏ, ਜਦ ਨਵਾਬ ਦਿੱਲੀ ਤੋਂ ਆ ਗਿਆ ਤਾਂ ਫਿਰ ਨਹੀਂ ਛੁਡਾ ਸਕਾਂਗਾ।" ਹਜ਼ਾਰਾ ਸਿੰਘ ਨੇ ਦੱਸਿਆ, "ਇਸ ਲਈ ਤੇਰੀ ਮਦਦ ਬਹੁਤ ਲੋੜੀਂਦੀ ਏ। ਕੋਈ ਅਜਿਹਾ ਬੰਦਾ ਦੱਸ ਜਿਹੜਾ ਇਹ ਸੂਚਨਾ ਦੇ ਸਕੇ ਕਿ ਰਾਤ ਨੂੰ ਕਿੰਨੇ ਬੰਦਿਆਂ ਦਾ ਉਥੇ ਪਹਿਰਾ ਹੁੰਦਾ ਏ ਅਤੇ ਬੰਦੀਖਾਨੇ ਦਾ ਡਿਓੜੀ ਦਾ ਵੱਡਾ ਦਰਵਾਜਾ ਅਸੀਂ ਕਿਵੇਂ ਟੱਪ ਸਕਦੇ ਹਾਂ। ਮੈਂ ਭਾਵੇਂ ਸ਼ਹੀਦ ਹੋ ਜਾਵਾਂ ਪਰ ਗੁਰਦੇਵ ਸਿੰਘ ਨੂੰ ਛੁਡਾਉਣ ਦਾ ਯਤਨ ਜ਼ਰੂਰ ਕਰਨਾ ਹੈ।"

"ਜ਼ਰਾ ਹੌਲੀ ਗੱਲ ਕਰੋ, ਬਾਹਰ ਕਿਸੇ ਦੇ ਪੈਰਾਂ ਦਾ ਖੜਾਕ ਆ ਰਿਹਾ ਹੈ, ਹੋ ਸਕਦਾ ਏ ਮਾਂ ਆ ਰਹੀ ਹੋਵੇ" ਬਿਮਲਾ ਨੇ ਕਿਹਾ ਤੇ ਹੌਲੀ ਗੱਲ ਕਰਨ ਲਈ

ਹਜ਼ਾਰਾ ਸਿੰਘ ਦੇ ਮੂਹਰੇ ਨੇੜੇ ਗਰਦਨ ਝੁਕਾ ਕੇ ਉਹਨੇ ਹੋਰ ਹੌਲੀ ਬੋਲਦਿਆਂ ਸਲਾਹ ਦਿੱਤੀ, "ਮੈਂ ਤੇ ਕਹਿੰਦੀ ਆਂ ਕਿ ਤੁਸੀਂ ਉਹਨੂੰ ਕੈਦ ਵਿੱਚੋਂ ਛੁਡਾਉਣ ਦਾ ਵਿਚਾਰ ਛੱਡ ਦਿਉ ਤੇ ਆਪ ਵੀ ਕਿਧਰੇ ਦੂਰ ਕੁਝ ਸਮੇਂ ਲਈ ਨਿਕਲ ਜਾਉ । ਨਵਾਬ ਇਥੇ ਹੁੰਦਾ ਤਾਂ ਹੋਰ ਗੱਲ ਸੀ । ਹੁਣ ਤਾਂ ਸਾਰੇ ਦਰਬਾਰੀਆਂ ਦਾ ਫਰਜ਼ ਹੈ ਕਿ ਉਹ ਕੋਈ ਗੜਬੜ ਨਾ ਹੋਣ ਦੇਣ । ਨਹੀਂ ਤੇ ਉਹਨੇ ਆ ਕੇ ਸਾਰਿਆਂ ਦੀ ਜਾਨ ਕੱਢਣ ਤਕ ਜਾਣਾ ਏ । ਉਹਨੂੰ ਭਿਣਕ ਪਈ ਤਾਂ ਉਹਨੇ ਸਾਨੂੰ ਵੀ ਮੁਆਫ ਨਹੀਂ ਕਰਨਾ । ਤੁਹਾਨੂੰ ਨਹੀਂ ਪਤਾ ਦਰਬਾਰੀਆਂ ਵਿਚ ਵੀ ਕਈ ਧੜੇ ਨੇ ਜੋ ਇਕ ਦੂਜੇ ਵਿਰੁੱਧ ਸੱਚੀਆਂ ਝੂਠੀਆਂ ਚੁਗਲੀਆਂ ਕਰਕੇ ਨਵਾਬ ਦੀਆਂ ਨਜ਼ਰਾਂ ਵਿਚ ਸੱਚੇ ਬਣਨ ਦਾ ਯਤਨ ਕਰਦੇ ਹਨ । ਇਸ ਲਈ ਮੈਂ ਕਹਿੰਦੀ ਹਾਂ ਕਿ ਨਵਾਬ ਵਿਰੁੱਧ ਕਿਸੇ ਕਾਰਵਾਈ ਦੀ ਗੱਲ ਸੋਚੋ, ਇਸ ਨਵੀਂ ਉਲਝਣ ਵਿਚ ਨਾ ਪਵੋ ।"

"ਇਹ ਨਹੀਂ ਹੋ ਸਕਦਾ ਕਿ ਮੈਂ ਗੁਰਦੇਵ ਸਿੰਘ ਨੂੰ ਫਸਾ ਕੇ ਆਪ ਕਿਧਰੇ ਤੁਰ ਜਾਵਾਂ," ਹਜ਼ਾਰਾ ਸਿੰਘ ਨੇ ਸਾਫ ਜੁਆਬ ਦੇ ਦਿੱਤਾ । "ਗੁਰਦੇਵ ਸਿੰਘ ਕਹਿੰਦਾ ਸੀ ਕਿ ਅਜੇ ਅਸੀਂ ਨਵਾਬ 'ਤੇ ਹਮਲਾ ਕਰਨ ਨਾ ਜਾਈਏ, ਮੇਰੇ ਜ਼ੋਰ ਦੇਣ 'ਤੇ ਹੀ ਉਹ ਮੇਰੇ ਨਾਲ ਚੱਲਿਆ ਤੇ ਹੁਣ ਮੈਂ ਬੁਜ਼ਦਿਲੀ ਵਿਖਾ ਕੇ ਉਹਨੂੰ ਛੱਡ ਕੇ ਨਹੀਂ ਜਾਣਾ, ਨਾਲੇ ਜਿਸ ਕਾਰਜ ਲਈ ਅਸੀਂ ਘਰੋਂ ਅਰਦਾਸ ਕਰਕੇ ਤੁਰੇ ਹਾਂ, ਉਹ ਕਰਾਂਗੇ। ਅਸੀਂ ਤਾਂ ਕਾਜ਼ੀ ਤੇ ਸੁੱਚਾ ਨੰਦ ਨੂੰ ਵੀ ਮੁਆਫ ਨਹੀਂ ਕਰਨਾ ਤੇ ਉਹਨਾਂ ਨੂੰ ਵੀ ਸੋਧਣ ਦਾ ਯਤਨ ਕਰਨਾ ਹੈ ।" ਹਜ਼ਾਰਾ ਸਿੰਘ ਦੀਆਂ ਗੱਲਾਂ ਤੇ ਦ੍ਰਿੜ੍ਹ ਵਿਸ਼ਵਾਸ ਨਾਲ ਮਨ ਦੇ ਪ੍ਰਗਟਾਵੇ ਦਾ ਬਿਮਲਾ 'ਤੇ ਬੜਾ ਅਸਰ ਹੋਇਆ ਤੇ ਉਹਨੇ ਮਨ ਬਣਾ ਲਿਆ ਕਿ ਉਹ ਉਹਦੇ ਸਾਥੀ ਨੂੰ ਬੰਦੀਖਾਨੇ ਤੋਂ ਛੁਡਾਉਣ ਵਿਚ ਜ਼ਰੂਰ ਮਦਦ ਕਰੇਗੀ।

"ਪਰ ਇਹ ਵੇਖ ਲੈ ਜੇਕਰ ਕੱਲ ਨੂੰ ਕੋਈ ਬਿਪੜਾ ਆ ਪਈ ਤਾਂ ਫਿਰ ਸਾਡਾ ਭਾਂਡਾ ਤਾਂ ਨਹੀਂ ਭੰਨ ਦਿਉਗੇ," ਹਜ਼ਾਰਾ ਸਿੰਘ ਨੇ ਉਹਦੇ ਮਨ ਨੂੰ ਤਗੜਾ ਕਰਨ ਲਈ ਫਿਰ ਆਖਿਆ । "ਤੁਸੀਂ ਕਈ ਵਾਰ ਸਾਡੇ ਤੋਂ ਇਹ ਵਿਸ਼ਵਾਸ ਲੈ ਚੁੱਕੇ ਹੋ ਕਿ ਅਸੀਂ ਤੁਹਾਡਾ ਨਾਂ ਨਹੀਂ ਲਵਾਂਗੇ ਤੇ ਹੁਣ ਤੁਸੀਂ ਸਾਨੂੰ ਭਰੋਸਾ ਦਿਵਾਉ ਕਿ ਹਕੂਮਤ ਦਾ ਪੁਰਜਾ ਹੁੰਦਿਆਂ ਤੁਸੀਂ ਕਿਸੇ ਸਥਿਤੀ ਵਿਚ ਵੀ ਸਾਡੇ ਵਿਰੁੱਧ ਕਾਰਵਾਈ ਵਿਚ ਸ਼ਾਮਲ ਨਹੀਂ ਹੋਵੋਗੇ ।"

"ਮੈਂ ਤੁਹਾਨੂੰ ਆਪਣੇ ਵਲੋਂ ਯਕੀਨ ਦਿਵਾ ਸਕਦੀ ਹਾਂ ਕਿ ਮੈਂ ਕਿਸੇ ਹਾਲਤ ਵਿਚ ਵੀ ਤੁਹਾਡੇ ਵਿਰੁੱਧ ਨਹੀਂ ਹੋ ਸਕਦੀ ਪਰ ਮੈਂ ਆਪਣੇ ਮਾਤਾ ਪਿਤਾ ਬਾਰੇ ਅਜਿਹਾ ਯਕੀਨ ਨਹੀਂ ਦੁਆ ਸਕਦੀ, ਉਹ ਤਾਂ ਨਵਾਬ ਦੀ ਹਕੂਮਤ ਦਾ ਇਕ ਪੁਰਜਾ ਨੇ । ਉਹ ਤਾਂ ਇਹ ਵੀ ਨਹੀਂ ਬਰਦਾਸ਼ਤ ਕਰਨਗੇ ਕਿ ਕੋਈ ਸਿੱਖ ਉਹਨਾਂ ਦੇ ਘਰ ਵਿਚ ਆਏ । ਉਹਨਾਂ ਤਾਂ ਮੇਰਾ ਵੀ ਕਾਫੀਆ ਤੰਗ ਕਰ ਦੇਣਾ ਏ," ਬਿਮਲਾ ਨੇ

ਆਖਿਆ। "ਵਕਤ ਥੋੜ੍ਹਾ ਏ, ਮਾਂ ਪਤਾ ਨਹੀਂ ਕਿਉਂ ਏਨੀ ਦੇਰ ਲਾ ਆਈ ਏ।" ਤੁਸੀਂ ਹੁਣ ਛੇਤੀ ਜਾਉ ਤੇ ਮੈਨੂੰ ਘਰ ਦੀ ਬਜਾਏ ਉਸ ਬਾਹਰਲੇ ਹਾਤੇ ਵਿਚ ਪਿੱਪਲ ਥੱਲੇ ਮਿਲਣਾ ਜਿਥੇ ਮੈਂ ਪਿੱਪਲ ਨੂੰ ਪਾਣੀ ਦੇਣ ਦੇ ਬਾਹਨੇ ਆਉਂਦੀ ਰਹਾਂਗੀ। ਤੁਹਾਡੇ ਸਾਥੀ ਨੂੰ ਛੁਡਾਉਣ ਦਾ ਤੇ ਤੁਹਾਨੂੰ ਹਾਲਾਤ ਦੀ ਸੂਚਨਾ ਮੈਂ ਉਥੇ ਦਿਆਂਗੀ। ਇਹ ਕਹਿ ਕੇ ਬਿਮਲਾ ਉਠ ਖਲੋਤੀ ਤੇ ਰਸੋਈ ਵਿਚ ਜਾ ਕੇ ਮਾਂ ਨੂੰ ਕਹਿਣ ਲੱਗੀ, "ਮਾਂ ਉਹ ਸਾਧੂ ਜੋਤਿਸ਼ੀ ਤਾਂ ਕਾਹਲਾ ਪਿਆ ਹੋਇਆ ਏ, ਮੈਂ ਉਹਨੂੰ ਮਸੀਂ ਰੋਕਿਆ ਹੈ। ਕੀ ਗੱਲ ਤੁਸੀਂ ਖਾਣ ਪੀਣ ਦਾ ਸਾਮਾਨ ਲਿਆਉਂਦਿਆਂ ਚੋਖੀ ਦੇਰ ਕਰ ਦਿੱਤੀ ਹੈ।

"ਮੈਂ ਤੇ ਦੋ ਵਾਰ ਸਾਮਾਨ ਲੈ ਕੇ ਗਈ ਹਾਂ ਪਰ ਤੁਹਾਨੂੰ ਘੁਸਰ ਮੁਸਰ ਕਰਦਿਆਂ ਦੇਖ ਕੇ ਮੈਂ ਮੁੜ ਆਉਂਦੀ ਰਹੀ ਹਾਂ," ਰਾਣੀ ਨੇ ਕੁਝ ਗੁੱਸੇ ਨਾਲ ਆਖਿਆ। "ਤੇਰਾ ਉਹਦੇ ਨੇੜੇ ਢੁੱਕਣਾ ਤੇ ਇਉਂ ਗੱਲਾਂ ਕਰਨੀਆਂ ਮੈਨੂੰ ਚੰਗੀਆਂ ਨਹੀਂ ਲੱਗੀਆਂ।"

ਦੋਵੇਂ ਜਣੀਆਂ ਖਾਣ ਪੀਣ ਦੀਆਂ ਚੀਜ਼ਾਂ ਲੈ ਕੇ ਗਈਆਂ, ਥੋੜ੍ਹੀਆਂ ਜਿਹੀਆਂ ਵਸਤਾਂ ਮੂੰਹ ਵਿਚ ਪਾ ਕੇ ਹਜ਼ਾਰਾ ਸਿੰਘ ਉਠ ਖਲੋਤਾ। ਉਹਨੇ ਰਾਣੀ ਦਾ ਬਦਲਿਆ ਹੋਇਆ ਵਤੀਰਾ ਤੇ ਹਾਵ ਭਾਵ ਉਹਦੇ ਚਿਹਰੇ ਤੋਂ ਪੜ੍ਹ ਲਏ ਤੇ ਝੱਟ ਆਖਿਆ, "ਮੈਨੂੰ ਇਕ ਜ਼ਰੂਰੀ ਕੰਮ ਚੇਤੇ ਆ ਗਿਆ ਏ ਇਸ ਲਈ ਮੈਂ ਹੋਰ ਠਹਿਰ ਨਹੀਂ ਸਕਦਾ, ਰਾਮ ਰਾਮ ਬੁਲਾ ਕੇ ਉਹ ਝੱਟ ਬਾਹਰ ਨਿਕਲ ਗਿਆ। ਨਾ ਰਾਣੀ ਨੇ ਉਹਨੂੰ ਹੋਰ ਬੈਠਣ ਲਈ ਜ਼ੋਰ ਦਿੱਤਾ ਤੇ ਨਾ ਹੀ ਬਿਮਲਾ ਨੇ। ਅੱਗੇ ਉਹ ਹਾਜ਼ਾਰਾ ਸਿੰਘ ਨੂੰ ਵਿਦਾ ਕਰਨ ਲਈ ਘਰ ਦੇ ਬਾਹਰਲੇ ਦਰਵਾਜ਼ੇ ਤਕ ਜਾਂਦੀਆ ਸਨ ਪਰ ਹੁਣ ਉਹਨਾਂ ਬੈਠਕ ਦੇ ਦਰਵਾਜ਼ੇ ਤੋਂ ਅੱਗੇ ਕਦਮ ਨਾ ਪੁੱਟਿਆ ਤੇ ਖੜੀਆਂ ਰਹੀਆਂ। ਰਾਣੀ ਨੇ ਚੋਰ ਅੱਖ ਨਾਲ ਵੇਖਿਆ ਕਿ ਬਿਮਲਾ ਦੀਆਂ ਨਜ਼ਰਾਂ ਸਾਧ ਜੋਤਿਸ਼ੀ ਦੀ ਕੰਡ ਵੱਲ ਉਦੋਂ ਤਕ ਟਿਕਟਿਕੀ ਲਾ ਕੇ ਵੇਖਦੀਆਂ ਰਹੀਆਂ ਜਦ ਤਕ ਕਿ ਉਹ ਬਾਹਰਲੇ ਦਰਵਾਜੇ ਦੀ ਚੁਗਾਠ ਟੱਪ ਕੇ ਅੱਖੋਂ ਉਹਲੇ ਨਾ ਹੋ ਗਿਆ।

ਬਿਮਲਾ ਪਿੱਪਲ ਨੂੰ ਪਾਣੀ ਦੇਣ ਦੇ ਬਹਾਨੇ ਉਥੇ ਗਈ ਤੇ ਹਜ਼ਾਰਾ ਸਿੰਘ ਸਾਧੂ ਉਥੇ ਮਿਲ ਪਿਆ। ਉਹਨਾਂ ਗੁਰਦੇਵ ਸਿੰਘ ਨੂੰ ਕੈਦ ਵਿੱਚੋਂ ਛੁਡਾਉਣ ਲਈ ਵਿਉਂਤ ਬਣਾਈ ਤੇ ਛੇਤੀ ਛੇਤੀ ਗੱਲਬਾਤ ਕਰਕੇ ਬਿਮਲਾ ਘਰ ਆ ਗਈ। ਹਜ਼ਾਰਾ ਸਿੰਘ ਵੀ ਆਪਣੇ ਰਾਹ ਪੈ ਗਿਆ।

•••

ਕਾਂਡ-18

'ਸੌਂ ਗਏ ਹੋ' ਪਤਾ ਨਹੀਂ ਲੱਗਦਾ, ਮੰਜੇ 'ਤੇ ਲੇਟਦਿਆਂ ਹੀ ਨੀਂਦਰ ਆ ਜਾਂਦੀ ਜੇ, ਸਾਨੂੰ ਤੇ ਪਾਸੇ ਮਾਰਦਿਆਂ ਤੇ ਉਬਾਸੀਆਂ ਲੈਂਦਿਆਂ ਪਹਿਰ ਰਾਤ ਲੰਘ ਜਾਂਦੀ ਏ, ਤਾਂ ਕਿਧਰੇ ਜਾ ਕੇ ਅੱਖ ਲੱਗਦੀ ਏ।' ਦੀਵਾਨ ਜੈ ਰਾਮ ਦੀ ਰਾਣੀ ਨੇ ਉਸ ਨੂੰ ਜਗਾਂਦਿਆਂ ਆਖਿਆ, 'ਅਸੀਂ ਕਿਹੜੇ ਵੇਲੇ ਤੁਹਾਡੇ ਨਾਲ ਕੋਈ ਗੱਲ ਕੀਤਾ ਕਰੀਏ। ਰੋਟੀ ਵੇਲੇ ਕੋਈ ਗੱਲ ਛੇੜਾਂ ਤਾਂ ਕਹਿੰਦੇ ਹੋ ਕਿ ਰੋਟੀ ਤੇ ਖਾਣ ਦੇ, ਘਰ ਦੇ ਘੀਕੇ ਨਾ ਛੋਹ ਲਿਆ ਕਰ। ਰਾਤ ਨੂੰ ਦੇਰ ਨਾਲ ਆਉਂਦੇ ਹੋ ਤੇ ਜੇ ਕਰ ਆ ਜਾਓ ਤਾਂ ਮੰਜੇ 'ਤੇ ਪੈਂਦਿਆਂ ਹੀ ਘੁਰਾੜੇ ਮਾਰਨ ਲੱਗ ਜਾਂਦੇ ਹੋ। ਨੀਂਦਰ ਵਿੱਚ ਜਗਾਈਏ ਤਾਂ ਮਾੜੇ ਤੇ ਜੇ ਕਿਸੇ ਵੇਲੇ ਉੱਝ ਗੱਲ ਕਰੀਏ ਤਾਂ ਮਾੜੇ। ਦੱਸੋ ਸਾਨੂੰ, ਅਸੀਂ ਕਿਹੜੇ ਵੇਲੇ ਗੱਲ ਕੀਤਾ ਕਰੀਏ। ਸੌ ਘਰ ਦੇ ਮਾਮਲੇ, ਟੱਬਰਦਾਰੀ ਦੀਆਂ ਸਲਾਹਵਾਂ, ਬੱਚਿਆਂ ਦਾ ਫਿਕਰ, ਤੁਹਾਨੂੰ ਬੱਸ ਨਵਾਬ ਦੇ ਕੰਮਾਂ ਤੋਂ ਹੀ ਵਿਹਲ ਨਹੀਂ।' ਇਕੋ ਸਾਹੇ ਰਾਣੀ ਕਿੰਨਾ ਕੁਝ ਬੋਲ ਗਈ। ਇਤਨੇ ਵਿੱਚ ਅੱਖਾਂ ਮਲ ਕੇ ਦੀਵਾਨ ਜੈ ਰਾਮ ਨੇ ਵੀ ਜਾਗ ਖੋਲ੍ਹ ਲਈ ਤੇ ਕਿਹਾ, 'ਜਿਤਨਾ ਚਿਰ ਮੈਂ ਘਰ ਲਾਉਂਦਾ ਹਾਂ, ਕੋਈ ਹੋਰ ਨਹੀਂ ਲਾ ਸਕਦਾ। ਮੈਨੂੰ ਤੇ ਦਰਬਾਰ ਵਿੱਚ ਸਾਥੀ ਮਖੌਲ ਕਰਦੇ ਹਨ ਕਿ ਮੈਂ ਹਰ ਵੇਲੇ ਰੰਨ ਦੇ ਗੋਡੇ ਮੁੱਢ ਬੈਠਾ ਰਹਿੰਦਾ ਹਾਂ ਤੇ ਤੂੰ ਆਪਣੀ ਥਾਂ ਸ਼ਿਕਾਇਤ ਕਰਦੀ ਰਹਿੰਦੀ ਏਂ। ਦੱਸ ਖਾਂ ਮੈਂ ਸਾਰਾ ਦਿਨ ਘਰ ਨਹੀਂ ਰਹਿੰਦਾ?'

'ਘਰ ਹੁੰਦੇ ਹੋ ਨਾ ਹੋਇਆਂ ਵਰਗੇ।' ਰਾਣੀ ਨੇ ਮੁਸਕਰਾ ਕੇ ਗੱਲ ਕੀਤੀ ਤਾਂ ਕਿ ਇਹਦੀ ਮੁਸਕਾਨ ਵਿੱਚ ਦੀਵਾਨ ਦਾ ਗੁੱਸਾ ਖਤਮ ਹੋ ਜਾਏ, 'ਕਦੀ ਕੋਈ ਆਇਆ ਹੁੰਦਾ ਏ ਤੇ ਕਦੇ ਕੋਈ। ਸਾਡੇ ਭਾਣੇ ਨਵਾਬ ਪਾਸ ਹੋਰ ਕੋਈ ਬੰਦਾ ਹੀ ਨਹੀਂ। ਸਾਰੀ ਦੁਨੀਆਂ ਦੇ ਕੰਮ ਤੁਹਾਡੇ ਜ਼ਿੰਮੇਂ ਹੀ ਲੱਗੇ ਹੋਏ ਨੇ। ਜਿਹੜਾ ਵੇਖੋ ਤੁਹਾਡੇ ਕੋਲ ਭੱਜਾ ਆਉਂਦਾ ਹੈ। ਮੈਂ ਤੇ ਕਹਿੰਦੀ ਆਂ ਕਿ ਦਿਨ ਨੂੰ ਨਾ ਸਹੀ, ਰਾਤ ਨੂੰ ਹੀ ਝੱਟ ਸਾਡੀ ਗੱਲ ਸੁਣ ਲਿਆ ਕਰੋ, ਜ਼ਰਾ ਸਾਡੇ ਕੋਲ ਬੈਠੋ, ਘਰ ਦੀਆਂ, ਬਾਹਰ ਦੀਆਂ, ਕਈ ਜ਼ਰੂਰੀ ਗੱਲਾਂ ਕਰਨੀਆਂ ਹੁੰਦੀਆਂ ਨੇ। ਤੁਹਾਨੂੰ ਵਿਹਲ ਹੀ ਨਹੀਂ ਮਿਲਦਾ ਤੇ ਮੈਨੂੰ ਭੁੱਲ ਜਾਂਦਾ ਏ।'

ਐਵੇਂ ਜ਼ਨਾਨੀਆਂ ਨੂੰ ਸੰਤੁਸ਼ਟਤਾ ਹੁੰਦੀ ਹੀ ਨਹੀਂ। ਮਰਦ ਭਾਵੇਂ ਕਿੰਨਾ

ਵਕਤ ਘਰ ਦੇਵੇ, ਜ਼ਨਾਨੀਆਂ ਫਿਰ ਵੀ ਚੀਕੀ ਜਾਂਦੀਆਂ ਹਨ । ਜੇ ਅਸੀਂ ਕੰਮ ਛੱਡ ਕੇ ਘਰ ਬੈਠ ਜਾਈਏ ਤਾਂ ਫਿਰ ਪਿੱਟੋਗੀਆਂ ਕਿ ਕਮਾਂਦੇ ਨਹੀਂ ਹੋ, ਖਾਉਗੇ ਕਿਥੋਂ ? 'ਹਾਂ ਦੱਸ, ਮੈਂ ਕਿਹੜੇ ਵੇਲੇ ਤੇਰੀ ਗੱਲ ਸੁਣਨ ਤੋਂ ਇਨਕਾਰ ਕੀਤਾ ਏ', ਦੀਵਾਨ ਨੇ ਕਿਹਾ ।'

'ਕਈ ਗੱਲਾਂ ਝੱਟ ਲਾ ਕੇ ਵਿਚਾਰਨ ਵਾਲੀਆਂ ਹੁੰਦੀਆਂ ਨੇ । ਦਿਨੇ ਲੰਮੀ ਗੱਲ ਹੋ ਨਹੀਂ ਸਕਦੀ ਇਸੇ ਲਈ ਕਹਿੰਦੀ ਹਾਂ ਕਿ ਰਾਤ ਨੂੰ ਝੱਟ ਸੌਂ ਜਾਂਦੇ ਹੋ, ਮੈਨੂੰ ਫਿਰ ਬੜੀ ਖਿਝ ਚੜ੍ਹਦੀ ਏ ।' ਰਾਣੀ ਨੇ ਖਰੀ ਖਰੀ ਗੱਲ ਕਹਿ ਦਿੱਤੀ ।

'ਹਾਂ ਦੱਸ ਫਿਰ ਕੀ ਗੱਲ ਏ ?' ਦੀਵਾਨ ਨੇ ਮਤਲਬ ਦੀ ਗੱਲ ਵੱਲ ਆਉਂਦਿਆਂ ਪੁੱਛਿਆ ।

'ਗੱਲ ਆਪਣੀ ਲੜਕੀ ਬਿਮਲਾ ਬਾਰੇ ਵੇ ।' ਰਾਣੀ ਨੇ ਦੀਵਾਨ ਦੇ ਮੰਜੇ 'ਤੇ ਹੀ ਨੇੜੇ ਹੋ ਕੇ ਬੈਠਦਿਆਂ ਕਿਹਾ, ਉਹਦਾ ਸਾਧੂ ਵੱਲ ਜਾਣਾ ਮੈਨੂੰ ਸ਼ੱਕੀ ਲੱਗਦਾ ਏ, ਉਹ ਦੱਸਦੀ ਨਹੀਂ ਕਿਸ ਲਈ ਗਈ ਸੀ । ਨੌਕਰਾਂ ਤੋਂ ਮੈਂ ਪੁੱਛਿਆ ਏ ਤਾਂ ਉਹਨਾਂ ਦੱਸਿਆ ਏ ਕਿ ਉਹ ਸਾਧੂ ਨਾਲ ਵੱਖਰਿਆਂ ਹੋ ਕੇ ਗੱਲਾਂ ਕਰਦੀ ਰਹੀ ਏ ।'

'ਤੂੰ ਨੌਕਰਾਂ ਤੋਂ ਕਿਉਂ ਪੁੱਛਿਆ, ਇਸ ਤਰ੍ਹਾਂ ਉਹਨਾਂ ਵਿਚ ਚਰਚਾ ਚਲੇਗੀ, ਉਹਨਾਂ ਨੂੰ ਸ਼ੱਕ ਪਵੇਗਾ । ਦੂਜਾ ਖਤਰੇ ਵਾਲੀ ਗੱਲ ਨਹੀਂ, ਸਾਧੂ ਤਾਂ ਬਹੁਤ ਹੀ ਨੇਕ ਧਰਮਾਤਮਾ ਬੰਦਾ ਲੱਗਦਾ ਏ, ਉਹਦੇ 'ਤੇ ਸ਼ੱਕ ਕਰਨਾ ਸਾਡੀ ਮੂਰਖਤਾ ਏ, ਸਾਡੇ 'ਤੇ ਉਹਦਾ ਉਪਕਾਰ ਹੈ । ਅਸੀਂ ਸਾਰੀ ਉਮਰ ਨਹੀਂ ਭੁੱਲ ਸਕਦੇ', ਦੀਵਾਨ ਨੇ ਉੱਤਰ ਦਿੱਤਾ ।

'ਇਹ ਠੀਕ ਏ ਪਰ ਮੇਰੀ ਸਾਰੀ ਗੱਲ ਤਾਂ ਸੁਣ ਲਉ ।' ਰਾਣੀ ਨੇ ਦੱਸਿਆ, 'ਕੁੜੀ ਸਾਰਾ ਦਿਨ ਬੜੀ ਘਬਰਾਹਟ ਵਿਚ ਰਹੀ ਏ । ਮੈਂ ਕਈ ਵਾਰ ਪੁੱਛਿਆ ਏ ਪਰ ਉਹਨੇ ਕੁਝ ਹੱਥ ਪੱਲੇ ਨਹੀਂ ਫੜਾਇਆ । ਉਹ ਦੂਜਾ ਜੋਗੀ ਜੋਤਿਸ਼ੀ ਜਵਾਨ ਮੁੰਡਾ ਵੀ ਸ਼ਾਮ ਨੂੰ ਆਇਆ ਸੀ । ਉਹਦੇ ਆਉਣ 'ਤੇ ਬਿਮਲਾ ਬਿਲਕੁਲ ਠੀਕ ਹੋ ਗਈ, ਸਾਰੀ ਘਬਾਰਹਟ ਜਾਂਦੀ ਰਹੀ ਤੇ ਜਦੋਂ ਹੀ ਮੈਂ ਕੋਲੋਂ ਉਠੀ, ਉਹ ਨੇੜੇ ਨੇੜੇ ਹੋ ਕੇ ਗੱਲਾਂ ਕਰਦੇ ਰਹੇ । ਮੈਂ ਇਕ ਵਾਰ ਕਿੰਨਾ ਚਿਰ ਦਰਵਾਜ਼ੇ ਪਿੱਛੇ ਖੜੋ ਕੇ ਗੱਲਾਂ ਸੁਣਨ ਦਾ ਯਤਨ ਕਰਦੀ ਰਹੀ ਪਰ ਕੁਝ ਪਿੜ ਪੱਲੇ ਨਹੀਂ ਪਿਆ । ਉਹ ਗੱਲਾਂ ਕਰਦੇ ਹੀ ਰਹੇ ਜਿਵੇਂ ਬੜੀਆਂ ਭੇਦ ਦੀਆਂ ਕਰ ਰਹੇ ਹੋਣ । ਜਿਵੇਂ ਹੀ ਮੈਂ ਅੰਦਰ ਪੈਰ ਧਰਾਂ, ਉਹ ਦੋਵੇਂ ਇਕ ਦਮ ਚੁੱਪ ਕਰ ਜਾਂਦੇ । ਮੈਂ ਜਾਣ ਕੇ ਦੋ ਤਿੰਨ ਵਾਰ ਬਾਹਰ ਆਈ ਤੇ ਅੰਦਰ ਗਈ । ਸੱਚੀ ਗੱਲ ਜੇ ਮੈਨੂੰ ਤਾਂ ਸ਼ੱਕ ਕੁਝ ਹੋਰ ਹੀ ਪੈਂਦਾ ਏ । ਤੁਹਾਨੂੰ ਤਾਂ ਦੱਸਿਆ ਏ ਕਿ ਤੁਸੀਂ ਦੱਸੋ ਕੀ ਕਰਾਂ । ਜੇ ਕੱਲ ਨੂੰ ਹੀ ਕਹਿਣਾ ਏ ਕਿ ਤੂੰ ਪਹਿਲਾਂ ਕਿਉਂ ਨਾ ਦੱਸਿਆ । ਤੇਰੀਆਂ ਅੱਖਾਂ ਨਹੀਂ ਸਨ ਨਾਲ,

ਤੂੰ ਕੁੜੀ ਦੇ ਚਾਲੇ ਦੇਖ ਕੇ ਚੁੱਪ ਕੀਤੀ ਰਹੀਊਂ ।'

'ਮੈਨੂੰ ਤੇ ਨਾ ਆਪਣੀ ਬਿਮਲਾ ਇਹੋ ਜਿਹੀ ਲੱਗਦੀ ਏ ਤੇ ਨਾ ਹੀ ਉਹ ਸਾਧੂ । ਮੈਂ ਕਦੇ ਨਹੀਂ ਇਉਂ ਮਹਿਸੂਸ ਕੀਤਾ ਜਿਵੇਂ ਤੂੰ ਦੱਸਦੀ ਏਂ ।' ਦੀਵਾਨ ਨੇ ਕਿਹਾ, 'ਉਹ ਸਾਧੂ ਸਾਡੇ ਘਰ ਦੋ ਵਾਰ ਆਇਆ ਏ, ਮੈਨੂੰ ਤੇ ਉਹ ਬੜਾ ਭਲਾ ਲੋਕ ਲੱਗਦਾ ਏ ।'

'ਤੁਸੀਂ ਭੋਲੇ ਹੋ, ਰਾਣੀ ਨੇ ਤੁਰੰਤ ਗੱਲ ਟੋਕ ਕੇ ਕਹਿ ਦਿੱਤਾ, 'ਬੁਧ ਤੇ ਦੁੱਧ ਦੇ ਫਿਟਦਿਆਂ ਕੋਈ ਦੇਰ ਨਹੀਂ ਲੱਗਦੀ । ਇਹ ਜਵਾਨੀ ਦੀ ਉਮਰ ਅੰਨ੍ਹੀ ਹੁੰਦੀ ਏ । ਜੰਮਦਾ ਭੈੜਾ ਤਾਂ ਕੋਈ ਨਹੀਂ ਹੁੰਦਾ । ਬਸ ਇਸੇ ਤਰ੍ਹਾਂ ਘਰ ਦੇ ਲਾਪ੍ਰਵਾਹੀ ਕਰ ਛੱਡਣ ਤੇ ਅੱਖਾਂ ਨਾਲ ਦੇਖ ਕੇ ਵੀ ਦੜ ਵੱਟੀ ਰੱਖਣ ਤਾਂ ਬੱਚੇ ਵਿਗੜ ਜਾਂਦੇ ਨੇ ।'

'ਤੂੰ ਤੇ ਗੱਲ ਹੋਰ ਹੀ ਪਾਸੇ ਲੈ ਜਾਂਦੀ ਏਂ ।' ਦੀਵਾਨ ਨੇ ਖਿਝ ਕੇ ਕਿਹਾ, 'ਮੈਂ ਇਹ ਨਹੀਂ ਕਿਹਾ ਕਿ ਹੁਣ ਅਸੀਂ ਕੁਝ ਨਾ ਕਰੀਏ । ਮੈਂ ਤਾਂ ਆਪਣੀ ਰਾਇ ਦੇ ਰਿਹਾ ਹਾਂ । ਤੂੰ ਜਿਵੇਂ ਆਖੇਂਗੀ, ਉਵੇਂ ਪੂਰੀ ਕਰ ਦਿਆਂਗੇ । ਚੱਲ ਛੱਡ ਇਸ ਗੱਲ ਨੂੰ ਉਨ੍ਹਾਂ ਦੀ ਨੀਅਤ ਮਾੜੀ ਏ ਜਾਂ ਨਹੀਂ । ਤੂੰ ਦੱਸ ਹੁਣ ਕਰਨਾ ਕੀ ਚਾਹੀਦਾ ਏ ?'

'ਤੁਸੀਂ ਦੱਸੋ ?'

'ਆਖਰ ਤੂੰ ਵੀ ਕੁਝ ਸੋਚਿਆ ਹੀ ਹੋਵੇਗਾ । ਮੇਰੇ ਨਾਲ ਹੁਣ ਗੱਲ ਕੀਤੀ ਆ, ਸਾਰਾ ਦਿਨ ਕਈ ਗੱਲਾਂ ਸੋਚੀਆਂ ਹੋਣਗੀਆਂ', ਦੀਵਾਨ ਨੇ ਕਿਹਾ ।

'ਇਕ ਤਾਂ ਸਾਧੂ ਦਾ ਘਰ ਆਉਣਾ ਬੰਦ ਕਰ ਦਈਏ । ਦੂਜਾ ਕਿਸੇ ਤਰ੍ਹਾਂ ਕੁੜੀ ਨੂੰ ਵੀ ਚਿਤਾਵਨੀ ਦੇ ਦਈਏ ਕਿ ਉਹ ਠੀਕ ਰਹੇ', ਰਾਣੀ ਨੇ ਕਿਹਾ ।

'ਕੁੜੀ ਨੂੰ ਤੂੰ ਕਹਿ ਦੇ, ਮੈਂ ਸਾਧੂ ਨੂੰ ਕਹਿ ਦਿਆਂਗਾ ।' ਦੀਵਾਨ ਨੇ ਕੰਮ ਦੀ ਵੰਡ ਵੀ ਕਰ ਦਿੱਤੀ ।

'ਪਰ ਅਸੀਂ ਇਉਂ ਨਾ ਕਹੀਏ ਜਿਸ ਨਾਲ ਵੱਡੇ ਮਹਾਤਮਾਂ ਜੀ ਮਹਿਸੂਸ ਕਰਨ ।' ਰਾਣੀ ਨੇ ਕਿਹਾ, 'ਉਹਨਾਂ ਨੂੰ ਪਤਾ ਨਹੀਂ ਲੱਗਣਾ ਚਾਹੀਦਾ ।'

'ਇਹ ਨਹੀਂ ਹੋ ਸਕਦਾ ।' ਦੀਵਾਨ ਨੇ ਕਿਹਾ, 'ਜੇ ਕਾਰਵਾਈ ਕਰਨੀ ਏ ਤਾਂ ਕਰੜੇ ਹੋ ਕੇ ਕਰਨੀ ਚਾਹੀਦੀ ਏ । ਫਿਰ ਕਿਸੇ ਦੀ ਵੀ ਪ੍ਰਵਾਹ ਨਹੀਂ ਕਰਨੀ ਚਾਹੀਦੀ ।'

'ਕੁੜੀ ਨੂੰ ਵੀ ਤੁਸੀਂ ਆਖੋ', ਰਾਣੀ ਨੇ ਕਿਹਾ, 'ਮੈਂ ਤਾਂ ਸ਼ਾਮ ਨੂੰ ਉਸਨੂੰ ਜ਼ਰਾ ਕੁ ਕਿਹਾ ਤੇ ਉਹਨੇ ਰੋ ਰੋ ਕੇ ਆਪਣਾ ਹਾਲ ਮੰਦਾ ਕਰ ਲਿਆ ।'

'ਅੱਛਾ ਫਿਰ ਇਹਦੇ ਲਈ ਕੋਈ ਹੋਰ ਤਰੀਕਾ ਸੋਚ ਲੈਂਦੇ ਹਾਂ, ਤੂੰ ਅਜੇ ਇਉਂ ਕਰ ਕਿ ਜਦ ਉਹ ਜੋਤਿਸ਼ੀ ਆਏ ਤਾਂ ਉਹਦੀ ਬਹੁਤੀ ਪ੍ਰਵਾਹ ਨਾ ਕਰੀਂ । ਆਪੇ ਉਹ ਸਮਝ ਜਾਏਗਾ ਕਿ ਅਸੀਂ ਉਹਦਾ ਆਉਣਾ ਪਸੰਦ ਨਹੀਂ ਕਰਦੇ, ਕੁੜੀ ਨੂੰ ਇਸ਼ਾਰੇ ਨਾਲ ਸਮਝਾਣ ਦਾ ਵੀ ਰਾਹ ਲੱਭ ਲੈਂਦੇ ਹਾਂ । ਮੈਂ ਸਵੇਰੇ ਗੱਲ ਕਰਾਂਗਾ ।' ਦੀਵਾਨ ਨੇ ਮਸਲਾ ਹਲ ਕੀਤਾ ਤੇ ਝੱਟ ਹੋਰ ਇਧਰ ਉਧਰ ਦੀਆਂ ਗੱਲਾਂ ਕਰਦੇ ਉਹ ਸੌਂ ਗਏ।

ਦੂਜੇ ਦਿਨ ਸਵੇਰੇ ਹੀ ਦੀਵਾਨ ਕੁੜੀ ਦੇ ਕਮਰੇ ਵਿੱਚ ਗਿਆ ਤੇ ਉਹਦਾ ਹਾਲ ਚਾਲ ਪੁੱਛ ਕੇ ਬੈਠ ਗਿਆ । ਉਹਨੂੰ ਤਰੀਕਾ ਨਹੀਂ ਸੀ ਸੁਝਦਾ ਜਿਸ ਨਾਲ ਉਹ ਗੱਲਬਾਤ ਸ਼ੁਰੂ ਕਰੇ । ਅਖੀਰ ਉਹਨੇ ਪੁੱਛਿਆ, 'ਕੱਲ ਮਹਾਤਮਾਂ ਜੀ ਤੇਰੇ ਜਾਣ 'ਤੇ ਡੇਰੇ ਹੀ ਸਨ ।'

'ਡੇਰੇ ਹੀ ਸਨ, ਉਹ ਮੈਨੂੰ ਦੇਖ ਕੇ ਬੜੇ ਖੁਸ਼ ਹੋਏ । ਮੈਂ ਸੁਪਨਾ ਦੱਸਿਆ ਤਾਂ ਉਹਨਾਂ ਮੇਰੀ ਤਸੱਲੀ ਕਰਾ ਦਿੱਤੀ, ਕਿ ਕੋਈ ਮਾੜੀ ਗੱਲ ਨਹੀਂ ।' ਬਿਮਲਾ ਨੇ ਉੱਤਰ ਦਿੱਤਾ ।

'ਾਮੀ ਜੋਤਿਸ਼ੀ ਆਇਆ ਸੀ, ਉਹ ਕਿਧਰ ਗਿਆ ?'

'ਪਤਾ ਨਹੀਂ ?'

'ਮੈਂ ਮਿਲਣਾ ਸੀ ?'

'ਕਿਉਂ ?'

'ਕੋਈ ਕੰਮ ਸੀ ।'

'ਕੀ ਕੰਮ ਏ ਉਸ ਨਾਲ ?'

'ਕਿਸੇ ਦਾ ਜੋਤਿਸ਼ ਲਵਾਣਾ ਏ ।'

'ਪਤਾ ਨਹੀਂ ਕਦੋਂ ਆਉਣ ।'

'ਜਦੋਂ ਆਏ ਮੈਨੂੰ ਮਿਲੇ ਬਿਨਾਂ ਨਾ ਜਾਵੇ ।' ਦੀਵਾਨ ਨੇ ਕਿਹਾ ਤੇ ਹਰ ਸਵਾਲ ਤੇ ਉਹਦੇ ਜਵਾਬ ਵਿੱਚੋਂ ਰਾਣੀ ਦੀ ਰਾਤ ਦੀ ਆਖੀ ਹੋਈ ਗੱਲ ਦੀ ਬੋ ਸੁੰਘਣ ਦਾ ਯਤਨ ਕੀਤਾ ਪਰ ਕੁਝ ਸਮਝ ਨਾ ਪਿਆ । ਬਿਮਲਾ ਵੀ ਪਿਤਾ ਨਾਲ ਗੱਲ ਕਰਨੀ ਚਾਹੁੰਦੀ ਸੀ, ਪਰ ਪਿਤਾ ਦੇ ਸਵਾਲ ਮੁੱਕਣ ਤਾਂ ਉਹ ਆਪਣੀ ਗੱਲ ਕਰੇ । ਜਦ ਪਿਤਾ ਨੇ ਗੱਲ ਬੰਦ ਕੀਤੀ ਤਾਂ ਉਹਨੇ ਪੁੱਛਿਆ, 'ਨਵਾਬ ਨੂੰ ਮਾਰਨ ਆਏ ਬੰਦੇ ਦਾ ਕੀ ਬਣਿਆ ਏ ?'

'ਮਾਰ ਦਿਆਂਗੇ ਉਹਨੂੰ,' ਦੀਵਾਨ ਨੇ ਉੱਤਰ ਦਿੱਤਾ ।

'ਹਾਏ, ਤੁਸੀਂ ਕਿਉਂ ਪਾਪ ਲੈਂਦੇ ਹੋ ਆਪਣੇ ਸਿਰ, ਨਵਾਬ ਨੂੰ ਆ ਲੈਣ ਦਿਉ, ਉਹ ਆਪੇ ਮਰਵਾਏ ।' ਜ਼ਨਾਨਾ ਨਰਮ ਦਿਲ ਤਰੀਕੇ ਨਾਲ ਗੱਲ ਕਰਦਿਆਂ ਬਿਮਲਾ ਨੇ ਕਿਹਾ ।

'ਇਹ ਕੀ ਗੱਲ ਹੋਈ, ਉਹਨੇ ਤਾਂ ਮਰਨਾ ਈ ਏ, ਉਹਨੇ ਕਿਹਾ ਸੀ ਕਿ ਮੈਂ ਸਿੰਘ ਹਾਂ । ਮੈਂ ਕਾਇਰ ਨਹੀਂ ਕਿ ਜਿਹੜਾ ਮੌਤ ਸਾਹਮਣੇ ਦੇਖ ਕੇ ਝੂਠ ਬੋਲਣ ਲੱਗ ਪਵਾਂ ।'

'ਬਹਾਦਰ ਏ ਫਿਰ ਤਾਂ', ਬਿਮਲਾ ਨੇ ਕਿਹਾ, 'ਅਜੇਹੇ ਬਹਾਦਰ ਨੂੰ ਮਾਰਨਾ ਨਹੀਂ ਚਾਹੀਦਾ ਜਿਹੜਾ ਮੌਤ ਤੋਂ ਡਰਦਾ ਹੀ ਨਹੀਂ, ਮੌਤ ਉਹਦੇ ਲਈ ਕਾਹਦੀ ਸਜਾ ਏ । ਮੌਤ ਤਾਂ ਮਰਨ ਤੋਂ ਡਰਨ ਵਾਲਿਆਂ ਲਈ ਸਜ਼ਾ ਹੋਈ । ਉਹਨੂੰ ਛੱਡ ਦੇਣਾ ਚਾਹੀਦਾ ਹੈ ।'

'ਇਉਂ ਹਾਕਮਾਂ ਨੂੰ ਕੱਤਲ ਕਰਨ ਆਏ ਬੰਦੇ ਨੂੰ ਛੱਡ ਦਈਏ ਤਾਂ ਕੱਲ ਨੂੰ ਸਾਰੇ ਹਾਕਮ ਕੱਤਲ ਹੋਏ ਪਏ ਹੋਣ,' ਦੀਵਾਨ ਨੇ ਕਿਹਾ ।

'ਬਹਾਦਰ ਬੰਦੇ ਨੂੰ ਮਾਰਨ ਵਿੱਚ ਤੁਹਾਡਾ ਹੱਥ ਨਹੀਂ ਹੋਣਾ ਚਾਹੀਦਾ । ਮੈਨੂੰ ਤਾਂ ਉਹਦੇ ਨਾਲ ਹਮਦਰਦੀ ਏ । ਸੱਚ, ਪਿਤਾ ਜੀ ਇਹੋ ਜਿਹੇ ਬਹਾਦਰ ਕੋਈ ਵਿਰਲੇ ਹੁੰਦੇ ਨੇ । ਉਹ ਤਾਂ ਬੰਦਾ ਨਹੀਂ ਦੇਵਤਾ ਜਾਪਦਾ ਏ,' ਬਿਮਲਾ ਨੇ ਕਿਹਾ ।

'ਚੁੱਪ ਕਰ ਮਰ ਗਈਏ, ਜੇ ਕਰ ਕਿਸੇ ਹੋਰ ਨੇ ਸੁਣ ਲਿਆ ਤਾਂ ਝੱਟ ਨਵਾਬ ਤਕ ਖ਼ਬਰ ਪਹੁੰਚ ਜਾਵੇਗੀ ਤੇ ਫਿਰ ਕਿਧਰੇ ਅਸੀਂ ਨਾ ਨਿਸ਼ਾਨਾ ਬਣ ਜਾਈਏ,' ਦੀਵਾਨ ਨੇ ਕਿਹਾ ।

'ਉਹ ਮੌਤ ਤੋਂ ਨਹੀਂ ਡਰਦਾ ਤੇ ਅਸੀਂ ਨੌਕਰੀ ਤੋਂ ਡਰ ਜਾਂਦੇ ਹਾਂ ।' ਬਿਮਲਾ ਨੇ ਲਾਪ੍ਰਵਾਹੀ ਨਾਲ ਉੱਤਰ ਦਿੱਤਾ, 'ਬਸ ਤੁਸੀਂ ਨਾ ਮਾਰਿਆ ਜੇ ਮੇਰੀ ਆਤਮਾ ਨਹੀਂ ਚਾਹੁੰਦੀ ਕਿ ਅਜੇਹਾ ਦਲੇਰ ਬੰਦਾ ਮਰੇ ।'

'ਅੱਛਾ ਮੈਂ ਨਹੀਂ ਮਾਰਦਾ ।' ਦੀਵਾਨ ਨੇ ਕਿਹਾ, 'ਪਰ ਬਚਣਾ ਉਹਨੇ ਫਿਰ ਵੀ ਨਹੀਂ । ਨਵਾਬ ਨੇ ਹੋਰ ਦਸਾਂ ਦਿਨਾਂ ਤਕ ਪਰਤ ਆਉਣਾ ਏਂ ਤੇ ਫਿਰ ਮਰਵਾ ਦੇਵੇਗਾ ।'

'ਦੇਖੀ ਜਾਵੇਗੀ,' ਬਿਮਲਾ ਬੋਲੀ ।

'ਉਹਦੇ ਲੱਛਣ ਬਚਣ ਦੇ ਹੀ ਨਹੀਂ । ਉਹ ਹੁਣ ਵੀ ਆਕੜ ਕੇ ਗੱਲ ਕਰਦਾ ਏ । ਜ਼ਰਾ ਭੈ ਨਹੀਂ ਕਿਸੇ ਦਾ ਉਹਨੂੰ,' ਦੀਵਾਨ ਨੇ ਦੱਸਿਆ ।

'ਮੈਨੂੰ ਦਿਖਾਓ ਤਾਂ ਸਹੀ ਉਹ ਬੰਦਾ, ਜੇ ਮੰਨੋ ਤਾਂ ਮੈਂ ਬੰਦੀਖਾਨੇ ਜਾ ਕੇ ਵੇਖ ਆਵਾਂ,' ਬਿਮਲਾ ਨੇ ਪੁੱਛਿਆ ।

'ਨਹੀਂ ਅਸੀਂ ਨਹੀਂ ਜਾਣਾ ਐਵੇਂ ਕੋਈ ਚੁਗਲੀ ਕਰ ਦੇਵੇ ਤੇ ਸਾਡੇ 'ਤੇ ਤੁਹਮਤ ਲੱਗ ਜਾਏ' ਦੀਵਾਨ ਨੇ ਬਿਮਲਾ ਦੀ ਤਜਵੀਜ਼ ਨੂੰ ਠੁਕਰਾ ਦਿੱਤਾ ।

●●●

ਕਾਂਡ-19

ਦੀਵਾਨ ਜੀ ਬੜੀ ਕਾਹਲੀ ਕਾਹਲੀ ਜਦੋ ਕਿਲ੍ਹੇ ਕੋਲ ਪਹੁੰਚੇ ਤਾਂ ਉਨ੍ਹਾਂ ਦੇ ਕੰਨੀਂ ਇਹ ਆਵਾਜ਼ ਪੈ ਗਈ, ਕਿ ਸਿੱਖ ਕੈਦੀ ਨੂੰ ਛੁਡਾਉਣ ਵਾਲਿਆਂ ਵਿੱਚ ਉਹ ਸਾਧੂ ਵੀ ਸੀ, ਜੋ ਜੋਤਿਸ਼ ਲਾਉਂਦਾ ਹੈ ਅਤੇ ਜੋ ਦੀਵਾਨ ਜੀ ਦੇ ਘਰ ਕਈ ਵਾਰ ਲੋਕਾਂ ਨੇ ਆਉਂਦਿਆਂ ਜਾਂਦਿਆਂ ਵੇਖਿਆ ਸੀ। ਦੀਵਾਨ ਜੀ ਬੜੇ ਘਬਰਾਏ, ਉਨ੍ਹਾਂ ਨੂੰ ਹੁਣ ਤਕ ਕਦੇ ਇਹ ਸ਼ੱਕ ਨਹੀਂ ਸੀ ਹੋਇਆ ਕਿ ਉਨ੍ਹਾਂ ਦੇ ਘਰ ਆਉਣ ਵਾਲਾ ਨੌਜਵਾਨ ਸਿੱਖ ਵੀ ਹੋ ਸਕਦਾ ਹੈ, ਪਰ ਹੁਣ ਜਦੋਂ ਕਿ ਉਨ੍ਹਾਂ ਨੇ ਆਪਣੇ ਕੰਨਾਂ ਨਾਲ ਇਹ ਸੁਣ ਲਿਆ, ਕਿ ਛੁਡਾਉਣ ਆਏ ਸਿੱਖਾਂ ਵਿੱਚ ਜੋਤਿਸ਼ੀ ਸਾਧੂ ਵੀ ਸੀ, ਤਾਂ ਉਨ੍ਹਾਂ ਨੂੰ ਝੱਟ ਯਕੀਨ ਆ ਗਿਆ। ਸੱਚਮੁਚ ਉਸ ਨੇ ਦਾੜ੍ਹੀ ਪੂਰੀ ਰੱਖੀ ਹੋਈ ਸੀ ਅਤੇ ਉਸਦੇ ਲੰਮੇ ਲੰਮੇ ਵਾਲ ਵੀ ਸਨ। ਉਸਨੂੰ ਇਕ ਪੱਲ ਆਪਣੇ ਆਪ 'ਤੇ ਬੜਾ ਅਫਸੋਸ ਹੋਇਆ ਕਿ ਉਹ ਬੜੇ ਸਾਵਧਾਨੀ ਨਾਲ ਰਹਿੰਦੇ ਹਨ ਅਤੇ ਕਈ ਵਾਰੀ ਸਾਧੂ ਜੋਤਿਸ਼ੀ ਦੇ ਰੂਪ ਵਿੱਚ ਉਨ੍ਹਾਂ ਨੇ ਉਸ ਸਿੱਖ ਨੂੰ ਵੇਖਿਆ ਵੀ ਸੀ ਪਰ ਕਦੇ ਵੀ ਉਨ੍ਹਾਂ ਨੂੰ ਉਸ ਦੀ ਪਛਾਣ ਨਹੀਂ ਸੀ ਹੋਈ। ਪਰ ਹੁਣ ਜਦੋਂ ਉਨ੍ਹਾਂ ਸਾਹਮਣੇ ਉਸ ਦੇ ਨਾਂ ਦਾ ਚਰਚਾ ਹੋਣ ਲੱਗ ਪਿਆ ਤੇ ਉਨ੍ਹਾਂ ਨੂੰ ਆਪਣੇ ਅੰਦਰ ਇਹ ਯਕੀਨ ਹੋ ਗਿਆ ਕਿ ਸੁੱਚਮੁਚ ਉਨ੍ਹਾਂ ਨੇ ਬਹੁਤ ਵੱਡੀ ਭੁੱਲ ਕੀਤੀ ਹੈ।

ਉਸ ਨੂੰ ਸਭ ਤੋਂ ਵੱਧ ਗੁੱਸਾ ਉਸ ਸੰਤ 'ਤੇ ਆਇਆ ਜਿਹੜਾ ਜੋਤਿਸ਼ੀ ਦੇ ਰੂਪ ਵਿੱਚ ਇਕ ਸਿੱਖ ਨੂੰ, ਉਨ੍ਹਾਂ ਕੋਲ ਲਿਆਇਆ ਸੀ। ਉਸ ਸੰਤ ਲਈ ਉਨ੍ਹਾਂ ਦੇ ਮੰਨ ਵਿੱਚ ਬੜੀ ਸ਼ਰਧਾ ਸੀ, ਇਸ ਲਈ ਇਨ੍ਹਾਂ ਨੂੰ ਉਸ ਰਾਹੀਂ ਆਏ ਬੰਦੇ 'ਤੇ ਕਦੇ ਸ਼ੱਕ ਨਹੀਂ ਸੀ ਹੋ ਸਕਦਾ। ਇਕ ਮਿੰਟ ਲਈ ਤਾਂ ਇਹ ਵੀ ਖਿਆਲ ਆਇਆ ਕਿ ਹੋ ਸਕਦਾ ਹੈ ਕਿ ਉਹ ਸੰਤ ਵੀ ਸਿੱਖ ਹੀ ਹੋਵੇ ਅਤੇ ਉਸ ਨੇ ਹੀ ਇਸੇ ਜਾਸੂਸੀ ਲਈ ਦੂਜੇ ਸਿੱਖ ਨੂੰ ਜੋਤਿਸ਼ੀ ਬਣਾ ਕੇ ਭੇਜਿਆ ਹੋਵੇ। ਫੇਰ ਅਗਲੇ ਪੱਲ ਹੀ, ਉਨ੍ਹਾਂ ਅੰਦਰ ਸੰਤ ਪ੍ਰਤੀ ਸ਼ਰਧਾ ਨੇ ਮੁੜ ਕੇ ਕਿਹਾ, ਕਿ ਇਹ ਨਹੀਂ ਹੋ ਸਕਦਾ, ਸੰਭਵ ਹੈ, ਕਿ ਸੰਤ ਜੀ ਮਹਾਰਾਜ ਨੂੰ ਨਾ ਪਤਾ ਹੋਵੇ ਅਤੇ ਅਣਭੋਲ ਹੀ ਉਹ ਇਸ ਸਿੱਖ ਦੇ ਜਾਲ ਵਿੱਚ ਫੱਸ ਗਿਆ ਹੋਵੇ। ਇਸ ਤਰ੍ਹਾਂ ਕੁਝ ਪੱਲ ਸੋਚਦਿਆਂ, ਉਹ ਕਿਲ੍ਹੇ ਤਕ ਪੁੱਜੇ ਅਤੇ ਅੱਗੇ ਬਹੁਤ ਸਾਰੇ ਅਮੀਰ ਵਜ਼ੀਰ, ਦਰਬਾਰੀ ਪਹੁੰਚੇ ਹੋਏ ਸਨ। ਉਨ੍ਹਾਂ ਨੂੰ

ਸਾਹਮਣੇ ਵੇਖ ਕੇ, ਦੀਵਾਨ ਜੀ ਦੀ ਆਪਣੇ ਮਨ ਵਿੱਚ ਇਸ ਬਾਰੇ ਉਲਝਣ ਦਾ ਰੁੱਖ ਬਦਲ ਗਿਆ ।

"ਦੀਵਾਨ ਜੀ ਤੁਸੀਂ ਸਾਰੀ ਗੱਲ ਸੁਣ ਹੀ ਲਈ ਹੋਵੇਗੀ, ਹੁਣ ਦੱਸੋ ਕੀ ਕਰਨਾ ਚਾਹੀਦਾ ਹੈ ।" ਇਕ ਅਧਿਕਾਰੀ ਨੇ ਅੱਗੇ ਵੱਧ ਕੇ ਦੀਵਾਨ ਜੀ ਨੂੰ ਪੁੱਛਿਆ । ਦੀਵਾਨ ਜੀ ਨੇ ਝੱਟ ਬੜੇ ਰੋਹਬ ਨਾਲ ਆਖਿਆ, "ਝੱਟ ਪਟ ਸਾਰੀਆਂ ਫੌਜਾਂ ਉਨ੍ਹਾਂ ਦੇ ਮਗਰ ਭੇਜੋ ਤੇ ਸੈਨਾਪਤੀ ਨੂੰ ਕਹਿ ਦਿਓ ਕਿ ਜਦ ਤਕ ਜਿਊਂਦੇ ਜਾਂ ਮੋਏ ਉਹ ਸਾਰੇ ਸਿੱਖਾਂ ਨੂੰ ਕੈਦੀ ਸਮੇਤ ਫੜ ਕੇ ਨਾ ਲਿਆਏ, ਉਨ੍ਹਾਂ ਨੂੰ ਵਾਪਸ ਨਹੀਂ ਮੁੜਨਾ ਚਾਹੀਦਾ । ਅਸੀਂ ਹਰ ਕੀਮਤ ਉਤੇ ਅਤੇ ਹਰ ਵਸੀਲੇ ਨਾਲ, ਨਵਾਬ ਸਾਹਿਬ ਦੇ ਆਉਣ ਤੋਂ ਪਹਿਲਾਂ ਕੈਦੀ ਨੂੰ ਇਥੇ ਵੇਖਣਾ ਹੈ । ਜੇ ਕਰ ਅਜਿਹਾ ਨਾ ਹੋਇਆ ਤਾਂ ਫਿਰ ਸਾਡੇ ਵਿੱਚੋਂ ਬਹੁਤਿਆਂ ਦੀ ਨੌਕਰੀ ਖਤਮ ਸਮਝੋ ਅਤੇ ਕਈਆਂ ਨੂੰ ਇਸ ਮਾਮਲੇ ਵਿੱਚ ਰਗੜਾ ਲੱਗੇਗਾ ।"

"ਫੌਜਾਂ ਤਾਂ ਅੱਗੇ ਹੀ ਭੇਜੀਆਂ ਹਨ," ਉਸੇ ਅਧਿਕਾਰੀ ਨੇ ਕਿਹਾ।

"ਨਾਲ ਜ਼ਿੰਮੇਂਵਾਰ ਕੌਣ ਗਿਐ ?" ਦੀਵਾਨ ਜੀ ਨੇ ਫਿਰ ਪੁੱਛਿਆ।

"ਨਾਲ ਤਾਂ ਕੋਈ ਨਹੀਂ," ਉਸੇ ਨੇ ਜਾਣਕਾਰੀ ਦਿੱਤੀ ।

"ਫੇਰ ਸਾਨੂੰ ਸਾਰਿਆਂ ਨੂੰ ਇਕ ਇਕ ਦਸਤਾ ਲੈ ਕੇ, ਹਰ ਪਾਸੇ ਛਾ ਜਾਣਾ ਚਾਹੀਦਾ ਹੈ, ਕਿ ਛੇਤੀ ਫੌਜ ਦਾ ਇਕ ਦਸਤਾ ਤਿਆਰ ਕਰੋ, ਮੈਂ ਆਪ ਉਨ੍ਹਾਂ ਦੇ ਨਾਲ ਜਾਵਾਂਗਾ ਅਤੇ ਇਸੇ ਤਰ੍ਹਾਂ ਤੁਸੀਂ ਸਾਰੇ ਵੀ ਇਥੇ ਬੈਠ ਕੇ ਹੁਕਮ ਚਲਾਉਣ ਦੀ ਥਾਂ ਉਨ੍ਹਾਂ ਦਾ ਪਿੱਛਾ ਕਰੋ ।" ਦੀਵਾਨ ਜੀ ਨੇ ਇਹ ਹੁਕਮ ਦੇਣ ਪਿੱਛੋਂ ਕਿਹਾ, "ਮੈਂ ਘਰ ਚਲਿਆ ਹਾਂ, ਤੁਸੀਂ ਝੱਟ ਪਟ ਮੇਰੇ ਲਈ ਘੋੜਾ ਭੇਜੋ ਤੇ ਮੈਂ ਹੁਣੇ ਇਸ ਮੁਹਿੰਮ 'ਤੇ ਆਪ ਚੜ੍ਹਦਾ ਹਾਂ ।" ਇਹ ਕਹਿ ਕੇ ਦੀਵਾਨ ਜੀ ਉਥੋਂ ਘਰ ਨੂੰ ਚਲ ਪਏ, ਪਰ ਅਜੇ ਉਨ੍ਹਾਂ ਨੇ ਦੋ ਚਾਰ ਕਦਮ ਹੀ ਪੁੱਟੇ ਸਨ, ਕਿ ਪਿੱਛਲੇ ਪਾਸਿਓਂ ਘੁਸਰ ਮੁਸਰ ਦੀ ਆਵਾਜ਼ ਵਿੱਚੋਂ ਇਹ ਸ਼ਬਦ ਉਨ੍ਹਾਂ ਦੀ ਕੰਨੀਂ ਪਏ, 'ਦੀਵਾਨ ਜੀ ਤਾਂ ਕਦੇ ਨਹੀਂ ਆਪ ਇਸ ਤਰ੍ਹਾਂ ਫੌਜ ਨਾਲ ਲੜਨ ਲਈ ਗਏ, ਪਰ ਅੱਜ ਇਨ੍ਹਾਂ ਕਮਾਲ ਈ ਕਰ ਦਿੱਤੀ ਏ, ਸਭ ਤੋਂ ਪਹਿਲਾਂ ਇਨ੍ਹਾਂ ਆਪਣੇ ਆਪ ਨੂੰ ਫੌਜ ਨਾਲ ਜਾਣ ਲਈ ਕਹਿ ਦਿੱਤਾ ਹੈ ।' ਦੂਜੀ ਆਵਾਜ਼ ਫਿਰ ਇਓਂ ਕੰਨੀਂ ਪਈ, "ਦੀਵਾਨ ਜੀ ਇਸ ਮਾਮਲੇ ਵਿੱਚ ਆਪ ਫਸਦੇ ਨੇ, ਕਿਉਂਕਿ ਇਨ੍ਹਾਂ ਦੇ ਘਰ ਈ ਆਉਣ ਵਾਲਾ ਜੋਤਿਸ਼ੀ ਸਿੱਖਾਂ ਦੀ ਮਦਦ ਕਰਨ ਆਇਆ ਸੀ ਅਤੇ ਹੋ ਸਕਦਾ ਹੈ, ਉਹ ਸਿੱਖ ਹੋਵੇ ।"

ਦੀਵਾਨ ਜੀ ਚਾਹੁੰਦੇ ਸਨ ਕਿ ਉਹ ਪਿੱਛੇ ਮੁੜ ਕੇ ਵੇਖਣ ਕਿ ਅਜਿਹੀ ਗੱਲ ਕਰਨ ਵਾਲਾ ਕੌਣ ਏ, ਪਰ ਉਨ੍ਹਾਂ ਦੀ ਅੰਤਰ ਆਤਮਾ ਅੰਦਰੋਂ ਕਹਿ ਰਹੀ ਸੀ ਕਿ ਮੈਂ ਦੋਸ਼ੀ ਹਾਂ ਤੇ ਸੁੱਚਮੁੱਚ ਮੇਰੀ ਵੱਡੀ ਭੁੱਲ ਨਾਲ ਉਹ ਸਿੱਖ ਹੱਥੋਂ ਨਿਕਲ ਗਿਆ ਹੈ ।

ਇਸ ਲਈ ਉਹਨਾਂ ਪਿੱਛੇ ਮੁੜ ਕੇ ਨਾ ਵੇਖਿਆ ਅਤੇ ਬੜੀ ਤੇਜ਼ ਤੇਜ਼ ਕਦਮ ਪੁਟਦੇ ਹੋਏ, ਉਹ ਘਰ ਪਹੁੰਚੇ । ਘਰ ਵਿੱਚ ਪਹਿਲਾਂ ਹੀ ਇਹ ਖ਼ਬਰ ਪਹੁੰਚ ਚੁੱਕੀ ਸੀ ਕਿ ਸਿੱਖ ਨੂੰ ਬੰਦੀਖਾਨੇ ਵਿੱਚੋਂ ਛੁਡਾ ਕੇ ਲਿਜਾਣ ਵਾਲਿਆਂ ਵਿੱਚ ਜੋਤਿਸ਼ੀ ਵੀ ਸੀ, ਇਸ ਲਈ ਪਹਿਲਾਂ ਹੀ ਇਸ ਮਸਲੇ 'ਤੇ ਮਾਂ-ਧੀ ਵਿਚਕਾਰ ਚੋਖੀ ਗੱਲ ਹੋ ਚੁੱਕੀ ਸੀ ਅਤੇ ਇਸ ਗਰਮਾ ਗਰਮੀ ਵਿੱਚ ਦੀਵਾਨ ਦੀ ਧਰਮ ਪਤਨੀ ਨੇ ਆਪਣੀ ਧੀ ਨੂੰ ਕੁਝ ਅਯੋਗ ਗੱਲਾਂ ਵੀ ਆਖ ਦਿੱਤੀਆਂ ਸਨ ਤੇ ਧੀ ਨੇ ਵੀ ਅੱਗੋਂ ਕਹਿ ਦਿੱਤਾ ਸੀ, "ਕਿ ਜੇ ਕਰ ਇਸ ਮਾਮਲੇ ਵਿੱਚ ਜੋਤਿਸ਼ੀ ਦੋਸ਼ੀ ਸਿੱਧ ਕਰ ਲਿਆ ਗਿਆ, ਤਾਂ ਉਹ ਆਪਣੇ ਪਿਤਾ ਨੂੰ ਇਸ ਮਾਮਲੇ ਵਿੱਚ ਫੱਸਣ ਨਹੀਂ ਦੇਵੇਗੀ, ਇਸ ਲਈ ਉਸਨੂੰ ਆਪਣਾ ਜੀਵਨ ਵਾਰਨਾ ਪਿਆ, ਤਾਂ ਵੀ ਉਹ ਸੰਕੋਚ ਨਹੀਂ ਕਰੇਗੀ ।"

ਦੀਵਾਨ ਜੀ ਨੇ ਘਰ ਵੜਦਿਆਂ ਹੀ ਆਪਣੀ ਪਤਨੀ ਨੂੰ ਆਵਾਜ਼ ਮਾਰੀ ਅਤੇ ਉਸ ਨੇ ਦੀਵਾਨ ਦੀ ਆਵਾਜ਼ ਵਿੱਚੋਂ ਹੀ ਘਬਰਾਹਟ ਅਨੁਭਵ ਕਰ ਲਈ । ਇਸ ਲਈ ਉਹ ਦੌੜ ਕੇ ਸਾਹਮਣੇ ਆਈ । ਦੀਵਾਨ ਨੇ ਉਸ ਨੂੰ ਵੇਖਦਿਆਂ ਸਾਰ ਕਿਹਾ, "ਤੂੰ ਕਹਿੰਦੀ ਸੈਂ, ਕਿ ਕੁੜੀ ਉਸ ਜਵਾਨ ਜੋਤਿਸ਼ੀ ਨਾਲ ਕਿਉਂ ਘੁਸਰ ਮੁਸਰ ਕਰਦੀ ਐ, ਲੈ ਹੁਣ ਪਤਾ ਲੱਗ ਗਿਆ ਈ, ਕਿ ਉਹ ਜੋਤਿਸ਼ੀ ਤਾਂ ਸਿੱਖ ਸੀ ਤੇ ਜਾਸੂਸੀ ਕਰਨ ਲਈ ਵੇਸ ਧਾਰ ਕੇ ਸਾਡੇ ਘਰ ਆਉਂਦਾ ਸੀ । ਹੁਣ ਮੈਨੂੰ ਯਕੀਨ ਹੋ ਗਿਆ ਕਿ ਆਪਣੀ ਕੁੜੀ ਨੂੰ ਪਤਾ ਵੀ ਸੀ ਕਿ ਉਹ ਸਿੱਖ ਏ ਤੇ ਉਹ ਜਾਣ ਬੁਝ ਕੇ ਉਸਦੀ ਮਦਦ ਕਰ ਰਹੀ ਸੀ । ਮੈਨੂੰ ਪਹਿਲਾਂ ਤਾਂ ਸ਼ੱਕ ਨਹੀਂ ਪਿਆ, ਪਰ ਜਦੋਂ ਹੁਣ ਗੱਲਾਂ ਚੇਤੇ ਆਉਂਦੀਆਂ ਨੇ, ਤਾਂ ਸ਼ੱਕ ਯਕੀਨ ਵਿੱਚ ਬਦਲ ਜਾਂਦਾ ਏ । ਤਾਹੀਓਂ ਤਾਂ ਕੁੜੀ ਕਹਿੰਦੀ ਸੀ, ਕਿ ਸਾਨੂੰ ਕੈਦੀ ਸਿੱਖ ਮਰਨ ਨਹੀਂ ਦੇਣਾ ਚਾਹੀਦਾ, ਸਾਨੂੰ ਮਾਰਨ ਲਈ ਕਾਹਲ ਨਹੀਂ ਕਰਨੀ ਚਾਹੀਦੀ, ਮੇਰੀ ਅਕਲ 'ਤੇ ਅਜਿਹਾ ਪੜਦਾ ਪਿਆ ਰਿਹਾ ਕਿ ਮੈਨੂੰ ਇਹ ਗੱਲ ਪਹਿਲਾਂ ਸੁੱਝੀ ਹੀ ਨਹੀਂ, ਜਦੋਂ ਕਹਿੰਦੀ ਹੁੰਦੀ ਸੀ ਕਿ ਸਿੱਖ ਬੜੇ ਬਹਾਦਰ ਨੇ, ਇਹ ਸੱਚ ਲਈ ਲੜਦੇ ਪਏ ਨੇ, ਇਹ ਹਕੂਮਤ ਨੂੰ ਮੇਰੇ ਸਾਹਮਣੇ ਵੀ ਜ਼ਾਲਮ ਕਹਿੰਦੀ ਰਹੀ ਏ, ਪਰ ਮੈਂ ਕਦੇ ਇਸ ਦੀਆਂ ਗੱਲਾਂ ਵੱਲ ਧਿਆਨ ਹੀ ਨਹੀਂ ਸੀ ਦਿੱਤਾ ।"

"ਹੁਣ ਕੀ ਹੋਵੇਗਾ ?" ਦੀਵਾਨ ਦੀ ਪਤਨੀ ਨੇ ਬੜੇ ਘਬਰਾਹਟ ਭਰੇ ਲਹਿਜੇ ਵਿੱਚ ਆਖਿਆ ।

"ਤੁਸੀਂ ਬਦੋਬਦੀ ਆਪਣੀ ਕੁੜੀ 'ਤੇ ਕਿਉਂ ਸ਼ੱਕ ਕਰੀ ਜਾਂਦੇ ਹੋ, ਹੁਣ ਵੇਲਾ ਅਜਿਹੀਆਂ ਗੱਲਾਂ ਕਰਨ ਦਾ ਨਹੀਂ, ਸਗੋਂ ਜੋ ਕੁਝ ਹੋ ਗਿਆ ਉਸ 'ਤੇ ਮਿੱਟੀ ਪਾਓ ਅਤੇ ਅੱਗੋਂ ਲਈ ਸੋਚੋ ਕਿ ਅਸੀਂ ਕਿਵੇਂ ਬੱਚ ਕੇ ਚਲੀਏ, ਸਾਨੂੰ ਤਾਂ ਆਪਣੀ ਚਿੰਤਾ ਏ ਕਿ ਕਿਸੇ ਤੱਤੇ ਥਾਂ ਪੈਰ ਨਹੀਂ ਰੱਖਣਾ ਚਾਹੀਦਾ ।"

"ਹੁਣ ਮਿੱਟੀ ਪਾਇਆਂ ਇਹ ਭੜਕੀ ਅੱਗ ਨਹੀਂ ਬੁਝਦੀ, ਇਹ ਤਾਂ ਸਾਨੂੰ

ਸਾੜ ਕੇ ਸਵਾਹ ਕਰੇਗੀ।" ਦੀਵਾਨ ਨੇ ਮੰਜੇ 'ਤੇ ਬੈਠਦਿਆਂ ਕਿਹਾ, "ਮੈਂ ਹੁਣੇ ਫੌਜ ਨਾਲ ਆਪ ਚਲਿਆ ਹਾਂ ਅਤੇ ਹਰ ਕੀਮਤ 'ਤੇ ਭੱਜ ਗਏ ਸਿੱਖਾਂ ਨੂੰ ਫੜ ਕੇ ਲਿਆਵਾਂਗਾ।"

"ਸੁਖੀ ਸਾਂਦੀ ਤੁਸੀਂ ਆਪ ਕਿਉਂ ਚਲੇ ਓ, ਮੌਤ ਵਿੱਚ ਤੁਹਾਨੂੰ ਜਾਣ ਦੀ ਕਿਉਂ ਲੋਤ ਪੈ ਗਈ ਏ।" ਰੋਣਹਾਕਾ ਜਿਹਾ ਮੂੰਹ ਬਣਾ ਕੇ ਪਤਨੀ ਨੇ ਕਿਹਾ।

"ਮੌਤ ਤਾਂ ਹੁਣ ਹਰ ਤਰ੍ਹਾਂ ਹੀ ਆਈ ਸਮਝੋ।" ਹਉਕਾ ਲੈ ਕੇ ਦੀਵਾਨ ਨੇ ਕਿਹਾ, "ਜਦ ਨਵਾਬ ਆਇਆ ਤਾਂ ਉਹਨੇ ਜੋਤਿਸ਼ੀ ਦੇ ਸਾਡੇ ਘਰ ਠਹਿਰਨ ਵਾਲੀ ਗੱਲ ਸੁਣਦੇ ਸਾਰ ਮੈਨੂੰ ਫੜ ਹੀ ਲੈਣਾ ਏਂ ਤੇ ਫੇਰ ਉਹਦਾ ਜੀ ਕਰੇ ਨੌਕਰੀਓਂ ਜਵਾਬ ਦੇਵੇ ਤੇ ਭਾਵੇਂ ਫਾਹੇ ਲਾ ਦੇਵੇ, ਇਸ ਲਈ ਹੁਣ ਸਾਡੇ ਬਚਾਅ ਦਾ ਇਕੋ ਢੰਗ ਏ ਕਿ ਮੈਂ ਆਪ ਪਿੱਛਾ ਕਰਾਂ, ਜਿਥੋਂ ਵੀ ਲੱਭਣ ਉਨ੍ਹਾਂ ਨੂੰ ਜਿਉਂਦੇ ਜਾਂ ਮੋਏ ਫੜ ਕੇ ਲਿਆਵਾਂ ਅਤੇ ਨਵਾਬ ਦੇ ਆਉਂਦੇ ਸਾਰ ਉਸ ਦੇ ਸਾਹਮਣੇ ਪੇਸ਼ ਕਰਾਂ। ਮੈਂ ਸੰਤ ਦੇ ਡੇਰੇ ਵੀ ਜਾਵਾਂਗਾ ਤੇ ਜੇ ਮੈਨੂੰ ਜੋਤਿਸ਼ੀ ਮਿਲ ਗਿਆ ਤਾਂ ਸਭ ਤੋਂ ਪਹਿਲਾਂ ਉਹਨੂੰ ਨੂੜ ਕੇ ਬੰਦੀਖਾਨੇ ਵਿੱਚ ਸੁੱਟਾਂਗਾ। ਜੇ ਅਸੀਂ ਉਹਨਾਂ ਨੂੰ ਫੜ ਨਾ ਸਕੇ, ਤਾਂ ਸਾਡੀ ਖੈਰ ਨਹੀਂ, ਅੱਛਾ ਇਹ ਗੱਲਾਂ ਤਾਂ ਹੁੰਦੀਆਂ ਰਹਿਣਗੀਆਂ, ਮੈਂ ਹੁਣ ਜਾਣੈ, ਮੈਨੂੰ ਝੱਟ ਪਟ ਇਕ ਜੋੜਾ ਕੱਪੜਿਆਂ ਦਾ ਕੱਢ ਦੇ ਤੇ ਨਾਲੇ ਬੁਲਾ ਜ਼ਰਾ ਕੁੜੀ ਨੂੰ ਵੀ।"

ਉਹਦੀ ਪਤਨੀ ਹਵੇਲੀ ਦੇ ਅੰਦਰ ਲੰਘ ਗਈ ਅਤੇ ਉਹਦੀ ਹੈਰਾਨੀ ਦੀ ਹੱਦ ਨਾ ਰਹੀ, ਜਦੋਂ ਕੁੜੀ ਆਪਣੇ ਕਮਰੇ ਵਿਚ ਨਾ ਮਿਲੀ। ਝੱਟ ਪਹਿਲਾਂ ਤਾਂ ਉਹਨੇ ਉਸਨੂੰ ਮੰਜੇ 'ਤੇ ਲੇਟਿਆਂ ਵੇਖਿਆ ਸੀ ਤੇ ਉਸਦਾ ਖਿਆਲ ਸੀ ਕਿ ਉਹ ਸੌਂ ਗਈ ਹੋਵੇਗੀ ਫਿਰ ਉਹ ਹਵੇਲੀ ਦੇ ਪਿਛਲੇ ਪਾਸੇ ਪਸ਼ੂਆਂ ਵਾਲੇ ਅਹਾਤੇ ਵੱਲ ਵੇਖਣ ਚੱਲੀ ਗਈ, ਉਥੇ ਗੋਹੇ ਪੱਥਣ ਵਾਲੀ ਨੌਕਰਾਨੀ ਨੇ ਦੱਸਿਆ ਕਿ ਛੋਟੀ ਬੀਬੀ ਜੀ ਹੁਣੇ ਝੱਟ ਏਧਰੋਂ ਬਾਹਰ ਚਲੇ ਗਏ ਤੇ ਅਹਾਤੇ ਤੋਂ ਉਨਾਂ ਘੋੜਾ ਖੋਲ੍ਹ ਲਿਆ ਸੀ।

"ਹੈਂ! ਉਸ ਆਪ ਘੋੜਾ ਖੋਲ੍ਹਿਆ ਸੀ, ਉਹ ਤਾਂ ਸਾਨੂੰ ਦੱਸ ਕੇ ਵੀ ਨਹੀਂ ਗਈ।" ਘਬਰਾਈ ਹੋਈ ਮਾਂ ਅੰਦਰ ਆਈ, ਉਸ ਨੇ ਦੀਵਾਨ ਨੂੰ ਦੱਸਿਆ। ਦੀਵਾਨ ਨੇ ਝੱਟ ਕਿਹਾ, "ਉਹ ਜ਼ਰੂਰ ਮੇਰੇ ਕੋਲੋਂ ਡਰਦੀ ਕਿਧਰੇ ਚੱਲੀ ਗਈ ਹੋਵੇਗੀ ਅਤੇ ਹੋ ਸਕਦਾ ਹੈ, ਉਹ ਸੰਤ ਦੇ ਡੇਰੇ ਗਈ ਹੋਵੇ ਤਾਂ ਕਿ ਜੋਤਿਸ਼ੀ ਉਥੇ ਮਿਲ ਜਾਵੇ, ਤਾਂ ਉਸ ਨੂੰ ਪਕੜ ਲਵੇ। ਉਸ ਨੂੰ ਇਕੱਲਿਆਂ ਨਹੀਂ ਸੀ ਜਾਣਾ ਚਾਹੀਦਾ, ਪਰ ਸਾਡੀ ਕੁੜੀ ਬੜੀ ਅਥੱਰੀ ਏ, ਉਸ ਨੇ ਕੋਈ ਮਸਲਾ ਹੱਲ ਨਹੀਂ ਕਰਨਾ, ਸਗੋਂ ਮੇਰੇ ਲਈ ਨਵੇਂ ਪੁਆੜੇ ਪਾਣੇ ਨੇ।"

ਇਤਨੇ ਵਿੱਚ ਘੋੜਾ ਆ ਗਿਆ ਅਤੇ ਦੀਵਾਨ ਜੀ ਇਕ ਫੌਜੀ ਦਸਤਾ ਲੈ ਕੇ ਘਰੋਂ ਸਿੱਧੇ ਸੰਤ ਦੇ ਡੇਰੇ ਨੂੰ ਚੱਲ ਪਏ।

●●●

ਕਾਂਡ-20

ਦੀਵਾਨ ਜੈ ਰਾਮ ਫੌਜੀ ਦਸਤੇ ਸਮੇਤ ਸਰਹੰਦ ਦੇ ਬਾਹਰਵਾਰ ਸੰਤ ਦੇ ਉਸ ਡੇਰੇ ਵੱਲ ਚੱਲ ਪਏ, ਪਰ ਉਹਨਾਂ ਦਾ ਚਿਹਰਾ ਬੇਹੱਦ ਉਦਾਸ ਸੀ ਤੇ ਉਹ ਗਮਾਂ ਵਿੱਚ ਡੁੱਬੇ ਇਹੀ ਸੋਚ ਰਹੇ ਸਨ ਕਿ ਇਹ ਨਵੀਂ ਗੁੰਝਲ ਬਣਦੀ ਤੇ ਵੱਧਦੀ ਜਾ ਰਹੀ ਏ। ਇਸ ਸਮੇਂ ਦੀਵਾਨ ਜੈ ਰਾਮ ਦੇ ਮਨ ਵਿੱਚ ਚਾਰ ਪੰਜ ਅਜਿਹੇ ਪ੍ਰਸ਼ਨ ਸਨ, ਜਿਨ੍ਹਾਂ ਦਾ ਹੱਲ ਹੋਣਾ ਬੇਹੱਦ ਜ਼ਰੂਰੀ ਸੀ। ਉਹ ਸੋਚ ਰਿਹਾ ਸੀ ਕੀ ਉਹ ਸਾਧੂ ਵੀ ਸਿੱਖ ਹੈ ? ਕੀ ਉਸ ਨੇ ਜਿਹੜਾ ਜੋਤਿਸ਼ੀ ਮੇਰੇ ਘਰ ਲਿਆਂਦਾ ਸੀ, ਉਹ ਸਿੱਖ ਏ ? ਕੀ ਸਾਧੂ ਨੂੰ ਪਤਾ ਸੀ ਕਿ ਉਹ ਸਿੱਖ ਨੂੰ ਜਾਣ ਬੁਝ ਕੇ ਮੇਰੇ ਘਰ ਲਿਆਇਆ ਏ ਜਾਂ ਉਹਨੂੰ ਪਤਾ ਈ ਨਹੀਂ ਤੇ ਉਹ ਵੀ ਸਾਡੇ ਵਾਂਗ ਹੀ ਸਹਿਜ ਸੁਭਾਏ ਸਿੱਖ ਦੀ ਚਾਲ ਵਿੱਚ ਆ ਗਿਆ ਏ ? ਕੀ ਬਿਮਲਾ ਨੂੰ ਪਤਾ ਲੱਗ ਗਿਆ ਸੀ ਕਿ ਜੋਤਿਸ਼ੀ ਨਹੀਂ, ਸਿੱਖ ਜਾਸੂਸ ਏ ? ਕੀ ਬਿਮਲਾ ਉਹਨੂੰ ਸੁੱਚਮੁੱਚ ਹੀ ਪਿਆਰ ਕਰਨ ਲੱਗ ਪਈ ਸੀ ? ਕੀ ਬਿਮਲਾ ਜਾਣ ਬੁੱਝ ਕੇ ਸਿੱਖਾਂ ਦੀ ਸਾਜ਼ਿਸ਼ ਵਿੱਚ ਸ਼ਾਮਲ ਹੋ ਗਈ ਏ ਤੇ ਪਿਆਰ ਦੀਆਂ ਗੱਲਾਂ ਇਹ ਐਵੇਂ ਬਾਹਰ ਦਾ ਦਿਖਾਵਾ ਈ ਸਨ ? ਹੁਣ ਬਿਮਲਾ ਕਿੱਥੇ ਗਈ ਹੋਵੇਗੀ ? ਕੀ ਉਹ ਘੋੜੇ 'ਤੇ ਚੜ੍ਹ ਕੇ ਸਾਧੂ ਦੇ ਡੇਰੇ ਗਈ ਹੋਵੇਗੀ ? ਜੇ ਉਥੇ ਵੀ ਨਾ ਗਈ, ਤਾਂ ਫਿਰ ਜ਼ਰੂਰ ਉਹਨੂੰ ਸਿੱਖਾਂ ਦਾ ਕੋਈ ਹੋਰ ਟਿਕਾਣਾ ਪਤਾ ਹੋਵੇਗਾ, ਉਹ ਉਥੇ ਦੱਸਣ ਚਲੀ ਗਈ ਹੋਵੇਗੀ ? ਇਨ੍ਹਾਂ ਸੋਚਾਂ ਵਿੱਚ ਹੀ ਬਿਮਲਾ ਬਾਰੇ ਵਿਚਾਰ ਕਰਦਿਆਂ, ਉਹਦੇ ਅੰਦਰ ਪਿਆਰ ਮੋਹ ਦਾ ਜਜ਼ਬਾ ਫੇਰ ਉਸ ਨੂੰ ਇਹ ਸੋਚਣ 'ਤੇ ਮਜਬੂਰ ਕਰ ਦਿੰਦਾ ਹੈ ਕਿ ਉਹਦੀ ਧੀ ਬਿਮਲਾ ਇਹੋ ਜਿਹੀ ਨਹੀਂ, ਉਹ ਪਿਤਾ ਦੀਆਂ ਬੇੜੀਆਂ ਵਿੱਚ ਵੱਟੇ ਨਹੀਂ ਪਾ ਸਕਦੀ। ਉਹ ਪਰਿਵਾਰ ਲਈ ਖਤਰੇ ਅਤੇ ਮੁਸੀਬਤਾਂ ਖੜੀਆਂ ਨਹੀਂ ਕਰ ਸਕਦੀ। ਉਹ ਬੜੀ ਸੁਸ਼ੀਲ ਅਤੇ ਸਿਆਣੀ ਕੁੜੀ ਏ, ਉਹਦੇ ਕੋਲੋਂ ਅਜਿਹੀ ਮੂਰਖਤਾ ਦੀ ਆਸ ਨਹੀਂ ਕੀਤੀ ਜਾ ਸਕਦੀ।

ਪਰ ਫਿਰ ਉਹ ਆਪ ਹੀ ਸੋਚਣ ਲੱਗ ਪਿਆ ਕਿ ਜੇ ਸੁੱਚਮੁੱਚ ਸਿੱਖਾਂ ਦੀ ਸਾਜ਼ਿਸ਼ ਵਿੱਚ ਸ਼ਾਮਲ ਨਹੀਂ, ਤਾਂ ਫਿਰ ਉਹਨੂੰ ਘਰੋਂ ਦੌੜਨ ਦੀ ਕੀ ਲੋੜ ਸੀ। ਇਹੋ ਜਿਹੇ ਵਿਚਾਰਾਂ ਦੇ ਵਹਿਣ ਵਿੱਚ ਦੀਵਾਨ ਜੈ ਰਾਮ ਫੇਰ ਅੱਗੋਂ ਸੋਚਣ ਲੱਗ ਪਿਆ, ਕਿ ਹੋ ਸਕਦਾ ਏ, ਕਿ ਕੁੜੀ ਪਸ਼ੇਮਾਨ ਹੋਈ ਹੋਵੇ ਅਤੇ ਸ਼ਰਮਿੰਦਗੀ ਵਿੱਚ ਉਹ ਮੇਰੇ

ਸਾਹਮਣੇ ਨਾ ਆਉਣਾ ਚਾਹੁੰਦੀ ਹੋਵੇ ਅਤੇ ਇਸੇ ਲਈ ਘਰੋਂ ਕਿਧਰੇ ਚਲੀ ਗਈ ਹੋਵੇ। ਆਖਰ ਬੰਦਾ, ਜਦੋਂ ਕਿਧਰੇ ਕੋਈ ਬਾਜ਼ੀ ਹਾਰ ਜਾਏ, ਤਾਂ ਨਾਮੋਸ਼ੀ ਦਾ ਮਾਰਿਆ ਸਾਹਮਣੇ ਨਹੀਂ ਵੀ ਆਉਂਦਾ। ਫੇਰ ਆਪ ਹੀ ਉਹ ਆਪਣੇ ਮਨ ਦੇ ਇਸ ਖਿਆਲ ਨੂੰ ਕੱਟਣ ਲਈ ਇਹ ਵਿਚਾਰ ਲੈ ਤੁਰਿਆ ਕਿ ਜੇ ਉਸਨੇ ਮੇਰੇ ਸਾਹਮਣੇ ਨਹੀਂ ਸੀ ਆਉਣਾ, ਤਾਂ ਕਿਧਰੇ ਆਂਢ ਗੁਆਂਢ ਤੁਰ ਗਈ ਹੁੰਦੀ, ਉਹਨੂੰ ਘੋੜਾ ਲੈ ਕੇ ਬਾਹਰ ਜਾਣ ਦੀ ਕੀ ਲੋੜ ਸੀ। ਬਿਮਲਾ ਦਾ ਘੋੜਾ ਲੈ ਕੇ ਬਾਹਰ ਜਾਣਾ ਇਹ ਸਪਸ਼ਟ ਕਰਦਾ ਹੈ ਕਿ ਉਹ ਕਿਧਰੇ ਦੂਰ ਈ ਗਈ ਏ। ਇਸ ਵੇਰੀ ਫੇਰ ਉਹਦੇ ਮੰਨ ਨੇ ਅੰਦਰੋਂ ਇਸ ਖਿਆਲ ਨੂੰ ਸਾਹਮਣੇ ਲੈ ਆਂਦਾ ਕਿ ਉਹ ਜ਼ਰੂਰ ਕਿਧਰੇ ਸਾਧੂ ਦੇ ਡੇਰੇ ਗਈ ਹੋਵੇਗੀ। ਅਗਲੇ ਪੱਲ ਹੀ ਉਸ ਨੂੰ ਯਾਦ ਆਇਆ ਕਿ ਹੋ ਸਕਦਾ ਏ ਬਿਮਲਾ ਆਪਣੇ ਨਾਨਕੇ ਪਿੰਡ ਹੀ ਚਲੀ ਗਈ ਹੋਵੇ, ਆਖਰ ਇਹੋ ਜਿਹੀ ਔਕੜ ਅਤੇ ਗੁੰਝਲ ਵੇਲੇ ਹਰ ਕੋਈ ਸੱਜਣਾਂ ਮਿੱਤਰਾਂ ਅਤੇ ਸਿਆਣੇ ਰਿਸ਼ਤੇਦਾਰਾਂ ਦੀ ਸਲਾਹ ਲੈਂਦਾ ਏ, ਬਿਮਲਾ ਵੀ ਮਾਮੇ ਨਾਲ ਸਲਾਹ ਕਰਨ ਗਈ ਹੋਵੇ ਕਿ ਉਹਨੇ ਜਿਹੜੀ ਗਲਤੀ ਕੀਤੀ ਏ, ਉਸ ਬਾਰੇ ਅੱਗੋਂ ਉਹਨੂੰ ਕੀ ਉਪਾਅ ਕਰਨਾ ਚਾਹੀਦੈ।

ਇਨ੍ਹਾਂ ਸੋਚਾਂ ਦੇ ਵਹਿਣ ਵਿੱਚੋਂ ਦੀਵਾਨ ਜੈ ਰਾਮ ਉਦੋਂ ਨਿਕਲਿਆ, ਜਦੋਂ ਘੋੜੇ ਦੇ ਨਾਲ ਆ ਰਹੇ ਇਕ ਫ਼ੌਜੀ ਅਫਸਰ ਨੇ ਆਪਣਾ ਘੋੜਾ ਦੀਵਾਨ ਜੈ ਰਾਮ ਦੇ ਘੋੜੇ ਦੇ ਬਰਾਬਰ ਲਿਆ ਕੇ ਉਹਨਾਂ ਨੂੰ ਦੱਸਿਆ ਕਿ ਸਾਹਮਣੇ ਖੇਤਾਂ ਦੇ ਪਿਛਲੇ ਪਾਸੇ ਉਹਨੂੰ ਇਕ ਸਿੱਖ ਲੰਘਦਾ ਨਜ਼ਰ ਆਇਆ ਏ। ਦੀਵਾਨ ਜੈ ਰਾਮ ਨੇ ਤੁਰੰਤ ਕਿਹਾ ਕਿ ਘੋੜੇ ਭਜਾਓ ਅਤੇ ਉਹਦਾ ਪਿੱਛਾ ਕਰਕੇ ਉਹਨੂੰ ਫੜੋ, ਸਾਡੇ ਹੱਥ ਜਿਹੜਾ ਵੀ ਆ ਜਾਏ ਉਹਨੂੰ ਅੰਦਰ ਡੱਕ ਕੇ ਨਗ ਪੂਰਾ ਕਰ ਦਿਆਂਗੇ। ਨਵਾਬ ਸਾਹਿਬ ਨੂੰ ਕਿਹੜਾ ਯਾਦ ਏ ਕਿ ਉਹਨਾਂ ਦੇ ਘਰ ਵੜਨ ਵਾਲਾ ਸਿੱਖ ਕਿਹੜਾ ਸੀ ? ਇਸ ਵਿਚਾਰ ਨੇ ਨਿਰਾਸ਼ ਹੋਏ ਦੀਵਾਨ ਜੈ ਰਾਮ ਦੇ ਮੁਰਝਾਏ ਚਿਹਰੇ 'ਤੇ ਮੁੜ ਕੇ ਇਕ ਵਾਰੀ ਰੌਣਕ ਲੈ ਆਂਦੀ। ਉਹਨਾਂ ਨੂੰ ਆਸ ਹੋ ਗਈ ਕਿ ਸ਼ਾਇਦ ਉਹਨਾਂ ਦੀਆਂ ਸਾਰੀਆਂ ਗੁੰਝਲਾਂ ਹੀ ਹੱਲ ਹੋ ਜਾਣਗੀਆਂ। ਦੀਵਾਨ ਜੀ ਪਿੱਛੇ ਪਿੱਛੇ ਜਾ ਰਹੇ ਸਨ ਅਤੇ ਘੋੜਸਵਾਰ ਬਹੁਤ ਅੱਗੇ ਲੰਘ ਗਏ। ਉਹਨਾਂ ਨੇ ਦੋ ਪਾਸਿਆਂ ਤੋਂ ਕਮਾਦ ਦੇ ਉਸ ਖੇਤ ਨੂੰ ਘੇਰ ਲਿਆ, ਜਿਸ ਦੇ ਪਿਛਲੇ ਪਾਸੇ ਬੰਦਾ ਜਾਂਦਾ ਉਹਨਾਂ ਨੂੰ ਨਜ਼ਰ ਆਇਆ ਸੀ, ਪਰ ਜਦੋਂ ਦੋਵਾਂ ਪਾਸਿਆਂ ਤੋਂ ਘੋੜ ਸਵਾਰਾਂ ਨੇ ਜਾ ਕੇ ਉਸ ਆਦਮੀ ਨੂੰ ਘੇਰਾ ਪਾ ਲਿਆ, ਤਾਂ ਨੇੜੇ ਜਾ ਕੇ ਦੇਖਿਆ ਤਾਂ ਉਹ ਸਰਦਾਰ ਨਹੀਂ, ਸਗੋਂ ਇਕ ਮੁਸਲਮਾਨ ਸੀ, ਜਿਸ ਨੇ ਪੱਗੜੀ ਬੰਨ੍ਹੀ ਹੋਈ ਸੀ ਅਤੇ ਕਾਫੀ ਲੰਮੀ ਦਾੜ੍ਹੀ ਰੱਖੀ ਹੋਈ ਸੀ ਤੇ ਜਦੋਂ ਫੌਜ ਦੇ ਜਵਾਨਾਂ ਨੇ ਮੁੜ ਕੇ ਦੀਵਾਨ ਨੂੰ ਆ ਕੇ ਦੱਸਿਆ ਕਿ ਉਹ ਤਾਂ ਐਵੇਂ ਭੁਲੇਖਾ ਲੱਗ ਗਿਆ ਸੀ, ਕਮਾਦ ਦੇ ਖੇਤ ਉਹਲੇ ਜਾਣ ਵਾਲਾ ਸਿੱਖ ਨਹੀਂ ਸੀ, ਉਹ ਪਗੜੀ ਤੇ ਦਾੜ੍ਹੀ ਕਰਕੇ ਦੂਰੋਂ ਵੇਖਿਆਂ ਭੁਲੇਖਾ ਲੱਗਦਾ ਸੀ। ਦੀਵਾਨ ਜੈ ਰਾਮ ਦੀ ਆਸ 'ਤੇ ਜਿਵੇਂ ਇਕ ਵੇਰ ਫਿਰ ਪਾਣੀ ਫਿਰ ਗਿਆ ਤੇ ਉਹਨੂੰ ਮੁੜ ਕੇ ਆਪਣੀ

ਪਦਵੀ ਜਾਂਦੀ ਦਿਸਣ ਲੱਗ ਪਈ ਅਤੇ ਜਿਨ੍ਹਾਂ ਦੁੱਖਾਂ 'ਚੋਂ ਉਹ ਪੱਲ ਦੀ ਪੱਲ ਲਈ ਛੁੱਟ ਗਿਆ ਸੀ, ਮੁੜ ਕੇ ਉਹਨਾਂ ਵਿੱਚ ਹੀ ਫਿਰ ਘੇਰਿਆ ਗਿਆ । ਜਦੋਂ ਸਾਧੂ ਦੀ ਝੁੱਗੀ ਦੂਰੋਂ ਨਜ਼ਰ ਆਉਣ ਲੱਗ ਪਈ, ਤਾਂ ਦੀਵਾਨ ਜੈ ਰਾਮ ਨੇ ਘੋੜਾ ਰੋਕ ਲਿਆ । ਉਹਦੇ ਪਿੱਛੇ ਆ ਰਹੇ ਫੌਜੀਆਂ ਨੇ ਵੀ ਆਪੋ ਆਪਣੇ ਘੋੜਿਆਂ ਦੀਆਂ ਲਗਾਮਾਂ ਖਿੱਚ ਲਈਆਂ । ਇਕ ਘੋੜ ਸਵਾਰ ਨੇ ਬੜੀ ਉਤਸੁਕਤਾ ਨਾਲ ਅੱਗੇ ਹੋ ਕੇ ਪੁੱਛਿਆ, "ਕੀ ਗੱਲ ਜਨਾਬ ਰੁੱਕ ਕਿਉਂ ਗਏ ਹਾਂ ?"

"ਉਹ ਸਾਹਮਣੇ ਝੁੱਗੀ ਨਜ਼ਰ ਆ ਰਹੀ ਏ ।" ਦੀਵਾਨ ਜੈ ਰਾਮ ਨੇ ਉਂਗਲ ਨਾਲ ਇਸ਼ਾਰਾ ਕਰਦਿਆਂ ਕਿਹਾ, "ਤੁਸੀਂ ਉਹਨੂੰ ਘੇਰਾ ਪਾ ਲਉ ਤੇ ਉਥੇ ਜਿਹੜਾ ਵੀ ਕੋਈ ਮਿਲ ਜਾਏ, ਉਹਨੂੰ ਗ੍ਰਿਫਤਾਰ ਕਰ ਲਉ ।"

"ਇਹ ਕਿਹੜੀ ਸੋਚਣ ਵਾਲੀ ਗੱਲ ਏ, ਆਪਾਂ ਹੁਣੇ ਦੋਹਾਂ ਪਾਸਿਓਂ ਝੁੱਗੀ ਨੂੰ ਘੇਰਾ ਪਾ ਲੈਂਦੇ ਆਂ ।" ਉਸ ਫੌਜੀ ਅਧਿਕਾਰੀ ਨੇ ਇਉਂ ਗੱਲ ਕੀਤੀ ਜਿਵੇਂ ਇਹ ਕੋਈ ਗੰਭੀਰ ਮਸਲਾ ਨਹੀਂ । ਦੀਵਾਨ ਜੈ ਰਾਮ ਨੇ ਉਹਦੀ ਗੱਲ ਟੋਕਦਿਆਂ ਆਖਿਆ, "ਇਹ ਕੰਮ ਇੰਨਾ ਸੌਖਾ ਨਹੀਂ, ਜਿੰਨਾ ਤੁਸੀਂ ਸਮਝਦੇ ਹੋ, ਤੁਹਾਨੂੰ ਪਤਾ ਏ ਕਿ ਸਿੱਖਾਂ ਨੂੰ ਫੜਨ ਜਾ ਰਹੇ ਓ, ਉਹਨਾਂ ਬੰਦਿਆਂ ਨੂੰ ਕਾਬੂ ਕਰਨ ਜਿਹੜੇ ਨਵਾਬ ਸਾਹਿਬ ਦੀ ਕਿਲ੍ਹੇ ਅੰਦਰ ਲੁਕਵੀਂ ਰਿਹਾਇਸ਼ ਤਕ ਵੀ ਪਹੁੰਚ ਜਾਂਦੇ ਨੇ, ਹੋ ਸਕਦਾ ਇਥੇ ਕੁਝ ਸਿੱਖ ਹੋਣ ਤੇ ਸਾਨੂੰ ਆਉਂਦਿਆਂ ਵੇਖ ਕੇ ਉਹ ਸ਼ਾਇਦ ਅੱਗੋਂ ਜਵਾਬੀ ਹਮਲਾ ਕਰ ਦੇਣ, ਸਾਨੂੰ ਬੜੀ ਹੁਸ਼ਿਆਰੀ ਨਾਲ ਸਾਵਧਾਨ ਰਹਿ ਕੇ, ਘੇਰਾ ਪਾਉਣਾ ਪਏਗਾ ਤਾਂ ਕਿ ਉਹਨਾਂ ਦੇ ਹਥਿਆਰ ਚੁੱਕਣ ਤੋਂ ਪਹਿਲਾਂ ਅਸੀਂ ਉਹਨਾਂ ਨੂੰ ਕਾਬੂ ਕਰ ਲਈਏ ।"

"ਤੁਸੀਂ ਠੀਕ ਆਖਿਐ", ਫੌਜੀ ਨੇ ਹੁਣ ਬੜੀ ਗੰਭੀਰਤਾ ਨਾਲ ਗੱਲ ਕਰਦਿਆਂ ਉੱਤਰ ਦਿੱਤਾ । "ਸਾਨੂੰ ਇਹ ਦੱਸੋ ਕਿ ਸਾਧੂ ਦੀ ਇਸ ਝੁੱਗੀ ਦਾ ਮੂੰਹ ਕਿਹੜੇ ਪਾਸੇ ਏ ਤਾਂ ਕਿ ਅਸੀਂ ਉਸ ਪਾਸਿਉਂ ਨਾ ਸਾਹਮਣੇ ਜਾਈਏ, ਸਗੋਂ ਪਿਛਲੇ ਪਾਸਿਉਂ ਉਥੋਂ ਤਕ ਪਹੁੰਚੀਏ ।" ਇਸੇ ਤਰ੍ਹਾਂ ਉਥੇ ਖੜੇ ਹੋ ਕੇ ਝੱਟ ਵਿਉਂਤਾਂ ਬਣਦੀਆਂ ਰਹੀਆਂ ਅਤੇ ਅਖੀਰ ਸਾਰੇ ਘੋੜਸਵਾਰਾਂ ਨੂੰ ਤਿੰਨ ਹਿੱਸਿਆਂ ਵਿੱਚ ਵੰਡਿਆ ਗਿਆ । ਝੁੱਗੀ ਦਾ ਮੂੰਹ ਚੜ੍ਹਦੇ ਵੱਲ ਸੀ, ਉਧਰਲਾ ਪਾਸਾ ਛੱਡ ਕੇ, ਬਾਕੀ ਤਿੰਨੇ ਪਾਸੇ ਘੋੜਸਵਾਰਾਂ ਨੂੰ ਕੰਮ ਸਮਝਾ ਦਿੱਤਾ ਗਿਆ । ਉਹਨਾਂ ਨੂੰ ਕਿਹਾ ਗਿਆ ਕਿ ਉਹ ਕੁਝ ਹੋਰ ਪਿੱਛੇ ਹਟ ਕੇ ਵਲਾ ਮਾਰ ਕੇ, ਦੂਰੋਂ ਉੱਤਰ, ਦੱਖਣ ਅਤੇ ਪੱਛਮ ਵੱਲ ਹੋ ਜਾਣ ਅਤੇ ਫੇਰ ਉਹ ਸਾਧੂ ਦੇ ਡੇਰੇ ਵੱਲ ਅੱਗੇ ਵੱਧਣ ।

ਦੀਵਾਨ ਜੈ ਰਾਮ ਨੇ ਆਪ ਲਹਿੰਦੇ ਵੱਲ, ਅਰਥਾਤ ਝੁੱਗੀ ਦੇ ਬਿਲਕੁੱਲ ਪਿਛਲੇ ਪਾਸਿਉਂ ਆਉਣ ਵਾਲੇ ਘੋੜ ਸਵਾਰਾਂ ਦੇ ਨਾਲ ਰਹਿਣ ਦਾ ਮਨ ਬਣਾਇਆ,

ਪਰ ਇਹ ਘੇਰਾ ਪਾਉਣ ਲਈ ਤੁਰਦੇ ਸਾਰ ਹੀ ਦੀਵਾਨ ਜੀ ਨੂੰ ਖਿਆਲ ਆਇਆ, ਕਿ ਜੇ ਕਰ ਉਹਦੀ ਲੜਕੀ ਬਿਮਲਾ ਵੀ ਇਥੇ ਹੀ ਮਿਲ ਪਈ, ਤਾਂ ਉਹਨਾਂ ਦੇ ਪੱਲੇ ਕੀ ਰਹੇਗਾ, ਇਹਨਾਂ ਫੌਜੀਆਂ ਨੇ ਤਾਂ ਜਾ ਕੇ ਸਰਹੰਦ ਵਿੱਚ ਇਹ ਗੱਲ ਧੁਮਾ ਦੇਣੀ ਏ ਕਿ ਦੀਵਾਨ ਜੀ ਦੇ ਪੁੱਜਣ ਤੋਂ ਪਹਿਲਾਂ, ਉਨਾਂ ਦੀ ਬੇਟੀ ਸਾਧੂਆਂ ਦੇ ਡੇਰੇ ਫ਼ੌਜ ਦੇ ਆਉਣ ਬਾਰੇ ਇਤਲਾਹ ਦੇਣ ਲਈ ਪਹੁੰਚ ਗਈ ਸੀ ਅਤੇ ਫੇਰ ਇਹ ਵੀ ਹੋ ਸਕਦੈ ਕਿ ਵਿਰੋਧੀ ਲੋਕ ਇਹ ਕਾਹਣੀ ਘੜ ਲੈਣ ਕਿ ਦੀਵਾਨ ਨੇ ਆਪ ਹੀ ਧੀ ਨੂੰ, ਸਿੱਖਾਂ ਨੂੰ ਖਬਰ ਦੇਣ ਲਈ ਭੇਜਿਆ ਸੀ ਇਸ ਵਿਚਾਰ ਦੇ ਮੰਨ ਵਿੱਚ ਫਿਰਨ ਨਾਲ, ਦੀਵਾਨ ਦਾ ਸਾਰਾ ਸਰੀਰ ਕੰਬ ਉਠਿਆ ਅਤੇ ਉਹਨੇ ਮਨ ਵਿੱਚ, ਪਰਮਾਤਮਾ ਪਾਸ ਇਹੀ ਅਰਦਾਸ ਕੀਤੀ ਕਿ ਬਿਮਲਾ ਇਸ ਸਾਧੂ ਦੇ ਡੇਰੇ ਨਾ ਹੀ ਪਹੁੰਚੀ ਹੋਵੇ ।

ਘੋੜ ਸਵਾਰ ਤਿੰਨਾਂ ਪਾਸਿਆਂ ਤੋਂ ਝੁੱਗੀ ਵੱਲ ਵਧੇ ਤੇ ਇਕ ਦੂਜੇ ਨੂੰ ਆਮ੍ਹਣੇ ਸਾਹਮਣੇ ਆਉਂਦਿਆਂ ਵੇਖ ਕੇ ਉਨ੍ਹਾਂ ਨੇ ਆਪਣੀ ਚਾਲ ਇਕ ਸਾਰ ਕਰ ਲਈ ਤੇ ਐਨ ਇਕੋ ਵੇਲੇ ਤਿੰਨਾਂ ਪਾਸਿਆਂ ਤੋਂ ਘੋੜ ਸਵਾਰ ਝੁੱਗੀ ਦੇ ਨੇੜੇ ਆ ਗਏ । ਉਹਨਾਂ ਨੇੜੇ ਆ ਕੇ ਅਨੁਭਵ ਕੀਤਾ ਕਿ ਝੁੱਗੀ ਦੇ ਅੰਦਰ ਤਾਂ ਕੋਈ ਬੰਦਾ ਨਹੀਂ, ਨਹੀਂ ਤਾਂ ਘੋੜਿਆਂ ਦੀਆਂ ਟਾਪਾਂ ਦੀ ਆਵਾਜ਼ ਸੁਣ ਕੇ ਕੋਈ ਨਾ ਕੋਈ ਤਾਂ ਬਾਹਰ ਆਉਂਦਾ ਹੀ ਹੈ । ਦੀਵਾਨ ਨੇ ਉਹਨਾਂ ਸਭ ਨੂੰ ਇਸ਼ਾਰਾ ਕੀਤਾ ਕਿ ਬੰਦੂਕਾਂ ਵਾਲੇ ਅੱਗੇ ਹੋ ਜਾਣ ਤੇ ਇੱਕ ਦਮ ਝੁੱਗੀ ਦੇ ਸਾਹਮਣੇ ਪਾਸੇ ਆ ਜਾਣ । ਬੰਦੂਕਾਂ ਵਾਲੇ ਬਿਲਕੁੱਲ ਸਿੱਧੀਆਂ ਬੰਦੂਕਾਂ ਕਰਕੇ ਝੁੱਗੀ ਦੇ ਸਾਹਮਣੇ ਆ ਗਏ ਤੇ ਇਕ ਨੇ ਜ਼ੋਰ ਨਾਲ ਦਬਕਾ ਮਾਰਿਆ, "ਖਬਰਦਾਰ ਜੇ ਕੋਈ ਹਿਲਿਆ ਜੁਲਿਆ, ਹੱਥ ਉੱਪਰ ਕਰੋ ।" ਉਹ ਆਪ ਹੀ ਬੜਾ ਸ਼ਰਮਿੰਦਾ ਜਿਹਾ ਹੋ ਗਿਆ, ਜਦੋਂ ਝੁੱਗੀ ਦੇ ਅੰਦਰ ਉਹਨੇ ਝਾਕਿਆ ਤੇ ਅੰਦਰ ਕੋਈ ਵੀ ਨਹੀਂ ਸੀ । ਝੁੱਗੀ ਬਿਲਕੁੱਲ ਖਾਲੀ ਪਈ ਸੀ, ਇਕ ਪਾਸੇ ਸਾਧੂ ਦਾ ਵਿਛਾਉਣਾ, ਕੁਝ ਪਾਟੇ ਪੁਰਾਣੇ ਕੱਪੜੇ ਤੇ ਮਿੱਟੀ ਦੇ ਦੋ ਤਿੰਨ ਭਾਂਡੇ ਪਏ ਸਨ ।

"ਇਥੇ ਤਾਂ ਕੋਈ ਵੀ ਨਹੀਂ, ਹੁਣ ਕੀ ਕੀਤਾ ਜਾਵੇ ? ਮੁਖੀ ਫੌਜੀ ਨੇ ਦੀਵਾਨ ਜੀ ਤੋਂ ਪੁੱਛਿਆ । ਦੀਵਾਨ ਨੇ ਦੋ ਕੁ ਮਿੰਟ ਸਾਰੀ ਸਥਿਤੀ ਵਿਚਾਰੀ ਤੇ ਫੇਰ ਫੌਜੀਆਂ ਨੂੰ ਕਿਹਾ, "ਜ਼ਰੂਰ ਸਾਡੇ ਆਉਣ ਦਾ ਪਤਾ ਉਨ੍ਹਾਂ ਨੂੰ ਲੱਗ ਗਿਆ ਹੋਣਾ ਏ, ਨਹੀਂ ਤਾਂ ਮੈਂ ਕਈ ਵੇਰ ਇਸ ਝੁੱਗੀ ਕੋਲੋਂ ਲੰਘਿਆ ਸਾਂ, ਇਥੇ ਕੋਈ ਨਾ ਕੋਈ ਸਾਧੂ ਜ਼ਰੂਰ ਬੈਠਾ ਮਿਲ ਜਾਂਦੈ, ਉਹ ਵੇਖੋ ਨਾ ਧੂਣੀ ਵਿੱਚੋਂ ਅਜੇ ਵੀ ਧੂਆਂ ਨਿੱਕਲ ਰਿਹੈ, ਜਿਸ ਤੋਂ ਸਾਫ ਪਤਾ ਲੱਗਦੈ, ਕਿ ਇਥੋਂ ਕਿਸੇ ਮਨੁੱਖ ਦੇ ਉਠਿਆਂ ਬਹੁਤਾ ਸਮਾਂ ਨਹੀਂ ਹੋਇਆ ।"

"ਫੇਰ ਹੁਣ ਵਾਪਸ ਚਲੀਏ ਜਾਂ ਹੁਣ ਕਿਤੇ ਹੋਰ ਜਾਣੈ ?" ਫੌਜੀ ਨੇ ਅਗਲਾ ਹੁਕਮ ਪੁੱਛਿਆ । ਦੀਵਾਨ ਜੈ ਰਾਮ ਨੇ ਕਿਹਾ, ਆਸ ਪਾਸ ਤੇ ਖੇਤਾਂ ਵਿੱਚ ਤੁਰ-ਫਿਰ ਕੇ ਪਤਾ ਕਰੋ, ਕੋਈ ਨਾ ਕੋਈ ਬੰਦਾ ਮਿਲ ਹੀ ਜਾਏਗਾ । ●●●

ਕਾਂਡ-21

ਦੀਵਾਨ ਜੈ ਰਾਮ ਤੇ ਉਹਨਾਂ ਦੇ ਸਾਥੀ ਪੂਰੇ ਦੋ ਦਿਨ ਇਲਾਕੇ ਵਿੱਚ ਭਟਕਦੇ ਫਿਰਦੇ ਰਹੇ, ਪਰ ਉਨ੍ਹਾਂ ਨੂੰ ਕਿਧਰੇ ਵੀ ਕੋਈ ਸਿੱਖ ਨਾ ਮਿਲਿਆ, ਸਗੋਂ ਉਹ ਜਿਥੇ ਗਏ, ਲੋਕੀਂ ਇਹੀ ਦੱਸਣ ਕਿ ਉਨ੍ਹਾਂ ਨੇ ਕਿਧਰੇ ਵੀ ਇਕੱਲਾ ਦੁਕੱਲਾ ਸਿੱਖ ਜਾਂਦਾ ਦੇਖਿਆ ਤਾਂ ਹੈ, ਪਰ ਕੋਈ ਵੀ ਇਹ ਪਤਾ ਨਾ ਦੇ ਸਕਿਆ, ਕਿ ਪੱਕੇ ਤੌਰ 'ਤੇ ਕੋਈ ਸਿੱਖ ਕਿੱਥੇ ਰਹਿੰਦਾ ਹੈ। ਦੋ ਚਾਰ ਪਿੰਡਾਂ ਵਿੱਚ ਦੀਵਾਨ ਜੈ ਰਾਮ ਨੇ ਇਹ ਵੀ ਪਤਾ ਕੀਤਾ ਕਿ ਕੋਈ ਸਿੱਖ ਘਰਾਂ ਵਿੱਚ ਰਹਿੰਦਾ ਮਿਲ ਜਾਏ, ਉਹਨਾਂ ਦੇ ਮਨ ਵਿੱਚ ਇਹ ਸੀ ਕਿ ਕਿਸੇ ਨਾ ਕਿਸੇ ਸਿੱਖ ਨੂੰ ਜ਼ਰੂਰ ਲੈ ਕੇ ਜਾਣਾ ਹੈ, ਜਿਹੜਾ ਕਾਬੂ ਆ ਜਾਏ, ਉਸੇ ਨੂੰ ਹੀ ਆਪਣਾ ਭਗੌੜਾ ਕੈਦੀ ਬਣਾ ਲਿਆ ਜਾਵੇ। ਪਰ ਦੋ ਪਿੰਡਾਂ ਨੇ ਤਾਂ ਦੱਸਿਆ ਕਿ ਇਥੇ ਕੋਈ ਵੀ ਸਿੱਖ ਨਹੀਂ ਵਸਦਾ, ਇਕ ਪਿੰਡ ਦੇ ਚੌਧਰੀ ਨੇ ਦੱਸਿਆ ਕਿ ਉਨ੍ਹਾਂ ਦੇ ਪਿੰਡ ਵਿੱਚ ਇਕੋ ਇਕ ਗਭਰੂ ਸਿੱਖ ਬਣਿਆ ਸੀ ਤੇ ਉਹ ਵੀ ਉਦੋਂ ਦਾ ਘਰ ਛੱਡ ਕੇ ਚਲਾ ਗਿਆ ਏ, ਮੁੜ ਕੇ ਉਸ ਨੂੰ ਕਦੇ ਕਿਸੇ ਨੇ ਪਿੰਡ ਨਹੀਂ ਵੇਖਿਆ। ਇੰਨੀ ਕੁ ਭਿਣਕ ਪੈਂਦੀ ਰਹਿੰਦੀ ਏ ਕਿ ਕਦੇ ਕਦਾਈਂ ਕੋਈ ਸਿੱਖ ਪਿੰਡ ਵਿੱਚ ਆਉਂਦਾ ਅਤੇ ਉਹਦੇ ਪਰਿਵਾਰ ਦੀ ਸੁੱਖ ਸਾਂਦ ਪੁੱਛ ਕੇ ਚਲਾ ਜਾਂਦਾ। ਸ਼ਾਇਦ ਕਦੀ ਰਾਤ ਦੇ ਹਨੇਰੇ ਵਿੱਚ ਉਹ ਵੀ ਆਇਆ ਹੋਵੇ, ਪਰ ਦਿਨ ਦੇ ਚਿੱਟੇ ਚਾਨਣ ਵਿੱਚ ਕਦੇ ਉਹਨੂੰ ਪਿੰਡ ਵਿੱਚ ਫਿਰਦਿਆਂ ਨਹੀਂ ਵੇਖਿਆ। ਇਸ ਲਈ, ਉਹ ਵੀ ਨਾ ਹੋਇਆਂ ਵਰਗਾ ਹੀ ਸਮਝਣਾ ਚਾਹੀਦੈ।

ਦੂਜੇ ਦਿਨ ਸ਼ਾਮ ਨੂੰ ਬੜਾ ਨਿਰਾਸ਼ ਅਤੇ ਮਾਯੂਸ ਹੋ ਕੇ ਦੀਵਾਨ ਜੈ ਰਾਮ ਘਰ ਨੂੰ ਪਰਤ ਪਿਆ। ਇਸ ਵੇਲੇ ਉਹਦੇ ਮਨ ਵਿੱਚ ਨਿਰਾਸਤਾ ਨੇ ਇਹੀ ਗੱਲ ਬਿਠਾਈ ਕਿ ਜੇ ਕਿਸਮਤ ਚੰਗੀ ਹੁੰਦੀ, ਤਾਂ ਇਹ ਪੁਆੜਾ ਹੀ ਕਿਉਂ ਪੈਂਦਾ, ਮਾੜੇ ਦਿਨ ਆਏ ਹੋਏ ਨੇ, ਇਸੇ ਲਈ ਹਰ ਗੱਲ ਮਾੜੀ ਅਤੇ ਪੁੱਠੀ ਪੈ ਰਹੀ ਹੈ। ਦੀਵਾਨ ਜੈ ਰਾਮ ਨੇ ਬੜਾ ਛਾਤੀ 'ਤੇ ਹੱਥ ਮਾਰ ਕੇ ਨਿਸ਼ਚੇ ਨਾਲ ਆਖਿਆ ਸੀ ਕਿ ਉਹ ਜ਼ਰੂਰ ਭਗੌੜੇ ਕੈਦੀ ਸਿੱਖ ਨੂੰ ਫੜ ਲਿਆਏਗਾ, ਪਰ ਹੁਣ ਉਹ ਬਿਲਕੁੱਲ ਖਾਲੀ ਹੱਥ ਘਰ ਵਾਪਸ ਜਾ ਰਿਹਾ ਸੀ। ਇਸ ਨਾਲੋਂ ਵੀ ਵਧੇਰੇ ਦੁੱਖ ਉਸ ਨੂੰ ਇਕ ਹੋਰ ਸੁਣੀ ਖ਼ਬਰ ਦਾ ਹੋ ਰਿਹਾ ਸੀ, ਕਿ ਇਕ ਪਿੰਡ ਦੇ ਲੋਕਾਂ ਨੇ ਇਕ ਸਾਧੂ ਨੂੰ ਘੋੜੇ 'ਤੇ ਜਾਂਦਿਆਂ ਵੇਖਿਆ ਸੀ ਤੇ ਉਸ ਦੇ ਪਿੱਛੇ ਇਕ ਜਵਾਨ ਜਿਹੀ ਬੜੀ ਸੁੰਦਰ ਮੁਟਿਆਰ ਬੈਠੀ

ਹੋਈ ਸੀ, ਭਾਵੇਂ ਦੂਜੇ ਸਾਥੀ ਫੌਜੀਆਂ ਨੇ ਤਾਂ ਇਸ ਖ਼ਬਰ ਨੂੰ ਕੋਈ ਮਹਾਨਤਾ ਨਹੀਂ ਸੀ ਦਿੱਤੀ, ਪਰ ਦੀਵਾਨ ਜੈ ਰਾਮ ਨੂੰ ਅੰਦਰੋਂ ਖੁੜਕ ਪਈ ਸੀ, ਕਿ ਜ਼ਰੂਰ ਸਾਧੂ ਦੇ ਨਾਲ ਘੋੜੇ 'ਤੇ ਬੈਠੀ ਮੁਟਿਆਰ, ਉਸਦੀ ਧੀ ਬਿਮਲਾ ਹੀ ਹੋਵੇਗੀ। ਉਸ ਨੇ ਜੋ ਘੋੜੇ ਦਾ ਰੰਗ ਤੇ ਕੁੜੀ ਦੇ ਡੀਲ ਡੌਲ ਬਾਰੇ ਵੱਖਰਿਆਂ ਹੋ ਕੇ, ਪੇਂਡੂਆਂ ਤੋਂ ਪੁੱਛਿਆ ਸੀ, ਉਸ ਨਾਲ ਉਸ ਨੂੰ ਹੋਰ ਯਕੀਨ ਹੋ ਗਿਆ ਸੀ ਕਿ ਉਹ ਕੁੜੀ ਬਿਮਲਾ ਤੋਂ ਸਿਵਾਏ ਹੋਰ ਕੋਈ ਨਹੀਂ ਹੋ ਸਕਦੀ। ਇਸ ਨਾਲ ਉਸ ਦੇ ਸ਼ੰਕੇ ਅਤੇ ਅਨੁਮਾਨ ਹੁਣ ਉਸ ਦੇ ਲਈ ਇਹ ਯਕੀਨ ਕਰਨ ਵਾਸਤੇ ਕਾਫੀ ਸਨ ਕਿ ਬਿਮਲਾ ਜ਼ਰੂਰ ਸਿੱਖਾਂ ਦੀ ਸਾਜ਼ਿਸ਼ ਵਿੱਚ ਸ਼ਾਮਲ ਸੀ ਅਤੇ ਉਹ ਜੋਤਿਸ਼ੀ ਦਾ ਰੂਪ ਧਾਰ ਕੇ ਆਏ ਸਿੱਖ ਦੇ ਪ੍ਰਭਾਵ ਹੇਠਾਂ ਸਿੱਖਾਂ ਨਾਲ ਹਮਦਰਦੀ ਕਰਨ ਲੱਗ ਪਈ ਸੀ। ਇਸ ਯਕੀਨ ਦੇ ਆਉਂਦਿਆਂ ਹੀ, ਉਸ ਨੂੰ ਇਹ ਨਿਸ਼ਚਾ ਹੋ ਗਿਆ ਕਿ ਹੁਣ ਨਵਾਬ ਦੇ ਵਾਪਸ ਮੁੜਦਿਆਂ, ਉਸ 'ਤੇ ਮੁਸੀਬਤਾਂ ਦੇ ਪਹਾੜ ਡਿਗਣਗੇ, ਉਸਦੀ ਨੌਕਰੀ ਜਾਂਦੀ ਰਹੇਗੀ ਅਤੇ ਪਤਾ ਨਹੀਂ ਨਵਾਬ ਹੋਰ ਵੀ ਕਿਹੜੀ ਕਿਹੜੀ ਸਜ਼ਾ ਦਾ ਭਾਗੀ ਬਣਾ ਦੇਵੇ।

ਦੀਵਾਨ ਜੈ ਰਾਮ ਦਾ ਜੀ ਕਰਦਾ ਸੀ, ਕਿ ਉਹ ਇਸ ਸਾਰੀ ਸਥਿਤੀ ਵਿੱਚੋਂ ਕਿਧਰੇ ਦੌੜ ਜਾਵੇ। ਆਖਰ ਜੇ ਨੌਕਰੀ ਨਹੀਂ ਬਚਣੀ, ਜਾਨ ਤਾਂ ਬਚਾ ਲਈ ਜਾਵੇ, ਪਰ ਪਿੱਛੇ ਪਰਿਵਾਰ ਦਾ ਖਿਆਲ ਕਰਕੇ, ਉਹ ਕਿਧਰੇ ਨਿਕਲ ਜਾਣ ਜਾਂ ਲੁਕ ਜਾਣ ਦਾ ਵੀ ਯਤਨ ਨਹੀਂ ਸੀ ਕਰ ਸਕਦਾ। ਉਸ ਨੇ ਮਨ ਬਣਾ ਲਿਆ ਕਿ ਉਹ ਘਰ ਜਾ ਕੇ ਆਪਣੀ ਪਤਨੀ ਨਾਲ ਇਸ ਬਾਰੇ ਸਲਾਹ ਕਰੇਗਾ ਅਤੇ ਜੇ ਉਹ ਸਹਿਮਤ ਹੋ ਗਈ ਤਾਂ, ਉਹ ਰਾਤੋ ਰਾਤ ਸਰਹਿੰਦ ਛੱਡ ਕੇ ਕਿਸੇ ਹੋਰ ਰਿਸ਼ਤੇਦਾਰ ਕੋਲ, ਦੂਰ ਕਿਧਰੇ ਚਲੇ ਜਾਣਗੇ । ਜਿਥੋਂ ਨਾ ਨਵਾਬ ਉਨ੍ਹਾਂ ਨੂੰ ਲੱਭ ਸਕੇ ਅਤੇ ਨਾ ਹੀ ਹੋਰ ਕੋਈ ਉਨ੍ਹਾਂ ਦੀ ਸੂਹ ਲਗਾ ਸਕੇ।

ਫੌਜੀ ਦਸਤੇ ਸਮੇਤ, ਸਰਹੰਦ ਨੂੰ ਵਾਪਸ ਆਉਂਦਿਆਂ ਰਾਹ ਵਿੱਚ ਇਕ ਹੋਰ ਫੌਜੀ ਟੁਕੜੀ ਮਿਲ ਪਈ ਤੇ ਉਨ੍ਹਾਂ ਰਾਹੀਂ ਪਤਾ ਲੱਗ ਗਿਆ ਕਿ ਵੱਖੋ ਵੱਖਰੇ ਪਾਸਿਆਂ ਵੱਲ ਭਗੌੜੇ ਕੈਦੀ ਦਾ ਪਿੱਛਾ ਕਰਨ ਲਈ, ਜਿਤਨੀਆਂ ਟੋਲੀਆਂ ਭੇਜੀਆਂ ਗਈਆਂ ਸਨ, ਉਹ ਸਾਰੀਆਂ ਨਿਰਾਸ਼ ਹੋ ਕੇ ਪਰਤ ਆਈਆਂ ਨੇ ਅਤੇ ਕਿਸੇ ਨੂੰ ਕਿਧਰੇ, ਕੋਈ ਸਿੱਖ ਨਹੀਂ ਮਿਲਿਆ। ਦੀਵਾਨ ਜੀ ਨੇ ਅਨੁਮਾਨ ਲਗਾ ਲਿਆ, ਕਿ ਉਹ ਭਗੌੜੇ ਸਿੱਖ ਜ਼ਰੂਰ ਸਾਡੇ ਰਾਜ ਦੀਆਂ ਹੱਦਾਂ ਤੋਂ ਬਾਹਰ, ਅਜਿਹੀ ਥਾਂ ਚਲੇ ਗਏ ਹਨ, ਜਿਥੇ ਅਸੀਂ ਉਨ੍ਹਾਂ ਨੂੰ ਜਾ ਕੇ ਨਹੀਂ ਫੜ ਸਕਦੇ। ਦੂਜੀ ਫੌਜੀ ਟੁਕੜੀ ਦੇ ਮੁਖੀ ਨੇ, ਦੀਵਾਨ ਜੀ ਨੂੰ ਦੱਸਿਆ ਕਿ ਉਨ੍ਹਾਂ ਨੂੰ ਇਕ ਪਿੰਡ ਦੇ ਲੋਕਾਂ ਨੇ ਦੱਸਿਆ ਸੀ, ਕਿ ਕੁਝ ਦਿਨ ਪਹਿਲਾਂ ਉਨ੍ਹਾਂ ਦੇ ਖੂਹ 'ਤੇ ਆ ਕੇ, ਸਿੱਖਾਂ ਨੇ ਝੱਟ ਆਰਾਮ ਕੀਤਾ ਸੀ ਤੇ ਉਹ ਗੱਲਾਂ ਕਰ ਰਹੇ ਸਨ ਕਿ ਜਿਸ ਸਰਕਾਰ ਨੇ ਉਨ੍ਹਾਂ ਦੇ ਗੁਰੂ ਦੇ ਦੋ ਛੋਟੇ ਛੋਟੇ ਮਾਸੂਮ ਬੱਚੇ ਸ਼ਹੀਦ ਕਰ ਦਿੱਤੇ ਹਨ, ਉਸ ਸਰਕਾਰ ਦੇ ਸਾਰੇ ਜ਼ਿੰਮੇਵਾਰਾਂ ਨੂੰ ਉਹ ਜ਼ਰੂਰ ਮਾਰਨਗੇ ਅਤੇ ਬਦਲਾ ਲੈਣਗੇ । ਉਨ੍ਹਾਂ ਸਿੱਖਾਂ ਨੇ ਉਨ੍ਹਾਂ ਸਾਰਿਆਂ ਬੰਦਿਆਂ

ਤੋਂ ਵੀ ਬਦਲਾ ਲੈਣ ਦੀ ਠਾਣੀ ਹੋਈ ਸੀ, ਜਿਨ੍ਹਾਂ ਨੇ ਨਵਾਬ ਵਜ਼ੀਦ ਖਾਂ ਨੂੰ ਭਰੇ ਦਰਬਾਰ ਵਿੱਚ ਇਹ ਸਲਾਹ ਦਿੱਤੀ ਸੀ, ਕਿ ਇਨ੍ਹਾਂ ਬੱਚਿਆਂ ਨੂੰ ਛੱਡਣਾ ਨਹੀਂ ਚਾਹੀਦਾ, ਸੱਪਾਂ ਦੇ ਬੱਚਿਆਂ ਨੂੰ ਜਿੰਨਾ ਮਰਜ਼ੀ ਦੁੱਧ ਪਿਆਓ, ਉਹ ਫੇਰ ਵੀ ਵੱਡੇ ਹੋ ਕੇ, ਡੰਗ ਮਾਰਨੋਂ ਨਹੀਂ ਹਟਦੇ। ਦੀਵਾਨ ਜੀ ਨੂੰ ਇਸ ਗੱਲ ਦੀ ਤਾਂ ਤਸੱਲੀ ਸੀ, ਕਿ ਉਹਨਾਂ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਦੇ ਕਤਲ ਸਮੇਂ ਕੋਈ ਮਾੜੀ ਰਾਏ ਨਹੀਂ ਸੀ ਦਿੱਤੀ, ਜਿਵੇਂ ਕਿ ਦੀਵਾਨ ਸੁੱਚਾ ਨੰਦ ਨੇ ਆਖਿਆ ਸੀ, ਪਰ ਉਨ੍ਹਾਂ ਨੂੰ ਇਸ ਗੱਲ ਦਾ ਬਹੁਤ ਖ਼ਤਰਾ ਸੀ, ਕਿ ਸਰਕਾਰ ਉਨ੍ਹਾਂ ਨੂੰ ਨਹੀਂ ਛੱਡੇਗੀ ਤੇ ਸਿੱਖਾਂ ਨਾਲ ਸੰਬੰਧਿਤ ਹੋਣ ਦੀਆਂ ਗੱਲਾਂ ਸੁਣ ਕੇ ਉਨ੍ਹਾਂ ਉੱਪਰ ਅਤਿਆਚਾਰਾਂ ਦੇ ਪਹਾੜ ਡਿਗਣਗੇ। ਆਖਰ ਉਹ ਆਪਣੇ ਹਾਕਮਾਂ ਦੇ ਅਤਿਆਚਾਰਾਂ ਅਤੇ ਸੁਭਾਅ ਤੋਂ ਜਾਣੂ ਸਨ, ਜਿਹੜੇ ਕ੍ਰੋਧਵਾਨ ਹੋ ਕੇ, ਸਾਰੀਆਂ ਮਨੁੱਖੀ ਕਦਰਾਂ ਕੀਮਤਾਂ ਭੁੱਲ ਜਾਂਦੇ ਹਨ।

ਦੀਵਾਨ ਜੈ ਰਾਮ ਦੀ ਹੈਰਾਨੀ ਦੀ ਕੋਈ ਹੱਦ ਨਾ ਰਹੀ, ਜਦੋਂ ਉਹ ਘਰ ਪਹੁੰਚੇ ਤੇ ਬਿਮਲਾ ਉਨ੍ਹਾਂ ਤੋਂ ਪਹਿਲਾਂ ਘਰ ਆ ਚੁੱਕੀ ਸੀ। ਦੀਵਾਨ ਜੈ ਰਾਮ ਨੇ ਉਸ ਨੂੰ ਵੇਖਿਆ ਤੇ ਇਕਦੱਮ ਉਨ੍ਹਾਂ ਦਾ ਲਹੂ ਗੁੱਸੇ ਨਾਲ ਖੌਲਣ ਲੱਗ ਪਿਆ। ਉਨ੍ਹਾਂ ਦਾ ਜੀ ਕੀਤਾ, ਕਿ ਹੁਣੇ ਗੋਲੀ ਮਾਰ ਕੇ ਆਪਣੇ ਸਾਹਮਣੇ ਹੀ ਧੀ ਨੂੰ ਖ਼ਤਮ ਕਰ ਦੇਣ, ਪਰ ਆਪਣੀ ਔਲਾਦ ਨੂੰ ਗੋਲੀ ਮਾਰਨੀ ਵੀ ਕੋਈ ਸੌਖਾ ਕੰਮ ਨਹੀਂ। ਫਿਰ ਉਨ੍ਹਾਂ ਦਾ ਜੀ ਕੀਤਾ ਕਿ ਸੋਟੀ ਫੜ ਕੇ ਇਸ ਨੂੰ ਝੰਬ ਸੁੱਟਣ, ਪਰ ਹਿੰਦੂ ਵਿਚਾਰਧਾਰਾ ਦੇ ਇਸ ਪ੍ਰਭਾਵ ਨੇ ਕੁਝ ਨਾ ਕਰਨ ਦਿੱਤਾ, ਕਿ ਧੀਆਂ ਨਿਮਾਣੀਆਂ ਗਊਆਂ ਹੁੰਦੀਆਂ ਨੇ, ਇਨ੍ਹਾਂ 'ਤੇ ਹੱਥ ਨਹੀਂ ਚੁੱਕਣਾ ਚਾਹੀਦਾ। ਆਖੀਰ ਉਨ੍ਹਾਂ ਨੇ ਇਕੋ ਫ਼ੈਸਲਾ ਕੀਤਾ ਕਿ ਉਹ ਉਸ ਨੂੰ ਬੁਲਾਉਣਗੇ ਨਹੀਂ, ਤੇ ਉਸ ਨੂੰ ਮੱਥੇ ਨਹੀਂ ਲਾਉਣਗੇ। ਉਹ ਗੁੱਸੇ ਨਾਲ ਲਾਲ ਪੀਲਾ ਹੁੰਦਾ ਮੱਥੇ 'ਤੇ ਤਿਊੜੀਆਂ ਪਾਉਂਦਾ, ਆਪਣੇ ਕਮਰੇ ਅੰਦਰ ਲੰਘ ਗਿਆ।

"ਉਨ੍ਹਾਂ ਦੇ ਚਿਹਰੇ 'ਤੇ ਛਾਈ ਉਦਾਸੀ ਤੇ ਗੁੱਸੇ ਨਾਲ ਤਣੇ ਭਰਵੱਟਿਆਂ ਤੋਂ ਉਨ੍ਹਾਂ ਦੀ ਪਤਨੀ ਨੂੰ ਇਹ ਅਨੁਮਾਨ ਲਾਉਣ ਵਿੱਚ ਦੇਰ ਨਾ ਲੱਗੀ, ਕਿ ਜਿਸ ਕਾਰਜ ਲਈ ਇਹ ਘਰੋਂ ਗਏ ਸੀ, ਉਸ ਵਿੱਚ ਸਫਲ ਨਹੀਂ ਹੋਏ। ਇਨ੍ਹਾਂ ਦੇ ਗ਼ਮ, ਦੁੱਖ ਤੇ ਉਲਝਣਾਂ ਘਟੀਆਂ ਨਹੀਂ ਹਨ। ਇਸ ਲਈ ਪਤਨੀ ਬੜੀ ਡਰੀ ਤੇ ਸਹਿਮੀ ਹੋਈ, ਉਨ੍ਹਾਂ ਦੇ ਪਿੱਛੇ ਪਿੱਛੇ ਪਾਣੀ ਦਾ ਕਟੋਰਾ ਭਰ ਕੇ ਲੈ ਗਈ ਤੇ ਜਾਂਦਿਆ ਉਸ ਨੇ ਹਾਲ ਚਾਲ ਪੁੱਛਣ ਤੋਂ ਪਹਿਲਾਂ, ਪਾਣੀ ਦਾ ਕਟੋਰਾ ਅੱਗੇ ਜਾ ਰੱਖਿਆ। ਦੀਵਾਨ ਜੀ ਨੇ ਉਸ ਨੂੰ ਹੋਰ ਗੱਲ ਛੇੜਨ ਤੋਂ ਪਹਿਲਾਂ ਇਹ ਪੁੱਛਿਆ, "ਬਿਮਲਾ ਕਿਥੇ ਸੀ ਤੇ ਕਦੋਂ ਘਰ ਆਈ ਏ?"

"ਉਹ ਤਾਂ ਤੁਹਾਡੇ ਜਾਣ ਤੋਂ ਝੱਟ ਪਿੱਛੋਂ ਹੀ ਆ ਗਈ ਸੀ।" ਦੀਵਾਨ ਦੀ

ਪਤਨੀ ਨੇ ਝੂਠ ਬੋਲਿਆ, ਕਿ ਜੇ ਉਸ ਨੇ ਸੱਚੋ ਸੱਚ ਗੱਲ ਦੱਸ ਦਿੱਤੀ, ਤਾਂ ਦੀਵਾਨ ਜੀ ਨੂੰ ਹੋਰ ਗੁੱਸਾ ਚੜ੍ਹੇਗਾ; ਕਲਪਨ, ਖਿੱਝਣਗੇ ਤੇ ਹੋ ਸਕਦੈ ਕਿ ਕੁੜੀ ਨਾਲ ਲੜਨ ਲੱਗ ਪੈਣ। ਬਿਮਲਾ ਉਸ ਦਿਨ ਸਵੇਰ ਦੀ ਘਰੋਂ ਗਈ, ਹਨੇਰੇ ਪਏ ਰਾਤ ਨੂੰ ਘਰ ਆਈ ਸੀ ਤੇ ਉਸ ਨੇ ਮਾਂ ਨੂੰ ਸਾਰੀ ਗੱਲ ਸੱਚੋ ਸੱਚ ਦੱਸ ਦਿੱਤੀ ਸੀ। ਰਾਣੀ ਹੁਣ ਇਹ ਗੱਲ ਦੀਵਾਨ ਜੀ ਨੂੰ ਸਾਰੀ ਦੱਸਣਾ ਤਾਂ ਚਾਹੁੰਦੀ ਸੀ, ਪਰ ਆਉਂਦਿਆਂ ਸਾਰ ਨਹੀਂ, ਸਗੋਂ ਉਸ ਦਾ ਵਿਚਾਰ ਸੀ ਕਿ ਉਹ ਰਾਤ ਨੂੰ ਬੜੇ ਠਰ੍ਹਮੇ ਨਾਲ ਇਹ ਸਾਰੀ ਗੱਲ ਕਰਨਗੇ ।

"ਮੈਂ ਪੁੱਛਿਐ ਕਿ ਉਹ ਗਈ ਕਿੱਥੇ ਸੀ ?" ਦੀਵਾਨ ਨੇ ਗੁੱਸੇ ਨਾਲ ਖਿੱਝ ਕੇ ਪੁੱਛਿਆ।

"ਪਾਣੀ ਤਾਂ ਪੀਓ, ਠਰ੍ਹਮੇ ਨਾਲ ਤੁਹਾਨੂੰ ਸਾਰੀ ਗੱਲ ਦੱਸਾਂਗੀ," ਰਾਣੀ ਨੇ ਤਰਲਾ ਲਿਆ।

"ਇਧਰ ਸਾਡਾ ਬੇੜਾ ਗਰਕ ਹੋ ਰਿਹੈ ਤੇ ਤੂੰ ਕਹਿਨੀ ਏਂ ਕਿ ਪਾਣੀ ਪੀਆਂ, ਦੋ ਦਿਨ ਹੋ ਗਏ ਨੇ ਲਹੂ ਦੇ ਘੁੱਟ ਪੀਂਦਿਆਂ।" ਦੀਵਾਨ ਜੈ ਰਾਮ ਨੇ ਹੋਰ ਵਧੇਰੇ ਗੁੱਸੇ ਦੇ ਵਾਤਾਵਰਨ ਵਿੱਚ ਤਲਖ਼ ਲਹਿਜੇ ਨਾਲ ਕਿਹਾ।

"ਗੱਲ ਬੜੀ ਉਲਝੀ ਪਈ ਏ ਤੇ ਹੁਣ ਜਿਥੇ ਮਾਮਲਾ ਅਪੜ ਗਿਐ, ਇਥੇ ਗੁੱਸੇ ਨਾਲ ਖਿੱਝਿਆਂ ਕੁਝ ਸੰਵਰਨਾ ਨਹੀਂ, ਸਗੋਂ ਹੋਰ ਪੁਆੜਾ ਵਧੇਗਾ, ਇਸ ਲਈ ਮੈਂ ਕਹਿਨੀ ਆਂ, ਕਿ ਠਰ੍ਹਮੇ ਨਾਲ ਗੱਲ ਸੁਣਨਾ ਤੇ ਫੇਰ ਠੰਢੇ ਦਿਲ ਨਾਲ ਉਹਦਾ ਹੱਲ ਸੋਚਣਾ; ਕਾਹਲੀ, ਘਬਰਾਹਟ ਤੇ ਗੁੱਸੇ ਵਿੱਚ ਕਦੀ ਹੱਲ ਨਹੀਂ ਸੁਝਦਾ।" ਰਾਣੀ ਨੇ ਬੜੇ ਧੀਰਜ ਨਾਲ ਸਮਝਾਉਣ ਦੇ ਢੰਗ ਨਾਲ ਉਕਤ ਗੱਲ ਆਖੀ।

"ਮੇਰੀ ਜਾਨ ਪਈ ਨਿਕਲਦੀ ਏ, ਇਸ ਲਈ ਮੈਨੂੰ ਸਾਰੀ ਗੱਲ ਛੇਤੀ ਛੇਤੀ ਦੱਸ, ਮੇਰੀਆਂ ਅੱਖਾਂ ਅੱਗੇ ਤਾਂ ਨ੍ਹੇਰਾ ਆ ਗਿਐ, ਸ਼ੁਕਰ ਕਰ ਮੈਂ ਘਰ ਆ ਗਿਆਂ, ਨਹੀਂ ਤਾਂ ਮੇਰਾ ਤਾਂ ਜੀ ਕਰਦਾ ਸੀ ਕਿ ਰਾਹ 'ਚ ਹੀ ਕਿਧਰੇ ਅਲੋਪ ਹੋ ਜਾਂਦਾ, ਅਸੀਂ ਤਾਂ ਨਵਾਬ ਨੂੰ ਕਿਧਰੇ ਮੂੰਹ ਦੇਣ ਜੋਗੇ ਵੀ ਨਹੀਂ ।" ਦੀਵਾਨ ਜੈ ਰਾਮ ਦਾ ਗੱਲ ਕਰਨ ਦਾ ਢੰਗ ਬੜਾ ਗੁੱਸੇ ਭਰਿਆ ਸੀ ਤੇ ਰਾਣੀ ਦੇ ਸਮਝਾਉਣ ਦਾ ਉਸ 'ਤੇ ਅਸਰ ਕੋਈ ਨਹੀਂ ਸੀ ਹੋ ਰਿਹਾ । ਰਾਣੀ ਨੇ ਫੇਰ ਕਿਹਾ, "ਜਿੰਨਾ ਚਿਰ ਤੁਸੀਂ ਗੁੱਸੇ ਵਿੱਚ ਹੋ, ਮੈਂ ਕੋਈ ਗੱਲ ਨਹੀਂ ਕਰਨੀ, ਪਹਿਲਾਂ ਪਾਣੀ ਪੀਓ, ਰੋਟੀ ਪਕਦੀ ਪਈ ਏ, ਖਾਓ ਤੇ ਫਿਰ ਸਾਰੀ ਤੁਸੀਂ ਇਕ ਗੱਲ ਸਮਝ ਲਓ, ਕਿ ਜੇ ਕੋਈ ਬਹੁਤੀ ਖ਼ਤਰੇ ਵਾਲੀ ਗੱਲ ਹੁੰਦੀ ਤਾਂ ਮੈਂ ਆਉਂਦਿਆਂ ਦੱਸ ਦੇਂਦੀ।

•••

ਕਾਂਡ-22

ਦੀਵਾਨ ਜੈ ਰਾਮ ਨੇ ਘਬਰਾਹਟ, ਚਿੰਤਾ ਤੇ ਗੁੱਸੇ ਦੇ ਮਿਲਵੇਂ ਪ੍ਰਭਾਵ ਅਧੀਨ ਖਾਣਾ ਖਾਧਾ। ਉਸ ਦੀ ਮਾਨਸਿਕ ਦਸ਼ਾ ਕੁਝ ਇਹੋ ਜਿਹੀ ਹੋ ਗਈ ਸੀ ਕਿ ਉਹ ਰੋਟੀ ਖਾਂਦਿਆਂ ਸਰੀਰਕ ਤੌਰ 'ਤੇ ਭਾਵੇਂ ਉਥੇ ਬੈਠਾ ਸੀ ਪਰ ਉਹਦਾ ਮਨ, ਦਿੱਲ ਤੇ ਦਿਮਾਗ ਹਾਲਾਤ ਦੀ ਅਜੇਹੀ ਉਲਝਣ ਵਿੱਚ ਫਸੇ ਹੋਏ ਸਨ ਕਿ ਉਸਨੂੰ ਇਹ ਵੀ ਨਹੀਂ ਸੀ ਪਤਾ ਕਿ ਉਹ ਕਿਸ ਸਬਜ਼ੀ ਨਾਲ ਰੋਟੀ ਖਾ ਰਿਹਾ ਹੈ। ਅੱਗੇ ਉਹ ਆਮ ਤੌਰ 'ਤੇ ਪੁੱਛਿਆ ਕਰਦਾ ਸੀ ਕਿ ਅੱਜ ਕਿਹੜੀ ਦਾਲ ਬਣਾਈ ਹੈ ਤੇ ਨਾਲ ਸਬਜ਼ੀ ਕੀ ਹੈ। ਫਿਰ ਰੋਟੀ ਖਾਂਦਿਆਂ ਉਹ ਜ਼ਰੂਰ ਇਸ ਗੱਲ ਵੱਲ ਧਿਆਨ ਦੇਂਦਾ ਕਿ ਨਮਕ ਮਿਰਚ ਕੁਝ ਵੱਧ ਹੈ ਜਾਂ ਘੱਟ ਹੈ। ਉਹ ਇਸ ਗੱਲ ਦਾ ਵੀ ਚਰਚਾ ਕਰਦਾ ਹੁੰਦਾ ਸੀ ਕਿ ਕਿਹੜੀ ਸਬਜ਼ੀ ਕੁਝ ਕੱਚੀ ਰਹਿ ਗਈ ਹੈ ਜਾਂ ਕਿਸ ਦਾ ਮਸਾਲਾ ਸੜ ਗਿਆ ਏ ਜਾਂ ਪਤੀਲੇ ਦੇ ਨਾਲ ਲੱਗ ਗਿਆ ਹੈ। ਇਹ ਗੱਲ ਉਹਨੂੰ ਉਦੋਂ ਪਤਾ ਲੱਗਦੀ ਜਦੋਂ ਉਹ ਫਿਕਰ ਚਿੰਤਾ ਤੋਂ ਰਹਿਤ ਹਲਕੇ ਫਲਕੇ ਮਨ ਨਾਲ ਖਾਣਾ ਖਾਣ ਬੈਠਦਾ ਪਰ ਅੱਜ ਉਸਨੇ ਆਪਣੇ ਸੁਭਾਅ ਦੇ ਉਲਟ ਨਾ ਖਾਣੇ ਵਿੱਚ ਕੋਈ ਨੁਕਸ ਕੱਢਿਆ ਤੇ ਨਾ ਉਸਦੀ ਕੋਈ ਤਾਰੀਫ ਕੀਤੀ। ਅੱਜ ਤਾਂ ਉਸਨੂੰ ਇਹ ਵੀ ਨਹੀਂ ਸੀ ਚੇਤੇ ਕਿ ਉਸਦੇ ਪਰੋਸੇ ਖਾਣੇ ਵਿੱਚ ਕੀ ਕੀ ਸ਼ਾਮਲ ਸੀ।

"ਖਾਣਾ ਖਾਣ ਨਾਲ ਮੇਰਾ ਸਿਰ ਭਾਰਾ ਹੋ ਗਿਆ ਏ, ਇਉਂ ਜਾਪਦਾ ਏ ਜਿਵੇਂ ਮੇਰੇ ਸਿਰ ਵਿੱਚ ਤਰਾਟਾਂ ਪੈ ਰਹੀਆਂ ਹੋਣ," ਦੀਵਾਨ ਜੈ ਰਾਮ ਨੇ ਪਤਨੀ ਨੂੰ ਦੱਸਿਆ।

"ਚਿੰਤਾ ਜਾ ਗੁੱਸੇ ਦੇ ਵਾਤਾਵਰਣ ਵਿੱਚ ਖਾਧਾ ਖਾਣਾ ਹਜ਼ਮ ਨਹੀਂ ਹੁੰਦਾ। ਇਸੇ ਲਈ ਸਿਆਣੇ ਕਹਿੰਦੇ ਨੇ ਕਿ ਫਿਕਰਾਂ ਦੀ ਪੰਡ ਲਾਹ ਕੇ ਇਕ ਪਾਸੇ ਰੱਖ ਦਿਉ ਤੇ ਫਿਰ ਨਿਸਚਿੰਤ ਹੋ ਕੇ ਖਾਉ ਪੀਉ ਤਾਂ ਉਹ ਖਾਣਾ ਠੀਕ ਹਜ਼ਮ ਹੁੰਦਾ ਹੈ ਤੇ ਸਰੀਰ ਵਿੱਚ ਕੋਈ ਨੁਕਸ ਨਹੀਂ ਪੈਂਦਾ।" ਰਾਣੀ ਨੇ ਜੈ ਰਾਮ ਨੂੰ ਕਿਹਾ, "ਤੁਸੀਂ ਅੱਜ ਜਿਸ ਤਰ੍ਹਾਂ ਖਾਣਾ ਖਾਧਾ ਏ ਇਸੇ ਦਾ ਅਸਰ ਹੈ ਕਿ ਸਿਰ ਪੀੜ ਹੋਣ ਲੱਗ ਪਈ ਏ।"

"ਨਹੀਂ ਮੈਂ ਠੀਕ ਤਰ੍ਹਾਂ ਰੋਟੀ ਖਾ ਲਈ ਏ। ਸਗੋਂ ਅੱਗੇ ਨਾਲੋਂ ਵੱਧ ਹੀ ਖਾਣਾ ਖਾਧਾ ਹੋਏਗਾ। ਦੀਵਾਨ ਨੇ ਗੱਲ ਟਾਲਣ ਦੀ ਦ੍ਰਿਸ਼ਟੀ ਨਾਲ ਆਖਿਆ।

ਰਾਣੀ ਜਾਣਦੀ ਸੀ ਕਿ ਦੀਵਾਨ ਨੇ ਹੁਣ ਫਿਰ ਬਿਮਲਾ ਦੀ ਗੱਲ ਛੇੜ ਲੈਣੀ ਏਂ ਤੇ ਉਹਨਾਂ ਦਾ ਖਾਧਾ ਪੀਤਾ ਫਿਰ ਗਲੇ ਕੋਲ ਰੁੱਕ ਜਾਣਾ ਏ । ਇਸ ਲਈ ਉਹ ਕੁਝ ਹੋਰ ਇਧਰ ਉਧਰ ਦੀਆਂ ਗੱਲਾਂ ਕਰਕੇ ਸਮਾਂ ਬਿਤਾਉਣਾ ਚਾਹੁੰਦੀ ਸੀ । ਇਸ ਲਈ ਉਹਨੇ ਚਿੰਤਾ ਰਹਿਤ ਹੋ ਕੇ ਖਾਣਾ ਖਾਣ ਦੇ ਸੁਆਲ ਨੂੰ ਲਮਕਾਂਦਿਆ ਆਖਿਆ, "ਇਹ ਪਤਾ ਨਹੀਂ ਕਿਉਂ ਬਹੁਤੇ ਬੰਦਿਆਂ ਵਿੱਚ ਇਹ ਕਮਜ਼ੋਰੀ ਹੁੰਦੀ ਏ ਕਿ ਉਹ ਆਪਣੀ ਠੀਕ ਦਸ਼ਾ ਤੇ ਚਿੰਤਾਗ੍ਰਸਤ ਹੋਣ ਦਾ ਇਕਬਾਲ ਨਹੀਂ ਕਰਦੇ ਜਿਵੇਂ ਤੁਸੀਂ ਨਹੀਂ ਮੰਨਦੇ ਪਰ ਮੈਨੂੰ ਸਾਫ ਦਿਸ ਰਿਹਾ ਏ । ਸੱਚੀ ਦੱਸਿਆ ਜੇ ਕਿ ਅੱਜ ਪਰੋਸੇ ਖਾਣੇ ਵਿੱਚ ਤੁਹਾਨੂੰ ਕਿਹੜੀ ਵਸਤੂ ਚੰਗੀ ਲੱਗੀ ਏ ਅਤੇ ਅੱਜ ਕਿੰਨੀਆਂ ਤੇ ਕਿਹੜੀਆਂ ਕਿਹੜੀਆਂ ਸਬਜ਼ੀਆਂ ਤੇ ਮਿੱਠਾ ਖਾਧਾ ਜੇ । "ਚੱਲ ਛੱਡ ਇਹਨਾਂ ਗੱਲਾਂ ਨੂੰ ਮੈਨੂੰ ਪਹਿਲਾਂ ਬਿਮਲਾ ਦੀ ਗੱਲ ਦੱਸ; ਮੇਰੇ ਲਈ ਇਹ ਜ਼ਿੰਦਗੀ ਮੌਤ ਵਿਚਕਾਰ ਲਟਕਣ ਵਾਲੀ ਗੱਲ ਏ । ਇਧਰ ਉਧਰ ਦੀਆਂ ਹੋਰ ਗੱਲਾਂ ਨਾਲ ਇਸ ਵੇਲੇ ਹੋਰ ਕੋਈ ਸਰੋਕਾਰ ਨਹੀਂ," ਦੀਵਾਨ ਜੈ ਰਾਮ ਨੇ ਕਿਹਾ ।

"ਤੁਸੀਂ ਝੱਟ ਆਰਾਮ ਕਰ ਲਵੋ, ਸਿਰ ਪੀੜ ਹਟ ਜਾਏ ਫਿਰ ਗੱਲ ਕਰਾਂਗੇ ।" ਰਾਣੀ ਨੇ ਕੁਝ ਹੋਰ ਸਮਾਂ ਟਾਲਣ ਲਈ ਕਿਹਾ, "ਮੈਂ ਤੁਹਾਨੂੰ ਪਹਿਲੇ ਵੀ ਕਹਿ ਚੁੱਕੀ ਹਾਂ ਕਿ ਬਹੁਤ ਖਤਰਨਾਕ ਗੱਲ ਨਹੀਂ, ਜੇ ਕੋਈ ਤੁਰੰਤ ਘਬਰਾਹਟ ਵਾਲੀ ਗੱਲ ਹੁੰਦੀ ਤਾਂ ਪਹਿਲਾਂ ਮੈਂ ਤੁਹਾਡੇ ਨਾਲ ਗੱਲ ਕਰਦੀ ਬਾਅਦ ਵਿੱਚ ਰੋਟੀ ਪੁੱਛਦੀ," ਰਾਣੀ ਨੇ ਸਮਝਾਇਆ । "ਮੇਰਾ ਆਖਾ ਮੰਨੋ ਤੇ ਮੱਥਾ ਥੋੜ੍ਹਾ ਜਿਹਾ ਦਬਵਾ ਲਉ ਜਾਂ ਮਾਲਿਸ਼ ਕਰਾ ਲਉ, ਤੁਸੀਂ ਦੋ ਦਿਨ ਬੜਾ ਲੰਮਾ ਸਫਰ ਕਰਕੇ ਆਏ ਹੋ । ਚਿੰਤਾ, ਫਿਕਰ ਵਿੱਚ ਥਕਾਵਟ ਵੀ ਜ਼ਿਆਦਾ ਮਹਿਸੂਸ ਹੁੰਦੀ ਏ ।" ਰਾਣੀ ਕਹਿਣ ਲੱਗੀ ਜੇ ਆਗਿਆ ਦਿਉ ਤਾਂ ਮੈਂ ਸਿਰ ਦਬਾ ਦਿਆਂ ਤੇ ਇਹ ਕਹਿ ਕੇ ਰਾਣੀ ਨੇ ਦੀਵਾਨ ਨੂੰ ਪਲੰਘ 'ਤੇ ਬਿਠਾ ਕੇ ਉਸਦਾ ਸਿਰ ਘੁੱਟਿਆ, ਸਿਰ 'ਚ ਤੇਲ ਦੀ ਮਾਲਸ਼ ਕਰਨੀ ਸ਼ੁਰੂ ਕਰ ਦਿੱਤੀ । ਉਹ ਜਾਣਦੀ ਸੀ ਕਿ ਇਸ ਨਾਲ ਦੀਵਾਨ ਨੂੰ ਇਕ ਤਾਂ ਆਰਾਮ ਆਏਗਾ ਤੇ ਸੁਖ ਮਹਿਸੂਸ ਹੋਏਗਾ ਦੂਜਾ ਉਹਨੂੰ ਨੀਂਦਰ ਆ ਜਾਏਗੀ । ਉਹਨੂੰ ਇਹ ਵੀ ਅਹਿਸਾਸ ਸੀ ਕਿ ਔਰਤ ਜਦੋਂ ਪਿਆਰ ਨਾਲ ਸਿਰ ਦੇ ਵਾਲਾਂ ਵਿੱਚ ਇਸ ਤਰ੍ਹਾਂ ਉਂਗਲਾਂ ਫੇਰੇ ਤਾਂ ਪਿਆਰ ਦਾ ਨਿੰਮਾ ਨਿੰਮਾ ਨਿੱਘ ਤੇ ਸੁਆਦ ਨਸ਼ੇ ਵਰਗਾ ਪ੍ਰਭਾਵ ਪਾਉਂਦਾ ਹੈ । ਉਹਦਾ ਇਹ ਤਰੀਕਾ ਸੁੱਚਮੁੱਚ ਕਾਮਯਾਬ ਰਿਹਾ । ਦੀਵਾਨ ਪਲੰਘ ਉੱਪਰ ਲੇਟਦਿਆਂ ਝੱਟ ਪਿੱਛੋਂ ਸੌਂ ਗਿਆ ।

ਰਾਣੀ ਨੇ ਕਮਰੇ ਦਾ ਦਰਵਾਜ਼ਾ ਬੰਦ ਕਰ ਦਿੱਤਾ ਅਤੇ ਹੌਲੀ ਜਿਹੀ ਉੱਠ ਕੇ ਹਵੇਲੀ ਦੇ ਦੂਜੇ ਪਾਸੇ ਉਸ ਕਮਰੇ ਵਿੱਚ ਚਲੀ ਗਈ ਜਿਥੇ ਬਿਮਲਾ ਲੇਟੀ ਹੋਈ ਸੀ । ਬਿਮਲਾ ਚਾਹੁੰਦੀ ਸੀ ਕਿ ਉਹ ਪਿਤਾ ਨਾਲ ਸਿੱਧੀ ਗੱਲ ਕਰੇ ਤੇ ਸਾਫ ਸਾਫ

ਸਭ ਕੁਝ ਦੱਸ ਦੇਵੇ । ਉਹਨੂੰ ਡਰ ਮਹਿਸੂਸ ਹੁੰਦਾ ਸੀ ਕਿ ਉਸਦੀ ਮਾਂ ਸ਼ਾਇਦ ਉਸ ਦਾ ਪੱਖ ਪੂਰੀ ਤਰ੍ਹਾਂ ਨਾ ਸਮਝ ਸੱਕੇ ਪਰ ਉਹਨੂੰ ਇਹ ਵੀ ਖਿਆਲ ਆਉਂਦਾ ਕਿ ਉਹ ਜਿਸ ਹੱਦ ਤਕ ਇਸ ਮਾਮਲੇ ਵਿੱਚ ਦਖਲ ਦੇ ਚੁੱਕੀ ਏ ਉਥੋਂ ਉਹਦਾ ਪਿੱਛੇ ਹੱਟਣਾ ਵੀ ਨੁਕਸਾਨ ਦੇ ਹੋ ਸਕਦਾ ਹੈ । ਉਹਨੇ ਇਹ ਵੀ ਅਨੁਭਵ ਕੀਤਾ ਕਿ ਉਹ ਸੱਚੋ ਸੱਚ ਸਭ ਕੁਝ ਦੱਸ ਦੇਵੇ ਤਾਂ ਹੋ ਸਕਦਾ ਹੈ ਕਿ ਸਿੰਘਾਂ ਦੇ ਟਿਕਾਣਿਆਂ ਦਾ ਹਕੂਮਤ ਨੂੰ ਪਤਾ ਲੱਗ ਜਾਏ ਤਾਂ ਉਹਨਾਂ ਦਾ ਚੋਖਾ ਜਾਨੀ ਨੁਕਸਾਨ ਹੋ ਸਕਦਾ ਹੈ । ਉਹਦੇ ਮਨ ਵਿੱਚ ਅਨੇਕਾਂ ਪ੍ਰਸ਼ਨ ਉੱਠਦੇ ਤੇ ਉਹ ਆਪ ਹੀ ਉਹਨਾਂ ਦਾ ਹੱਲ ਲੱਭਦੀ । ਉਹ ਏਨੀ ਚੇਤੰਨ ਸੀ ਕਿ ਇਕ ਪਾਸੇ ਮਾਂ ਬਾਪ, ਦੂਜੇ ਪਾਸੇ ਨਵਾਬ ਤੇ ਨਵਾਬ ਦੇ ਸਾਥੀ ਤੇ ਤੀਜੇ ਪਾਸੇ ਸਿੰਘਾਂ ਦਾ ਸਘੰਰਸ਼ ਤੇ ਉਸ ਨਾਲ ਸੰਬੰਧਿਤ ਮਸਲੇ ਸਨ । ਉਹਦੇ ਜੀਵਨ ਦੀ ਇਹੀ ਵੱਡੀ ਪ੍ਰਾਪਤੀ ਸੀ ਕਿ ਉਹ ਠੰਡੇ ਦਿਲ ਨਾਲ ਹਰ ਉਲਝਣ ਬਾਰੇ ਵਿਚਾਰ ਕਰਨ ਪਿੱਛੋਂ ਉਸਨੂੰ ਸੁਲਝਾਉਣ ਦਾ ਰਾਹ ਕੱਢ ਸਕਦੀ ਸੀ । ਉਹਦਾ ਸਵੈ ਵਿਸ਼ਵਾਸ ਇਸ ਹੱਦ ਤਕ ਬਣ ਚੁੱਕਿਆ ਸੀ ਕਿ ਉਹਦਾ ਮਨ ਸਦਾ ਉਸਦੇ ਭਰੋਸੇ ਨੂੰ ਪੱਕਿਆਂ ਕਰਦਾ ਕਿ ਉਹ ਜੋ ਕਦਮ ਚੁੱਕਦੀ ਏ; ਉਸ ਬਾਰੇ ਉਹਦੀ ਨੇਕ ਨੀਅਤ ਹੈ । ਇਸ ਲਈ ਉਸ ਵਿੱਚ ਉਹਨੂੰ ਕਾਮਯਾਬੀ ਹੁੰਦੀ ਹੈ, ਭਾਵੇਂ ਉਹ ਇਕ ਮੁਟਿਆਰ ਨਾਰੀ ਏ ਪਰ ਆਮ ਔਰਤਾਂ ਵਾਂਗ ਨਾ ਉਹਨੂੰ ਆਪਣੀ ਕਮਜ਼ੋਰੀ ਦਾ ਅਹਿਸਾਸ ਹੁੰਦਾ ਹੈ ਤੇ ਨਾ ਹੀ ਉਸਨੂੰ ਖਤਰਾ ਹੈ ਕਿ ਕੋਈ ਮਰਦ ਉਸਦੀ ਇੱਜ਼ਤ 'ਤੇ ਹੱਥ ਪਾ ਸਕਦਾ ਹੈ । ਉਹ ਸਹੇਲੀਆਂ ਵਿੱਚ ਵੀ ਇਹ ਆਖਿਆ ਕਰਦੀ ਕਿ ਮਰਦ ਜਾਤੀ ਤੋਂ ਭੈਅ ਸਾਨੂੰ ਕਮਜ਼ੋਰ ਕਰਦਾ ਹੈ ਅਤੇ ਮਰਦਾਂ ਵਾਂਗ ਜੀਵਨ ਵਿੱਚ ਜੁਝਣ ਤੋਂ ਰੋਕਦਾ ਹੈ । ਜੇ ਇਹ ਭੈ ਮਨ ਵਿੱਚੋਂ ਨਿਕਲ ਜਾਏ ਤਾਂ ਔਰਤ ਵੀ ਮਰਦ ਦੇ ਬਰਾਬਰ ਜੀਵਨ ਸੰਘਰਸ਼ ਵਿੱਚ ਜੁਝ ਸਕਦੀ ਹੈ ।

ਰਾਣੀ ਨੇ ਆ ਕੇ ਉਹਦੇ ਕਮਰੇ ਦਾ ਭੀੜਿਆ ਦਰਵਾਜ਼ਾ ਬਿਨਾਂ ਖੜਕਾਏ ਹੌਲੀ ਜਿਹੀ ਧੱਕੇ ਨਾਲ ਖੋਲ੍ਹ ਲਿਆ ਅਤੇ ਆਵਾਜ਼ ਦਿੱਤੀ, "ਸੁੱਤੀ ਪਈ ਏਂ ਕਿ ਜਾਗਦੀ, ਮੈਂ ਤੇਰੇ ਪਿਤਾ ਨੂੰ ਖਾਣਾ ਖੁਆ ਕੇ ਸੌਆਂ ਆਈ ਹਾਂ । ਉਹ ਬਾਰ ਬਾਰ ਪੁੱਛਦੇ ਨੇ ਕਿ ਬਿਮਲਾ ਕਿੱਥੇ ਗਈ ਸੀ ਤੇ ਸਿੱਖਾਂ ਦੇ ਇਸ ਛੜਯੰਤਰ ਵਿੱਚ ਉਹਦਾ ਕਿੰਨਾ ਕੁ ਹੱਥ ਹੈ । ਅਜੇ ਤਾਂ ਮੈਂ ਟਾਲ ਆਈ ਹਾਂ, ਪਰ ਮੈਨੂੰ ਪਤਾ ਏ ਜਦੋਂ ਉਹਨਾਂ ਨੂੰ ਜਾਗ ਆਈ ਉਹਨਾਂ ਫਿਰ ਇਹੀ ਗੱਲ ਸ਼ੁਰੂ ਕਰਨੀ ਏ । ਮੈਨੂੰ ਸੁਝਦਾ ਨਹੀਂ ਕਿ ਮੈਂ ਕਿਵੇਂ ਤੇ ਕਿਸ ਢੰਗ ਨਾਲ ਇਹ ਸਾਰੀ ਗੱਲ ਉਹਨਾਂ ਨੂੰ ਦੱਸਾਂ ।"

"ਮੈਂ ਵੀ ਇਹੀ ਸੋਚਦੀ ਸਾਂ ਕਿ ਇਸ ਮਾਮਲੇ ਵਿੱਚ ਪਿਤਾ ਜੀ ਤੇ ਕੋਈ ਉਂਗਲ ਨਹੀਂ ਉੱਠਣੀ ਚਾਹੀਦੀ ਤੇ ਜੇ ਮੇਰੇ ਕਿਸੇ ਕਰਮ ਕਰਕੇ ਉਹ ਸੰਕਟ ਵਿੱਚ ਫੱਸਦੇ ਹੋਣ ਤਾਂ ਮੈਨੂੰ ਆਪਾ ਵਾਰ ਕੇ ਉਹਨਾਂ ਲਈ ਔਖੀ ਘੜੀ ਟਾਲ ਦੇਣੀ

ਚਾਹੀਦੀ ਏ ।" ਬਿਮਲਾ ਨੇ ਆਖਿਆ ਤੇ ਉੱਠ ਕੇ ਬੈਠ ਗਈ । ਮਾਂ ਉਹਦੇ ਕੋਲ ਮੰਜੇ 'ਤੇ ਬੈਠ ਗਈ ਤੇ ਮਮਤਾ ਦੇ ਜਜ਼ਬੇ ਨਾਲ ਧੀ ਨੂੰ ਗੱਲਵਕੜੀ ਵਿੱਚ ਲੈ ਕੇ ਕਹਿਣ ਲੱਗੀ, "ਚੱਕੀ ਦੇ ਦੋ ਪੁੜਾਂ ਵਿੱਚ ਪਿਸਦੀ ਤਾਂ ਮੈਂ ਹਾਂ । ਜੇ ਤੇਰੇ ਪਿਤਾ ਨੂੰ ਕੋਈ ਬਿਪਤਾ ਆ ਪਏ ਤਾਂ ਉਹਦਾ ਦੁੱਖ ਵੀ ਮੈਨੂੰ ਹੈ, ਨੌਕਰੀ ਜਾਂਦੀ ਰਹੇ ਜਾਂ ਨਵਾਬ ਦੀ ਕੋਈ ਹੋਰ ਕ੍ਰੋਪੀ ਆ ਜਾਏ ਤਾਂ ਕਲੇਸ਼ ਮੇਰੇ ਲਈ ਏ । ਜੇ ਤੈਨੂੰ ਕੁਝ ਹੋ ਜਾਏ ਤਾਂ ਵੀ ਦੁੱਖ ਮੇਰੇ ਜੋਗਾ ਹੈ । ਸਾਡੀ ਇਕੋ ਇਕ ਧੀ ਏ । ਮੇਰੇ ਜਿਗਰ ਦਾ ਟੋਟਾ ਏ, ਕਿਵੇਂ ਮੂੰਹ ਭਰ ਕੇ ਕਹਿ ਦੇਨੀ ਏਂ ਕਿ ਤੂੰ ਆਪਣੀ ਜਾਨ ਵਾਰ ਦਏਂਗੀ; ਪਤਾ ਈ ਇਹ ਸੁਣ ਕੇ ਮੇਰੇ ਮਨ 'ਤੇ ਕੀ ਗੁਜ਼ਰਦੀ ਏ । ਮੈਂ ਤੇ ਪਰਮਾਤਮਾ ਪਾਸ ਇਹੀ ਪ੍ਰਾਥਨਾ ਕਰਦੀ ਹਾਂ ਕਿ ਪਰਿਵਾਰ ਵਿੱਚ ਸੁਖ ਸ਼ਾਤੀ ਬਣੀ ਰਹੇ । ਤੇਰਾ ਵੀਰਾ ਅਜੇ ਛੋਟਾ ਏ । ਤੂੰ ਜੁਆਨੀ ਵਿੱਚ ਪੈਰ ਧਰ ਚੁੱਕੀ ਏਂ । ਛੇਤੀ ਛੇਤੀ ਤੇਰਾ ਵਰ ਲੱਭੇ ਤੇ ਤੇਰੇ ਹੱਥ ਪੀਲੇ ਕਰਕੇ ਸ਼ਾਹੀ ਠਾਠ ਨਾਲ ਤੇਰਾ ਵਿਆਹ ਕਰ ਦੇਈਏ ।"

"ਇਹ ਪਤਾ ਨਹੀਂ ਕਿਉਂ ਮਾਪਿਆਂ ਨੂੰ ਚਿੰਤਾ ਲੱਗੀ ਰਹਿੰਦੀ ਏ ਕਿ ਧੀਆਂ ਦਾ ਵਿਆਹ ਕਰੀਏ ਤੇ ਸੁਰਖਰੂ ਹੋਈਏ । ਧੀਆਂ ਦਾ ਬੋਝ ਕਿਉਂ ਮਹਿਸੂਸ ਹੁੰਦਾ ਏ ?" ਬਿਮਲਾ ਨੇ ਆਖਿਆ, ਸਮਾਂ ਬਦਲ ਰਿਹਾ ਹੈ, ਹਰ ਪੀੜੀ ਦੀ ਸੋਚ ਨਵੀਂ ਹੁੰਦੀ ਏ । ਮੈਂ ਸਮਝਦੀ ਹਾਂ ਕਿ ਧੀਆਂ ਪੁੱਤਰਾਂ ਦੇ ਟਾਕਰੇ ਕਿਉਂ ਬੋਝ ਹੁੰਦੀਆਂ ਹਨ ?"

"ਚੱਲ ਇਸ ਵੇਲੇ ਮਤਲਬ ਦੀ ਗੱਲ ਕਰੀਏ, ਉਹ ਹੁਣੇ ਉੱਠ ਪਏ ਤਾਂ ਉਹਨਾਂ ਫਿਰ ਮੇਰੇ ਕੋਲੋਂ ਇਹੀ ਗੱਲ ਪੁੱਛਣੀ ਏ । ਰਾਣੀ ਨੇ ਗੱਲ ਦਾ ਰੁਖ ਮੋੜਦਿਆਂ ਤੇ ਅਸਲ ਗੱਲ ਵੱਲ ਆਉਂਦਿਆਂ ਕਿਹਾ ।"

"ਮੈਂ ਤੇ ਕਹਿੰਦੀ ਆਂ ਕਿ ਮੇਰੀ ਸਿੱਧੀ ਗੱਲ ਪਿਤਾ ਜੀ ਨਾਲ ਕਰਾ ਦਿਉ, ਮੈਂ ਆਪੇ ਉਹਨਾਂ ਨੂੰ ਤਰੀਕੇ ਨਾਲ ਸਾਫ ਗੱਲ ਕਰ ਦਿਆਂਗੀ । ਮੈਂ ਇਸ ਮਾਮਲੇ ਵਿੱਚ ਸਾਰੀ ਵਿਉਂਤ ਸੋਚ ਲਈ ਏ । ਤੁਸੀਂ ਸਿਰਫ ਇਕੋ ਗੱਲ ਕਰੋ ਕਿ ਪਿਤਾ ਜੀ ਠੰਡੇ ਦਿਲ ਨਾਲ ਤੇ ਸ਼ਾਂਤੀ ਨਾਲ ਮੇਰੀ ਗੱਲ ਸੁਣ ਲੈਣ ।" ਬਿਮਲਾ ਨੇ ਕਿਹਾ, "ਮੈਨੂੰ ਇਕੋ ਡਰ ਏ ਕਿ ਪਿਤਾ ਜੀ ਪਹਿਲਾਂ ਹੀ ਗੁੱਸੇ ਨਾਲ ਅਸ਼ਾਂਤ ਨਾ ਹੋ ਜਾਣ । ਅਸ਼ਾਂਤ ਮਨੁੱਖ ਸ਼ਾਂਤੀ ਨਾਲ ਨਾ ਗੱਲ ਕਰ ਸਕਦਾ ਹੈ ਤੇ ਨਾ ਸੁਣ ਸਕਦਾ ਹੈ ।"

"ਇਹੀ ਤਾਂ ਮੈਨੂੰ ਡਰ ਏ," ਰਾਣੀ ਨੇ ਕਿਹਾ, "ਉਹ ਜਦੋਂ ਘਰ ਆਏ ਸਨ ਤੇ ਮੈਂ ਉਹਨਾਂ ਨੂੰ ਦੱਸਿਆ ਸੀ ਕਿ ਬਿਮਲਾ ਉਸੇ ਦਿਨ ਝੱਟ ਪਿੱਛੋਂ ਘਰ ਆ ਗਈ ਸੀ ਤਾਂ ਉਹ ਕੱਪੜਿਆਂ ਤੋਂ ਬਾਹਰ ਹੋ ਗਏ ਸਨ । ਉਹ ਉਤਾਵਲੇ ਸਨ ਤੇ ਸਾਰੀ ਗੱਲ ਦੀ ਤਹਿ ਤਕ ਤੁਰੰਤ ਪਹੁੰਚਣਾ ਚਾਹੁੰਦੇ ਸਨ । ਉਹ ਤਾਂ ਪਾਣੀ ਪੀਣ ਨੂੰ

ਤਿਆਰ ਨਹੀਂ ਸਨ । ਮੈਂ ਮਸੀਂ ਉਹਨਾਂ ਨੂੰ ਪਾਣੀ ਪਿਆਇਆ ਤੇ ਉਹਨਾਂ ਦਾ ਕੁਝ ਗੁੱਸਾ ਘਟਿਆ । ਹੁਣ ਡਰ ਇਹ ਹੈ ਕਿ ਤੇਰੇ ਸਾਹਮਣੇ ਆਉਂਦਿਆਂ ਉਹ ਫਿਰ ਲਹੂ ਲਾਖੇ ਨਾ ਹੋ ਜਾਣ । ਇਸ ਲਈ ਮੈਂ ਹੁਣ ਤਕ ਉਹਨਾਂ ਨਾਲ ਤੇਰੇ ਮੱਸਲੇ 'ਤੇ ਗੱਲਬਾਤ ਨਹੀਂ ਛਿੜਨ ਦਿੱਤੀ ।

"ਮਾਂ ਤੂੰ ਸਿਆਣੀ ਏਂ ਜਿਵੇਂ ਅੱਗੇ ਤੂੰ ਮਾਮਲਾ ਨਜਿੱਠ ਲਿਆ ਏ, ਹੁਣ ਵੀ ਤੂੰ ਪਿਤਾ ਜੀ ਨੂੰ ਸਮਝਾ ਸਕਦੀ ਏਂ ਕਿ ਮੈਂ ਇਸ ਮਾਮਲੇ ਵਿੱਚ ਚੇਤੰਨ ਰਹੀ ਹਾਂ ਕਿ ਸੱਪ ਵੀ ਮਰ ਜਾਏ ਤੇ ਲਾਠੀ ਵੀ ਬਚ ਜਾਏ । ਪਿਤਾ ਜੀ ਨੂੰ ਇਹ ਯਕੀਨ ਦੁਆ ਦੇ ਕਿ ਉਹਨਾਂ 'ਤੇ ਕੋਈ ਆਂਚ ਨਹੀਂ ਆਏਗੀ । ਅਸੀਂ ਸਾਰੇ ਸਬੂਤ ਵੀ ਖਤਮ ਕਰ ਦਿੱਤੇ ਨੇ ।" ਬਿਮਲਾ ਨੇ ਕਿਹਾ, "ਮਾਂ ਤੂੰ ਨਹੀਂ ਜਾਣਦੀ, ਉਹਨਾਂ ਸਿੱਖਾਂ ਦੇ ਇਰਾਦੇ ਕੀ ਹਨ ਤੇ ਉਹਨਾਂ ਦੀਆਂ ਭਾਵੇਂ ਜਾਨਾਂ ਚਲੀਆਂ ਜਾਣ ਉਹ ਜ਼ੁਲਮ ਕਰਨ ਵਾਲਿਆਂ ਤੋਂ ਬਦਲਾ ਜ਼ਰੂਰ ਲੈਣਗੇ । ਉਹਨਾਂ ਨੂੰ ਸਭ ਪਤਾ ਏ ਕਿ ਕਿੰਨੇ ਕਿੰਨੇ ਨਵਾਬ ਨੂੰ ਇਹ ਜ਼ੁਲਮ ਕਰਨ ਦੀ ਸਲਾਹ ਦਿੱਤੀ ਸੀ; ਉਹ ਉਹਨਾਂ ਸਾਰਿਆਂ ਨੂੰ ਕੀਤੇ ਦੀ ਸਜ਼ਾ ਦੇਣਗੇ । ਉਹ ਤਾਂ ਕਹਿੰਦੇ ਨੇ ਜ਼ੁਲਮ ਤੇ ਬੇਇਨਸਾਫੀ ਅੱਗੇ ਝੁਕ ਜਾਣਾ ਬੁਜ਼ਦਿੱਲੀ ਏ । ਕਾਇਰ ਮਨੁੱਖ ਹੀ ਧੱਕਾ ਤੇ ਬੇਇਨਸਾਫੀ ਬਰਦਾਸ਼ਤ ਕਰ ਲੈਂਦਾ ਹੈ ।"

"ਮੈਨੂੰ ਤੇ ਹੈਰਾਨੀ ਏ, ਤੇਰੀ ਸਿੱਖਾਂ ਨਾਲ ਏਨੀ ਹਮਦਰਦੀ ਕਿਉਂ ਹੋ ਗਈ ਏ," ਰਾਣੀ ਨੇ ਪੁੱਛਿਆ ?"

"ਮੇਰੇ ਦਿੱਲ ਨੂੰ ਇਹ ਗੱਲ ਚੰਗੀ ਲੱਗੀ ਏ ਕਿ ਜਿਹੜੇ ਜ਼ਾਲਮਾਂ ਅੱਗੇ ਡੱਟ ਕੇ ਦਲੇਰੀ ਨਾਲ ਖੜੇ ਹੋ ਸਕਦੇ ਹਨ । ਮੈਂ ਗੁਰੂ ਦੇ ਉਹਨਾਂ ਦੋਵੇਂ ਮਾਸੂਮ ਬੱਚਿਆਂ ਦੇ ਡਰ ਰਹਿਤ ਦਰਬਾਰ ਵਿੱਚ ਗੱਲ ਕਰਨ ਤੋਂ ਪਹਿਲਾਂ ਪ੍ਰਭਾਵਿਤ ਹੋਈ ਸੀ । ਫਿਰ ਜੋਤਿਸ਼ੀ ਸਿੱਖ ਦੀਆਂ ਗੱਲਾਂ ਤੋਂ ਮੈਨੂੰ ਇਉਂ ਜਾਪਿਆ ਜਿਵੇਂ ਉਹ ਮੇਰੇ ਜਜ਼ਬਿਆਂ ਵਾਂਗ ਸੋਚਦੇ ਅਤੇ ਅਮਲ ਕਰਦੇ ਨੇ । ਮੇਰੀ ਸਿੱਖਾਂ ਬਾਰੇ ਹੋਰ ਚੰਗੀ ਰਾਇ ਬਣ ਗਈ ਜਦੋਂ ਮੈਂ ਇਕਾਂਤ ਵਿੱਚ ਉਨ੍ਹਾਂ ਨੂੰ ਮਿਲੀ ਤਾਂ ਵੀ ਕਿਸੇ ਸਿੱਖ ਨੇ ਮੇਰੇ ਵੱਲ ਮੈਲੀ ਨਜ਼ਰ ਨਾਲ ਨਹੀਂ ਵੇਖਿਆ ।" ਬਿਮਲਾ ਨੇ ਮਾਂ ਨੂੰ ਦੱਸਿਆ, "ਮੈਂ ਘੋੜੇ 'ਤੇ ਨਾਲ ਲੱਗ ਕੇ ਪਿੱਛੇ ਬੈਠੀ ਰਹੀ ਹਾਂ, ਉਨ੍ਹਾਂ ਦੀ ਅੱਖ ਮੈਲੀ ਨਹੀਂ ਹੋਈ । ਉਹ ਦੇਵਤਾ ਪੁਰਸ਼ ਨੇ । ਮੈਂ ਉਹਨਾਂ ਛੜਿਆਂ ਵਿੱਚ ਇਕੱਲੀ ਕੁੜੀ ਵੀ ਆਪਣੇ ਆਪ ਨੂੰ ਇਕੱਲਿਆਂ ਮਹਿਸੂਸ ਨਹੀਂ ਸਾਂ ਕਰਦੀ । ਮੈਂ ਤੇ ਆਉਣਾ ਨਹੀਂ ਸਾਂ ਚਾਹੁੰਦੀ, ਉਹਨਾਂ ਜ਼ਬਰਦਸਤੀ ਮੈਨੂੰ ਭੇਜਿਆ ਏ ਤੇ ਉਹ ਕਹਿੰਦੇ ਸਨ ਕਿ ਇਉਂ ਦੀਵਾਨ ਜੀ ਲਈ ਮੁਸਬੀਤ ਨਾ ਬਣ ਜਾਈਂ । ਸਾਡੀਆਂ ਸਰਗਰਮੀਆਂ ਨਾਲ ਦੀਵਾਨ ਜੀ 'ਤੇ ਆਂਚ ਨਹੀਂ ਆਉਣੀ ਚਾਹੀਦੀ ਅਤੇ ਨਾਲ ਉਹਨਾਂ ਮੈਨੂੰ ਇਹ ਵੀ ਕਹਿ ਕੇ ਤੋਰਿਆ ਏ ਕਿ ਜਦ ਵੀ ਪਿਤਾ ਜੀ ਜਾਂ ਮੇਰੇ 'ਤੇ ਕੋਈ ਸੰਕਟ ਆਇਆ

ਤਾਂ ਉਹ ਅਵੱਸ਼ ਮਦਦ ਲਈ ਪਹੁੰਚਣਗੇ ।"

ਉਹ ਆਪ ਘਰ ਬਾਹਰ ਛੱਡ ਕੇ ਭੱਜੇ ਫਿਰਦੇ ਨੇ । ਬਹੁ-ਰੂਪੀਏ ਬਣ ਕੇ ਇਕ ਥਾਂ ਤੋਂ ਦੂਜੀ ਥਾਂ ਲੁਕੇ ਫਿਰਦੇ ਨੇ । ਉਹਨਾਂ ਸਾਡੀ ਕੀ ਮਦਦ ਕਰਨੀ ਏ ? ਨਾਲੇ ਔਖੇ ਵੇਲੇ ਨੇੜੇ ਦੇ ਸਾਕ ਸਨੇਹੀ ਵੀ ਸਾਥ ਛੱਡ ਜਾਂਦੇ ਨੇ, ਸਾਡੀ ਔਖੀ ਘੜੀ ਉਹ ਕਿਥੋਂ ਪਹੁੰਚਣਗੇ ? ਮਾਂ ਨੇ ਕਿਹਾ ।

"ਮਾਂ ਤੈਨੂੰ ਉਨ੍ਹਾਂ ਬਾਰੇ ਕੁਝ ਵੀ ਪਤਾ ਨਹੀਂ ਜੋ ਕੁਝ ਤੁਸੀਂ ਸੁਣਦੇ ਹੋ ਉਹ ਉਹਨਾਂ ਦਾ ਅਸਲੀ ਜੀਵਨ ਨਹੀਂ । ਉਹ ਹਾਕਮਾਂ ਦਾ ਭੰਡੀ ਪ੍ਰਚਾਰ ਏ । ਬਿਮਲਾ ਨੇ ਦੱਸਿਆ, "ਉਨ੍ਹਾਂ ਨੂੰ ਪਲ ਪਲ ਦੀ ਖ਼ਬਰ ਏ । ਦਰਬਾਰ ਦੇ ਇਕ ਇਕ ਬੰਦੇ ਬਾਰੇ ਉਹਨਾਂ ਨੂੰ ਪਤਾ ਏ । ਉਹਨਾਂ ਦੀ ਕਈ ਬੰਦਿਆਂ ਨਾਲ ਸਾਂਝ ਏ । ਹਰ ਥਾਂ ਉਹਨਾਂ ਦੇ ਹਮਦਰਦ ਰਹਿੰਦੇ ਨੇ । ਮੈਂ ਤੇ ਹੈਰਾਨ ਹਾਂ ਕਿ ਅਨੇਕਾਂ ਹਿੰਦੂ ਅਤੇ ਮੁਸਲਮਾਨ ਵੀ ਉਹਨਾਂ ਦੇ ਮਿੱਤਰ ਨੇ । ਕਈ ਮੁਸਲਮਾਨ ਵੀ ਜੋ ਆਪ ਨਵਾਬ ਦੀਆਂ ਗਲਤ ਕਾਰਵਾਈਆਂ ਦਾ ਖੁਲ੍ਹ ਕੇ ਵਿਰੋਧ ਨਹੀਂ ਕਰ ਸਕਦੇ । ਉਹ ਇਹਨਾਂ ਦੇ ਹਮਦਰਦ ਬਣ ਕੇ ਆਪਣੇ ਦਿੱਲ ਦੀ ਭੜਾਸ ਕੱਢ ਲੈਂਦੇ ਨੇ ।"

"ਹਾਂ ਸੱਚੀ, ਇਕ ਗੱਲ ਦੱਸ ਉਹ ਮਹਾਤਮਾਂ ਪੁਰਸ਼ ਜੋ ਜੋਤਿਸ਼ੀ ਨੂੰ ਸਾਡੇ ਘਰ ਲਿਆਇਆ ਸੀ, ਕੀ ਉਹ ਵੀ ਸਿੱਖ ਏ ? ਅਸੀਂ ਬੜੇ ਸਾਲਾਂ ਤੋਂ ਉਹਨੂੰ ਜਾਣਦੇ ਹਾਂ ਤੇ ਉਹ ਸਾਡੇ ਲਈ ਪੂਜਯ ਹਸਤੀ ਸੀ, ਕੀ ਉਹ ਵੀ ਸਿੱਖ ਸੀ ?" ਰਾਣੀ ਨੇ ਪੁੱਛਿਆ । "ਮੈਨੂੰ ਤਾਂ ਕਦੇ ਉਹਦੇ ਸਿੱਖ ਹੋਣ ਬਾਰੇ ਸ਼ੱਕ ਨਹੀਂ ਪਿਆ ਤੇ ਨਾ ਹੀ ਜੋਤਿਸ਼ੀ ਨੂੰ ਮੈਂ ਪਛਾਣ ਸਕੀ ਹਾਂ ਕਿ ਉਹ ਸਿੱਖ ਹੈ ।"

"ਨਹੀਂ ਉਹ ਮਹਾਤਮਾ ਸੰਤ ਉਦਾਸੀ ਸਾਧੂ ਏ, ਉਹ ਸੱਚੀਮੁੱਚੀ ਦਾ ਸਾਧੂ ਏ । ਇਹ ਉਦਾਸੀ ਸਾਧੂ ਵੀ ਸਿੱਖਾਂ ਦੇ ਹਮਦਰਦ ਨੇ । ਇਹਨਾਂ ਉਦਾਸੀਆਂ ਦਾ ਮੋਢੀ ਸਾਧੂ ਸ੍ਰੀ ਚੰਦ ਸੀ ਜੋ ਸਿੱਖਾਂ ਦੇ ਪਹਿਲੇ ਗੁਰੂ, ਗੁਰੂ ਨਾਨਕ ਦੇਵ ਜੀ ਦਾ ਪੁੱਤਰ ਸੀ ।"

"ਫਿਰ ਇਹ ਵੀ ਸਿੱਖ ਹੋਏ", ਮਾਂ ਨੇ ਫਿਰ ਪ੍ਰਸ਼ਨ ਕੀਤਾ ।

"ਨਹੀਂ ਇਹ ਸਿੱਖਾਂ ਦੀ ਅੱਜ ਕੱਲ ਦੀ ਰਹਿਣੀ ਬਹਿਣੀ ਵਾਲੇ ਨਹੀਂ ਨਾ ਇਹ ਸਿੱਖਾਂ ਵਰਗੇ ਚਿੰਨ੍ਹਾਂ ਦੇ ਪਾਬੰਧ ਨੇ ਤੇ ਨਾ ਇਹ ਹਥਿਆਰ ਚੁੱਕ ਕੇ ਦੁਸ਼ਮਣਾਂ ਨਾਲ ਟੱਕਰ ਲੈਂਦੇ ਨੇ । ਇਹ ਤਾਂ ਧੂਣੀਆਂ ਧੁਖਾ ਕੇ ਬਸ ਵੱਖਰੇ ਹੀ ਢੰਗ ਨਾਲ ਰੱਬ ਦੀ ਭਗਤੀ ਵਿੱਚ ਜੁੜੇ ਰਹਿੰਦੇ ਨੇ । ਇਹਨਾਂ ਦਾ ਜੀਵਨ ਬਿਲਕੁੱਲ ਵੱਖ ਹੀ ਕਿਸਮ ਦਾ ਏ । ਜਿਥੋਂ ਤਕ ਆਪਣੇ ਸੰਤ ਮਹਾਰਾਜ ਦਾ ਸੰਬੰਧ ਏ, ਉਹ ਉਦੋਂ ਤੋਂ ਦੁੱਖੀ ਨੇ ਜਦੋਂ ਦੇ ਗੁਰੂ ਜੀ ਦੇ ਦੋਵੇਂ ਪੁੱਤਰਾਂ ਨੂੰ ਨਵਾਬ ਨੇ ਕੱਤਲ ਕੀਤਾ ਏ ।

ਉਹ ਆਪ ਕੁਝ ਕਰਨ ਜੋਗੇ ਨਹੀਂ ਤੇ ਜਦੋਂ ਇਹ ਸਿੱਖ ਉਹਨਾਂ ਨੂੰ ਮਿਲਿਆ ਤਾਂ ਉਹ ਉਸਦੇ ਮਦਦਗਾਰ ਬਣ ਗਏ ।"

"ਤਾਂਹੀਉਂ ਹੁਣ ਉਹ ਆਪਣਾ ਸਥਾਨ ਤੇ ਝੁੱਗੀ ਛੱਡ ਕੇ ਕਿਧਰੇ ਤੁਰ ਗਏ ਨੇ । ਉਹ ਵੀ ਅਲੋਪ ਹੋ ਗਏ ਨੇ ।" ਮਾਂ ਨੇ ਕਿਹਾ, "ਚੰਗਾ ਫਿਰ ਪਿਤਾ ਨੂੰ ਪਹਿਲਾਂ ਇਹ ਦੱਸ ਦੇਈਂ ਕਿ ਸਿੱਖ ਕਿਹਨੂੰ ਮਾਰਨ ਦੀ ਸੋਚਦੇ ਨੇ ਤੇ ਸਾਡੇ ਪਰਿਵਾਰ ਬਾਰੇ ਉਹਨਾਂ ਦਾ ਕੀ ਵਿਚਾਰ ਏ ।" ਰਾਣੀ ਨੇ ਕਿਹਾ ਤੇ ਦੀਵਾਨ ਦਾ ਦਰਵਾਜ਼ਾ ਖੁੱਲ੍ਹਣ ਦੀ ਆਵਾਜ਼ ਆਈ ਤੇ ਉਹ ਝੱਟ ਉੱਠ ਕੇ ਬਿਮਲਾ ਦੇ ਕਮਰੇ ਤੋਂ ਬਾਹਰ ਨਿਕਲ ਗਈ ।

●●●

ਕਾਂਡ-23

ਦੀਵਾਨ ਜੈ ਰਾਮ ਨੂੰ ਉਹਦੀ ਪਤਨੀ ਨੇ ਬੜੀ ਸਿਆਣਪ ਨਾਲ ਸਾਰੀ ਗੱਲ ਇਸ ਤਰ੍ਹਾਂ ਦੱਸੀ ਕਿ ਉਹਦਾ ਗੁੱਸਾ ਤੇ ਲੜਕੀ ਵਿਰੁੱਧ ਨਫ਼ਰਤ ਕੁਝ ਘੱਟ ਗਈ। ਪਰ ਉਹਦੀ ਪੂਰੀ ਤਰ੍ਹਾਂ ਤਸੱਲੀ ਨਾ ਹੋਈ । ਉਹ ਸਾਰੇ ਮਾਮਲੇ ਦੀ ਤਹਿ ਤਕ ਪਹੁੰਚਣਾ ਚਾਹੁੰਦਾ ਸੀ ਤਾਂ ਕਿ ਇਹ ਪਤਾ ਲੱਗ ਸੱਕੇ ਕਿ ਨਵਾਬ ਦੇ ਨਿੱਕਟਵਰਤੀਆਂ ਵਿੱਚੋਂ ਕੋਈ ਇਸ ਸਾਜਿਸ਼ ਵਿੱਚ ਸ਼ਾਮਲ ਹੈ ਕਿ ਨਹੀਂ । ਉਹਨੂੰ ਇਹ ਤੌਖਲਾ ਸੀ ਕਿ ਉਹਦੀ ਲੜਕੀ ਕਿਸ ਹੱਦ ਤਕ ਇਸ ਮੁਆਮਲੇ ਵਿੱਚ ਅੱਗੇ ਜਾ ਚੁੱਕੀ ਏ ਤੇ ਕੀ ਉਹਦਾ ਨਾਂ ਵੀ ਇਸ ਗੜਬੜ ਵਿੱਚ ਲਪੇਟਿਆ ਜਾਣ ਵਾਲਾ ਹੈ ਕਿ ਨਹੀਂ । ਇਸ ਲਈ ਉਹਨੇ ਰਾਣੀ ਨੂੰ ਆਖਿਆ ਕਿ ਬਿਮਲਾ ਨੂੰ ਬੁਲਾਓ, ਮੈਂ ਉਹਦੇ ਨਾਲ ਸਿੱਧੀ ਗੱਲ ਕਰਨੀ ਚਾਹੁੰਦਾ ਹਾਂ ਤੇ ਕੁਝ ਸਵਾਲਾਂ ਦੇ ਜਵਾਬ ਲੈਣਾ ਚਾਹੁੰਦਾ ਹਾਂ । ਰਾਣੀ ਨੇ ਦੱਸਿਆ, "ਬਿਮਲਾ ਵੀ ਤੁਹਾਡੇ ਨਾਲ ਗੱਲ ਕਰਨਾ ਚਾਹੁੰਦੀ ਏ । ਉਹ ਝੂਠ ਨਹੀਂ ਬੋਲਦੀ ਜੋ ਕੁਝ ਉਹਨੂੰ ਪਤਾ ਏ, ਉਹ ਸਾਫ ਸਾਫ ਦੱਸ ਰਹੀ ਏ । ਉਹਨੂੰ ਇਕੋ ਡਰ ਹੈ ਕਿ ਤੁਸੀਂ ਠੰਡੇ ਦਿੱਲ ਨਾਲ ਸ਼ਾਂਤ ਰਹਿ ਕੇ ਉਹਦੀ ਗੱਲ ਸੁਣ ਲਉ ।

"ਨਹੀਂ, ਹੁਣ ਮੈਂ ਪੂਰੀ ਤਰ੍ਹਾਂ ਸ਼ਾਂਤੀ ਨਾਲ ਉਹਦੀ ਗੱਲ ਸੁਣ ਸਕਦਾ ਹਾਂ", ਦੀਵਾਨ ਜੈ ਰਾਮ ਨੇ ਆਖਿਆ, "ਹੁਣ ਸਾਡੇ ਕੋਲ ਇਕੋ ਇਕ ਇਸ ਸਾਜਿਸ਼ ਦੀ ਸੂਹ ਲੈਣ ਵਾਲੀ ਬਿਮਲਾ ਏ । ਹੋਰ ਕਿਸੇ ਨੂੰ ਕੱਖ ਨਹੀਂ ਪਤਾ ਕਿ ਇਹ ਕਿਵੇਂ ਦੋਵੇਂ ਘਟਨਾਵਾਂ ਵਾਪਰੀਆਂ ਨੇ । ਸ਼ਾਇਦ ਇਹਦੀ ਗੱਲਬਾਤ ਵਿੱਚੋਂ ਕੋਈ ਸੂਹ ਨਿਕਲ ਆਵੇ ।" ਰਾਣੀ ਉੱਠ ਕੇ ਬਿਮਲਾ ਨੂੰ ਬੁਲਾਉਣ ਚਲੀ ਗਈ । ਦੀਵਾਨ ਸੋਚਣ ਲੱਗ ਪਿਆ ਕਿ ਸਿੱਖਾਂ ਦੇ ਜੀਵਨ ਵਿੱਚ ਇਹ ਕਿਤਨੀ ਚੁੰਬਕ ਸ਼ਕਤੀ ਆ ਗਈ ਏ ਕਿ ਜਿਸ ਨਾਲ ਵੀ ਉਹਨਾਂ ਦਾ ਵਾਹ ਪਏ, ਉਹੋ ਹੀ ਉਨ੍ਹਾਂ ਵੱਲ ਖਿੱਚਿਆ ਜਾਂਦਾ ਏ । ਕੋਈ ਉਹਨਾਂ ਦੇ ਕਿਰਦਾਰ ਤੋਂ ਔਖਾ ਬੰਦਾ ਨਹੀਂ ਮਿਲਿਆ । ਸਿਵਾਏ ਨਵਾਬ ਦੇ ਜਾਂ ਉਹਨਾਂ ਝੋਲੀ ਚੁੱਕਾਂ ਦੇ ਜੋ ਨਵਾਬ ਦਾ ਰੁਖ ਵੇਖ ਕੇ ਉਹੋ ਜਿਹੀਆਂ ਗੱਲਾਂ ਕਰਨ ਲੱਗ ਪੈਂਦੇ ਨੇ ।

ਬਿਮਲਾ ਪਿਤਾ ਦੇ ਕਮਰੇ ਵਿੱਚ ਆਈ । ਉਹਦੀਆਂ ਅੱਖਾਂ ਨੀਵੀਆਂ ਸਨ, ਸਤਿਕਾਰ ਤੇ ਪਿਆਰ ਨਾਲ ਨਮਸਤੇ ਕੀਤੀ । ਜੈ ਰਾਮ ਨੇ ਉਹਨੂੰ ਆਪਣੇ ਸਾਹਮਣੇ

ਮੂੜੇ 'ਤੇ ਬੈਠਣ ਦਾ ਇਸ਼ਾਰਾ ਕਰਦਿਆਂ ਕਿਹਾ, "ਤੂੰ ਜੋ ਕੁਝ ਕੀਤਾ ਏ ਉਸਦਾ ਮੈਨੂੰ ਦੁੱਖ ਹੈ। ਧੀਆਂ ਇਸ ਤਰ੍ਹਾਂ ਮਾਪਿਆਂ ਤੋਂ ਬਾਹਰੀਆਂ ਨਹੀਂ ਜਾਂਦੀਆਂ। ਮੈਨੂੰ ਤੇਰੇ ਤੋਂ ਇਹ ਆਸ ਨਹੀਂ ਸੀ ਕਿ ਤੂੰ ਸਾਨੂੰ ਦੱਸੇ ਬਿਨਾਂ ਇੰਨਾ ਵੱਡਾ ਕਦਮ ਚੁੱਕੇਂਗੀ। ਤੈਨੂੰ ਇਹ ਵੀ ਖਿਆਲ ਨਾ ਆਇਆ ਕਿ ਮੈਂ ਕਿੰਨੇ ਵੱਡੇ ਔਹੁਦੇ 'ਤੇ ਕੰਮ ਕਰ ਰਿਹਾ ਹਾਂ ਤੇ ਮੇਰੇ ਘਰ ਹੀ ਨਵਾਬ ਵਿਰੁੱਧ ਸਾਜ਼ਿਸ਼ ਦਾ ਅੱਡਾ ਬਣਿਆ ਹੋਇਆ ਹੈ।"

"ਮੈਨੂੰ ਅਫਸੋਸ ਹੈ ਕਿ ਮੈਂ ਤੁਹਾਨੂੰ ਪਹਿਲਾਂ ਸਾਰਾ ਕੁਝ ਦੱਸ ਨਹੀਂ ਸਕੀ। ਮੈਨੂੰ ਖਤਰਾ ਮਹਿਸੂਸ ਹੁੰਦਾ ਸੀ ਜੇ ਤੁਹਾਨੂੰ ਪਹਿਲੋਂ ਦੱਸ ਦਿੱਤਾ ਤਾਂ ਉਹਨਾਂ ਦੀ ਕਾਰਵਾਈ ਵਿੱਚ ਵਿਘਨ ਪੈ ਸਕਦਾ ਏ।" ਬਿਮਲਾ ਨੇ ਬੜੀ ਨਿਮਰਤਾ ਨਾਲ ਹੌਲੀ ਹੌਲੀ ਬੋਲਦਿਆਂ ਗੱਲ ਸ਼ੁਰੂ ਕੀਤੀ। "ਪਰਮਾਤਮਾ ਨੂੰ ਇਹੀ ਮਨਜ਼ੂਰ ਸੀ ਜੋ ਹੋ ਗਿਆ। ਮੈਂ ਪਛਤਾਈ ਸਾਂ ਕਿ ਮੈਨੂੰ ਇਹ ਕੁਝ ਨਹੀਂ ਸੀ ਕਰਨਾ ਚਾਹੀਦਾ ਪਰ ਹੁਣ ਮੈਂ ਸਮਝਦੀ ਹਾਂ ਕਿ ਇਹ ਸਾਡੇ ਭਲੇ ਦੀ ਗੱਲ ਹੀ ਹੋਈ ਏ। ਮੈਂ ਨਾ ਉਹਨਾਂ ਦੀ ਮਦਦ ਕਰਦੀ ਤਾਂ ਕੋਈ ਹੋਰ ਕਰਨ ਲਈ ਤਿਆਰ ਹੋ ਜਾਂਦਾ। ਨਵਾਬ ਦੇ ਆਲੇ ਦੁਆਲੇ ਕਈ ਅਜਿਹਿਆਂ ਬੰਦਿਆਂ ਨੇ ਘੇਰਾ ਪਾਇਆ ਹੋਇਆ ਏ ਜੋ ਸਾਜ਼ਿਸ਼ੀ ਆਪ ਨੇ ਪਰ ਦੋਸ਼ ਦੂਜਿਆਂ ਸਿਰ ਮੜ੍ਹਦੇ ਨੇ। ਖੁਦਗਰਜ਼ ਤੇ ਲਾਲਚੀ ਆਪ ਨੇ ਪਰ ਦੂਜਿਆਂ ਵਿਰੁੱਧ ਚੁਗਲੀਆਂ ਕਰਕੇ ਆਪਣਾ ਉੱਲੂ ਸਿੱਧਾ ਕਰਦੇ ਨੇ।"

"ਅੱਛਾ ਪਹਿਲਾਂ ਮੈਨੂੰ ਇਹ ਦੱਸ ਕਿ ਤੈਨੂੰ ਕਦੋਂ ਦਾ ਪਤਾ ਏ ਕਿ ਸਿੱਖ ਨਵਾਬ ਨੂੰ ਕਤਲ ਕਰਨ ਦਾ ਯਤਨ ਕਰ ਰਹੇ ਨੇ ?" ਦੀਵਾਨ ਜੈ ਰਾਮ ਨੇ ਹੁਣ ਸਿੱਧੇ ਹੀ ਮਾਮਲੇ ਦੀ ਪੜਤਾਲ ਲਈ ਪ੍ਰਸ਼ਨ ਕਰਨੇ ਸ਼ੁਰੂ ਕਰ ਦਿੱਤੇ। ਉਹਨੂੰ ਹੁਣ ਤਕ ਇਸ ਬਾਰੇ ਭਰੋਸੇ ਯੋਗ ਸੂਚਨਾ ਨਹੀਂ ਸੀ ਮਿਲ ਸਕੀ। ਬਿਮਲਾ ਨੇ ਉਹਨੂੰ ਦੱਸਿਆ ਕਿ ਜੋਤਿਸ਼ੀ ਸਿੱਖ ਤੋਂ ਹੀ ਉਹਨੂੰ ਪਤਾ ਲੱਗਾ ਹੈ ਕਿ ਉਹ ਨਵਾਬ ਨੂੰ ਮਾਰਨਾ ਚਾਹੁੰਦੇ ਨੇ ਕਿਉਂਕਿ ਨਵਾਬ ਨੇ ਉਹਨਾਂ ਦੇ ਗੁਰੂ ਦੇ ਦੋ ਮਾਸੂਮ ਬੱਚਿਆਂ ਨੂੰ ਮਰਵਾਇਆ ਏ। ਸਿੱਖਾਂ ਦੇ ਹਿਰਦਿਆਂ ਨੂੰ ਅੱਗ ਲੱਗੀ ਹੋਈ ਏ। ਉਹ ਆਪਣੇ ਇਸ ਜਜ਼ਬੇ ਨੂੰ ਲੁਕਾਉਂਦੇ ਨਹੀਂ। ਜਾਨਾਂ ਤਲੀ 'ਤੇ ਰੱਖ ਕੇ ਤੁਰੇ ਫਿਰਦੇ ਨੇ ਅਤੇ ਸਾਫ ਕਹਿ ਦਿੰਦੇ ਨੇ ਕਿ ਜ਼ੁਲਮ ਕਰਨ ਵਾਲਿਆਂ ਨੂੰ ਜ਼ਰੂਰ ਸੋਧਣਾ ਏ।

"ਜੋਤਿਸ਼ੀ ਸਿੱਖ ਦਾ ਅਸਲੀ ਨਾਂ ਕੀ ਏ ? ਉਹ ਕਿਹੜੇ ਪਿੰਡ ਦਾ ਰਹਿਣ ਵਾਲਾ ਏ ?" ਦੀਵਾਨ ਨੇ ਪੁੱਛਿਆ।

"ਉਹਦਾ ਨਾਂ ਹਾਜ਼ਰਾ ਸਿੰਘ ਏ। ਨਾ ਮੈਂ ਪੁੱਛਿਆ ਏ ਤੇ ਨਾ ਹੀ ਉਹਨੇ ਆਪਣੇ ਪਿੰਡ ਦਾ ਨਾਂ ਦੱਸਿਆ ਏ, ਬਿਮਲਾ ਨੇ ਦੱਸਿਆ। "ਹੋਰ ਕਿਸੇ ਸਿੱਖ ਨੇ ਮੈਨੂੰ ਆਪਣਾ ਨਾਂ ਨਹੀਂ ਦੱਸਿਆ। ਉਹ ਜਦੋਂ ਮਿਲਦੇ ਨੇ ਇਕ ਦੂਜੇ ਨੂੰ ਸਿੰਘ ਜੀ ਕਹਿ ਕੇ ਬੁਲਾਉਂਦੇ ਨੇ।"

"ਤੂੰ ਕਹਿੰਦੀ ਏਂ ਉਹ ਝੂਠ ਨਹੀਂ ਬੋਲਦੇ । ਉਹ ਜਿਹੜਾ ਫੜਿਆ ਗਿਆ ਸੀ, ਉਹ ਤਾਂ ਪਿਤਾ ਦਾ ਨਾਂ ਗੁਰੂ ਗੋਬਿੰਦ ਸਿੰਘ ਤੇ ਰਹਿਣ ਵਾਲਾ ਆਨੰਦਪੁਰ ਦਾ ਕਹਿੰਦਾ ਸੀ । ਗੁਰੂ ਗੋਬਿੰਦ ਸਿੰਘ ਦੇ ਤਾਂ ਚਾਰ ਹੀ ਪੁੱਤਰ ਸਨ ਜੋ ਸਾਰੇ ਖਤਮ ਹੋ ਗਏ ਨੇ ।"

"ਇਹ ਹੀ ਤਾਂ ਸਿੱਖਾਂ ਦੀ ਵਿਸ਼ੇਸ਼ਤਾ ਹੈ ਕਿ ਉਹ ਸਾਰੇ ਆਪਣੇ ਆਪ ਨੂੰ ਗੁਰੂ ਦੇ ਪੁੱਤਰ ਆਖਦੇ ਹਨ । ਇਹ ਉਹਨਾਂ ਦੀ ਮਾਨਸਿਕ ਦਸ਼ਾ ਹੈ ਤੇ ਗੁਰੂ ਦਾ ਦਿੱਤਾ ਅੰਮ੍ਰਿਤ ਲੈ ਕੇ ਉਹ ਗੁਰੂ ਦੀ ਸੰਤਾਨ ਬਣ ਜਾਂਦੇ ਹਨ । ਇਸ ਲਈ ਉਸ ਸਿੱਖ ਨੇ ਝੂਠ ਨਹੀਂ ਕਿਹਾ", ਬਿਮਲਾ ਨੇ ਸਮਝਾਇਆ । ਦੀਵਨ ਨੇ ਅਗਲਾ ਸਵਾਲ ਕੀਤਾ ਕਿ ਮੈਂ ਵੀ ਕਈ ਵਾਰ ਉਸ ਜੋਤਿਸ਼ੀ ਸਿੱਖ ਨੂੰ ਮਿਲਿਆ ਸਾਂ ਪਰ ਮੈਨੂੰ ਪਤਾ ਨਹੀਂ ਲੱਗਾ ਕਿ ਉਹ ਸਿੱਖ ਹੈ ਤੇ ਸਾਧੂਆਂ ਵਾਲਾ ਉਹਨੇ ਵੇਸ ਬਣਾਇਆ ਹੋਇਆ ਏ, ਤੈਨੂੰ ਕਦੋਂ ਪਤਾ ਲੱਗਾ ਕਿ ਉਹ ਸਿੱਖ ਹੈ ਅਤੇ ਫਿਰ ਉਹਨੇ ਤੈਨੂੰ ਕਿਵੇਂ ਦੱਸ ਦਿੱਤਾ ਕਿ ਉਹ ਕਾਹਦੇ ਲਈ ਸਰਹੰਦ ਵਿੱਚ ਆਇਆ ਏ ? ਬਿਮਲਾ ਕਹਿਣ ਲੱਗੀ ਕਿ ਮੈਨੂੰ ਵੀ ਕਈ ਦਿਨ ਉਹਦੀ ਅਸਲੀਅਤ ਦਾ ਪਤਾ ਨਹੀਂ ਲੱਗਾ ਪਰ ਇਕ ਦਿਨ ਮੈਂ ਉਹਦੇ ਹੱਥ ਵਿੱਚ ਕੜਾ ਵੇਖ ਲਿਆ ਤੇ ਗੱਲਬਾਤ ਕਰਦਿਆਂ ਉਹਦੇ ਮੂੰਹੋਂ ਵਾਹਿਗੁਰੂ ਸ਼ਬਦ ਨਿਕਲਿਆ ਜੋ ਸਿਰਫ ਸਿੱਖ ਹੀ ਬੋਲਦੇ ਨੇ । ਸਾਧੂ ਸੰਤ ਤਾਂ ਪ੍ਰਭੂ ਪਰਮਾਤਮਾ ਜਾਂ ਰਾਮ ਤੇ ਕ੍ਰਿਸ਼ਨ ਮਹਾਰਾਜ ਦਾ ਨਾਮ ਲੈਂਦੇ ਹਨ । ਜਦ ਮੈਂ ਉਹਨੂੰ ਪਛਾਣ ਲਿਆ ਤਾਂ ਉਹਨੇ ਝੂਠ ਬੋਲ ਕੇ ਮੈਨੂੰ ਟਾਲਿਆ ਨਹੀਂ, ਸੱਚੋ ਸੱਚ ਗੱਲ ਦੱਸ ਦਿੱਤੀ । ਉਹਦਾ ਗੱਲ ਕਰਨ ਦਾ ਢੰਗ ਤੇ ਉਹਦਾ ਵਰਤਾਉ ਅਜਿਹਾ ਸੀ ਜਿਸਨੇ ਮੈਨੂੰ ਸਿੱਖਾਂ ਦਾ ਹਮਦਰਦ ਬਣਾ ਦਿੱਤਾ । ਬੱਸ ਮੈਂ ਫਿਰ ਵਹਿਣ ਵਿੱਚ ਹੀ ਵਹਿ ਤੁਰੀ ।

"ਤੂੰ ਮੈਨੂੰ ਉਦੋਂ ਦੱਸ ਦੇਂਦੀਉਂ ਤਾਂ ਮੈਂ ਉਹਨੂੰ ਨਵਾਬ ਕੋਲ ਕਿਉਂ ਲੈ ਜਾਂਦਾ । ਹੁਣ ਤੇ ਨਵਾਬ ਨੂੰ ਯਕੀਨ ਹੋ ਜਾਏਗਾ ਕਿ ਮੈਂ ਇਸ ਸਾਜ਼ਿਸ਼ ਵਿੱਚ ਸ਼ਾਮਲ ਹਾਂ । ਤੂੰ ਘੱਟੋ ਘੱਟ ਮੈਨੂੰ ਇਸ ਗੱਲ ਤੋਂ ਵੱਖ ਰੱਖ ਸਕਦੀ ਸੀ ।" ਦੀਵਾਨ ਨੇ ਕਿਹਾ, ਮੇਰੇ ਕੰਨੀਂ ਭਿਣਕ ਪਈ ਏ ਕਿ ਲੋਕੀਂ ਗੱਲਾਂ ਕਰਦੇ ਨੇ ਕਿ ਬੰਦੀਖਾਨੇ ਵਿੱਚੋਂ ਬੰਦਾ ਛੁਡਵਾਉਣ ਵਿੱਚ ਉਹ ਜੋਤਿਸ਼ੀ ਵੀ ਸ਼ਾਮਲ ਸੀ ਜੋ ਮੇਰੇ ਘਰ ਆਉਂਦਾ ਸੀ । ਮੈਨੂੰ ਉਹਦੇ ਨਾਲੋਂ ਵੀ ਬਹੁਤਾ ਅਫਸੋਸ ਸੰਤ ਮਹਾਰਾਜ 'ਤੇ ਹੈ ਜਿਨ੍ਹਾਂ 'ਤੇ ਅਸੀਂ ਰੱਬ ਜਿਨਾ ਵੱਡਾ ਵਿਸ਼ਵਾਸ ਰੱਖਦੇ ਹਾਂ । ਉਹ ਤੇ ਸਿੱਖ ਨਹੀਂ ਫਿਰ ਉਹ ਕਿਉਂ ਨਵਾਬ ਵਿਰੁੱਧ ਹੋ ਰਹੀਆਂ ਸਾਜ਼ਿਸ਼ਾਂ ਵਿੱਚ ਸ਼ਾਮਲ ਹੋਇਆ ਤੇ ਜੋਤਿਸ਼ੀ ਬਣਾ ਕੇ ਉਹ ਸਿੱਖ ਨੂੰ ਸਾਡੇ ਘਰ ਲੈ ਆਇਆ ।"

"ਉਹ ਸੰਤ ਮਹਾਰਾਜ ਵੀ ਮੇਰੀ ਤਰ੍ਹਾਂ ਜਜ਼ਬਾਤੀ ਨੇ । ਉਹਨਾਂ ਦੇ ਮਨ ਵਿੱਚ ਵੀ ਦੁੱਖ ਹੈ ਕਿ ਨਵਾਬ ਦਾ ਉਹਨਾਂ ਮਾਸੂਮ ਬੱਚਿਆਂ ਨੇ ਕੀ ਵਿਗਾੜਿਆ ਸੀ । ਜਦ

ਹਜਾਰਾ ਸਿੰਘ ਨੇ ਸੰਤਾਂ ਦਾ ਦਿੱਲ ਜਿੱਤ ਲਿਆ ਤਾਂ ਫਿਰ ਉਹਨੇ ਸਰਹੰਦ ਨਵਾਬ ਦੇ ਨੇੜੇ ਦੇ ਬੰਦਿਆਂ ਤਕ ਪਹੁੰਚਣ ਦੀ ਗੱਲ ਕੀਤੀ ਤਾਂ ਉਹ ਸਾਡੇ ਘਰ ਲੈ ਆਏ। ਫਿਰ ਬਿਮਲਾ ਨੇ ਦੱਸਿਆ ਕਿ ਉਹਨੂੰ ਜੋਤਿਸ਼ੀ ਦੇ ਸਿੱਖ ਹੋਣ ਦਾ ਪਤਾ ਮਗਰੋਂ ਲੱਗਾ ਸੀ । ਨਵਾਬ ਦੇ ਮਹੱਲ ਵਿੱਚ ਤੁਸੀਂ ਪਹਿਲੋਂ ਲੈ ਗਏ ਸੀ ਅਤੇ ਜੇ ਮੈਨੂੰ ਪਤਾ ਹੁੰਦਾ ਤਾਂ ਤੁਹਾਡੇ ਰਾਹੀਂ ਉਹਨੂੰ ਮਹੱਲ ਵਿੱਚ ਨਾ ਜਾਣ ਦੇਂਦੀ।

"ਫਿਰ ਦੀਵਾਨ ਨੇ ਇਹ ਜਾਣਨਾ ਚਾਹਿਆ ਕਿ ਉਹ ਨਵਾਬ ਦੇ ਮਹੱਲ ਅੰਦਰ ਕਿਵੇਂ ਵੜੇ। ਕੀ ਉਹ ਜੋਤਿਸ਼ੀ ਸਾਧ ਬਾਣੇ ਵਿੱਚ ਹੀ ਸੀ ਤੇ ਫੜੇ ਗਏ ਸਿੱਖ ਦਾ ਨਾਂ ਤੇ ਥਹੁ ਟਿਕਾਣਾ ਕਿਹੜਾ ਹੈ ? ਬਿਮਲਾ ਨੂੰ ਕੁਝ ਵੀ ਇਸ ਬਾਰੇ ਪਤਾ ਨਹੀਂ ਸੀ ਅਤੇ ਨਾ ਉਸਨੂੰ ਗੁਰਦੇਵ ਸਿੰਘ ਦੇ ਨਾਮ ਦਾ ਪਤਾ ਸੀ ਤੇ ਨਾ ਹੀ ਉਹਦੇ ਪਿੰਡ ਦਾ ਨਾਮ ਜਾਣਦੀ ਸੀ। ਇਸ ਲਈ ਉਸਨੇ ਪਿਤਾ ਨੂੰ ਕਿਹਾ, "ਮੈਨੂੰ ਹੋਰ ਕੁਝ ਨਹੀਂ ਪਤਾ। ਮੈਂ ਵਚਨ ਦਿੱਤਾ ਹੋਇਆ ਏ ਕਿ ਮੈਂ ਕੋਈ ਅਜਿਹੀ ਗੱਲ ਨਹੀਂ ਕਰਾਂਗੀ ਜਿਸ ਨਾਲ ਸਿੱਖ ਫਸਦੇ ਹੋਣ। ਉਹਨਾਂ ਮੇਰੇ 'ਤੇ ਵਿਸ਼ਵਾਸ ਕੀਤਾ ਏ ।"

"ਮੈਨੂੰ ਪਤਾ ਲੱਗਾ ਏ, ਉਹ ਨਵਾਬ ਤੋਂ ਬਿਨਾਂ ਹੋਰ ਕਈਆਂ ਨੂੰ ਵੀ ਖਤਮ ਕਰਨਾ ਚਾਹੁੰਦੇ ਨੇ।" ਦੀਵਾਨ ਨੇ ਪੁੱਛਿਆ, "ਕੀ ਤੈਨੂੰ ਪਤਾ ਏ ਕਿ ਉਹਨਾਂ ਦਾ ਨਿਸ਼ਾਨਾ ਕਿਸ ਨੂੰ ਮਾਰਨ ਦਾ ਏ। ਕੀ ਸਾਰੇ ਨਵਾਬ ਦੇ ਦਰਬਾਰੀਆਂ ਨੂੰ ਉਹ ਇਕੋ ਅੱਖ ਨਾਲ ਵੇਖਦੇ ਨੇ ?"

"ਨਹੀਂ, ਉਹਨਾਂ ਦਾ ਨਿਸ਼ਾਨਾ ਉਹ ਬੰਦੇ ਨੇ ਜਿਹਨਾਂ ਨਵਾਬ ਨੂੰ ਬੱਚਿਆਂ 'ਤੇ ਅਤਿਆਚਾਰ ਕਰਨ ਦੀ ਸਲਾਹ ਦਿੱਤੀ ਸੀ। ਹੋਰ ਤਾਂ ਮੈਨੂੰ ਪਤਾ ਨਹੀਂ ਪਰ ਸੁੱਚਾ ਨੰਦ ਤੇ ਉਸ ਮੌਲਵੀ ਵਿਰੁੱਧ ਸਿੱਖਾਂ ਵਿੱਚ ਬੇਹੱਦ ਗੁੱਸਾ ਹੈ। ਜਿਸਨੇ ਫਤਵਾ ਦਿੱਤਾ ਤੇ ਬੱਚਿਆ ਨੂੰ ਤੁਰੰਤ ਮਾਰ ਦੇਣ ਦੀ ਸਲਾਹ ਦਿੱਤੀ।" ਬਿਮਲਾ ਨੇ ਦੱਸਿਆ, "ਤੁਹਾਡੇ ਬਾਰੇ ਤਾਂ ਉਹਨਾਂ ਦੇ ਵਿਚਾਰ ਬਹੁਤ ਚੰਗੇ ਨੇ। ਕਿਸੇ ਕਿਸੇ ਸਿੱਖ ਨੇ ਇਤਨਾ ਜ਼ਰੂਰ ਆਖਿਆ ਏ ਕਿ ਤੁਸੀਂ ਉਸ ਵੇਲੇ ਚੁੱਪ ਕਰ ਰਹੇ ਸੀ। ਉਹ ਮਲੇਰ ਕੋਟਲੇ ਦੇ ਉਸ ਨਵਾਬ ਦੇ ਪ੍ਰਸੰਸਕ ਹਨ ਜਿਹਨੇ ਦਰਬਾਰ ਵਿੱਚ ਆਹ ਦਾ ਨਾਹਰਾ ਮਾਰਿਆ ਸੀ ।" "ਉਹਦੀ ਕਿਹੜੀ ਗੱਲ ਕਿਸੇ ਸੁਣ ਲਈ ਸੀ।" ਉਹ ਜੋ ਕੁਝ ਕਰਨ ਲਈ ਤੁਲ ਗਏ ਸਨ ਉਸ ਤੋਂ ਉਹਨਾਂ ਟਲਣਾ ਨਹੀਂ ਸੀ। ਦੀਵਾਨ ਨੇ ਆਖਿਆ, "ਫਿਰ ਉਹ ਤਾਂ ਉਹਨਾਂ ਦਾ ਧਰਮ ਭਰਾ ਮੁਸਲਮਾਨ ਸੀ। ਜੇ ਮੈਂ ਵੀ ਉਹੋ ਜਿਹੀ ਗੱਲ ਕਰਦਾ ਤਾਂ ਮੇਰੇ 'ਤੇ ਕਹਿਰ ਟੁੱਟ ਪੈਣਾ ਸੀ । ਸਾਡੇ ਉੱਪਰ ਅੱਗੇ ਹੀ ਘੱਟ ਇਤਬਾਰ ਕਰਦੇ ਨੇ। ਸੁੱਚਾ ਨੰਦ ਵੀ ਉਹਨਾਂ ਸਾਹਮਣੇ ਚੰਗਾ ਬਣਨ ਲਈ ਅਜਿਹੀ ਗੱਲ ਕਰਦਾ ਸੀ।"

"ਜੇ ਤੁਸੀਂ ਉਹਨਾਂ ਨੂੰ ਰੜਕਦੇ ਹੁੰਦੇ ਤਾਂ ਤੁਹਾਡੇ 'ਤੇ ਸਹਿਜੇ ਹੀ ਉਹ ਹਮਲਾ

ਕਰ ਸਕਦੇ ਸਨ ।'' ਬਿਮਲਾ ਨੇ ਕਿਹਾ, ''ਸਾਡੇ ਘਰ ਉਹ ਕਿਵੇਂ ਆਉਂਦੇ ਰਹੇ ਨੇ ਤੇ ਕਿਸੇ ਸਮੇਂ ਵੀ ਕੋਈ ਕਾਰਾ ਕਰ ਸਕਦੇ ਸਨ । ਉਹ ਹੁਣ ਵੀ ਬਾਰ ਬਾਰ ਕਹਿੰਦੇ ਨੇ ਕਿ ਅਸੀਂ ਦੀਵਾਨ ਜੀ ਦੇ ਜੀਵਨ ਰਾਹ ਵਿੱਚ ਕੰਡੇ ਨਹੀਂ ਬੀਜਣੇ, ਜਿਥੋਂ ਤਕ ਹੋ ਸੱਕਿਆ ਉਹ ਤੁਹਾਡੀ ਮਦਦ ਕਰਨਗੇ । ਇਕ ਗੱਲ ਉਹਨਾਂ ਦੇ ਸੁਭਾਅ ਦੀ ਇਹ ਗੱਲ ਸਮਝ ਲਉ ਕਿ ਉਹ ਕਿਸੇ ਨਿਰਦੋਸ਼ ਨੂੰ ਨਹੀਂ ਮਾਰਦੇ ਤੇ ਜਿਹਨੂੰ ਉਹਨਾਂ ਸੋਧਣਾ ਹੋਵੇ, ਉਹਨੂੰ ਪਹਿਲਾਂ ਸੁਨੇਹਾ ਭੇਜਦੇ ਨੇ ਕਿ ਅਸੀਂ ਆ ਰਹੇ ਹਾਂ ।''

''ਪਰ ਹਮਲਾ ਤਾਂ ਲੁਕ ਕੇ ਕਰਦੇ ਨੇ, ਇਹ ਨਵਾਬ ਨੂੰ ਕੋਈ ਦੱਸ ਕੇ ਮਾਰਨ ਆਏ ਸਨ ।'' ਦੀਵਾਨ ਨੇ ਗੱਲ ਨੂੰ ਲਮਕਾਂਦਿਆਂ ਤੇ ਹੋਰ ਘੋਖ ਲਈ ਇਹ ਸਵਾਲ ਕੀਤਾ ।''

''ਉਹਨਾਂ ਜ਼ਰੂਰ ਨਵਾਬ ਨੂੰ ਪਹਿਲਾਂ ਸੁਨੇਹਾ ਭੇਜਿਆ ਹੋਵੇਗਾ ਅਤੇ ਨਵਾਬ ਨੇ ਤੁਹਾਨੂੰ ਕਿਸੇ ਨੂੰ ਦੱਸੇ ਬਿਨਾਂ ਆਪਣੇ ਦੁਆਲੇ ਪਹਿਰਾ ਕਰੜਾ ਕਰ ਲਿਆ ਹੋਵੇਗਾ ।'' ਬਿਮਲਾ ਨੇ ਕਿਹਾ, ''ਤੁਸੀਂ ਆਪ ਹੀ ਦੱਸਿਆ ਕਰਦੇ ਸਓ ਕਿ ਇਹ ਹਾਕਮ ਲੋਕ ਅੰਦਰੋਂ ਕਿੰਨੇ ਵੀ ਡਰੇ ਹੋਏ ਹੋਣ, ਬਾਹਰੋਂ ਗਿੱਦੜ ਭੱਬਕੀਆਂ ਮਾਰਦੇ ਰਹਿੰਦੇ ਹਨ ਤਾਂ ਕਿ ਉਹਨਾਂ ਦਾ ਆਲਾ ਦੁਆਲਾ ਇਹ ਸਮਝੇ ਕਿ ਉਹ ਬੜੇ ਦਲੇਰ ਨੇ । ਇਹ ਬਾਹਰੋਂ ਭਾਵੇਂ ਸਿੱਖਾਂ ਨੂੰ ਮਾਰ ਮੁਕਾਉਣ ਦੀਆਂ ਗੱਲਾਂ ਕਰਦੇ ਨੇ ਪਰ ਦਿੱਲੋਂ ਜਾਣਦੇ ਨੇ ਜਿਹੜੇ ਆਪਣੇ ਸਿਰ ਤਲੀ 'ਤੇ ਰੱਖ ਕੇ ਕਿਸੇ ਜਜ਼ਬੇ ਨਾਲ ਘਰ ਬਾਹਰ ਤੇ ਬਾਲ ਬੱਚਾ ਛੱਡ ਕੇ ਨਿਕਲ ਆਏ ਨੇ, ਉਹ ਕੁਝ ਵੀ ਕਰ ਸਕਦੇ ਨੇ ।''

''ਮੈਂ ਮੰਨਦਾ ਹਾਂ ਕਿ ਇਹ ਤੁਹਾਡੀ ਨਵੀਂ ਪੀੜ੍ਹੀ ਸਾਡੇ ਨਾਲੋਂ ਵਧੇਰੇ ਸਿਆਣੀ ਤੇ ਦੂਰ ਅੰਦੇਸ਼ੀ ਏ । ਮੈਨੂੰ ਦਰਬਾਰ ਵਿੱਚ ਹਾਕਮਾਂ ਦੇ ਨੇੜੇ ਰਹਿੰਦਿਆਂ ਵੀ ਸਿੱਖਾਂ ਬਾਰੇ ਇੰਨੀ ਜਾਣਕਾਰੀ ਨਹੀਂ ਜਿੰਨੀ ਤੂੰ ਥੋੜ੍ਹੇ ਜਿਹੇ ਦਿਨਾਂ ਵਿੱਚ ਸਮਝ ਲਈ ਏ ।'' ਦੀਵਾਨ ਨੇ ਹੁਣ ਗੱਲ ਦਾ ਰੁਖ ਮੋੜਦਿਆਂ ਤੇ ਬਿਮਲਾ ਨੂੰ ਸਲਾਹੁੰਦਿਆਂ ਆਖਿਆ । ਉਹਦੇ ਮਨ ਵਿੱਚ ਸੀ ਕਿ ਮੈਂ ਸਿੱਖਾਂ ਦੇ ਟਿਕਾਣੇ ਦਾ ਪਤਾ ਲੈ ਕੇ ਕਿਸੇ ਸਿੱਖ ਨੂੰ ਫੜ ਕੇ ਨਗ ਪੂਰਾ ਕਰਦਿਆਂ ਤਾਂ ਕਿ ਨਵਾਬ ਦੀ ਕ੍ਰੋਪੀ ਦਾ ਸ਼ਿਕਾਰ ਨਾ ਬਣਾਂ । ਉਹਨੇ ਫਿਰ ਉਹੀ ਸਵਾਲ ਕੀਤਾ, ''ਤੂੰ ਮੈਨੂੰ ਭਿਣਕ ਨਹੀਂ ਪੈਣ ਦਿੱਤੀ ਕਿ ਤੇਰਾ ਝੁਕਾਅ ਸਿੱਖਾਂ ਵੱਲ ਇਤਨਾ ਵੱਧ ਹੋ ਗਿਆ ਏ ।''

''ਮੈਂ ਤੇ ਤੁਹਾਨੂੰ ਕਈ ਦਿਨ ਪਹਿਲਾਂ ਜਦ ਇਹ ਸਲਾਹ ਦਿੱਤੀ ਸੀ ਕਿ ਤੁਸੀਂ ਉਸ ਫੜੇ ਹੋਏ ਸਿੱਖ ਨੂੰ ਕਤਲ ਨਹੀਂ ਕਰਨਾ । ਮੈਂ ਤੇ ਸਾਫ ਉਦੋਂ ਆਪਣੇ ਦਿੱਲ ਦੀ ਗੱਲ ਤੁਹਾਡੇ ਨਾਲ ਕਰ ਲਈ ਸੀ ਜਦ ਮੈਂ ਆਖਿਆ ਸੀ ਕਿ ਸਿੱਖ ਬਹਾਦਰ ਨੇ ਤੇ ਮੈਂ ਨਹੀਂ ਚਾਹੁੰਦੀ ਕਿ ਉਹਨਾਂ ਬਹਾਦਰਾਂ ਨੂੰ ਤੁਸੀਂ ਮਾਰੋ ।'' ਬਿਮਲਾ ਨੇ ਕਿਹਾ, ''ਪਤਾ ਨਹੀਂ ਕਿਉਂ ਤੁਹਾਨੂੰ ਮੇਰੀਆਂ ਗੱਲਾਂ ਤੋਂ ਇਹ ਮਾਲੂਮ ਨਹੀਂ ਹੋਇਆ ਕਿ ਸਿੱਖਾਂ ਬਾਰੇ ਮੇਰੇ ਇਹਨਾਂ ਵਿਚਾਰਾਂ ਦਾ ਮਤਲੱਬ ਕੀ ਏ ।''

"ਚੱਲ ਛੱਡ ਲਕੀਰਾਂ ਨੂੰ ਪਿੱਟਣ ਦਾ ਕੀ ਫਾਇਦਾ ਜੋ ਹੋਣਾ ਸੀ ਉਹ ਹੋ ਗਿਆ।" ਦੀਵਾਨ ਨੇ ਕਿਹਾ, ਹੁਣ ਤਾਂ ਇਹ ਚਿੰਤਾ ਏ ਕਿ ਮੇਰੀ ਚਿੱਟੀ ਚਾਦਰ 'ਤੇ ਕੋਈ ਦਾਗ ਨਾ ਲੱਗੇ, ਨਾ ਤੇਰੇ 'ਤੇ ਕੋਈ ਉਂਗਲ ਕਰੇ । ਨਵਾਬ ਜ਼ਾਲਮ ਏ ਤੇ ਉਹਨੇ ਸ਼ੱਕ ਪੈਂਦਿਆਂ ਹੀ ਸਾਡਾ ਘਾਣ ਕਰ ਦੇਣਾ ਏ । ਤੂੰ ਪੁੱਛਦੀ ਸੀ ਕਿ ਬੰਦੀਖਾਨੇ ਵਿੱਚ ਜਾ ਕੇ ਸਿੱਖ ਨੂੰ ਵੇਖਣਾ ਚਾਹੁੰਦੀ ਏਂ। ਮੈਨੂੰ ਦੱਸ ਤੂੰ ਗਈ ਸੀ ਜਾਂ ਉਸ ਸਿੱਖ ਨੂੰ ਬੰਦੀਖਾਨੇ ਵਿੱਚੋਂ ਛੁਡਾਉਣ ਵਿੱਚ ਕੀ ਕੁਝ ਕੀਤਾ ਸੀ ?

ਬਿਮਲਾ ਨੇ ਦੱਸਿਆ ਕਿ ਉਹ ਇਸ ਗੱਲੋਂ ਪੂਰੀ ਤਰ੍ਹਾਂ ਸੁਚੇਤ ਸੀ । ਉਹਨੇ ਮਦਦ ਜ਼ਰੂਰ ਕੀਤੀ ਏ। ਉਨਾਂ ਨੂੰ ਸਿਰਫ ਇਹ ਪਤਾ ਕਰਕੇ ਦੱਸਿਆ ਏ ਕਿ ਕਿਹੜੇ ਵੇਲੇ ਕਮਜ਼ੋਰ ਤੇ ਨਸ਼ੱਈ ਪਹਿਰੇਦਾਰ ਉਥੇ ਹੋਣਗੇ ਤੇ ਬੰਦੀਖਾਨੇ ਵਿੱਚੋਂ ਬੰਦਾ ਛੁਡਾਉਣ ਲਈ ਉਹਨਾਂ ਨੂੰ ਕਿਹੜੇ ਹੱਥਕੰਡੇ ਵਰਤਣੇ ਪੈਣਗੇ। ਇਹਨਾਂ ਪਹਿਰੇਦਾਰਾਂ ਦਾ ਕੋਈ ਇਖਲਾਕ ਨਹੀਂ, ਹਰ ਕਿਸੇ ਦੀ ਕੀਮਤ ਏ। ਕੋਈ ਪੈਸੇ 'ਤੇ ਮਰ ਜਾਂਦਾ ਏ ਤੇ ਕੋਈ ਖਾਣ ਪੀਣ ਦੀਆਂ ਵਸਤਾਂ 'ਤੇ, ਕਈਆਂ ਦੀ ਕਮਜ਼ੋਰੀ ਔਰਤ ਹੁੰਦੀ ਹੈ। ਇਸ ਲਈ ਹਰ ਬੰਦਾ ਵਿਕਾਊ ਏ। ਸਿਆਣਾ ਖਰੀਦਦਾਰ ਚਾਹੀਦਾ ਏ ਜਿਹਨੂੰ ਪਤਾ ਹੋਵੇ ਕਿ ਕੋਈ ਕਿਸ ਤਰ੍ਹਾਂ ਖ਼੍ਰੀਦਿਆ ਜਾ ਸਕਦਾ ਏ । ਬਸ ਮੈਂ ਇਸ ਮਾਮਲੇ ਵਿੱਚ ਉਹਨਾਂ ਨੂੰ ਸਹਿਯੋਗ ਦਿੱਤਾ ਏ ਤੇ ਉਹਨਾਂ ਨੇ ਫੁਰਤੀ ਨਾਲ ਆਪ ਬੰਦਾ ਬੰਦੀ ਖਾਨੇ ਵਿੱਚੋਂ ਛੁਡਾ ਲਿਆ ਏ । ਉਹਨਾਂ ਦਾ ਇਕ ਬੰਦਾ ਹਿੰਦੂ ਜਾਂ ਮੁਸਲਮਾਨ ਬੁਰਕਾ ਪਾ ਕੇ ਤੇ ਜ਼ਨਾਨੀ ਵਾਲਾ ਵੇਸ ਧਾਰ ਕੇ ਬੰਦੀਖਾਨੇ ਦੇ ਬਾਹਰ ਖੜੇ ਪਹਿਰੇਦਾਰ ਨੂੰ ਵਰਗਲਾ ਕੇ ਉਹਲੇ ਲੈ ਗਿਆ ਤੇ ਹਨੇਰੇ ਵਿੱਚ ਉਹਦੀ ਗਿੱਚੀ ਨੱਪ ਕੇ ਉਹਨੂੰ ਕਾਬੂ ਕਰ ਲਿਆ ਤੇ ਦੂਜੇ ਪਹਿਰੇਦਾਰ ਨੂੰ ਉਹਨਾਂ ਬਿਨਾਂ ਖੜਾਕ ਤੀਰ ਮਾਰ ਕੇ ਚਿੱਤ ਕਰ ਦਿੱਤਾ ਤੇ ਇਸ ਤਰ੍ਹਾਂ ਬੰਦੀ ਖਾਨੇ ਦੀਆਂ ਚਾਬੀਆਂ ਲੈ ਕੇ ਉਹ ਆਪਣੇ ਬੰਦੇ ਨੂੰ ਛੁਡਾ ਕੇ ਲੈ ਗਏ ।"

"ਫਿਰ ਤੂੰ ਕਿਉਂ ਉਸ ਦਿਨ ਘਰੋਂ ਦੌੜ ਗਈ", ਦੀਵਾਨ ਨੇ ਪੁੱਛਿਆ । ਅਜੇ ਬਚਾਅ ਹੋ'ਗਿਆ ਏ ਕਿ ਅਸੀਂ ਤੇਰੇ ਗੁੰਮ ਹੋਣ ਦਾ ਰੌਲਾ ਨਹੀਂ ਪਾਇਆ ਜੇ ਗੱਲ ਬਾਹਰ ਨਿਕਲ ਜਾਂਦੀ ਤਾਂ ਉਦੋਂ ਹੀ ਤੇਰੇ 'ਤੇ ਸ਼ੱਕ ਹੋ ਜਾਣਾ ਸੀ। ਤੂੰ ਘੋੜਾ ਲੈ ਕੇ ਕਿੱਥੇ ਗਈ ਸੀ ਤੇ ਕਿਉਂ ਗਈ ਸੀ ?"

"ਤੁਸੀਂ ਉਸ ਦਿਨ ਘਰ ਆ ਕੇ ਜਿਵੇਂ ਗੁੱਸੇ ਨਾਲ ਮਾਂ ਨਾਲ ਬੋਲੇ ਤਾਂ ਮੇਰੇ ਮਨ ਵਿੱਚ ਆਇਆ ਕਿ ਮੈਂ ਉਹਨਾਂ ਨੂੰ ਸਾਵਧਾਨ ਕਰ ਦਿਆਂ ਕਿ ਉਹ ਆਪਣੇ ਟਿਕਾਣੇ ਬਦਲ ਲੈਣ। ਮੈਂ ਅਜੇ ਸ਼ਹਿਰੋਂ ਬਾਹਰ ਹੀ ਨਿਕਲੀ ਸੀ ਕਿ ਹਜ਼ਾਰਾ ਸਿੰਘ ਮਿਲ ਪਿਆ ਤੇ ਮੈਂ ਘੋੜੇ 'ਤੇ ਉਹਦੇ ਨਾਲ ਉਸ ਟਿਕਾਣੇ 'ਤੇ ਗਈ ਜਿਥੇ ਗੁਰਦੇਵ ਸਿੰਘ ਤੇ ਹੋਰ ਕਈ ਵੱਖੋ ਵੱਖ ਰਾਹ ਪਏ ਇਕੱਠੇ ਹੋ ਰਹੇ ਸਨ। ਮੈਨੂੰ ਉਸ ਟਿਕਾਣੇ ਦਾ ਕੋਈ ਪਤਾ ਨਹੀਂ ਕਿਉਂਕਿ ਮੈਂ ਘੋੜੇ ਪਿੱਛੇ ਬੈਠੀ ਸਾਂ। ਉਹਨਾਂ ਨੂੰ ਖੁਸ਼ੀ ਸੀ ਕਿ

ਉਹ ਗੁਰਦੇਵ ਸਿੰਘ ਨੂੰ ਬੰਦੀਖਾਨੇ ਵਿੱਚੋਂ ਭਜਾਣ ਵਿੱਚ ਕਾਮਯਾਬ ਹੋ ਗਏ ਨੇ । ਉਹ ਉਥੇ ਅਗਲੇ ਹਮਲੇ ਤੇ ਕਾਰਵਾਈ ਬਾਰੇ ਸੋਚਣਾ ਚਾਹੁੰਦੇ ਸਨ । ਸ਼ਾਇਦ ਇਸੇ ਲਈ ਉਹਨਾਂ ਨੇ ਜ਼ੋਰ ਦਿੱਤਾ ਕਿ ਮੈਂ ਜਲਦੀ ਵਾਪਸ ਘਰ ਮੁੜ ਜਾਵਾਂ । ਉਹ ਨਹੀਂ ਸਨ ਚਾਹੁੰਦੇ ਕਿ ਮੇਰੇ ਉੱਪਰ ਹੋਰ ਕੋਈ ਮੁਸੀਬਤ ਆ ਜਾਏ । ਇਹ ਵੀ ਹੋ ਸਕਦੈ ਕਿ ਉਹਨਾਂ ਨੂੰ ਤੁਹਾਡਾ ਜਾਂ ਮੇਰੀ ਇੱਜ਼ਤ ਦਾ ਖਿਆਲ ਹੋਵੇ । ਇਸ ਬਾਰੇ ਤਾਂ ਮੈਂ ਨਿਸ਼ਚੇ ਨਾਲ ਕੁਝ ਨਹੀਂ ਕਹਿ ਸਕਦੀ ।"

"ਤੇਰੀਆਂ ਗੱਲਾਂ ਤੋਂ ਤਾਂ ਇਉਂ ਜਾਪਦਾ ਏ ਕਿ ਜੇ ਉਹ ਚਾਹੁੰਦੇ ਤਾਂ ਤੂੰ ਉਹਨਾਂ ਨਾਲ ਹੀ ਭੱਜੇ ਫਿਰਨਾ ਸੀ ਤੇ ਇਥੇ ਸਾਡੀ ਜਿੰਦਗੀ ਹਰਾਮ ਹੋਈ ਪਈ ਸੀ ।" ਦੀਵਾਨ ਨੇ ਕਿਹਾ, "ਤੇਰਾ ਇਹ ਕੰਮ ਔਰਤਾਂ ਵਾਲਾ ਨਹੀਂ, ਮਰਦਾਂ ਵਾਲਾ ਏ ਅਤੇ ਮਰਦ ਵੀ ਉਹ ਜਿਹੜਾ ਕਿਸੇ ਤੋਂ ਨਾ ਡਰੇ ਤੇ ਮਰਨ ਮਾਰਨ ਲਈ ਤਿਆਰ ਹੋ ਜਾਏ ।" ਬਿਮਲਾ ਨੇ ਦੱਸਿਆ ਕਿ ਉਹ ਸਾਡੇ ਰਾਜ ਦੀਆਂ ਹੱਦਾਂ ਤੋਂ ਬਾਹਰ ਚਲੇ ਗਏ ਹੋਣਗੇ ਪਰ ਛੇਤੀ ਮੁੜ ਤਿਆਰ ਹੋ ਕੇ ਅਗਲੀ ਕਾਰਵਾਈ ਲਈ ਕੁਝ ਦਿਨਾਂ ਤਕ ਆ ਜਾਣਗੇ । ਇਹ ਨਾ ਸਮਝੋ ਕਿ ਮੈਂ ਹੀ ਉਹਨਾਂ ਦੀ ਸਹਿਯੋਗੀ ਸਾਂ । ਵੱਖੋ ਵੱਖ ਥਾਵਾਂ 'ਤੇ ਉਹਨਾਂ ਦੇ ਸਹਾਇਕ ਵੱਸਦੇ ਨੇ ਜੋ ਉਹਨਾਂ ਲਈ ਧਨ, ਦੌਲਤ, ਹਥਿਆਰ ਤੇ ਅੰਨ ਪਾਣੀ ਦੇਣ ਲਈ ਤਿਆਰ ਬੈਠੇ ਨੇ । ਮੈਂ ਤੇ ਹੈਰਾਨ ਹਾਂ, ਕਈ ਮੁਸਲਮਾਨ ਦਿਲੋਂ ਉਹਨਾਂ ਦੇ ਹਮਦਰਦ ਨੇ । ਉਹ ਰੱਬ ਪਾਸ ਦੁਆ ਕਰਦੇ ਨੇ ਕਿ ਇਹਨਾਂ ਨੂੰ ਕਾਮਯਾਬੀ ਦੇਵੇ ।

ਇਸ ਤਰ੍ਹਾਂ ਦੀਵਾਨ ਦਾ ਇਕ ਤੌਖਲਾ ਤਾਂ ਖਤਮ ਹੋਇਆ ਕਿ ਉਹਦੇ ਇਸ ਮਾਮਲੇ ਵਿੱਚ ਫੱਸਣ ਦੀ ਸੰਭਾਵਨਾ ਘੱਟ ਹੈ । ਪਰ ਉਹ ਬਿਮਲਾ ਦੇ ਵਤੀਰੇ ਬਾਰੇ ਸੰਤੁਸ਼ਟ ਨਾ ਹੋਇਆ । ਜੁਆਨ ਤੇ ਕੁਆਰੀ ਕੁੜੀ ਦਾ ਇਸ ਤਰ੍ਹਾਂ ਹਕੂਮਤ ਦੇ ਬਾਗੀਆਂ ਨਾਲ ਮਿਲਣਾ ਉਸਨੂੰ ਚੰਗਾ ਨਹੀਂ ਸੀ ਲੱਗ ਰਿਹਾ । ਉਹ ਅਜੇ ਹੋਰ ਗੱਲਾਂ ਕਰਨੀਆਂ ਚਾਹੁੰਦਾ ਸੀ ਕਿ ਇਕ ਸਿਪਾਹੀ ਭੱਜਾ ਭੱਜਾ ਆਇਆ ਤੇ ਉਸ ਨੇ ਦੱਸਿਆਂ ਕਿ ਜਿਹੜੀ ਫੌਜੀ ਟੁਕੜੀ ਮਲੇਰ ਕੋਟਲੇ ਵੱਲ ਗਈ ਸੀ । ਉਹ ਇਕ ਸਿੱਖ ਨੂੰ ਫੜ ਲਿਆਈ ਏ ਤੇ ਬੰਦੀਖਾਨੇ ਵਿੱਚ ਉਹਨੂੰ ਰੱਖ ਕੇ ਤੁਹਾਨੂੰ ਛੇਤੀ ਉਥੇ ਪਹੁੰਚਣ ਲਈ ਆਖਿਆ ਏ । ਦੀਵਾਨ ਜੈ ਰਾਮ ਝੱਟ ਪਟ ਉੱਠ ਖਲੋਤਾ । ਰਾਣੀ ਨੇ ਖਾਣਾ ਉਹਦੇ ਸਾਹਮਣੇ ਲਿਆ ਰੱਖਿਆ ਪਰ ਉਹ ਬਿਨਾਂ ਖਾਧੇ ਬੰਦੀਖਾਨੇ ਚੱਲਾ ਗਿਆ ।

•••

ਕਾਂਡ-24

ਬੰਦੀਖਾਨੇ ਦੇ ਬਾਹਰਲੇ ਪਾਸੇ ਉੱਚ ਅਧਿਕਾਰੀਆਂ ਦੇ ਬੈਠਣ ਤੇ ਵਿਚਾਰ ਵਟਾਂਦਰਾ ਕਰਨ ਲਈ ਬਣੇ ਖੁੱਲ੍ਹੇ ਕਮਰੇ ਵਿੱਚ ਬੜੀ ਭੀੜ ਸੀ । ਬਹੁਤ ਸਾਰੇ ਦਰਬਾਰੀ ਅਧਿਕਾਰੀ ਤੇ ਕਈ ਹੋਰ ਪਤਵੰਤੇ ਮੁੱਲਾਂ ਮੁੱਲਾਣੇ ਵੀ ਪਹੁੰਚੇ ਹੋਏ ਸਨ । ਨੀਤੀ ਤਾਂ ਇਹ ਬਣਾਈ ਗਈ ਸੀ ਕਿ ਚੁੱਪ ਚਪੀਤੇ ਕਿਸੇ ਸਿੱਖ ਨੂੰ ਫੜ ਕੇ ਉਹੋ ਹੀ ਚੋਰ ਕਹਿ ਲਿਆ ਜਾਏ ਜਿਹੜਾ ਕੁਝ ਦਿਨ ਪਹਿਲਾਂ ਨਵਾਬ ਦੇ ਮਹੱਲਾਂ ਵਿੱਚੋਂ ਫੜਿਆ ਗਿਆ ਸੀ । ਉਸ ਵੇਲੇ ਸੋਚ ਇਹ ਕੰਮ ਕਰਦੀ ਸੀ ਕਿ ਸਾਰੇ ਸਿੱਖ ਇਕੋ ਜਿਹੇ ਜਾਪਦੇ ਸਨ । ਉਸੇ ਤਰ੍ਹਾਂ ਸਿੱਧੀਆਂ ਪਗੜੀਆਂ, ਮੜਾਸੇ ਮਾਰੇ ਤੇ ਖੁਲ੍ਹੀਆਂ ਦਾੜ੍ਹੀਆਂ, ਲੰਮੇ ਚੋਲੇ ਤੇ ਲੱਕ ਕਛਹਿਰੇ ਲੱਗਪੱਗ ਇਕੋ ਜਿਹੇ ਕੱਪੜਿਆਂ ਵਿੱਚ ਪਛਾਣ ਕੁਝ ਔਖੀ ਹੋ ਜਾਂਦੀ ਏ । ਬੜੇ ਗਹੁ ਨਾਲ ਦੇਖੋ ਤੇ ਜਿਹਨੂੰ ਬਾਰ ਬਾਰ ਦੇਖੋ ਉਹਦੀ ਵੱਖਰੀ ਪਛਾਣ ਹੁੰਦੀ ਏ । ਜੋ ਕਦੀ ਕਦਾਈਂ ਨਜ਼ਰ ਆਏ, ਉਹਦੀ ਵੱਖਰੀ ਪਛਾਣ ਕਰਨੀ ਔਖੀ ਹੁੰਦੀ ਏ । ਨਵਾਬ ਦੇ ਖ਼ੁਸੇ ਤੋਂ ਖੱਲੜੀ ਬਚਾਉਣ ਲਈ ਇਹੀ ਸੋਚਿਆ ਗਿਆ ਸੀ ਕਿ ਜੇ ਅਸਲ ਦੋਸ਼ੀ ਨਾ ਮਿਲੇ ਤਾਂ ਕਿਸੇ ਵੀ ਸਿੱਖ ਨੂੰ ਫੜ ਕੇ ਬੰਦੀਖਾਨੇ ਪਾ ਦਿੱਤਾ ਜਾਏ ਤੇ ਫਿਰ ਨਵਾਬ ਦੇ ਆਉਣ ਤੋਂ ਪਹਿਲਾਂ ਪਹਿਲਾਂ ਉਹਨੂੰ ਤਸੀਹੇ ਦੇ ਕੇ ਇਹ ਮੰਨਣ ਲਈ ਮਜਬੂਰ ਕਰ ਦਿੱਤਾ ਜਾਏ ਕਿ ਉਹੋ ਹੀ ਨਵਾਬ ਦੇ ਮਹੱਲਾਂ ਵਿਚ ਆਇਆ ਸੀ ਤੇ ਜੇ ਉਹ ਨਾ ਮੰਨਣ ਲਈ ਤਿਆਰ ਹੋਵੇ ਤਾਂ ਕੈਦ ਵਿੱਚੋਂ ਭੱਜਣ ਦਾ ਯਤਨ ਕਰਨ ਦਾ ਦੋਸ਼ ਲਾ ਕੇ ਉਹਨੂੰ ਮਾਰ ਦਿੱਤਾ ਜਾਏ । ਇਹ ਵਿਉਂਤ ਕੇਵਲ ਦੋ ਤਿੰਨ ਮੁਖੀ ਅਧਿਕਾਰੀਆਂ ਵਿੱਚ ਸੀ । ਦੂਜਿਆਂ ਨੂੰ ਇਸ ਦਾ ਪਤਾ ਨਹੀਂ ਸੀ । ਜਿਹੜੀ ਟੁੱਕੜੀ ਇਸ ਸਿੱਖ ਨੂੰ ਫੜ ਕੇ ਲਿਆਈ ਸੀ, ਉਸਦਾ ਮੁਖੀਆ ਹਯਾਤ ਖ਼ਾਨ ਆਪਣੀ ਬਹੁਤ ਵੱਡੀ ਪ੍ਰਾਪਤੀ ਸਮਝਦਾ ਸੀ । ਹੋਰ ਜਿਤਨੀਆਂ ਵੀ ਟੋਲੀਆਂ ਭਗੌੜੇ ਸਿੱਖ ਨੂੰ ਫੜਨ ਲਈ ਗਈਆਂ ਸਨ, ਉਹ ਸਭ ਨਾਕਾਮ ਵਾਪਸ ਆਈਆਂ ਨੇ ਤੇ ਉਸੇ ਹਯਾਤ ਖ਼ਾਨ ਨੇ ਆਪਣੀ ਸਫਲਤਾ ਦਾ ਢੰਡੋਰਾ ਪਿੱਟਦਿਆਂ ਅਧਿਕਾਰੀਆਂ ਤੇ ਮੌਲਵੀ ਮੁਲਾਣਿਆਂ ਨੂੰ ਸੁਨੇਹਾ ਭੇਜ ਕੇ ਬੁਲਾ ਲਿਆ ਸੀ । ਇਹ ਸਾਰਾ ਇਕੱਠ ਉਸੇ ਦੇ ਸੱਦੇ 'ਤੇ ਹੋ ਗਿਆ ਸੀ । ਬਹੁਤੇ ਚੌਧਰੀਆਂ ਨੇ ਬੰਦੀਖਾਨੇ ਜਾ ਕੇ ਉਸ ਸਿੱਖ ਨੂੰ ਦੇਖਣਾ ਚਾਹਿਆ ਪਰ ਬੰਦੀਖਾਨੇ ਦੇ ਪ੍ਰਬੰਧਕ ਨੇ ਕਿਸੇ ਨੂੰ ਅੰਦਰ ਨਾ ਜਾਣ ਦਿੱਤਾ । ਇਕ ਤਾਂ ਸੁਰੱਖਿਆ ਦੇ ਪ੍ਰਬੰਧ ਤੋਂ ਤੇ ਦੂਜਾ ਉਹ ਇਸ

ਵਿਉਂਤ ਵਿੱਚ ਸ਼ਾਮਲ ਸੀ । ਇਸ ਮਾਮਲੇ ਨੂੰ ਅਜੇ ਗੁਪਤ ਰੱਖਿਆ ਜਾਏ । ਇਸ ਲਈ ਉਹਨੇ ਕਰੜਾਈ ਨਾਲ ਬੰਦੀਖਾਨੇ ਦੇ ਮੁੱਖ ਦੁਆਰ 'ਤੇ ਇਹ ਹਦਾਇਤ ਦੇ ਦਿੱਤੀ ਕਿ ਕੋਈ ਬੰਦਾਂ ਭਾਵੇਂ ਉਹ ਕਿੰਨਾ ਵੱਡਾ ਅਧਿਕਾਰੀ ਹੋਵੇ, ਉਹ ਅੰਦਰ ਨਹੀਂ ਜਾ ਸਕਦਾ । ਜਦ ਤਕ ਕਿ ਇਸ ਬਾਰੇ ਹਕੂਮਤ ਦੀ ਨੀਤੀ ਨਹੀਂ ਸਪਸ਼ਟ ਹੁੰਦੀ ।

ਦੀਵਾਨ ਜੈ ਰਾਮ ਜਦ ਪਹੁੰਚਿਆ ਤਾਂ ਉਹ ਬੰਦੀਖਾਨੇ ਦਾ ਮੁਖੀਆ ਅਕਬਰ ਅਲੀ ਝੱਟ ਦੀਵਾਨ ਜੀ ਪਾਸ ਆਇਆ ਤੇ ਉਹਨੇ ਦੱਸਿਆ ਕਿ ਅੰਦਰ ਜਾਣ ਲਈ ਉਸਨੇ ਕਿਸੇ ਨੂੰ ਆਗਿਆ ਨਹੀਂ ਦਿੱਤੀ । ਬਹੁਤ ਸਾਰੇ ਬੰਦੇ ਉਹਦੇ 'ਤੇ ਜ਼ੋਰ ਪਾ ਰਹੇ ਸਨ ਤੇ ਅੰਦਰ ਜਾ ਕੇ ਉਹ ਉਸ ਸਿੱਖ ਨੂੰ ਵੇਖਣਾ ਚਾਹੁੰਦੇ ਸਨ । ਦੀਵਾਨ ਜੈ ਰਾਮ ਨੇ ਉਹਨੂੰ ਆਖਿਆ, "ਤੁਸੀਂ ਠੀਕ ਕੀਤਾ ਏ, ਬੰਦੀਖਾਨਾ ਕੋਈ ਤਮਾਸ਼ਾ ਘਰ ਨਹੀਂ ਜਿਥੇ ਜਾ ਕੇ ਹਰ ਕੋਈ ਵੇਖੇ ਕੀ ਇਹ ਸਿੱਖ ਉਹੀ ਏ ਜਿਹੜਾ ਕੈਦ ਵਿੱਚੋਂ ਭੱਜਿਆ ਸੀ । ਮੈਂ ਵੀ ਉਹਨੂੰ ਵੇਖਣਾ ਚਾਹੁੰਦਾ ਸਾਂ ਪਰ ਹੁਣ ਅੰਦਰ ਨਹੀਂ ਜਾਵਾਂਗਾ । ਮੇਰੇ ਪਿੱਛੇ ਕਈ ਹੋਰ ਜਾਣਾ ਚਾਹੁੰਣਗੇ । ਇਹ ਭੀੜ ਤੁਰ ਜਾਣ ਪਿੱਛੋਂ ਮੈਂ ਵੇਖ ਲਵਾਂਗਾ ।"

"ਜਨਾਬ ਤੁਹਾਨੂੰ ਕੌਣ ਅੰਦਰ ਜਾਣ ਤੋਂ ਰੋਕ ਸਕਦਾ ਏ । ਜੇ ਆਖੋ ਤਾਂ ਮੈਂ ਹੁਣੇ ਦਰਵਾਜ਼ਾ ਖੁਲ੍ਹਾਅ ਦਿਆਂ ।" ਅਕਬਰ ਅਲੀ ਨੇ ਬੜੀ ਅਧੀਨਗੀ ਨਾਲ ਅਰਜ਼ ਕੀਤੀ । "ਸੱਚ ਪੁੱਛਦੇ ਹੋ ਤਾਂ ਮੈਨੂੰ ਇਹ ਸਿੱਖ ਉਹ ਨਹੀਂ ਜਾਪਦਾ । ਪਰ ਹਯਾਤ ਖਾਂ ਦਾ ਕਹਿਣਾ ਏ ਕਿ ਇਹ ਸਿੱਖ ਉਹੀ ਹੈ ਜੋ ਬੰਦੀਖਾਨੇ ਵਿੱਚੋਂ ਛੁਡਾ ਕੇ ਲੈ ਗਏ ਸਨ । ਛੋਟਾ ਮੂੰਹ ਬੜੀ ਬਾਤ ਪਰ ਹਯਾਤ ਖਾਂ ਨੂੰ ਕਿਵੇਂ ਆਖਿਆ ਜਾ ਸਕਦਾ ਏ ਕਿ ਅਸਲੀ ਨਹੀਂ ਨਕਲੀ ਬੰਦਾ ਫੜ ਲਿਆਇਆ ਏ । ਪਰ ਇਹਦੇ ਵਿੱਚ ਉਸਦਾ ਵੀ ਕੋਈ ਕਸੂਰ ਨਹੀਂ, ਉਸ ਤਾਂ ਹਦਾਇਤਾਂ ਅਨੁਸਾਰ ਕੰਮ ਕੀਤਾ ਏ ।"

ਕੁਝ ਹੋਰ ਅਧਿਕਾਰੀ ਦੀਵਾਨ ਜੀ ਪਾਸ ਆਏ ਤੇ ਕਹਿਣ ਲੱਗੇ ਕਿ ਪਹਿਲਾਂ ਅੰਦਰ ਬੈਠ ਕੇ ਇਹ ਸੋਚ ਵਿਚਾਰ ਲਉ ਤੇ ਫਿਰ ਹੋਰ ਕੰਮ ਕਰਨੇ । ਦੀਵਾਨ ਨੂੰ ਇਹ ਗੱਲ ਚੰਗੀ ਨਾ ਲੱਗੀ, ਉਹਨੂੰ ਇਉਂ ਮਹਿਸੂਸ ਹੋਇਆ ਕਿ ਮੁਸਲਮਾਨ ਛੋਟੇ ਅਧਿਕਾਰੀ ਆਪਣੇ ਆਪ ਨੂੰ ਉੱਚ ਅਧਿਕਾਰੀ ਹਿੰਦੂਆਂ ਨਾਲੋਂ ਵੱਡਾ ਅਤੇ ਸਿਆਣਾ ਸਮਝਦੇ ਨੇ ਤਾਂ ਹੀ ਉਹ ਇਸ ਤਰ੍ਹਾਂ ਗੱਲਾਂ ਕਰਦੇ ਨੇ । ਦੀਵਾਨ ਨੇ ਉਹਨਾਂ ਨੂੰ ਕਿਹਾ, "ਅੰਦਰ ਤੇ ਜਲਸੇ ਵਾਂਗ ਦੁਨੀਆਂ ਜੁੜੀ ਹੋਈ ਏ । ਇਥੇ ਕੋਈ ਗੰਭੀਰਤਾ ਨਾਲ ਗੱਲ ਨਹੀਂ ਹੋ ਸਕਦੀ । ਇਥੇ ਵਿਚਾਰ ਕਰਨਾ ਠੀਕ ਵੀ ਨਹੀਂ ਹੋਏਗਾ । ਇਸ ਲਈ ਮੈਂ ਸੋਚਦਾ ਹਾਂ ਕਿ ਜ਼ੁੰਮੇਂਵਾਰਾਂ ਨੂੰ ਵੱਖਰੇ ਬੈਠ ਕੇ ਇਸ ਮਸਲੇ ਦੇ ਸਾਰੇ ਪਹਿਲੂਆਂ 'ਤੇ ਸੋਚਣਾ ਚਾਹੀਦਾ ਏ । ਉਹਦੇ ਲਈ ਇਹ ਥਾਂ ਠੀਕ ਨਹੀਂ, ਇਸ ਲਈ ਇਨ੍ਹਾਂ ਸਾਰਿਆਂ ਨੂੰ ਇਥੋਂ ਚੱਲੇ ਜਾਣ ਲਈ ਕਹਿ ਦਿਉ ।" ਉਂਝ ਤਾਂ ਨਵਾਬ ਦੇ ਬਹੁਤੇ ਨਿਕਟਵਰਤੀ ਮੁਸਲਮਾਨ ਹੀ ਅਧਿਕਾਰੀ ਸਨ ਪਰ ਉਹਨਾਂ ਦਾ ਨਵਾਬ ਨਾਲ ਦਿੱਲੀ

ਜਾਣ ਕਾਰਨ ਸੁੱਚਾ ਨੰਦ ਤੇ ਦੀਵਾਨ ਜੈ ਰਾਮ ਮੁਖੀ ਅਧਿਕਾਰੀਆਂ ਵਾਂਗ ਕੰਮ ਕਰ ਰਹੇ ਸਨ। ਪਰ ਇਹਨਾਂ ਦੀ ਵੀ ਆਪਸ ਵਿੱਚ ਅਣ-ਬਣ ਰਹਿੰਦੀ ਸੀ। ਦੋਹਾਂ ਦੇ ਸੁਭਾਅ ਤੇ ਵਤੀਰੇ ਵਿੱਚ ਬੜਾ ਫਰਕ ਸੀ। ਦੀਵਾਨ ਜੈ ਰਾਮ ਨੇ ਪੁੱਛਿਆ ਕਿ ਇੰਨੇ ਲੋਕਾਂ ਨੂੰ ਇਕੱਠਾ ਕਿਸ ਨੇ ਕੀਤਾ ਹੈ ਅਤੇ ਇਹ ਰੌਲਾ-ਕਿਸ ਪਾਇਆ ਏ ? ਇਹ ਰੌਲਾ ਹਕੂਮਤ ਦੀ ਕਾਰਵਾਈ ਵਿੱਚ ਵਿਘਨ ਪਾ ਸਕਦਾ ਏ। ਜਿਵੇਂ ਅਸੀਂ ਸੋਚਦੇ ਸਾਂ ਉਸਦੀ ਰੌਸ਼ਨੀ ਵਿੱਚ ਕੋਈ ਫੈਸਲਾ ਕਰਨਾ ਔਖਾ ਹੋ ਜਾਏਗਾ । ਇਹ ਭੀੜ ਭੜੱਕਾ ਸਾਡੀ ਸੋਚ 'ਤੇ ਭਾਰੂ ਹੋ ਸਕਦਾ ਏ। ਦੀਵਾਨ ਨੂੰ ਦੱਸਿਆ ਗਿਆ ਕਿ ਇਹ ਭੀੜ ਹਯਾਤ ਖਾਨ ਨੇ ਇਕੱਠੀ ਕੀਤੀ ਏ ਅਤੇ ਉਹ ਚਾਹੁੰਦਾ ਏ ਕਿ ਭਗੌੜੇ ਕੈਦੀ ਨੂੰ ਫੜਨ ਦਾ ਸਿਹਰਾ ਉਸਦੇ ਸਿਰ ਬੱਝੇ। ਹੋਰ ਕੋਈ ਇਸ ਪ੍ਰਾਪਤੀ ਦਾ ਲਾਭ ਨਾ ਉਠਾ ਜਾਏ। ਦੀਵਾਨ ਜੈ ਰਾਮ ਦੇ ਆਦੇਸ਼ 'ਤੇ ਜਦੋਂ ਕਰਮਚਾਰੀਆਂ ਨੇ ਦੀਵਾਨ ਸੁੱਚਾ ਨੰਦ ਨੂੰ ਜਾ ਕੇ ਦੱਸਿਆ ਤਾਂ ਉਹਨੇ ਇਹਦੀ ਤਾਈਦ ਕੀਤੀ ਕਿ ਸਿਵਾਏ ਉੱਚ ਅਧਿਕਾਰੀਆਂ ਦੇ ਬਾਕੀ ਸਭ ਨੂੰ ਇਥੋਂ ਤੁਰ ਜਾਣ ਲਈ ਆਖਿਆ ਜਾਏ ਪਰ ਦੂਜੇ ਪਲ ਹੀ ਉਹ ਦੀਵਾਨ ਦੀ ਰਾਏ ਨਾਲ ਅਸਹਿਮਤ ਹੋ ਗਿਆ। ਉਹਨੇ ਸੋਚਿਆ ਕਿ ਜਿਹਨਾਂ ਨੂੰ ਇਥੋਂ ਤੁਰ ਜਾਣ ਲਈ ਕਹਾਂਗੇ, ਉਹ ਔਖੇ ਹੋਣਗੇ ਕਿ ਸਾਡੇ ਹੁੰਦਿਆਂ ਕਿਉਂ ਨਹੀਂ ਗੱਲ ਹੋ ਸਕਦੀ। ਇਹ ਬੁੱਕਲ ਵਿੱਚ ਗੁੜ ਕਿਉਂ ਭੰਨਣ ਦਾ ਯਤਨ ਕਰ ਰਹੇ ਹਨ। ਸਾਡੇ ਵਿਰੁਧ ਵੀ ਇਹ ਭੰਡੀ ਪ੍ਰਚਾਰ ਹੋ ਸਕਦਾ ਏ। ਹਿੰਦੂ ਹੈਣ ਤਾਂ ਦੂਜੇ ਦਰਜੇ ਦੇ ਅਧਿਕਾਰੀ। ਇਸ ਲਈ ਸੁੱਚਾ ਨੰਦ ਨੇ ਮੁੜ ਕੇ ਕਹਿ ਦਿੱਤਾ, "ਅਜੇ ਇਸ ਇਕੱਤਰਤਾ ਨੂੰ ਕੁਝ ਗੱਲਾਂ ਕਰਕੇ ਫਿਰ ਸਾਰਿਆਂ ਨੂੰ ਚਲੇ ਜਾਣ ਲਈ ਆਖਣਾ। ਦੀਵਾਨ ਜੈ ਰਾਮ ਨੂੰ ਅੰਦਰ ਬੁਲਾਓ।"

ਦੀਵਾਨ ਜੈ ਰਾਮ ਤੇ ਕੁਝ ਹੋਰ ਮੁਸਲਮਾਨ ਅਧਿਕਾਰੀਆਂ ਨਾਲ-ਖੜੇ ਖਲੋਤੇ ਸਲਾਹ ਮਸ਼ਵਰਾ ਕਰਕੇ ਸੁੱਚਾ ਨੰਦ ਨੇ ਕਿਹਾ ਕਿ ਲੋਕਾਂ ਨੂੰ ਦੋ ਚਾਰ ਸ਼ਬਦ ਕਹਿ ਕੇ ਘਰਾਂ ਨੂੰ ਭੇਜ ਦੇਈਏ। ਦੂਜੇ ਉੱਚ ਅਧਿਕਾਰੀਆਂ ਨੇ ਇਹ ਸਲਾਹ ਮੰਨ ਲਈ ਤੇ ਲੋਕਾਂ ਨੂੰ ਸੰਬੋਧਨ ਕਰਨ ਲਈ ਸਭ ਤੋਂ ਪਹਿਲਾਂ ਦੀਵਾਨ ਜੈ ਰਾਮ ਨੂੰ ਹੀ ਆਖਿਆ ਗਿਆ। ਦੀਵਾਨ ਜੈ ਰਾਮ ਨੇ ਆਖਿਆ, "ਇਹ ਖੁਸ਼ੀ ਤੇ ਸੰਤੁਸ਼ਟਤਾ ਦੀ ਗੱਲ ਏ ਕਿ ਭਗੌੜਾ ਆਦਮੀ ਹਯਾਤ ਖਾਂ ਦੀ ਹਿੰਮਤ ਨਾਲ ਫੜਿਆ ਗਿਆ ਹੈ। ਹਯਾਤ ਖਾਂ ਸਾਡੀ ਸਾਰਿਆਂ ਦੀ ਵਧਾਈ ਦਾ ਹੱਕਦਾਰ ਏ। ਇਸ ਕੈਦੀ ਨੂੰ ਕੀ ਸਜ਼ਾ ਦੇਣੀ ਏ, ਇਸਦਾ ਫੈਸਲਾ ਤਾਂ ਨਵਾਬ ਸਾਹਿਬ ਦੇ ਆਉਣ 'ਤੇ ਹੀ ਹੋਏਗਾ। ਸਾਨੂੰ ਇਸ ਬਾਰੇ ਸਿਰਫ ਇਹ ਹੀ ਸੋਚਣ ਦੀ ਗੱਲ ਏ ਕਿ ਅਗੋਂ ਕੋਈ ਹੋਰ ਇਸ ਤਰ੍ਹਾਂ ਬੰਦੀਖਾਨੇ 'ਚੋਂ ਦੌੜ ਨਾ ਸਕੇ। ਇਸੇ ਲਈ ਸਾਡੇ ਵਿੱਚੋਂ ਕਿਸੇ ਨੂੰ ਵੀ ਨਵਾਬ ਸਾਹਿਬ ਦੇ ਆਉਣ ਤਕ ਬੰਦੀਖਾਨੇ ਵਿੱਚ ਜਾਣ ਦੀ ਆਗਿਆ ਨਹੀਂ ਹੋਣੀ ਚਾਹੀਦੀ।" "ਮੈਂ ਇਸ ਵਿਚਾਰ ਨਾਲ ਸਹਿਮਤ ਨਹੀਂ", ਦੀਵਾਨ ਸੁੱਚਾ ਨੰਦ ਨੇ ਰਾਇ ਪ੍ਰਗਟ ਕੀਤੀ। "ਬੰਦੀ ਖਾਨੇ ਵਿਚੋਂ ਛੁਡਾ ਲੈ ਜਾਣ ਵਾਲੇ ਖਤਰਨਾਕ ਕਿਸਮ ਦੇ ਬੰਦੇ ਨੇ। ਉਨ੍ਹਾਂ ਨਾਲ

ਅਤੇ ਭਰੋਸੇ ਸਿੱਖ ਨਾਲ ਬਿਲਕੁੱਲ ਨਰਮਾਈ ਨਹੀਂ ਵਰਤਣੀ ਚਾਹੀਦੀ। ਉਹ ਜੁਰਮ 'ਤੇ ਜੁਰਮ ਕਰੀ ਜਾ ਰਹੇ ਨੇ । ਸਾਡਾ ਨਰਮ ਵਤੀਰਾ ਉਹਨਾਂ ਦਾ ਹੋਰ ਹੌਂਸਲਾ ਅਫਜਾਈ ਕਰੇਗਾ । ਇਸ ਲਈ ਮੈਂ ਕਹਿੰਦਾ ਹਾਂ ਕਿ ਸਾਨੂੰ ਕਿਸੇ ਕਿਸਮ ਦੀ ਨਰਮਾਈ ਵਰਤਣ ਦੀ ਲੋੜ ਨਹੀਂ । ਨਵਾਬ ਸਾਹਿਬ ਨੂੰ ਵੀ ਨਹੀਂ ਉਡੀਕਣਾ ਚਾਹੀਦਾ ਤੇ ਕਾਜ਼ੀ ਜੀ ਤੋਂ ਫਤਵਾ ਲੈ ਕੇ ਸਾਨੂੰ ਇਸ ਕੈਦੀ ਨੂੰ ਕਰੜੀ ਸਜ਼ਾ ਦੇਣੀ ਚਾਹੀਦੀ ਏ ।"

ਇਸ ਤਰ੍ਹਾਂ ਹੋਰਾਂ ਵਜ਼ੀਰਾਂ ਤੇ ਨਵਾਬ ਦੇ ਸਲਾਹਕਾਰਾਂ ਨੇ ਵੀ ਗੱਲਾਂ ਆਖੀਆਂ ਤੇ ਫਿਰ ਇਕੱਠ ਨੂੰ ਖਿੰਡਰ ਪੁੰਡਰ ਜਾਣ ਲਈ ਬੇਨਤੀ ਕੀਤੀ । ਲੋਕ ਤਮਾਸ਼ਈਆਂ ਵਾਂਗ ਆ ਜੁੜੇ ਸਨ ਤੇ ਉਹ ਛੇਤੀ ਹੀ ਘਰਾਂ ਨੂੰ ਪਰਤ ਗਏ । ਇਸ ਪਿੱਛੋਂ ਉੱਚ ਅਧਿਕਾਰੀਆਂ ਦੀ ਗੁਪਤ ਇਕੱਤਰਤਾ ਹੋਈ, ਉਸ ਵਿੱਚ ਦੀਵਾਨ ਜੈ ਰਾਮ ਬਹੁਤ ਘੱਟ ਬੋਲਿਆ ਤੇ ਸੁੱਚਾ ਨੰਦ ਨੇ ਕਰੜੀ ਕਾਰਵਾਈ ਦਾ ਸੁਝਾਅ ਦਿੱਤਾ । ਅੰਤਿਮ ਨਿਰਣਾ ਕੋਈ ਨਾ ਹੋ ਸਕਿਆ ਕਿਉਂਕਿ ਹਯਾਤ ਖਾਂ ਇਸ ਮਾਮਲੇ ਨੂੰ ਠੱਪਣ ਦੇ ਹੱਕ ਵਿੱਚ ਨਹੀਂ ਸੀ ਸਗੋਂ ਇਸ ਤੋਂ ਬਹੁਤ ਕੁਝ ਵਧੇਰੇ ਨਿੱਜੀ ਲਾਭ ਪ੍ਰਾਪਤ ਕਰਨਾ ਚਾਹੁੰਦਾ ਸੀ ।

●●●

ਕਾਂਡ-25

ਦੀਵਾਨ ਜੈ ਰਾਮ ਜਿਤਨਾ ਖੁਸ਼ ਬੰਦੀਖਾਨੇ ਆਇਆ ਸੀ। ਇਥੋਂ ਦਾ ਮਾਹੌਲ ਤੇ ਸਾਥੀ ਦਰਬਾਰੀਆਂ ਦੇ ਸੋਚਣ ਦਾ ਢੰਗ, ਗੱਲਾਂ ਤੇ ਵਤੀਰੇ ਤੋਂ ਉਹ ਓਨਾ ਹੀ ਨਿਰਾਸ਼ ਘਰ ਮੁੜਿਆ। ਉਹਦੇ ਮਨ 'ਤੇ ਹੁਣ ਦੂਹਰਾ ਤੀਹਰਾ ਦਬਾਅ ਸੀ। ਇਕ ਤਾਂ ਉਹਨੂੰ ਜਾਪਦਾ ਸੀ ਕਿ ਦੀਵਾਨ ਸੁੱਚਾ ਨੰਦ ਝੋਲੀ ਚੁੱਕ ਦੀਆਂ ਬਹੁਤੀਆਂ ਗੱਲਾਂ ਕਰਕੇ ਸਾਰਿਆਂ ਦੇ ਜੀਵਨ ਤੇ ਪਦਵੀਆਂ ਲਈ ਖਤਰਾ ਪੈਦਾ ਕਰ ਸਕਦਾ ਹੈ। ਦੂਜਾ, ਉਹਨੂੰ ਪਹਿਲੀ ਵਾਰ ਬਹੁਤ ਬੁਰੀ ਤਰ੍ਹਾਂ ਮਹਿਸੂਸ ਹੋਇਆ ਕਿ ਮੁਸਲਮਾਨ ਅਧਿਕਾਰੀ ਸਾਰੇ ਹਿੰਦੂ ਅਧਿਕਾਰੀਆਂ ਨੂੰ ਸ਼ੱਕ ਦੀ ਨਜ਼ਰ ਨਾਲ ਵੇਖਦੇ ਹਨ। ਮੂੰਹ 'ਤੇ ਕੁਝ ਹੋਰ ਗੱਲਾਂ ਕਰਦੇ ਹਨ ਤੇ ਪਿੱਛੋਂ ਹੋਰ ਗੱਲਾਂ ਹੁੰਦੀਆਂ ਹਨ। ਉਹਨਾਂ ਨੂੰ ਇਹ ਵੀ ਸੂਹ ਲੱਗੀ ਕਿ ਜਿਵੇਂ ਮੁਸਲਮਾਨ ਚੌਧਰੀਆਂ ਨੇ ਘੁਸਰ ਮੁਸਰ ਕੀਤੀ ਏ ਕਿ ਜਿਹੜੀ ਕਾਰਵਾਈ ਕਰਨੀ ਏ, ਉਹ ਸਾਨੂੰ ਨਹੀਂ ਪਤਾ ਲੱਗਣੀ ਚਾਹੀਦੀ। ਉਹਨੂੰ ਇਹ ਕਿਸੇ ਭਰੋਸੇਯੋਗ ਵਿਅਕਤੀ ਨੇ ਦੱਸ ਦਿੱਤਾ ਕਿ ਉਹਨਾਂ ਦੇ ਵਿਰੋਧੀ ਧੜੇ ਦੇ ਬੰਦੇ ਰੋਜ਼ ਗੁਪਤ ਤੌਰ 'ਤੇ ਸੂਚਨਾਵਾਂ ਦਿੱਲੀ ਬੈਠੇ ਨਵਾਬ ਨੂੰ ਭੇਜ ਰਹੇ ਹਨ।

ਉਹਦੇ ਅੰਦਰ ਦਾ ਚੋਰ ਇਸ ਸ਼ੱਕ ਨੂੰ ਹੋਰ ਵਧੇਰੇ ਵਧਾ ਰਿਹਾ ਸੀ । ਉਹਨੂੰ ਪ੍ਰਤੀਤ ਹੋ ਰਿਹਾ ਸੀ ਜਿਵੇਂ ਉਹਦੇ ਵਿਰੋਧੀ ਦਰਬਾਰੀ ਜੋ ਸਮਾਚਾਰ ਨਵਾਬ ਨੂੰ ਭੇਜ ਰਹੇ ਨੇ, ਉਸਦੇ ਵਿਰੁੱਧ ਵੀ ਜ਼ਰੂਰ ਕੁਝ ਨਾ ਕੁਝ ਲਿਖਿਆ ਗਿਆ ਹੋਏਗਾ। ਭਾਵੇਂ ਉਹਦੇ ਮੂੰਹ 'ਤੇ ਕੋਈ ਵੀ ਉਹਨੂੰ ਕੁਝ ਨਹੀਂ ਕਹਿੰਦਾ ਪਰ ਸ਼ੱਕ ਦੀ ਕੋਈ ਸੀਮਾ ਨਹੀਂ ਹੁੰਦੀ। ਉਹਨੂੰ ਘਰ ਆਉਂਦਿਆਂ ਖਿਆਲ ਆ ਰਿਹਾ ਸੀ ਕਿ ਭਾਵੇਂ ਬਿਮਲਾ ਬੜੀ ਸੁਚੇਤ ਰਹਿਣ ਦਾ ਦਾਵਾ ਕਰ ਰਹੀ ਏ ਪਰ ਜੇ ਕਿਸੇ ਤਰ੍ਹਾਂ ਉਹਦਾ ਨਾਂ ਵੀ ਇਸ ਸਾਜ਼ਿਸ਼ ਵਿੱਚ ਆ ਗਿਆ ਤਾਂ ਉਹਦੇ ਤੇ ਬਿਮਲਾ ਸਮੇਤ ਸਾਰੇ ਪਰਿਵਾਰ ਉੱਪਰ ਵੱਡੀ ਸਾਤਸੱਤੀ ਆ ਜਾਏਗੀ ਭਾਵੇਂ ਉਹ ਆਪਣੇ ਬਾਰੇ ਵੀ ਚਿੰਤਾਤੁਰ ਸੀ ਪਰ ਬਿਮਲਾ ਅਤੇ ਆਪਣੇ ਇਕੋ ਇਕ ਛੋਟੇ ਪੁੱਤਰ, ਦੋਹਾਂ ਲਈ ਵੱਡੀ ਮੁਸੀਬਤ ਦਾ ਅਨੁਮਾਨ ਲਾਉਣ ਲੱਗ ਪਿਆ।

ਬਿਮਲਾ ਬਾਰੇ ਜਦ ਉਹ ਸੋਚਦਾ ਤਾਂ ਉਹਦੇ ਰੌਂਗਟੇ ਖੜੇ ਹੋ ਜਾਂਦੇ, ਸਰੀਰ ਵਿੱਚ ਖੂਨ ਦਾ ਦਬਾਅ ਵੱਧ ਜਾਂਦਾ। ਦਿੱਲ ਜ਼ੋਰ ਜ਼ੋਰ ਦੀ ਧੜਕਨ ਲੱਗ ਪੈਂਦਾ।

ਕਿਉਂਕਿ ਸੋਚ ਦੀ ਤਾਣੀ ਬਹੁਤ ਲੰਮੀ ਹੋ ਜਾਂਦੀ । ਆਪਣੇ ਬਾਰੇ ਤਾਂ ਉਹ ਦੋ ਗੱਲਾਂ ਹੀ ਸੋਚਦਾ ਕਿ ਨਵਾਬ ਉਹਨੂੰ ਨੌਕਰੀ ਤੋਂ ਹਟਾ ਸਕਦਾ ਏ ਜਾਂ ਜਾਨੋਂ ਮਰਵਾ ਸਕਦਾ ਏ । ਪਰ ਬਿਮਲਾ ਬਾਰੇ ਉਹਦੀ ਸੋਚ ਸ਼ਕਤੀ ਬਹੁਤ ਦੂਰ ਤਕ ਚੱਲੀ ਜਾਂਦੀ । ਉਹ ਮਹਿਸੂਸ ਕਰਦਾ ਕਿ ਜੇ ਬਿਮਲਾ ਦਾ ਨਾਂ ਇਸ ਸਾਰੇ ਮਾਮਲੇ ਵਿੱਚ ਸਿੱਖ ਦੇ ਹਮਦਰਦ ਵਜੋਂ ਆ ਗਿਆ ਤਾਂ ਨਵਾਬ ਕੀ ਕਰ ਸਕਦਾ ਏ । ਦੂਜੇ ਪਲ ਹੀ ਉਹ ਆਪਣੇ ਪ੍ਰਸ਼ਨ ਦਾ ਉੱਤਰ ਵੀ ਆਪਣੇ ਮਨ ਵਿੱਚ ਦੇਣ ਲੱਗ ਪੈਂਦਾ ਕਿ ਨਵਾਬ ਬਿਮਲਾ ਨੂੰ ਦਰਬਾਰ ਵਿੱਚ ਬੁਲਾ ਕੇ ਦੋਸ਼ੀਆਂ ਦੇ ਕੱਟਹਿਰੇ ਵਿੱਚ ਖੜਾ ਕਰ ਸਕਦੈ । ਜਦ ਉਹ ਦਰਬਾਰ ਵਿੱਚ ਦੀਵਾਨ ਬਣ ਕੇ ਬੈਠਾ ਹੋਏਗਾ ਤੇ ਉਹਦੇ ਸਾਹਮਣੇ ਉਸਦੀ ਧੀ ਦੋਸ਼ੀਆਂ ਵਾਂਗ ਬੰਦੀ ਬਣਾ ਕੇ ਹਾਜ਼ਰ ਕੀਤੀ ਜਾਏਗੀ ਤਾਂ ਉਹਦਾ ਕੀ ਹਾਲ ਹੋਏਗਾ । ਉਹਦੇ ਲਈ ਉਸ ਵੇਲੇ ਡੁੱਬ ਮਰਨ ਦੀ ਘੜੀ ਹੋਏਗੀ ਤੇ ਉਸ ਵੇਲੇ ਧਰਤੀ ਉਸਨੂੰ ਵਿਹਲ ਵੀ ਨਹੀਂ ਦੇਵੇਗੀ ਕਿ ਉਸ ਵਿੱਚ ਧੱਸ ਜਾਏ । ਇਹ ਸੋਚ ਕੇ ਉਹਦਾ ਸਰੀਰ ਕੰਬ ਜਾਂਦਾ ਪਰ ਅਗਲੀ ਘੜੀ ਆਪ ਹੀ ਉਹ ਇਸ ਵਿਚਾਰ ਨੂੰ ਬਦਲ ਲੈਂਦਾ । ਜਦ ਉਸਦੀ ਸੋਚ ਉਸਾਰੀ ਇਹ ਯਾਦ ਕਰਦੀ ਕਿ ਬਿਮਲਾ ਨੂੰ ਬਾਗੀਆਂ ਵਾਂਗ ਨਵਾਬ ਸਾਹਮਣੇ ਪੇਸ਼ ਕਰਨ ਤੋਂ ਪਹਿਲਾਂ ਨਵਾਬ ਉਹਨੂੰ ਦੀਵਾਨ ਦੀ ਪਦਵੀ ਤੋਂ ਹਟਾ ਕੇ ਤੇ ਬੰਦੀਖਾਨੇ ਵਿੱਚ ਸੁੱਟ ਕੇ ਬਿਮਲਾ ਨੂੰ ਬੰਦੀ ਖਾਨੇ ਵਿੱਚ ਹਾਜ਼ਰ ਕਰਨ ਦਾ ਹੁਕਮ ਦੇਵੇਗਾ । ਘਰ ਮੁੜਦਿਆਂ ਰਾਹ ਵਿੱਚ ਹੀ ਉਹ ਆਪਣੇ ਆਪ ਨੂੰ ਦੋਸ਼ੀ ਸਮਝ ਕੇ ਵੰਨ ਸੁਵੰਨੀਆਂ ਸਜ਼ਾਵਾਂ ਮਿਲਣ ਦੀ ਸੋਚਣ ਲੱਗ ਪਿਆ ।

ਫਿਰ ਉਹਦੇ ਸਾਹਮਣੇ ਬਿਮਲਾ ਦੇ ਭਵਿੱਖ ਦੀ ਤਸਵੀਰ ਆਉਣ ਲੱਗ ਪਈ । ਉਹ ਨਵਾਬ ਦੇ ਸੁਭਾਅ ਤੋਂ ਭਲੀ ਪ੍ਰਕਾਰ ਜਾਣੂ ਸੀ ਜਿਥੇ ਉਹਨੂੰ ਇਹ ਪਤਾ ਸੀ ਕਿ ਜ਼ੁਲਮ ਕਰਨ ਲੱਗਿਆਂ ਮਨੁੱਖਤਾ ਦੇ ਸਾਰੇ ਹੱਦਾਂ ਬੰਨੇ ਟੱਪ ਜਾਂਦਾ ਏ । ਉਹਦੀ ਪਸ਼ੂ ਬਿਰਤੀ ਵਿੱਚ ਰਹਿਮ ਦੀ ਕੋਈ ਗੁੰਜ਼ਾਇਸ਼ ਨਹੀਂ ਰਹਿ ਜਾਂਦੀ । ਉਥੇ ਉਹਨੂੰ ਇਹ ਵੀ ਪਤਾ ਸੀ ਕਿ ਔਰਤ ਦੀ ਸੁੰਦਰਤਾ ਤੇ ਜੁਆਨੀ ਉਹਦੀ ਇਕ ਵੱਡੀ ਕਮਜ਼ੋਰੀ ਏ । ਜਿਥੇ ਉਹਦੇ ਹਰਮ ਵਿੱਚ ਕਈ ਬੇਗਮਾਂ ਨੇ, ਉਥੇ ਉਹਨੇ ਕਈ ਔਰਤਾਂ ਨੂੰ ਰੱਖਿਆ ਹੋਇਆ ਏ । ਇਹ ਹਵਸ ਦੀ ਉਹਦੀ ਕਮਜ਼ੋਰੀ ਬਹੁਤੇ ਦਰਬਾਰੀਆਂ ਨੂੰ ਪਤਾ ਹੈ ਕਿਉਂਕਿ ਜਦੋਂ ਉਹ ਬਾਹਰ ਨਿਕਲਦਾ ਹੈ ਤੇ ਜਿਥੇ ਕਿਤੇ ਹੁਸਨਾਂ ਭਰੀ ਜਵਾਨੀ ਨਜ਼ਰੇਂ ਪੈ ਜਾਏ ਤਾਂ ਉਹ ਆਪਣੇ ਅੰਗ ਰੱਖਿਅਕਾਂ ਨੂੰ ਇਸ਼ਾਰਾ ਕਰਕੇ ਅੱਗੇ ਲੰਘ ਜਾਂਦਾ ਹੈ ਕਿ ਇਹਦਾ ਪਤਾ ਕਰੋ ਇਹ ਕੌਣ ਹੈ ਤੇ ਇਹਨੂੰ ਮੇਰੇ ਤਕ ਪਹੁੰਚਣ ਦਾ ਪ੍ਰਬੰਧ ਕਰੋ । ਉਸ ਵੇਲੇ ਇਸ ਗੱਲ ਦੀ ਵੀ ਪ੍ਰਵਾਹ ਨਹੀਂ ਕਰਦਾ ਕਿ ਮੁਟਿਆਰ ਵਿਆਹੀ ਹੋਈ ਏ ਜਾਂ ਕੁਆਰੀ । ਫਿਰ ਉਹਦੀ ਸੋਚ ਉਡਾਰੀ ਸਾਹਮਣੇ ਬਿਮਲਾ ਆ ਜਾਂਦੀ ਕਿ ਨਵਾਬ ਇਹਨੂੰ ਵੀ ਆਪਣੇ ਹਰਮ ਵਿੱਚ ਸੁੱਟ ਸਕਦਾ ਹੈ । ਹੁਣ ਤਕ ਤਾਂ ਉਹਨੇ ਬਿਮਲਾ 'ਤੇ ਨਵਾਬ ਦੀ ਅੱਖ ਨਹੀਂ ਪੈਣ ਦਿੱਤੀ ।

ਕਦੇ ਨਵਾਬ ਸਾਹਮਣੇ ਉਹਨੂੰ ਕਿਸੇ ਥਾਂ ਵੀ ਨਹੀਂ ਜਾਣ ਦਿੱਤਾ। ਜੇ ਨਵਾਬ ਨੇ ਉਹਨੂੰ ਹਰਮ ਵਿੱਚ ਲਿਜਾਣ ਦੀ ਸਜ਼ਾ ਸੁਣਾਈ ਤਾਂ ਇਹ ਕਤਲ ਕਰਨ ਨਾਲੋਂ ਵੀ ਵਧੇਰੀ ਸਜ਼ਾ ਏ। ਉਹ ਹਰਮ ਵਿੱਚ ਜਿੰਨਾ ਚਿਰ ਜਿਉਂਦੀ ਰਹੇਗੀ ਪਲ ਪਲ ਤੇ ਰੋਜ਼ ਮਰਦੀ ਰਹੇਗੀ।

ਦੀਵਾਨ ਦੇ ਘਰ ਪਹੁੰਚਿਆਂ ਜਿਥੇ ਬਿਮਲਾ ਪਿਉ ਸਾਹਮਣੇ ਜਾਣ ਤੋਂ ਝਿਜਕਦੀ ਸੀ ਤੇ ਜਦ ਬੁਲਾਏ ਤਾਂ ਹੀ ਸਾਹਮਣੇ ਆਉਂਦੀ ਸੀ ਪਰ ਅੱਜ ਉਹ ਤੇਜ਼ ਕਦਮ ਪੁਟਦਿਆਂ ਬੂਹੇ ਵੜਦਿਆਂ ਹੀ ਆਣ ਮਿਲੀ ਕਿਉਂਕਿ ਉਹ ਜਾਣਨਾ ਚਾਹੁੰਦੀ ਸੀ ਕਿ ਜਿਹੜੇ ਸਿੱਖ ਨੂੰ ਫੜ ਕੇ ਲਿਆਏ ਨੇ ਉਹ ਕਿਧਰੇ ਹਜ਼ਾਰਾ ਸਿੰਘ ਤਾਂ ਨਹੀਂ, ਗੁਰਦੇਵ ਸਿੰਘ ਨਾਲ ਵੀ ਉਹਦੀ ਜਜ਼ਬਾਤੀ ਸਾਂਝ ਸੀ, ਪਰ ਹਜ਼ਾਰਾ ਸਿੰਘ ਨਾਲੋਂ ਘੱਟ । ਉਹ ਤੁਰੰਤ ਇਹ ਜਾਣਨਾ ਚਾਹੁੰਦੀ ਸੀ ਪਰ ਉਸਦਾ ਹੌਸਲਾ ਨਾ ਪਿਆ ਕਿ ਉਹ ਪਿਤਾ ਨੂੰ ਸਿੱਧਾ ਸਵਾਲ ਕਰਕੇ ਪੁੱਛ ਲਵੇ। ਉਹਨੂੰ ਪਤਾ ਸੀ ਕਿ ਹੁਣ ਉਹਦੀ ਸਿੱਖ ਲੋਕ ਲਹਿਰ ਨਾਲ ਸਾਂਝ ਕਰਕੇ ਉਸਦਾ ਪਿਤਾ ਦੁਖੀ ਤੇ ਗੁੱਸੇ ਵਿੱਚ ਏ। ਉਹਨੇ ਫੈਸਲਾ ਕਰ ਲਿਆ ਸੀ ਕਿ ਉਹ ਇਸ ਬਾਰੇ ਪਿਤਾ ਨਾਲ ਕੋਈ ਗੱਲ ਨਹੀਂ ਕਰੇਗੀ। ਪਰ ਪਿਤਾ ਨੂੰ ਚਿੰਤਾਤੁਰ ਵੇਖ ਕੇ ਉਹਦੇ ਮਨ ਦਾ ਹੌਸਲਾ ਵੱਧ ਗਿਆ। ਦੀਵਾਨ ਜੈ ਰਾਮ ਉਹਦੇ ਨਾਲ ਕੋਈ ਗੱਲ ਕੀਤੇ ਬਿਨਾ ਸਿੱਧਾ ਆਪਣੇ ਕਮਰੇ ਅੰਦਰ ਲੰਘ ਗਿਆ ਅਤੇ ਰਾਣੀ ਛੱਟਪਟ ਖਾਣਾ ਪਰੋਸ ਕੇ ਉਹਦੇ ਲਈ ਕਮਰੇ ਵਿੱਚ ਲੈ ਆਈ। ਸਵੇਰੇ ਉਹ ਸਾਹਮਣੇ ਆਇਆ ਖਾਣਾ ਵੀ ਛੱਡ ਕੇ ਤੁਰ ਗਿਆ ਸੀ।

ਬਿਮਲਾ ਬਾਹਰ ਖੜੀ ਸੋਚ ਰਹੀ ਸੀ ਕਿ ਪਿਤਾ ਲਈ ਇਹ ਨਵੀਂ ਪਰੇਸ਼ਾਨੀ ਕੀ ਹੋ ਸਕਦੀ ਏ। ਉਹ ਤੇ ਖੁਸ਼ ਹੋਇਆ ਸੀ ਕਿ ਕੋਈ ਸਿੱਖ ਫੜਿਆ ਗਿਆ ਏ ਤੇ ਉਹਨਾਂ ਦੀ ਰਹਿ ਆਈ ਏ ਤੇ ਹੁਣ ਨਵੀਂ ਕਿਹੜੀ ਬਿਪਤਾ ਆ ਪਈ ਏ। ਪਰ ਉਹ ਸਿਆਣੀ ਧੀ ਕਮਰੇ ਵਿੱਚ ਨਾ ਗਈ । ਉਹ ਜਾਣਦੀ ਸੀ ਕਿ ਜਦ ਅੰਦਰ ਪਿਤਾ ਪਾਸ ਉਹਦੀ ਮਾਂ ਹੋਵੇ ਤਾਂ ਹੋਰ ਕਿਸੇ ਜੀ ਨੂੰ ਅੰਦਰ ਨਹੀਂ ਜਾਣਾ ਚਾਹੀਦਾ । ਖਾਸ ਕਰਕੇ ਉਦੋਂ ਜਦ ਉਹ ਰੋਟੀ ਖਾਣ ਲੱਗਾ ਹੋਵੇ। ਰੋਟੀ ਖਾਣ ਲੱਗਿਆਂ ਪੂਰਨ ਸ਼ਾਤੀ ਦਾ ਵਾਤਾਵਰਣ ਚਾਹੀਦਾ ਹੈ। ਪਰ ਉਹ ਦਰਵਾਜ਼ੇ ਨਾਲ ਕੰਧ ਉਹਲੇ ਖੜੀ ਇਹ ਜਾਣਨ ਦਾ ਯਤਨ ਕਰ ਰਹੀ ਸੀ ਕਿ ਉਹਦੀ ਮਾਂ ਤੇ ਪਿਤਾ ਵਿਚਕਾਰ ਕੀ ਗੱਲਬਾਤ ਹੁੰਦੀ ਏ ? ਫੜ ਕੇ ਲਿਆਂਦੇ ਸਿੱਖਾਂ ਬਾਰੇ ਗੱਲਾਂ ਕਰਦੇ ਨੇ ਜਾਂ ਕਿਸੇ ਨਵੀਂ ਉਲਝਣ ਦੀ ਚਰਚਾ ਹੁੰਦੀ ਏ। ਪਰ ਉਹ ਇਤਨੀ ਹੌਲੀ ਹੌਲੀ ਗੱਲਾਂ ਕਰ ਰਹੇ ਸਨ ਕਿ ਇਹਦੇ ਪਿੜ ਪੱਲੇ ਕੁਝ ਨਾ ਪਿਆ।

ਅੱਗੇ ਰੋਟੀ ਖਾਂਦਿਆਂ ਕੋਲ ਬੈਠੀ ਰਾਣੀ ਦੀਵਾਨ ਨਾਲ ਕੋਈ ਨਾ ਕੋਈ ਗੱਲ ਸ਼ੁਰੂ ਕਰ ਲੈਂਦੀ। ਲੜਕੇ, ਲੜਕੀ ਤੇ ਸਹੁਰੇ ਪਰਿਵਾਰ ਦੀ ਕਿਸੇ ਸੁਖਾਵੀਂ ਜਾਂ ਅਣਸੁਖਾਵੀਂ ਗੱਲ ਦੀ ਉਹ ਚਰਚਾ ਛੇੜਦੀ ਤਾਂ ਦੀਵਾਨ ਉਹਨੂੰ ਟੋਕ ਦੇਂਦਾ ਤੇ ਯਾਦ

ਕਰਾਂਦਾ ਕਿ ਰੋਟੀ ਖਾਂਦਿਆਂ ਚੁਗਲੀ ਨਿੰਦਾ ਤੇ ਮਾੜੀਆਂ ਗੱਲਾਂ ਨਹੀਂ ਛੇੜਨੀਆਂ ਚਾਹੀਦੀਆਂ। ਪਰ ਅੱਜ ਰਾਣੀ ਤਾਂ ਚੁੱਪ ਕਰਕੇ ਖਾਣਾ ਖੁਆ ਰਹੀ ਸੀ ਪਰ ਦੀਵਾਨ ਨੇ ਆਪ ਆਪਣੇ ਪਿਛਲੇ ਵਤੀਰੇ ਦੇ ਉਲਟ ਗੱਲਾਂ ਸ਼ੁਰੂ ਕਰ ਦਿੱਤੀਆਂ। ਅੱਜ ਉਹਦਾ ਮਨ ਭਾਰਾ ਸੀ ਤੇ ਉਹ ਰਾਣੀ ਨਾਲ ਗੱਲਾਂ ਕਰਕੇ ਮਨ ਹੌਲਾ ਕਰਨਾ ਚਾਹੁੰਦਾ ਸੀ। ਰੋਟੀ ਖਾ ਕੇ ਉਸਨੇ ਫਿਰ ਬੰਦੀਖਾਨੇ ਜਾਣਾ ਸੀ। ਇਸ ਲਈ ਉਹ ਰੋਟੀ ਖਾਂਦਿਆਂ ਹੀ ਪਤਨੀ ਨਾਲ ਗੱਲਾਂ ਕਰਨ ਲੱਗ ਪਿਆ।

ਦੀਵਾਨ ਜੈ ਰਾਮ ਨੇ ਪਹਿਲਾਂ ਤਾਂ ਬੰਦੀਖਾਨੇ ਦੇ ਬਾਹਰ ਇਕੱਤਰਤਾ ਵਿੱਚ ਹੋਈਆਂ ਗੱਲਾਂ ਤੇ ਤਕਰੀਰਾਂ ਦੇ ਕੁਝ ਸ਼ਬਦ ਰਾਣੀ ਨੂੰ ਦੱਸੇ ਤੇ ਫਿਰ ਉਥੋਂ ਦੇ ਮਾਹੌਲ ਬਾਰੇ ਆਪਣੇ ਮਨ ਦਾ ਤੌਖਲਾ ਬਿਆਨ ਕੀਤਾ। ਫਿਰ ਉਸ ਇਕੱਤਰਤਾ ਬਾਰੇ ਲਾਏ ਅਨੁਮਾਨਾਂ ਦੇ ਪ੍ਰਭਾਵ ਨਾਲ ਜੋ ਰਾਹ ਵਿੱਚ ਆਉਂਦਿਆਂ ਸੋਚਿਆ ਤੇ ਮਹਿਸੂਸ ਕੀਤਾ, ਉਹ ਵੀ ਸਾਰਾ ਰਾਣੀ ਨੂੰ ਦੱਸਿਆ। ਰਾਣੀ ਚੁੱਪ ਕਰਕੇ ਸਭ ਸੁਣਦੀ ਰਹੀ ਤੇ ਜਦੋਂ ਦੀਵਾਨ ਨੇ ਖਾਣਾ ਖਾ ਕੇ ਹੱਥ ਧੋ ਲਏ ਤਾਂ ਰਾਣੀ ਨੇ ਪੁੱਛਿਆ, "ਫਿਰ ਇਹਦਾ ਕੁਝ ਇਲਾਜ ਵੀ ਸੋਚਿਆ ਜੇ, ਮੈਂ ਤੇ ਕਹਿੰਨੀ ਆਂ, ਤੁਸੀਂ ਐਵੇਂ ਚਿੰਤਾ ਕਰ ਰਹੇ ਹੋ, ਸਾਡੀ ਨੀਅਤ ਮਾੜੀ ਨਹੀਂ, ਤੁਸੀਂ ਕੋਈ ਗਲਤ ਗੱਲ ਨਹੀਂ ਕੀਤੀ। ਇਸ ਲਈ ਨਵਾਬ ਤੁਹਾਡੇ ਤੋਂ ਖਫ਼ਾ ਨਹੀਂ ਹੋ ਸਕਦਾ। ਪਰਮਾਤਮਾ ਵੀ ਸਭ ਕੁਝ ਦੇਖਦਾ ਪਿਆ ਏ। ਉਹਦੇ ਘਰ ਵਿੱਚ ਹਨੇਰ ਨਹੀਂ, ਤੁਸੀਂ ਆਪ ਹੀ ਕਹਿੰਦੇ ਸੀ ਕਿ ਹੌਸਲਾ ਨਹੀਂ ਛੱਡਣਾ ਚਾਹੀਦਾ ਤੇ ਨਾ ਜੀਵਨ ਵਿੱਚ ਇਉਂ ਹਾਰ ਮੰਨਣੀ ਚਾਹੀਦੀ ਏ।"

"ਤੇਰੀ ਗੱਲ ਠੀਕ ਏ ਪਰ ਕੀ ਕਰੀਏ ਅਸੀਂ ਵੀ ਤਾਂ ਸਾਧਾਰਨ ਮਨੁੱਖ ਹਾਂ। ਜੀਵਨ ਵਿੱਚ ਉਤਰਾਅ ਚੜ੍ਹਾਅ ਆਉਂਦੇ ਨੇ। ਇਹ ਜੀਵਨ ਵੀ ਅਜਿਹੀਆਂ ਛੱਲਾਂ ਭਰਿਆ ਏ ਜਿਸ ਵਿੱਚ ਅਸੀਂ ਕਈ ਵਾਰ ਡੁੱਬਦੇ ਤੇ ਕਈ ਵਾਰ ਤਰਦੇ ਹਾਂ।" ਦੀਵਾਨ ਨੇ ਆਖਿਆ ਤੇ ਮੁੜ ਰਾਣੀ ਨੂੰ ਆਦੇਸ਼ ਦਿੱਤਾ, "ਮੈਨੂੰ ਆਪਣੀ ਚਿੰਤਾ ਘੱਟ ਤੇ ਬਿਮਲਾ ਦਾ ਫਿਕਰ ਬਹੁਤਾ ਏ। ਤੂੰ ਇਕ ਗੱਲ ਕਰ, ਬਿਮਲਾ ਦਾ ਘਰੋਂ ਨਿਕਲਣਾ ਬੰਦ ਕਰ ਦੇ, ਨਾ ਉਹ ਕਿਸੇ ਨੂੰ ਮਿਲਣ ਜਾਏ ਤੇ ਨਾ ਕੋਈ ਉਹਨੂੰ ਮਿਲਣ ਆਏ। ਨਵਾਬ ਦੇ ਆਉਂਦਿਆਂ ਜਦ ਮੈਨੂੰ ਭਿਣਕ ਪਈ ਕਿ ਬਿਮਲਾ ਬਾਰੇ ਸੂਚਨਾ ਗਈ ਏ ਤਾਂ ਤੁਰੰਤ ਬਿਮਲਾ ਨੂੰ ਨਾਨਕੇ ਮਾਮੇ ਕੋਲ ਭੇਜ ਦੇਈਏ ਤੇ ਉਹਨਾਂ ਨੂੰ ਕਹਿ ਕੇ ਕਿਤੇ ਦੂਰ ਦੁਰਾਡੇ ਇਹਦਾ ਵਿਆਹ ਕਰ ਦੇਈਏ।"

•••

ਕਾਂਡ-26

ਬਿਮਲਾ ਘਰ ਵਿੱਚ ਨਜ਼ਰਬੰਦ ਕਰ ਦਿੱਤੀ ਗਈ। ਮਾਂ ਨੇ ਉਸਨੂੰ ਕਹਿ ਦਿੱਤਾ ਕਿ ਉਹ ਘਰ ਤੋਂ ਬਾਹਰ ਨਾ ਜਾਏ। ਇਥੋਂ ਤਕ ਉਹਨੂੰ ਆਪਣੀਆਂ ਹਮ-ਉਮਰ ਸਹੇਲੀਆਂ ਦੇ ਘਰ ਜਾਣ ਦੀ ਵੀ ਮਨਾਹੀ ਹੋ ਗਈ। ਉਹ ਗਲੀ ਗੁਆਂਢ ਵੀ ਕਿਸੇ ਦੇ ਘਰ ਨਹੀਂ ਜਾਏਗੀ ਤੇ ਨਾ ਆਪਣੀ ਡਿਓੜੀ ਦੇ ਬਾਹਰ ਦਰਵਾਜ਼ੇ ਵਿੱਚ ਖਲੋ ਕੇ ਕਿਸੇ ਨਾਲ ਗੱਲ ਕਰ ਸਕਦੀ ਏ। ਮਾਂ ਨੇ ਉਸਨੂੰ ਸਮਝਾ ਦਿੱਤਾ ਕਿ ਹਾਲਾਤ ਬੜੇ ਨਾਜ਼ਕ ਹਨ। ਸਿੱਖਾਂ ਦੀ ਮਦਦ ਦੇ ਮਾਮਲੇ ਵਿੱਚ ਉਹਦਾ ਤੇ ਦੀਵਾਨ ਜੀ ਦਾ ਨਾਂ ਲੱਗ ਰਿਹੈ। ਵਿਰੋਧੀ ਦਰਬਾਰੀਆਂ ਨੂੰ ਇਹ ਪਤਾ ਲੱਗ ਗਿਆ ਏ ਕਿ ਸਾਡੇ ਘਰ ਆਉਣ ਵਾਲਾ ਜੋਤਿਸ਼ੀ (ਸਾਧ) ਸਿੱਖ ਸੀ ਤੇ ਜੋ ਕੁਝ ਸਰਹੰਦ ਵਿੱਚ ਵਾਪਰ ਰਿਹਾ ਏ, ਇਸ ਸਾਜ਼ਿਸ਼ ਵਿੱਚ ਅਸੀਂ ਸ਼ਾਮਲ ਹਾਂ। ਇਸ ਲਈ ਤੇਰੇ ਪਿਤਾ ਜੀ ਨੇ ਇਹ ਹਦਾਇਤ ਕੀਤੀ ਏ ਕਿ ਤੂੰ ਹੁਣ ਘਰ ਤੋਂ ਬਾਹਰ ਨਹੀਂ ਜਾਣਾ ਤੇ ਨਾ ਘਰ ਆਏ ਨੂੰ ਮਿਲਣਾ ਹੈ। ਜੇ ਕੋਈ ਤੈਨੂੰ ਮਿਲਣ ਵੀ ਆਏ ਭਾਵੇਂ ਉਹ ਕੋਈ ਮਰਦ ਹੋਵੇ ਜਾਂ ਕੁੜੀ ਤੂੰ ਕਿਸੇ ਨੂੰ ਨਹੀਂ ਮਿਲਣਾ। ਮੈਂ ਹੋਵਾਂ ਜਾਂ ਕੋਈ ਨੌਕਰ ਚਾਕਰ ਉਹੀ ਬਾਹਰ ਜਾਣਗੇ ਤੇ ਕੁੰਡਾ ਖੋਲ੍ਹ ਕੇ ਮਨ੍ਹਾ ਕਰ ਦੇਣਗੇ।

ਬਿਮਲਾ ਲਈ ਇਹ ਪਾਬੰਦੀਆਂ ਸਹੀ ਸਨ। ਇਕ ਵਾਰ ਜਿਸਦਾ ਪੈਰ ਘਰੋਂ ਬਾਹਰ ਨਿਕਲ ਜਾਏ ਤੇ ਖੁੱਲ੍ਹਾ ਤੁਰਨ ਫਿਰਨ ਦੀ ਖੁੱਲ੍ਹ ਮਾਣ ਲਵੇ, ਉਹਦੇ ਲਈ ਮੁੜ ਕੇ ਪਾਬੰਦੀਆਂ ਦੀ ਜਕੜ ਵਿੱਚ ਜੀਉਣਾ ਮੁਸ਼ਕਿਲ ਹੋ ਜਾਂਦਾ ਹੈ ਉਹ ਆਪਣੀਆਂ ਬਥੇਰੀਆਂ ਸਹੇਲੀਆਂ ਤੇ ਵਾਕਿਫਕਾਰ ਕੁੜੀਆਂ ਨੂੰ ਜਾਣਦੀ ਸੀ ਜੋ ਘਰ ਦੀ ਚਾਰ ਦੀਵਾਰੀ ਵਿੱਚ ਹੀ ਦਿਨ ਦਾ ਬਹੁਤਾ ਸਮਾਂ ਬਿਤਾਂਦੀਆਂ ਤੇ ਉਹਨਾਂ ਨੂੰ ਕਦੇ ਖੁੱਲ੍ਹ ਮਾਣਨ ਦਾ ਮੌਕਾ ਹੀ ਨਹੀਂ ਸੀ ਮਿਲਿਆ ਜਿਸ ਕਾਰਨ ਉਹਨਾਂ ਨੂੰ ਅਹਿਸਾਸ ਹੀ ਨਹੀਂ ਸੀ ਕਿ ਆਜ਼ਾਦ ਵਿਚਰਨ ਵਾਲਿਆਂ ਨੂੰ ਕਿਸ ਤਰ੍ਹਾਂ ਮਹਿਸੂਸ ਹੁੰਦਾ ਹੈ। ਉਹ ਕਈ ਵਾਰ ਹੱਸਦਿਆਂ ਬਿਮਲਾ ਨੂੰ ਪੁੱਛਿਆ ਕਰਦੀਆਂ ਸਨ ਕਿ ਤੇਰੇ ਮਾਤਾ ਪਿਤਾ ਤੈਨੂੰ ਰੋਕਦੇ ਨਹੀਂ। ਤੈਨੂੰ ਬਾਹਰ ਤੁਰਦਿਆਂ ਫਿਰਦਿਆਂ ਮਰਦ ਜਾਤੀ ਦੇ ਨੌਜੁਆਨਾਂ ਤੋਂ ਡਰ ਨਹੀਂ ਲੱਗਦਾ। ਉਹ ਸਰਹੰਦ ਵਿੱਚ ਪਹਿਲੀ ਕੁੜੀ ਸੀ ਜਿਸ ਨੇ ਘੋੜੇ ਦੀ ਸਵਾਰੀ ਸਿਖੀ ਤੇ ਕਈ

ਵਾਰ ਘੋੜਾ ਲੈ ਕੇ ਬਾਹਰ ਸੈਰ ਕਰਨ ਨਿਕਲ ਜਾਂਦੀ । ਜਦ ਕੁੜੀਆਂ ਘੋੜ ਸਵਾਰੀ ਬਾਰੇ ਗੱਲ ਕਰਦੀਆਂ ਤਾਂ ਬਿਮਲਾ ਹੱਸ ਕੇ ਕਹਿ ਦੇਂਦੀ, "ਮੈਨੂੰ ਤੇ ਮਾਪਿਆਂ ਨੇ ਕਦੀ ਰੋਕਿਆ ਟੋਕਿਆ ਨਹੀਂ । ਜੇ ਉਹਨਾਂ ਮੈਨੂੰ ਕਦੇ ਮਨ੍ਹਾ ਕਰਨਾ ਹੁੰਦਾ ਤਾਂ ਉਦੋਂ ਕਰਦੇ ਜਦੋਂ ਮੈਂ ਘੋੜ ਸਵਾਰੀ ਸਿਖ ਰਹੀ ਸਾਂ । ਹਾਂ, ਉਹਨਾਂ ਮੈਨੂੰ ਇਕ ਗੱਲੋਂ ਰੋਕਿਆ ਏ ਕਿ ਮੈਂ ਜੀਵ ਹੱਤਿਆ ਨਾ ਕਰਾਂ, ਉਹ ਵੀ ਉਦੋਂ ਜਦੋਂ ਮੈਂ ਇੱਛਾ ਪ੍ਰਗਟ ਕੀਤੀ ਸੀ ਕਿ ਮੈਨੂੰ ਸ਼ੌਕ ਏ ਸ਼ਿਕਾਰ ਖੇਡਣ ਜਾਣ ਦਾ ਤੇ ਮੈਂ ਪਿਤਾ ਜੀ ਤੋਂ ਹਥਿਆਰਾਂ ਦੀ ਮੰਗ ਕੀਤੀ ਸੀ ਤਾਂ ਉਸ ਸਮੇਂ ਆਖਿਆ ਸੀ ਕਿ ਇਕ ਤਾਂ ਸ਼ਿਕਾਰ ਖੇਡਣਾ ਜੀਵ ਹਤਿਆ ਹੈ ਤੇ ਦੂਜਾ ਹਥਿਆਰ ਲੈ ਕੇ ਘੋੜੇ 'ਤੇ ਬਾਹਰ ਜਾਂਦਿਆਂ ਹਰ ਪਾਸੇ ਮੇਰੇ 'ਤੇ ਉਂਗਲਾਂ ਉੱਠਣਗੀਆਂ ।"

ਇਕ ਪਾਸੇ ਉਹਨੂੰ ਮਾਪਿਆਂ ਦੀ ਪੁਰਾਣੀ ਖੁਲ੍ਹਦਿਲੀ ਯਾਦ ਆਉਂਦੀ ਤੇ ਦੂਜੇ ਪਾਸੇ ਉਹਨੂੰ ਹੁਣ ਲੱਗੀਆਂ ਪਾਬੰਦੀਆਂ ਦਾ ਧਿਆਨ ਆਉਂਦਾ ਤਾਂ ਉਹਦੇ ਮਨ ਵਿੱਚ ਇਹ ਦੁਬਿਧਾ ਉੱਠ ਖਲੋਂਦੀ ਕਿ ਮੇਰੇ ਮਾਪਿਆਂ ਵਿੱਚ ਤਬਦੀਲੀ ਆ ਗਈ ਏ । ਉਹ ਆਪਣੇ ਸੌੜੇ ਹਿਤਾਂ ਲਈ ਤੰਗਦਿਲ ਹੁੰਦੇ ਜਾ ਰਹੇ ਨੇ ਜਾਂ ਮੈਂ ਬਦਲ ਗਈ ਹਾਂ । ਮਾਪਿਆਂ ਲਈ ਮੋਹ ਮਾਇਆ ਦਾ ਜਾਲ ਤੇ ਉਹਦੀ ਅੰਤਰ ਆਤਮਾ ਆਪ ਹੀ ਉੱਤਰ ਦੇਣ ਲੱਗ ਪੈਂਦੀ ਕਿ ਮਾਪਿਆਂ ਦਾ ਕੋਈ ਕਸੂਰ ਨਹੀਂ, ਉਹ ਨਹੀਂ ਬਦਲੇ, ਮੈਂ ਹੀ ਬਦਲ ਗਈ ਹਾਂ । ਫਿਰ ਉਹਨੂੰ ਯਾਦ ਆਉਂਦਾ ਕਿ ਮੇਰੇ ਬਦਲਣ ਦੇ ਕੀ ਕੀ ਕਾਰਨ ਹਨ ? ਵੱਡਾ ਕਾਰਨ ਤਾਂ ਸਾਫ ਸੀ ਕਿ ਸਿੱਖਾਂ ਵੱਲ ਉਹਦਾ ਝੁਕਾਅ ਤੇ ਉਹਦੇ ਮਨ ਵਿੱਚ ਉੱਠੀ ਸ਼ਰਧਾ । ਉਹਨੂੰ ਯਾਦ ਆਇਆ ਜਦ ਉਹਨੇ ਹਜ਼ਾਰਾ ਸਿੰਘ ਨੂੰ ਸਾਧੂ ਦੇ ਭੇਸ ਵਿੱਚ ਪਛਾਣ ਲਿਆ ਸੀ। ਉਹਦਾ ਮਨ ਕਹਿੰਦਾ ਜੇ ਮੈਂ ਉਦੋਂ ਹੀ ਹਜ਼ਾਰਾ ਸਿੰਘ ਦਾ ਭੇਦ ਖੋਲ੍ਹ ਦੇਂਦੀ ਤੇ ਆਪਣੇ ਘਰ ਆਉਣ ਤੋਂ ਮਨ੍ਹਾ ਕਰ ਦੇਂਦੀ ਤਾਂ ਉਸ ਪਿੱਛੋਂ ਉਹਨਾਂ ਦੀ ਸਾਜ਼ਿਸ਼ ਵਿੱਚ ਸ਼ਾਮਲ ਹੋ ਕੇ ਮੈਂ ਜੋ ਕੁਝ ਕੀਤਾ ਹੈ, ਉਹ ਨਹੀਂ ਸੀ ਹੋਣਾ ਪਰ ਕੁਦਰਤ ਦੀ ਖੇਡ ਏ, ਮੇਰੇ 'ਤੇ ਇਹ ਦਿਨ ਆਉਣੇ ਸਨ । ਇਸ ਲਈ ਮੈਂ ਇਸ ਮਾਮਲੇ ਵਿੱਚ ਅੱਗੇ ਵੱਧਦੀ ਗਈ, ਕਦੇ ਉਹਦੇ ਮਨ ਵਿੱਚ ਖਿਆਲ ਆਉਂਦਾ ਕਿ ਮੇਰੀ ਜੁਆਨੀ ਹੀ ਮੇਰੀ ਦੁਸ਼ਮਣ ਹੈ । ਧੀਆਂ ਛੋਟੀ ਉਮਰ ਵਿੱਚ ਹੋਣ ਮਾਪੇ ਪਿਆਰ ਨਾਲ ਕਈ ਖੁਲ੍ਹਾਂ ਦੇ ਦਿੰਦੇ ਹਨ । ਪਰ ਧੀਆਂ ਦੇ ਜੁਆਨੀ ਵਿੱਚ ਪੈਰ ਰੱਖਦਿਆਂ ਹੀ ਅਨੇਕਾਂ ਪ੍ਰਕਾਰ ਦੀਆਂ ਪਾਬੰਦੀਆਂ ਸ਼ੁਰੂ ਹੋ ਜਾਦੀਆਂ ਹਨ । ਮਾਪਿਆਂ ਦੀਆਂ ਨਜ਼ਰਾਂ ਵਿੱਚ ਧੀਆਂ ਬਾਲੜੀਆਂ ਨੇ, ਅਬਲਾ ਨੇ, ਫਿਰ ਉਹਨਾਂ ਦੇ ਹਰ ਕਰਮ ਉੱਪਰ ਕੜੀ ਨਿਗਰਾਨੀ ਸ਼ੁਰੂ ਕਰ ਦਿੰਦੇ ਨੇ । ਹੁਣ ਭਾਵੇਂ ਨਵਾਬ ਤਕ ਮੇਰੀ ਕੋਈ ਸ਼ਿਕਾਇਤ ਜਾਏ ਜਾਂ ਨਾ ਜਾਏ ਪਰ ਮੇਰੇ ਉੱਪਰ ਪਾਬੰਦੀਆਂ ਦਾ ਪਹਾੜ ਡਿੱਗ ਪਿਆ ਏ । ਜੇ ਮੈਂ ਇਸ ਪਹਾੜ ਥੱਲੇ ਦੱਬੀ ਰਹੀ ਤਾਂ ਵੀ ਮਰ ਜਾਵਾਂਗੀ

ਤੇ ਜੇ ਮੈਂ ਘਰ ਦੀ ਕੈਦ ਨੂੰ ਮਨਜ਼ੂਰ ਨਾ ਕਰਾਂ ਤੇ ਪਿਤਾ ਜੀ ਦੇ ਆਦੇਸ਼ ਦੀ ਉਲੰਘਣਾ ਕਰਨ ਲਈ ਤਿਆਰ ਹੋ ਜਾਵਾਂ ਤਾਂ ਵੀ ਘਰ ਵਿੱਚ ਕਲੇਸ਼ ਪਏਗਾ। ਮਾਂ ਪਿਉ ਦੀਆਂ ਨਜ਼ਰਾਂ ਵਿੱਚ ਮੈਂ ਡਿੱਗ ਜਾਵਾਂਗੀ। ਪਿਤਾ ਜੀ ਗੁੱਸੇ ਨਾਲ ਫਿਰ ਕੁਝ ਹੋਰ ਕਰੜੇ ਕਦਮ ਚੁੱਕ ਸਕਦੇ ਨੇ। ਅੱਜ ਮਾਂ ਮੇਰੀ ਹਮਦਰਦ ਹੈ ਪਰ ਉਹ ਵਿਚਾਰੀ ਵੀ ਕੀ ਕਰੇ। ਚੱਕੀ ਦੇ ਦੋ ਪੁੜਾਂ ਵਿੱਚ ਪਿਸ ਰਹੀ ਏ। ਇਕ ਪਾਸੇ ਉਹਦਾ ਪਤੀ ਪ੍ਰਮੇਸ਼ਵਰ ਉਹਦੇ ਜੀਵਨ ਦੀਆਂ ਸਾਰੀਆਂ ਖੁਸ਼ੀਆਂ ਦਾ ਸਰੋਤ ਹੈ, ਉਸਦਾ ਆਖਾ ਮੋੜ ਨਹੀਂ ਸਕਦੀ, ਉਹਨੂੰ ਨਾਰਾਜ਼ ਨਹੀਂ ਕਰ ਸਕਦੀ ਤੇ ਦੂਜੇ ਪਾਸੇ ਮੇਰਾ ਮੋਹ ਪਿਆਰ ਏ। ਉਹ ਕਿਸੇ ਕੀਮਤ 'ਤੇ ਵੀ ਮੇਰੇ ਜੀਵਨ ਨੂੰ ਦੁੱਖੀ ਨਹੀਂ ਵੇਖ ਸਕਦੀ। ਉਹਨੇ ਵੱਧ ਤੋਂ ਵੱਧ ਕੋਸ਼ਿਸ਼ ਕੀਤੀ ਏ ਕਿ ਮੇਰੇ ਵਿਰੁੱਧ ਪਿਤਾ ਜੀ ਦੇ ਗੁੱਸੇ ਨੂੰ ਠੰਡਿਆਂ ਕਰਨ ਦੀ ਪਰ ਬਹੁਤੀਆਂ ਗੱਲਾਂ ਵਿੱਚ ਪਾਣੀ ਉਹਦੇ ਵੀ ਸਿਰੋਂ ਲੰਘ ਜਾਂਦਾ ਏ; ਇਹ ਸਾਰੀ ਕਲਪਣਾ ਉਹਦੇ ਵਾਸਤੇ ਈ ਏ। ਫਿਰ ਵੀ ਇਕ ਦਿਨ ਬਿਮਲਾ ਨੇ ਮਾਂ ਨੂੰ ਕਹਿ ਹੀ ਦਿੱਤਾ, "ਇਹ ਜੋ ਮੇਰੇ ਉੱਪਰ ਪਾਬੰਦੀਆਂ ਲਾਈਆਂ ਗਈਆਂ ਨੇ, ਮੈਂ ਬਹੁਤੀ ਦੇਰ ਇਸ ਮਾਹੌਲ ਵਿੱਚ ਜਿਉਂਦਾ ਨਹੀਂ ਰਹਿ ਸਕਦੀ। ਮੈਨੂੰ ਪਹਿਲਾਂ ਹੀ ਇਤਨੀ ਖੁਲ੍ਹ ਨਹੀਂ ਸੀ ਦੇਣੀ, ਜੇ ਦੇ ਦਿੱਤੀ ਜੇ ਤਾਂ ਹੁਣ ਇਸ ਤਰ੍ਹਾਂ ਖੋਹਵੋ ਨਾ। ਜਦੋਂ ਕੋਈ ਕੁੜੀ (ਸਹੇਲੀ) ਮੈਨੂੰ ਮਿਲਣ ਆਉਂਦੀ ਏ ਜਾਂ ਪੁੱਛਣ ਆਉਂਦੀ ਏ ਤਾਂ ਤੁਸੀਂ ਕਹਿ ਦੇਦੇਂ ਹੋ ਕਿ ਉਹ ਘਰ ਨਹੀਂ, ਕਿਸੇ ਰਿਸ਼ਤੇਦਾਰ ਦੇ ਘਰ ਗਈ ਏ। ਉਥੇ ਕੋਈ ਵਿਆਹ ਏ, ਉਹ ਕੁਝ ਦਿਨਾਂ ਤਕ ਆਏਗੀ। ਜਦੋਂ ਤੁਸੀਂ ਡਿਓਡੀ ਵਿੱਚ ਖੜੇ ਇਹ ਝੂਠ ਬੋਲਦੇ ਹੋ ਤਾਂ ਮੇਰੇ ਅੰਦਰ ਇਕ ਧੂਹ ਪੈਂਦੀ ਏ, ਇਕ ਚੀਸ ਉੱਠਦੀ ਏ। ਮੈਂ ਸੋਚਦੀ ਹਾਂ ਕਿ ਮੇਰੀਆਂ ਉਹ ਸਖੀਆਂ ਸਹੇਲੀਆਂ ਕੀ ਸਮਝਦੀਆਂ ਹੋਣਗੀਆਂ। ਉਹਨਾਂ ਦਾ ਸਾਡੇ ਪਰਿਵਾਰ 'ਤੇ ਖਾਸ ਕਰਕੇ ਮੇਰੇ ਬਾਰੇ ਕੀ ਪ੍ਰਭਾਵ ਬਣਦਾ ਹੋਏਗਾ।"

"ਸਾਨੂੰ ਇਹ ਝੂਠ ਬੋਲਣ ਲਈ ਵੀ ਤੇਰੀਆਂ ਗੱਲਾਂ ਨੇ ਮਜਬੂਰ ਕੀਤਾ ਏ। ਜੇ ਤੂੰ ਸਿੱਖਾਂ ਦੇ ਇੰਨਾ ਨੇੜੇ ਨਾ ਹੁੰਦੀ ਤਾਂ ਕੁਝ ਵੀ ਨਹੀਂ ਸੀ ਹੋਣਾ। ਨਾ ਸਾਡੇ ਲਈ ਬਿਪਤਾ ਖੜੀ ਹੁੰਦੀ, ਨਾ ਤੇਰੇ 'ਤੇ ਇਹ ਮੁਸੀਬਤ ਆਉਂਦੀ।" ਰਾਣੀ ਨੇ ਸਮਝਾਇਆ, "ਕੁਝ ਦਿਨਾਂ ਦੀ ਗੱਲ ਏ, ਨਵਾਬ ਦੇ ਵਾਪਸ ਮੁੜਦਿਆਂ ਜੇ ਪਤਾ ਲੱਗ ਗਿਆ ਕਿ ਕਿਸੇ ਨੇ ਤੇਰੇ ਬਾਰੇ ਕੋਈ ਸੂਚਨਾ ਨਹੀਂ ਦਿੱਤੀ ਤਾਂ ਇਹ ਬੰਦਿਸ਼ ਵੀ ਤੇਰੇ ਤੋਂ ਮੁੱਕ ਜਾਏਗੀ ਫਿਰ ਤੈਨੂੰ ਬੂਹੇ ਬੰਦ ਕਰਕੇ ਅੰਦਰ ਬਿਠਾਣ ਦੀ ਲੋੜ ਨਹੀਂ ਰਹੇਗੀ।"

"ਜੇ ਮੇਰਾ ਨਾਮ ਜਾਂ ਪਿਤਾ ਜੀ ਦਾ ਨਾਮ ਇਸ ਸਾਰੀ ਗੱਲ ਵਿੱਚ ਆ ਗਿਆ ਤਾਂ ਇਹਨਾਂ ਪਾਬੰਦੀਆਂ ਦਾ ਫਿਰ ਵੀ ਕੋਈ ਲਾਭ ਨਹੀਂ ਹੋਣਾ। ਨਵਾਬ ਨੇ ਜੋ ਚਾਹੁਣਾ ਏ, ਸਾਡੇ ਵਿਰੁੱਧ ਕਾਰਵਾਈ ਕਰਦਿਆਂ ਕਰ ਲੈਣਾ ਏ, ਅਸੀਂ ਕਿਹੜਾ ਉਸਨੂੰ ਡੱਕ ਸਕਦੇ ਹਾਂ।" ਬਿਮਲਾ ਨੇ ਉੱਤਰ ਦਿੱਤਾ।

"ਫਿਰ ਦਾ ਵੀ ਅਸੀਂ ਸੋਚਿਆ ਹੋਇਆ ਏ, ਤੈਨੂੰ ਕਿਧਰੇ ਬਾਹਰ ਦੂਰ ਦੁਰਾਡੇ ਭੇਜ ਦਿਆਂਗੇ ਤੇ ਤੇਰੇ ਮਾਮਿਆਂ ਨੂੰ ਕਹਿ ਦਿਆਂਗੇ ਕਿ ਉਹ ਤੇਰੇ ਹੱਥ ਪੀਲੇ ਕਰ ਦੇਣ ।" ਰਾਣੀ ਨੇ ਉਹ ਸਾਰੀ ਵਿਉਂਤ ਬਿਮਲਾ ਅੱਗੇ ਰੱਖ ਦਿੱਤੀ ਜਿਹੜੀ ਦੀਵਾਨ ਜੀ ਨੇ ਉਹਨੂੰ ਸਮਝਾਈ ਤੇ ਦੱਸੀ ਹੋਈ ਸੀ । ਇਹ ਬਿਮਲਾ ਲਈ ਨਵੀਂ ਚਿੰਤਾ ਤੇ ਸੋਚਣ ਵਾਲੀ ਗੱਲ ਸੀ ਕਿ ਉਹ ਮਾਮਿਆਂ ਕੋਲ ਜਾਏਗੀ ਤੇ ਉਹ ਮਨ ਪਸੰਦ ਦੇ ਕਿਸੇ ਬੰਦੇ ਦੇ ਗਲ ਲਾ ਕੇ ਧੱਕਾ ਦੇ ਦੇਣਗੇ । ਹੁਣ ਉਹਨੂੰ ਘਰ ਦੀ ਚਾਰ ਦੀਵਾਰੀ ਦੀ ਕੈਦ ਤੇ ਉਹਦੇ ਲਈ ਗੰਭੀਰ ਮਸਲਾ ਮੁੱਖ ਰੂਪ ਵਿੱਚ ਸਾਹਮਣੇ ਆ ਗਿਆ । ਮਾਂ ਕੋਸ਼ਿਸ਼ ਕਰਦੀ ਕਿ ਇਧਰ ਉਧਰ ਦੀਆਂ ਗੱਲਾਂ ਕਰੇ। ਉਸਨੂੰ ਸਿਲਾਈ ਕਢਾਈ ਦੇ ਰੁਝੇਂਵੇ ਵੱਲ ਲਾਏ । ਉਹਨੂੰ ਸੁਝਾਅ ਦਿੱਤਾ ਕਿ ਉਹ ਫੁੱਲਕਾਰੀ ਕੱਢਣੀ ਸਿਖ ਲਵੇ, ਇਹਦੇ ਨਾਲ ਉਹਦਾ ਸਮਾਂ ਸੁਖਾਲਾ ਬੀਤੇਗਾ । ਕਦੇ ਮਾਂ ਕਹਿੰਦੀ ਕੁੜੀਆਂ ਨੂੰ ਰਸੋਈ ਦੇ ਕੰਮ ਵਿੱਚ ਵਧੇਰੇ ਦਿਲਚਸਪੀ ਲੈਣੀ ਚਾਹੀਦੀ ਏ ਤੇ ਵਧੀਆ ਤੋਂ ਵਧੀਆ ਪੱਕਵਾਨ ਤਿਆਰ ਕਰਨ ਲਈ ਦਿਲਚਸਪੀ ਜਾਗਣੀ ਚਾਹੀਦੀ ਏ । ਪਰ ਬਿਮਲਾ ਦਾ ਹੁਣ ਇਹਨਾਂ ਉਪਦੇਸ਼ਾਂ ਵੱਲ ਕੋਈ ਧਿਆਨ ਨਹੀਂ ਸੀ । ਉਹਨੂੰ ਜਾਂ ਤਾਂ ਆਪਣੇ ਭਵਿੱਖ ਲਈ ਸੋਚ ਪਈ ਰਹਿੰਦੀ ਤੇ ਜਾਂ ਉਹਨੂੰ ਸਿੱਖਾਂ ਦੇ ਸੰਘਰਸ਼ ਦਾ ਧਿਆਨ ਸੀ । ਹੁਣ ਸਿੱਖਾਂ ਦੇ ਸੰਘਰਸ਼ ਬਾਰੇ ਨਾ ਉਹ ਘਰ ਵਿੱਚ ਗੱਲ ਕਰ ਸਕਦੀ ਸੀ ਤੇ ਨਾ ਹੀ ਮਾਂ ਪਿਉ ਇਸ ਬਾਰੇ ਉਸਦੇ ਸਾਹਮਣੇ ਕੋਈ ਚਰਚਾ ਕਰਦੇ। ਉਹਨੂੰ ਅਜੇ ਤਕ ਨਹੀਂ ਸੀ ਪਤਾ ਲੱਗਾ ਕਿ ਉਹ ਫੜਿਆ ਗਿਆ ਸਿੱਖ ਕੌਣ ਏ ਤੇ ਅੱਗੋਂ ਉਹਦੇ ਨਾਲ ਕੀ ਕੁਝ ਹੋ ਰਿਹਾ ਏ । ਉਹਦੇ ਮਨ ਨੂੰ ਯਕੀਨ ਸੀ ਕਿ ਉਹ ਘਰ ਅੰਦਰ ਨਾ ਡੱਕ ਦਿੱਤੀ ਜਾਂਦੀ ਤਾਂ ਹੁਣ ਤਕ ਉਹਨੇ ਪਤਾ ਕਰ ਲੈਣਾ ਸੀ ਕਿ ਉਹ ਸਿੱਖ ਕੌਣ ਏ ?

ਦੀਵਾਨ ਜੈ ਰਾਮ ਸ਼ਾਮ ਨੂੰ ਘਰ ਮੁੜੇ । ਨੌਕਰਾਣੀ ਨੇ ਦਰਵਾਜ਼ਾ ਖੋਲ੍ਹਿਆ। ਦੀਵਾਨ ਜੀ ਨੂੰ ਨਮਸਕਾਰ ਕੀਤੀ ਤਾਂ ਉਹਨਾਂ ਪੁੱਛਿਆ, ਰਾਣੀ ਕਿੱਥੇ ਏ ? ਨੌਕਰਾਣੀ ਨੇ ਕਿਹਾ ਕਿ ਉਹ ਰਸੋਈ ਵਿੱਚ ਨੇ, ਤੁਹਾਨੂੰ ਉਡੀਕਦੇ ਪਏ ਸਨ ਤੇ ਹੁਣ ਵੇਖ ਰਹੇ ਨੇ ਕਿ ਖਾਣ ਪੀਣ ਦੀ ਕਿਹੜੀ ਕਿਹੜੀ ਵਸਤ ਤਿਆਰ ਏ। ਇਤਨੇ ਵਿੱਚ ਰਾਣੀ ਵੀ ਬਾਹਰ ਆ ਗਈ । ਆਪਣੇ ਚਿਹਰੇ 'ਤੇ ਬੜੀ ਸੋਹਣੀ ਮੁਸਕ੍ਰਾਹਟ ਲਿਆਂਦਿਆਂ ਤੇ ਖਿੜੇ ਮੱਥੇ ਦੀਵਾਨ ਜੀ ਨੂੰ ਸੰਬੋਧਨ ਕਰਕੇ ਕਿਹਾ, "ਡਿਓੜੀ ਵਿੱਚ ਹੀ ਖੜੇ ਗੱਲਾਂ ਕਰ ਰਹੇ ਹੋ । ਕਿਧਰੇ ਛੇਤੀ ਤੇ ਨਹੀਂ ਜਾਣ ਦੀ ਕਾਹਲੀ ! ਕੀ ਖਾਉਗੇ ?" ਰਾਣੀ ਦੀ ਮੁਸਕ੍ਰਾਹਟ ਤੇ ਖਿੜੇ ਮੱਥੇ ਸਾਹਮਣੇ ਆਉਣ ਨੇ ਦੀਵਾਨ ਦੀ ਅੱਧੀ ਥਕਾਵਟ ਲਾਹ ਦਿੱਤੀ । ਨਵਾਬ ਦੀ ਗੈਰ ਹਾਜ਼ਰੀ ਵਿੱਚ ਕੰਮ ਬੜਾ ਵੱਧ ਗਿਆ ਏ । ਹੁਣ ਤੇ ਜਦੋਂ ਦੀਵਾਨ ਜੀ ਘਰ ਆਉਂਦੇ ਤਾਂ

ਉਹ ਥੱਕੇ ਟੁੱਟੇ ਹੁੰਦੇ ਅਤੇ ਰਾਣੀ ਦਾ ਪਹਿਲਾ ਯਤਨ ਹੁੰਦਾ ਕਿ ਅਜਿਹਾ ਮਾਹੌਲ ਬਣਾਇਆ ਜਾਏ ਜਿਸ ਨਾਲ ਉਹ ਹਲਕੇ ਫੁਲਕੇ ਮਹਿਸੂਸ ਕਰਨ ।

ਅੱਧੀ ਰਾਤ ਤਕ ਦੀਵਾਨ ਜੀ ਤੇ ਰਾਣੀ ਗੱਲਾਂ ਕਰਦੇ ਰਹੇ । ਰਾਣੀ ਦਾ ਯਤਨ ਸੀ ਕਿ ਚਿੰਤਾ ਵਾਲੀਆਂ ਗੱਲਾਂ ਵੱਲ ਉਹਨਾਂ ਦਾ ਧਿਆਨ ਨਾ ਮੁੜੇ ਤੇ ਉਹਨਾਂ ਦੀ ਰੁਚੀ ਪਿਆਰ ਦਾ ਸੁਖਾਵਾਂ ਵਾਤਾਵਰਣ ਬਣਾਈ ਰੱਖੇ । ਅੱਧੀ ਰਾਤ ਪਿੱਛੋਂ ਜਦੋਂ ਉਹ ਨੀਂਦਰ ਦੇ ਝੂਟੇ ਲੈਂਦਿਆਂ ਸੌਣ ਲੱਗੇ ਤਾਂ ਬਾਹਰਲਾ ਦਰਵਾਜ਼ਾ ਖੜਕਿਆ, ਜਦ ਡਿਓੜੀਦਾਰ ਰਾਤ ਪਹਿਰੇ 'ਤੇ ਖੜੇ ਸੇਵਾਦਾਰ ਨੇ ਵੇਖਿਆ ਕਿ ਇਹ ਫੌਜੀ ਏ ਤਾਂ ਉਹਨੇ ਦਰਵਾਜ਼ਾ ਖੋਲ੍ਹ ਕੇ ਉਹਦੀ ਗੱਲ ਸੁਣੀ ਤੇ ਮੁੜ ਦੀਵਾਨ ਜੀ ਦੇ ਕਮਰੇ ਕੋਲ ਆ ਕੇ ਬੜੇ ਝਕਦਿਆਂ ਝਕਦਿਆਂ ਥੋੜ੍ਹਾ ਜਿਹਾ ਖੜਾਕ ਕੀਤਾ। ਦੀਵਾਨ ਜੀ ਤੁਰੰਤ ਉੱਠੇ, ਦਰਵਾਜ਼ਾ ਜ਼ਰਾ ਕੁ ਖੋਲ੍ਹ ਕੇ ਆਵਾਜ਼ ਦਿੱਤੀ ਕਿ ਕੌਣ ਏ ? ਪਹਿਰੇਦਾਰ ਨੇ ਤੁਰੰਤ ਆਪਣਾ ਨਾਂ ਦੱਸ ਕੇ ਆਖਿਆ, "ਕੋਈ ਫੌਜੀ ਜ਼ਰੂਰੀ ਸੁਨੇਹਾ ਲੈ ਕੇ ਆਇਆ ਏ, ਮੈਂ ਉਹਨੂੰ ਕਿਹਾ ਸੀ ਕਿ ਸਵੇਰੇ ਆਈਂ ਪਰ ਉਹ ਕਹਿੰਦਾ ਏ ਕਿ ਬਹੁਤ ਜ਼ਰੂਰੀ ਗੱਲ ਏ ਜੋ ਹੁਣੇ ਦੱਸਣੀ ਏ ।"

"ਉਹਨੂੰ ਅੰਦਰ ਬੁਲਾਓ, ਇਹ ਤਸੱਲੀ ਕਰ ਲਈਂ ਕਿ ਉਹ ਆਪਣਾ ਜਵਾਨ ਏ ਕਿ ਕੋਈ ਓਪਰਾ ਬੰਦਾ ਤੇ ਨਹੀਂ," ਦੀਵਾਨ ਜੀ ਨੇ ਕਿਹਾ ਤੇ ਉਹਦਾ ਉੱਤਰ ਸੁਣੇ ਬਿਨਾਂ ਫਿਰ ਦਰਵਾਜ਼ਾ ਭੀੜ ਕੇ ਆਪ ਰਾਤ ਸੌਣ ਵਾਲੇ ਕੱਪੜੇ ਲਾਹ ਕੇ ਦੂਜੇ ਪਾਉਣ ਲੱਗ ਪਏ । ਉਹ ਰਾਤ ਸੌਣ ਵਾਲੇ ਕੱਪੜਿਆਂ ਵਿੱਚ ਕਦੀ ਦੂਜਿਆਂ ਸਾਹਮਣੇ ਨਹੀਂ ਸਨ ਆਉਂਦੇ । ਪਹਿਰੇਦਾਰ ਉਸ ਬੰਦੇ ਨੂੰ ਲੈ ਕੇ ਦੀਵਾਨ ਜੀ ਦੇ ਦੀਵਾਨਖਾਨੇ ਦੇ ਸਾਹਮਣੇ ਬਰਾਂਡੇ ਵਿੱਚ ਆ ਖਲੋਤਾ । ਦੀਵਾਨ ਜੀ ਵੀ ਕੁਝ ਘਬਰਾਹਟ ਤੇ ਤੌਖਲੇ ਨਾਲ ਕਾਹਲੀ ਕਾਹਲੀ ਕਮੀਜ਼ ਦੇ ਬਟਨ ਬੰਦ ਕਰਦਿਆਂ ਕਮਰੇ ਵਿੱਚੋਂ ਬਾਹਰ ਨਿਕਲੇ । ਰਾਣੀ ਨੇ ਪੁੱਛਿਆ, ਕੀ ਗੱਲ ਏ ? ਉਹਨੂੰ ਕੁਝ ਦੱਸੇ ਬਿਨਾਂ ਕੇਵਲ ਹੱਥ ਨਾਲ ਇਸ਼ਾਰਾ ਕਰਕੇ ਤੇ ਕੁਝ ਕਹਿ ਕੇ ਬਾਹਰ ਆ ਗਏ । ਸਲਾਮ ਕਰਕੇ ਉਸ ਫੌਜੀ ਸਿਪਾਹੀ ਨੇ ਦੱਸਿਆ, "ਜਨਾਬ ਚਾਰ ਸਿੱਖ ਕਾਜ਼ੀ ਇਬਰਾਹੀਮ ਦੇ ਘਰ ਹਮਲਾ ਕਰਕੇ ਆ ਪਏ ਸਨ ਤੇ ਕਾਜ਼ੀ ਜੀ ਨੂੰ ਕਤਲ ਕਰਕੇ ਦੌੜ ਗਏ ਨੇ । ਸ਼ਹਿਰ ਵਿੱਚ ਰੌਲਾ ਪੈ ਗਿਆ ਏ । ਸਾਨੂੰ ਹੁਕਮ ਹੋਇਆ ਏ ਕਿ ਸਭ ਨੂੰ ਪਤਾ ਦੇਈਏ ਤੇ ਉਥੇ ਮੌਕੇ 'ਤੇ ਪਹੁੰਚਣ ਦੀ ਅਰਜ਼ ਕਰੀਏ ।"

"ਉਥੇ ਕੋਈ ਪਹਿਰਾ ਨਹੀਂ ਸੀ, ਕਾਜ਼ੀ ਜੀ ਨੂੰ ਕਈ ਦਿਨਾਂ ਤੋਂ ਧਮਕੀਆਂ ਮਿਲ ਰਹੀਆਂ ਸਨ ਤੇ ਫੈਸਲਾ ਹੋਇਆ ਸੀ ਕਿ ਉਹਨਾਂ ਦੀ ਰਾਖੀ ਲਈ ਕੁਝ ਜੁਆਨ ਉਹਨਾਂ ਨਾਲ ਰਹਿਣ ।" ਦੀਵਾਨ ਜੀ ਨੇ ਪੁੱਛਿਆ, "ਜਦ ਉਹ ਹਮਲਾ ਕਰਕੇ ਆਏ ਉਦੋਂ ਤੁਸੀਂ ਸਾਰੇ ਕਿੱਥੇ ਸੀ ? ਕਿਉਂ ਨਹੀਂ ਉਹਨਾਂ ਦਾ ਮੁਕਾਬਲਾ

ਕੀਤਾ ? ਸਾਨੂੰ ਸਾਰਿਆਂ ਨੂੰ ਡੁੱਬ ਮਰਨਾ ਚਾਹੀਦਾ ਏ । ਫੌਜੀਆਂ ਦਾ ਇੱਜੜ ਕਾਹਦੇ ਲਈ ਏ ਜੇ ਚਾਰ ਬੰਦਿਆਂ ਨੂੰ ਰੋਕ ਤੇ ਮਾਰ ਨਹੀਂ ਸਕਦਾ ।"

"ਜਨਾਬ ਸਾਰਾ ਦਿਨ ਤਾਂ ਬੰਦੇ ਕਾਜ਼ੀ ਜੀ ਨਾਲ ਰਹਿੰਦੇ ਨੇ ਤੇ ਰਾਤੀ ਜਦੋਂ ਉਹ ਸੌਂ ਜਾਂਦੇ ਨੇ ਤਾਂ ਫੌਜੀਆਂ ਨੂੰ ਆਪੋ ਆਪਣੇ ਘਰੀਂ ਭੇਜ ਦਿੰਦੇ ਨੇ । ਉਹ ਆਖਿਆ ਕਰਦੇ ਸਨ ਕਿ ਰਾਤ ਨੂੰ ਕੋਈ ਡਰ ਨਹੀਂ । ਅਸੀਂ ਕਈ ਦਰਵਾਜ਼ਿਆਂ ਨੂੰ ਲੰਘ ਕੇ ਫਿਰ ਕਿਹੜੇ ਕਮਰੇ ਵਿੱਚ ਹੁੰਦੇ ਹਾਂ, ਇਸਦਾ ਕਿਸੇ ਨੂੰ ਗਿਆਨ ਨਹੀਂ ।" ਫੌਜੀ ਜਵਾਨ ਨੇ ਦੱਸਿਆ, "ਮੈਂ ਉਹਨਾਂ ਪਹਿਰੇਦਾਰਾਂ ਵਿੱਚ ਨਹੀਂ, ਮੇਰੀ ਸੇਵਾ ਕਿਧਰੇ ਹੋਰ ਲੱਗੀ ਹੋਈ ਏ ।" ਫੌਜੀ ਜੁਆਨ ਨੇ ਆਪਣੇ ਆਪ ਨੂੰ ਬੇਕਸੂਰ ਸਾਬਤ ਕਰਨ ਲਈ ਸਪੱਸ਼ਟ ਕਰ ਦਿੱਤਾ ਕਿ ਉਹ ਕਾਜ਼ੀ ਜੀ ਨਾਲ ਰਹਿਣ ਵਾਲੇ ਸਿਪਾਹੀਆਂ ਵਿੱਚ ਸ਼ਾਮਲ ਨਹੀਂ ।

"ਇਹ ਸਭ ਬਹਾਨੇਬਾਜ਼ੀ ਏ, ਦੀਵਾਨ ਜੈ ਰਾਮ ਨੇ ਕਿਹਾ, "ਜਦ ਉਹਨਾਂ ਨਾਲ ਹਰ ਵੇਲੇ ਰਾਖੀ ਲਈ ਜਿਹੜੇ ਬੰਦੇ ਲਾਏ ਗਏ ਨੇ ਉਹ ਕਿਉਂ ਉਹਨਾਂ ਨੂੰ ਛੋਡ ਕੇ ਘਰੀਂ ਚੱਲੇ ਜਾਂਦੇ ਨੇ, ਫਿਰ ਉਹਨਾਂ ਦੀ ਰਾਖੀ ਲਈ ਬੰਦੇ ਲਾਉਣ ਦਾ ਕੀ ਲਾਭ ਤੇ ਹੁਣ ਕਾਜ਼ੀ ਜੀ ਤਾਂ ਮਾਰੇ ਗਏ । ਉਹਨਾਂ ਦੱਸਣ ਨਹੀਂ ਆਉਣਾ ? ਪਹਿਰੇਦਾਰ ਆਪੇ ਤੁਰ ਜਾਂਦੇ ਸਨ ਜਾਂ ਉਹਨਾਂ ਘਰਾਂ ਨੂੰ ਜਾਣ ਦੀ ਆਗਿਆ ਦਿੱਤੀ ਹੋਈ ਸੀ ।"

ਦੀਵਾਨ ਜੀ ਨੇ ਫੌਜੀ ਜਵਾਨ ਨੂੰ ਤਾਂ ਤੋਰ ਦਿੱਤਾ ਪਰ ਆਪਣੇ ਪਹਿਰੇਦਾਰ ਨੂੰ ਆਖਿਆ ਕਿ ਹਵੇਲੀ ਦੇ ਪਿਛਲੇ ਪਾਸੇ ਬਾਕੀ ਪਹਿਰੇਦਾਰਾਂ ਨੂੰ ਜਗਾ ਕੇ ਲਿਆਵੇ ਤੇ ਹੁਣੇ ਅਸੀਂ ਮੌਕੇ 'ਤੇ ਜਾਣਾ ਏ । ਦੀਵਾਨ ਜੀ ਆਪ ਅੰਦਰ ਆਏ ਤੇ ਰਾਣੀ ਨੂੰ ਕਿਹਾ, "ਲੈ ਹੋਰ ਪੁਆੜਾ ਪੈ ਗਿਆ ਏ ਜਿਹੜੀ ਗੱਲ ਦਾ ਡਰ ਸੀ, ਉਹੋ ਹੀ ਹੋ ਗਈ । ਕਹਿੰਦੇ ਸਨ ਕਿ ਕਾਜ਼ੀ ਇਬਾਰਹੀਮ ਨੂੰ ਸਿੱਖ ਨਹੀਂ ਛੱਡਣਗੇ ਕਿਉਂਕਿ ਉਸਨੇ ਸਲਾਹ ਦਿੱਤੀ ਸੀ ਕਿ ਗੁਰੂ ਦੇ ਮਾਸੂਮ ਬੱਚਿਆਂ ਨੂੰ ਖੜੇ ਕਰਕੇ ਕੰਧਾਂ ਵਿੱਚ ਚਿਣਾ ਦਿੱਤਾ ਜਾਏ । ਉਹ ਸਿੱਖ ਹੁਣ ਅੱਧੀ ਰਾਤ ਗਿਆਂ ਕਾਜ਼ੀ ਜੀ ਦੇ ਘਰ ਆ ਕੇ ਉਹਨੂੰ ਕਤਲ ਕਰ ਗਏ ਨੇ ।"

"ਅਤੇ ਉਹਦੇ ਘਰ ਕੋਈ ਵੀ ਸਿੱਖਾਂ ਦਾ ਮੁਕਾਬਲਾ ਕਰਨ ਵਾਲਾ ਨਹੀਂ ਸੀ ?" ਰਾਣੀ ਨੇ ਪੁੱਛਿਆ, "ਕਿਸੇ ਉਹਨਾਂ ਨਾਲ ਝੜਪ ਨਹੀਂ ਲਈ, ਹੋਰ ਕੋਈ ਨਹੀਂ ਇਸ ਵੇਲੇ ਮਰਿਆ ।" "ਸਾਰੇ ਪਹਿਰੇਦਾਰ ਹਰਾਮਖੋਰ ਨੇ, ਨਸ਼ਾ ਕਰਕੇ ਸੁੱਤੇ ਮੋਏ ਪਏ ਹੋਣਗੇ, ਸਿੱਖਾਂ ਦੀ ਦਹਿਸ਼ਤ ਹੀ ਅਜੇਹੀ ਏ ਜਾਂ ਜਾਨਾਂ ਬਚਾਉਣ ਲਈ ਇਧਰ ਉਧਰ ਹੋ ਗਏ ਹੋਣਗੇ । ਕਿਵੇਂ ਇਹ ਸਭ ਕੁਝ ਹੋਇਆ ਏ ? ਇਹ ਤਾਂ ਮੌਕੇ 'ਤੇ ਜਾ ਕੇ ਹੀ ਪਤਾ ਲੱਗੇਗਾ ਪਰ ਸਾਡੀ ਨੀਂਦਰ ਤਾਂ ਹਰਾਮ ਹੋ

ਗਈ, ਉਹ ਤਾਂ ਮਾਰ ਕੇ ਭੱਜ ਗਏ ਤੇ ਹੁਣ ਅਸੀਂ ਉਹਨਾਂ ਦਾ ਪਿੱਛਾ ਕਰਦੇ ਖੱਜਲ ਖੁਆਰ ਹੁੰਦੇ ਰਹਾਂਗੇ । ਨਵਾਬ ਦੀ ਗੈਰ ਹਾਜ਼ਰੀ ਵਿੱਚ ਇਹ ਪੁਆੜਾ ਵੀ ਸਾਨੂੰ ਕਰਨਾ ਪਏਗਾ," ਦੀਵਾਨ ਜੈ ਰਾਮ ਨੇ ਕਿਹਾ । ਰਾਣੀ ਨੇ ਬੜੇ ਝਕਦਿਆਂ ਕਿਹਾ, "ਤੁਸੀਂ ਹੁਣ ਜਾ ਕੇ ਕੀ ਕਰ ਲਉਗੇ ? ਕਾਜ਼ੀ ਤਾਂ ਹੁਣ ਮੁੜ ਜਿੰਦਾ ਹੋਣੋ ਰਿਹਾ ਤੇ ਸਿੱਖ ਦੌੜ ਗਏ ਹੋਣਗੇ । ਸਵੇਰੇ ਚਲੇ ਜਾਇਆ ਜੇ, ਮੈਂ ਤੁਹਾਡੇ ਜਾਣ 'ਤੇ ਨਾਂਹ ਨਹੀਂ ਪਾਂਦੀ ਪਰ ਮੇਰਾ ਦਿਲ ਧੜਕਦਾ ਏ ਤੇ ਘਬਰਾਹਟ ਹੁੰਦੀ ਏ ।"

ਦੀਵਾਨ ਜੈ ਰਾਮ ਨੇ ਉਹਨੂੰ ਤਸੱਲੀ ਦਿੱਤੀ ਕਿ ਉਹ ਇਕੱਲਾ ਨਹੀਂ ਜਾ ਰਿਹਾ ਸਗੋਂ ਪਹਿਰੇਦਾਰਾਂ ਨੂੰ ਸੱਦਿਆ ਏ ਤੇ ਬੰਦੇ ਨਾਲ ਲੈ ਕੇ ਜਾਏਗਾ । ਰਾਣੀ ਨੇ ਕਿਹਾ, "ਆਪਣੇ ਪਹਿਰੇਦਾਰ ਵੀ ਉਸੇ ਖਮੀਰ ਦੇ ਬਣੇ ਹੋਏ ਨੇ ਤੇ ਉਹਨਾ ਵਿੱਚੋਂ ਹੀ ਨੇ ਜਿਹੜੇ ਕਾਜ਼ੀ ਜੀ ਦੀ ਰਾਖੀ ਨਹੀਂ ਕਰ ਸੱਕੇ ।" ਪਹਿਰੇਦਾਰ ਹਥਿਆਰਬੰਦ ਹੋ ਕੇ ਆ ਗਏ ਤੇ ਦੀਵਾਨ ਜੈ ਰਾਮ ਕਾਜ਼ੀ ਜੀ ਦੇ ਘਰ ਵੱਲ ਚੱਲ ਪਏ ।

●●●

ਕਾਂਡ-27

ਨਵਾਬ ਨੂੰ ਸਰਹੰਦ ਤੋਂ ਰੋਜ਼ ਦਿੱਲੀ ਸਮਾਚਾਰ ਪਹੁੰਚ ਰਹੇ ਸਨ। ਉਹਨੂੰ ਆਪਣੇ ਦਰਬਾਰੀਆਂ ਤੇ ਅਹਿਲਕਾਰਾਂ 'ਤੇ ਪੂਰਾ ਯਕੀਨ ਨਹੀਂ ਸੀ ਕਿ ਉਹ ਵਫ਼ਾਦਾਰ ਰਹਿ ਕੇ ਹਾਲਾਤ ਨਾਲ ਠੀਕ ਤਰ੍ਹਾਂ ਨਜਿੱਠ ਸਕਣ। ਉਹਨੂੰ ਇਹ ਵੀ ਪਤਾ ਸੀ ਕਿ ਭਾਵੇਂ ਉਹਦੇ ਕੋਲ ਅਥਾਹ ਫੌਜੀ ਸ਼ਕਤੀ ਏ ਪਰ ਉਹ ਜਾਣਦਾ ਸੀ ਕਿ ਕਿਸੇ ਵੇਲੇ ਵੀ ਕੋਈ ਫੌਜੀ ਜਰਨੈਲ ਰਾਜ 'ਤੇ ਕਬਜ਼ਾ ਕਰ ਸਕਦਾ ਏ। ਘਰ ਪਰਿਵਾਰ ਵਿੱਚੋਂ ਵੀ ਕਈਆਂ ਦੀ ਅੱਖ ਉਹਦੀ ਹਕੂਮਤ 'ਤੇ ਕਬਜ਼ਾ ਕਰਨ ਲਈ ਮੈਲੀ ਹੋ ਸਕਦੀ ਏ। ਜਿਸ ਤਰ੍ਹਾਂ ਦਿੱਲੀ ਦੇ ਤਖ਼ਤ ਲਈ ਮੁਗਲ ਬਾਦਸ਼ਾਹ ਪਿਉ ਪੁੱਤਰ ਤੇ ਭਰਾ ਭਰਾ ਆਪਸ ਵਿੱਚ ਜਿਵੇਂ ਕਤਲ ਹੁੰਦੇ ਰਹੇ ਤੇ ਇਕ ਦੂਜੇ ਦਾ ਤਖ਼ਤਾ ਉਲਟਦੇ ਸਨ। ਉਸਦਾ ਅਸਰ ਥੱਲੇ ਤਕ ਸਭ ਨਵਾਬਾਂ ਤੇ ਫੌਜਦਾਰਾਂ ਵਿਚਕਾਰ ਬੇਭਰੋਸਗੀ ਪੈਦਾ ਕਰ ਰਿਹਾ ਸੀ। ਇਸੇ ਲਈ ਨਵਾਬ ਸਰਹੰਦ ਨੇ ਕਈ ਪਾਸਿਉਂ ਸੂਚਨਾ ਲੈਣ ਦਾ ਪ੍ਰਬੰਧ ਕੀਤਾ ਹੋਇਆ ਸੀ। ਵਿਰੋਧੀਆਂ ਦੀਆਂ ਸਰਗਰਮੀਆਂ ਤੋਂ ਇਲਾਵਾ ਆਪਣੇ ਦਰਬਾਰੀਆਂ ਵਿਚ ਵੀ ਇਕ ਦੂਜੇ ਵਿਰੁੱਧ ਉਹ ਸੂਚਨਾਵਾਂ ਲੈਂਦਾ ਰਹਿੰਦਾ ਸੀ।

ਉਹਨੂੰ ਦਿੱਲੀ ਪਤਾ ਲੱਗਾ ਗਿਆ ਸੀ ਕਿ ਉਹਦੇ ਸਰਹੰਦ ਤੋਂ ਤੁਰਨ ਲੱਗਿਆਂ ਜਿਹੜਾ ਸਿੱਖ ਉਹਦੇ ਮਹੱਲ ਵਿੱਚ ਹਮਲਾ ਕਰਨ ਆਇਆ ਫੜਿਆ ਗਿਆ ਸੀ, ਉਹ ਬੰਦੀਖਾਨੇ ਵਿੱਚੋਂ ਸਿੱਖ ਛੁਡਾ ਕੇ ਲੈ ਗਏ ਹਨ। ਇਸ ਲਈ ਉਹ ਬੜਾ ਚਿੰਤਾਤੁਰ ਸੀ ਕਿ ਭੈ ਰਹਿਤ ਸਿੱਖਾਂ ਦੀ ਇਹ ਦਲੇਰੀ ਕਿ ਉਹ ਬੰਦੀਖਾਨੇ ਵਿੱਚੋਂ ਬੰਦਾ ਛੁਡਾ ਕੇ ਲੈ ਜਾਣ ਫਿਰ ਉਹਨੂੰ ਇਹ ਵੀ ਖ਼ਬਰ ਮਿਲ ਗਈ ਸੀ ਕਿ ਭਗੌੜਾ ਸਿੱਖ ਫਿਰ ਫੜ ਲਿਆ ਗਿਆ ਏ ਤੇ ਉਸ ਤੋਂ ਸਾਜ਼ਿਸ਼ ਦੀ ਪੁੱਛ ਗਿੱਛ ਕੀਤੀ ਜਾ ਰਹੀ ਏ। ਉਹਦਾ ਜੀ ਕਰਦਾ ਸੀ ਕਿ ਉਹ ਛੇਤੀ ਸਰਹੰਦ ਮੁੜ ਜਾਏ। ਦਿੱਲੀ ਜਿਹੜਾ ਰਾਜ ਸ਼ਕਤੀ ਲਈ ਸਾਜ਼ਿਸ਼ ਦਾ ਗੜ੍ਹ ਬਣਿਆ ਹੋਇਆ ਸੀ, ਉਸ ਵਿੱਚ ਦੂਜੇ ਧੜੇ ਦੀਆਂ ਪਾਈਆਂ ਗ਼ਲਤ ਫਹਿਮੀਆਂ ਦੂਰ ਕਰਦਿਆਂ ਉਹਨੂੰ ਅਜੇ ਕੁਝ ਦਿਨ ਹੋਰ ਲਗਣੇ ਸਨ। ਪਰ ਜਦੋਂ ਕਾਜ਼ੀ ਇਬਰਾਹੀਮ ਦੇ ਕਤਲ ਦੀ ਸੂਚਨਾ ਮਿਲੀ ਤਾਂ ਉਹਨੂੰ ਇਉਂ ਲੱਗਾ ਜਿਵੇਂ ਸਿਰੋਂ ਪਾਣੀ ਟੱਪ ਗਿਆ ਏ। ਉਂਗਲਾਂ 'ਤੇ ਗਿਣੇ ਜਾਣ ਵਾਲੇ ਸਿੱਖ ਜੇ ਇੰਨੇ ਵੱਡੇ ਕਾਰੇ ਕਰ ਸਕਦੇ ਨੇ ਤਾਂ ਪੰਜ ਸੱਤ ਹਜ਼ਾਰ ਸਿੱਖ ਤਾਂ

ਹਕੂਮਤ 'ਤੇ ਕਬਜ਼ਾ ਕਰਨ ਲਈ ਵੀ ਦਲੇਰੀ ਕਰ ਸਕਦੇ ਨੇ । ਸਰਹੰਦ ਵਿੱਚ ਵਾਪਰ ਰਹੀਆਂ ਘਟਨਾਵਾਂ ਉਹਨਾਂ ਦਾਹਵਿਆਂ ਨੂੰ ਵੀ ਝੁਠਲਾ ਰਹੀਆਂ ਸਨ ਕਿ ਆਸੇ ਪਾਸੇ ਦੂਰ ਦੂਹਾਡੇ ਤਕ ਪਿੰਡਾਂ ਵਿੱਚ ਸਿੱਖਾਂ ਦਾ ਸਫਾਇਆ ਕਰ ਦਿੱਤਾ ਗਿਆ ਹੈ । ਨਵਾਬ ਤੁਰੰਤ ਦਿੱਲੀ ਤੋਂ ਸਰਹੰਦ ਨੂੰ ਚੱਲ ਪਿਆ । ਉਹਨੇ ਸੋਰਹੰਦ ਅਗਾਊਂ ਆਪਣੇ ਆਉਣ ਦੀ ਸੂਚਨਾ ਵੀ ਨਾ ਭੇਜੀ ।

ਸ਼ਾਹਬਾਦ ਮਾਰਕੰਡਾ ਦਰਿਆ ਦੇ ਕੰਢੇ ਨੇੜੇ ਉਹਨੇ ਪਹਿਲਾ ਪੜਾਅ ਕੀਤਾ। ਉਹਦਾ ਦਿਲ ਤਾਂ ਕਰਦਾ ਸੀ ਕਿ ਲਗਾਤਾਰ ਚੱਲਦਾ ਰਹੇ, ਛੇਤੀ ਸਰਹੰਦ ਪਹੁੰਚ ਜਾਏ ਪਰ ਉਸਦੇ ਸਾਥੀ ਤੇ ਅੰਗ ਰੱਖਿਅਕ ਚਾਹੁੰਦੇ ਸਨ ਕਿ ਇਕ ਦਿਨ ਰਾਹ ਵਿੱਚ ਰੁਕਿਆ ਜਾਏ ਤੇ ਸਾਹ ਲੈ ਲਿਆ ਜਾਏ, ਉਹ ਵੀ ਥੱਕੇ ਪਏ ਸਨ । ਪਰ ਨਵਾਬ ਨਾਲ ਗੱਲ ਕਰਨ ਤੇ ਠਹਿਰਣ ਦਾ ਸੁਝਾਅ ਦੇਣ ਦੀ ਉਹਨਾਂ ਵਿੱਚ ਹਿੰਮਤ ਨਹੀਂ ਸੀ। ਉਹ ਘੋੜੇ ਭਜਾਂਦੇ ਆਪਸ ਵਿੱਚ ਘੁੱਸਰ ਮੁੱਸਰ ਕਰਦੇ ਰਹੇ । ਇਹਨਾਂ ਫੌਜੀਆਂ ਦਾ ਮੁਖੀਆ ਸੁਲਤਾਨ ਅਲੀ ਸੀ ਜੋ ਨਵਾਬ ਦਾ ਅਤਿ ਭਰੋਸੇਯੋਗ ਬੰਦਾ ਸੀ । ਨਵਾਬ ਉਹਦੇ ਨਾਲ ਬੈਠ ਕੇ ਕਈ ਵਾਰ ਨਸ਼ਾ ਕਰ ਚੁੱਕਿਆ ਸੀ । ਇਸ ਸੁਲਤਾਨ ਅਲੀ ਨੇ ਹੀ ਨਵਾਬ ਨੂੰ ਨਸ਼ੇ ਦੀ ਇੱਲਤ ਪਾਈ ਸੀ । ਦੋ ਤਿੰਨ ਸੋਹਣੀਆਂ ਮੁਟਿਆਰਾਂ ਵੀ ਇਹਦੇ ਰਾਹੀਂ ਹਰਮ ਵਿੱਚ ਪਹੁੰਚੀਆਂ ਸਨ । ਇਸੇ ਕਾਰਨ ਉਹਦੇ ਵਿੱਚ ਨਵਾਬ ਨਾਲ ਗੱਲ ਕਰਨ ਜਾਂ ਆਪਣੀ ਕਿਸੇ ਰਾਇ ਨੂੰ ਮੰਨਵਾਉਣ ਲਈ ਤਾਕਤ ਆ ਗਈ ਸੀ। ਸਾਥੀਆਂ ਨੇ ਉਹਨੂੰ ਕਿਹਾ ਤੇ ਉਹਨੇ ਅੱਗੋਂ ਨਵਾਬ ਨੂੰ ਅਰਜ਼ ਕੀਤੀ, "ਹਜ਼ੂਰ ਘੋੜੇ ਬਹੁਤ ਥੱਕ ਗਏ ਨੇ ਤੇ ਬੰਦੇ ਵੀ ਘੋੜਿਆਂ ਦੀ ਕਾਠੀ 'ਤੇ ਬੈਠੇ ਥੱਕ ਗਏ ਨੇ। ਚਾਹੁੰਦੇ ਨੇ ਕਿ ਰਾਤ ਕਿਤੇ ਟਿਕ ਜਾਈਏ । ਜੇ ਤੁਹਾਡਾ ਹੁਕਮ ਹੋਏ ਤਾਂ ਸ਼ਾਹਬਾਦ ਦੇ ਪਰਲੇ ਪਾਸੇ ਨਦੀ ਦੇ ਕੰਢੇ ਰਾਤ ਕੱਟ ਲਈਏ ਅਤੇ ਸਵੇਰੇ ਤਾਜ਼ਾ ਦਮ ਹੋ ਕੇ ਚੱਲ ਪਵਾਂਗੇ ।"

"ਇੰਨੇ ਸਾਰੇ ਬੰਦਿਆਂ ਦਾ ਖਾਣ ਪੀਣ ਤੇ ਰਹਿਣ ਦਾ ਪ੍ਰਬੰਧ ਕਿਸ ਤਰ੍ਹਾਂ ਹੋਏਗਾ । ਜੇ ਤਸੱਲੀਬਖਸ਼ ਸਾਰਾ ਕੁਝ ਹੋ ਸਕਦਾ ਹੈ ਤਾਂ ਕਰ ਲਉ," ਨਵਾਬ ਨੇ ਕਿਹਾ । "ਸ਼ਾਹਬਾਦ ਦਾ ਫੌਜਦਾਰ ਮੇਰੇ ਖਿਆਲ ਵਿੱਚ ਖਿਜ਼ਰ ਖਾਂ ਹੈ । ਉਹਦਾ ਪਤਾ ਕਰੋ, ਉਹ ਤੁਹਾਡੇ ਲਈ ਰੋਟੀ ਪਾਣੀ ਦਾ ਪ੍ਰਬੰਧ ਬੜਾ ਚੰਗਾ ਕਰ ਸਕਦਾ ਏ । ਸ਼ਾਹਬਾਦ ਲੰਘ ਕੇ ਨਦੀ ਦੇ ਕੰਢੇ ਟਿਕਾਣਾ ਕਰੋ । ਉਹ ਥਾਂ ਅਬਾਦੀ ਤੋਂ ਬਾਹਰ ਏ ਜਿਥੇ ਤੰਬੂ ਗੱਡ ਕੇ ਸਾਰਾ ਬੰਦੋਬਸਤ ਹੋ ਸਕਦਾ ਹੈ ।

ਸ਼ਾਹਬਾਦ ਦਾ ਨਗਰ ਕੋਈ ਬਹੁਤਾ ਵੱਡਾ ਨਹੀਂ ਸੀ ਪਰ ਇਥੋਂ ਦੇ ਫੌਜਦਾਰ ਦੀ ਅਹਿਮੀਅਤ ਬੜੀ ਸੀ । ਇਕ ਤਾਂ ਸ਼ਾਹਬਾਦ ਜਰਨੈਲੀ ਸੜਕ ਦੇ ਉੱਤੇ ਸੀ ਅਤੇ ਦੂਜਾ ਮਾਰਕੰਡੇ ਦਰਿਆ ਦਾ ਕਿਨਾਰਾ ਸੀ । ਦਰਿਆ ਦੇ ਨਾਲ ਨਾਲ ਮੀਲਾਂ ਤਕ ਕਈ ਪਿੰਡ ਇਸ ਫੌਜਦਾਰ ਦੀ ਰਿਆਸਤ ਸਨ । ਜਰਨੈਲੀ ਸੜਕ ਤੋਂ ਲੰਘਦਿਆਂ ਕਈ

ਸ਼ਾਹੀ ਪਰਿਵਾਰ ਦੇ ਲੋਕ ਇਥੇ ਠਹਿਰ ਜਾਂਦੇ । ਫੌਜਦਾਰ ਬੜਾ ਖੁਸ਼ ਦਿਲ ਤੇ ਮਹਿਮਾਨ-ਨਿਵਾਜ਼ ਸੀ । ਜਿਸ ਕਾਰਨ ਦਿੱਲੀ ਦਰਬਾਰ ਤਕ ਉਹਦੀ ਸਿੱਧੀ ਪਹੁੰਚ ਸੀ । ਉਹ ਆਪ ਵੀ ਇੰਨਾ ਸੁਚੇਤ ਸੀ ਕਿ ਆਉਂਦੇ ਜਾਂਦੇ ਵੱਡੇ ਛੋਟੇ ਹੁਕਮਰਾਨਾ ਦੀ ਉਹ ਖ਼ਬਰ ਰੱਖਦਾ ਸੀ ਭਾਵੇਂ ਕਿਸੇ ਨੂੰ ਮਿਲੇ ਜਾਂ ਨਾ ਮਿਲੇ । ਨਵਾਬ ਸਰਹੰਦ ਦਿੱਲੀ ਜਾਂਦਾ ਉਹਨੂੰ ਬੇਸ਼ੱਕ ਨਹੀਂ ਮਿਲਿਆ ਪਰ ਉਹਨੂੰ ਪਤਾ ਲੱਗ ਗਿਆ ਸੀ ਤੇ ਉਹਨੇ ਸੋਚਿਆ ਸੀ ਕਿ ਜਦ ਉਹ ਵਾਪਸ ਲੰਘੇਗਾ ਤਾਂ ਉਹ ਇਥੇ ਠਹਿਰਣ ਲਈ ਆਖੇਗਾ ਪਰ ਉਹਨੂੰ ਉਹਦੇ ਵਾਪਸੀ ਦਾ ਸਮਾਂ ਪਤਾ ਨਹੀਂ ਸੀ ।

ਅੱਜ ਜਦੋਂ ਨਵਾਬ ਸਰਹੰਦ ਫੌਜੀ ਦਸਤੇ ਸਮੇਤ ਸ਼ਾਹਬਾਦ ਨੇੜਿਉਂ ਜਰਨੈਲੀ ਸੜਕ ਤੋਂ ਲੰਘ ਰਿਹਾ ਸੀ ਤਾਂ ਫੌਜਦਾਰ ਦੇ ਬੰਦਿਆਂ ਨੇ ਤੁਰੰਤ ਜਾ ਕੇ ਖਿਜ਼ਰ ਖਾਂ ਨੂੰ ਦੱਸਿਆ ਤਾਂ ਉਹਨੇ ਦੋ ਘੋੜ ਸਵਾਰਾਂ ਹੱਥ ਸੁਨੇਹਾ ਭੇਜਿਆ ਕਿ ਰੁਕ ਜਾਉ, ਫੌਜਦਾਰ ਮਿਲਣਾ ਚਾਹੁੰਦਾ ਹੈ । ਉਹਨਾਂ ਨੂੰ ਮਾਰਕੰਡੇ ਦਰਿਆ ਦੇ ਕਿਨਾਰੇ ਉਹ ਆ ਮਿਲੇ । ਫੌਜਦਾਰ ਦੇ ਬੰਦੇ ਫੌਜਦਾਰ ਲਈ ਸ਼ਮਿਆਨੇ ਤੇ ਤੰਬੂ ਲਾ ਕੇ ਨਗਰ ਵੱਲ ਜਾਣ ਦੀ ਸੋਚ ਰਹੇ ਸਨ । ਉਹਨਾਂ ਨੂੰ ਖੁਸ਼ੀ ਹੋਈ ਤੇ ਉਹਨਾਂ ਨਵਾਬ ਨੂੰ ਦੱਸਿਆ, "ਲਉ ਜੀ ਫ਼ੌਜਦਾਰ ਨੂੰ ਸੁਨੇਹਾ ਭੇਜਣ ਦੀ ਲੋੜ ਹੀ ਨਹੀਂ ਪਈ ਉਹ ਆਪ ਹੀ ਹਜ਼ੂਰ ਦੇ ਹਾਜ਼ਰ ਹੋਣ ਲਈ ਆ ਰਿਹਾ ਏ ।"

ਫੌਜਦਾਰ ਵੀ ਆਪਣੇ ਕੁਝ ਸਾਥੀਆਂ ਸਮੇਤ ਆ ਗਿਆ । ਇਸਲਾਮੀ ਢੰਗ ਨਾਲ ਅਦਾਵਰਜ਼ ਕਰਕੇ ਉਹ ਕਹਿਣ ਲੱਗਾ, "ਖੁਦਾ ਨੇ ਮੇਰੀ ਖਾਹਿਸ਼ ਪੂਰੀ ਕਰ ਦਿੱਤੀ ਏ । ਮੈਂ ਤੁਹਾਨੂੰ ਮਿਲਣਾ ਚਾਹੁੰਦਾ ਸਾਂ ਪਰ ਮੈਨੂੰ ਪਤਾ ਨਹੀਂ ਸੀ ਲੱਗ ਰਿਹਾ ਕਿ ਤੁਸੀਂ ਕਦੋਂ ਤਸ਼ਰੀਫ ਲਿਆ ਰਹੇ ਹੋ । ਹੁਣੇ ਮੈਨੂੰ ਪਤਾ ਲੱਗਾ ਕਿ ਤੁਸੀਂ ਸਾਡੇ ਨੇੜਿਉਂ ਲੰਘ ਰਹੇ ਹੋ ਤਾਂ ਮੈਂ ਕਿਹਾ ਕਿ ਸਾਨੂੰ ਵੀ ਖਿਦਮਤ ਦਾ ਮੌਕਾ ਦੇ ਜਾਓ ।"

"ਦਿਲਾਂ ਨੂੰ ਦਿਲਾਂ ਦੇ ਰਾਹ ਹੁੰਦੇ ਨੇ ।" ਨਵਾਬ ਨੇ ਕਿਹਾ, "ਅਸੀਂ ਤਾਂ ਸੋਚਦੇ ਸਾਂ ਕਿ ਰਾਤੋ ਰਾਤ ਪੈਂਡਾ ਮੁਕਾ ਲਈਏ ਪਰ ਫਿਰ ਸ਼ਾਇਦ ਕਿਉਂ ਰੁਕ ਜਾਣ ਦਾ ਮਨ ਬਣ ਗਿਆ ਏ ।" ਫੌਜਦਾਰ ਨੇ ਅਰਜ਼ ਕੀਤੀ ਕਿ ਉਹ ਹੁਣੇ ਬੰਦੇ ਲਾ ਕੇ ਘੋੜਿਆ ਲਈ ਦਾਨਾ ਤੇ ਚਾਰਾ ਭੇਜ ਦੇਂਦਾ ਏ ਤੇ ਫਿਰ ਸ਼ਾਮ ਦਾ ਖਾਣਾ ਤਿਆਰ ਕਰਵਾ ਕੇ ਭਿਜਵਾ ਦਿੰਦਾ ਏ । ਤੁਹਾਡੀ ਮੇਜ਼ਬਾਨੀ ਲਈ ਸ਼ਾਹਬਾਦ ਵਿੱਚ ਪ੍ਰਬੰਧ ਕਰਾਂਗਾ ਤੇ ਉਥੇ ਤੁਹਾਨੂੰ ਰੰਗਾਂ-ਰੰਗ ਮਹੱਲ ਵਿੱਚ ਖੁਸ਼ਆਮਦੀਦ ਵੀ ਕਰਾਂਗੇ । ਨਵਾਬ ਨੇ ਕਿਹਾ ਕਿ ਇਸ ਖੇਚਲ ਦੀ ਲੋੜ ਨਹੀਂ ਪਰ ਦਿਲੋਂ ਉਹ ਚਾਹੁੰਦਾ ਸੀ ਕਿ ਦਿਨ ਦੀ ਥਕਾਵਟ ਲਾਹੁਣ ਲਈ ਜੇ ਕੋਈ ਸੁਆਦਲਾ ਜਸ਼ਨ ਹੋ ਜਾਏ ਤਾਂ ਚੰਗਾ ਹੋਏਗਾ ।

ਫੌਜਦਾਰ ਮਹਿਮਾਨ ਨਿਵਾਜ਼ੀ ਦਾ ਮਾਹਿਰ ਸੀ । ਉਸਨੇ ਬਹੁਤ ਛੇਤੀ ਤਿਆਰੀ ਕਰ ਲਈ । ਨਾਚ ਗਾਣੇ ਦਾ ਉਹ ਆਪ ਬਹੁਤ ਸ਼ੌਕੀਨ ਸੀ । ਇਸ ਲਈ ਸ਼ਾਹਬਾਦ ਵਿੱਚ ਕਈ ਕਲਾਕਾਰ ਤੇ ਔਰਤਾਂ ਮੌਜੂਦ ਸਨ । ਇਸ ਲਈ ਉਹਨੂੰ ਤੁਰੰਤ

ਪ੍ਰਬੰਧ ਕਰਨ ਵਿਚ ਕੋਈ ਦੇਰ ਨਹੀਂ ਸੀ ਲੱਗਣੀ ।

ਕੁਝ ਮੁਖੀਆਂ ਤੇ ਫੌਜੀ ਸਰਦਾਰਾਂ ਸਮੇਤ ਨਵਾਬ ਨੂੰ ਸ਼ਾਹਬਾਦ ਲੈ ਆਂਦਾ ਗਿਆ ਜਿਥੇ ਇਕ ਖੁਲ੍ਹੀ ਹਵੇਲੀ ਵਿੱਚ ਗਾਣਿਆਂ ਤੇ ਨਾਚ ਦਾ ਕਾਰਜ ਸ਼ੁਰੂ ਹੋ ਗਿਆ। ਝੱਟ ਗੱਦੇ ਲੱਗ ਗਏ । ਸੋਹਣੇ ਵਿਛਾਉਣੇ ਵਿਛਾ ਕੇ ਤੱਕੀਏ ਰੱਖ ਦਿੱਤੇ ਗਏ। ਬੜੇ ਸੋਹਣੇ ਹੁੱਕੇ ਤੇ ਚਿਲਮਾਂ ਮਹਿਮਾਨਾਂ ਸਾਹਮਣੇ ਪਹੁੰਚ ਗਈਆਂ । ਨਾਚੀਆਂ ਨੇ ਆਪਣੇ ਹੁਸਨ ਤੇ ਸਰੀਰਕ ਅੰਗਾਂ ਦੇ ਕਲਾਕਾਰੀ ਦਰਸ਼ਨ ਨਾਲ ਗਾਂਦਿਆਂ ਸਮਾਂ ਬੰਨ੍ਹ ਦਿੱਤਾ ਫਿਰ ਸੁਰਾਹੀਆਂ ਸ਼ਰਾਬ ਦੀਆਂ ਭਰੀਆਂ ਮਹਿਮਾਨਾਂ ਦੀ ਖਿਦਮਤ ਵਿੱਚ ਹਾਜ਼ਰ ਹੋ ਗਈਆਂ । ਇਉਂ ਨਸ਼ੇ ਵਿੱਚ ਮਸਤ ਹੋ ਕੇ ਨਵਾਬ ਤੇ ਉਹਦੇ ਸਾਥੀ ਆਨੰਦ ਮਾਣ ਰਹੇ ਸਨ। ਨਵਾਬ ਪਿਛਲੇ ਦਿਨੀਂ ਦਿੱਲੀ ਵਿੱਚ ਤਨਾਉ ਭਰਪੂਰ ਸਮਾਂ ਗੁਜ਼ਾਰ ਕੇ ਆ ਰਿਹਾ ਸੀ। ਪਰ ਅੱਜ ਉਹ ਵਧੇਰੇ ਖੁਸ਼ ਸੀ। ਦਿੱਲੀ ਤੋਂ ਉਹ ਬੜਾ ਕਾਮਯਾਬ ਮੁੜ ਰਿਹਾ ਸੀ। ਦੂਜਾ ਇਸ ਮਾਹੌਲ ਨੇ ਉਹਨੂੰ ਹਰ ਤਰ੍ਹਾਂ ਦੀ ਚਿੰਤਾ ਤੋਂ ਮੁਕਤ ਕੀਤਾ ਹੋਇਆ ਸੀ। ਅੱਧੀ ਰਾਤ ਤਕ ਉਹ ਇਸ ਮੌਜ਼ ਮੇਲੇ ਵਿੱਚ ਸ਼ਾਮਲ ਰਹੇ । ਫੌਜਦਾਰ ਨੇ ਅਰਜ਼ ਕੀਤੀ ਕਿ ਤੁਹਾਡੇ ਆਰਾਮ ਲਈ ਇਥੇ ਵਧੀਆ ਪ੍ਰਬੰਧ ਹੈ ਤੇ ਤੁਸੀਂ ਇਥੇ ਆਰਾਮ ਕਰੋ ਪਰ ਨਵਾਬ ਨਾ ਮੰਨਿਆਂ। ਉਹ ਕਿਸੇ ਦੂਜੇ ਦੀ ਖੁਆਬਗਾਹ ਵਿੱਚ ਰਾਤ ਨਹੀਂ ਸੀ ਠਹਿਰ ਸੱਕਦਾ। ਇਸ ਲਈ ਉਹ ਆਪਣੀ ਫੌਜੀ ਟੁਕੜੀ ਦੇ ਤਿਆਰ ਕੀਤੇ ਤੰਬੂ ਵਿੱਚ ਹੀ ਪਹੁੰਚਣ ਲਈ ਚੱਲ ਪਿਆ।

ਰਾਤ ਹਨੇਰੀ ਸੀ, ਚਾਰ ਚੁਫੇਰੇ ਇਤਨਾ ਹਨੇਰਾ ਸੀ ਕਿ ਮਸਿਆ ਦੀ ਰਾਤ ਵਾਂਗ ਕੁਝ ਵੀ ਨਜ਼ਰ ਨਹੀਂ ਸੀ ਆਉਂਦਾ ਭਾਵੇਂ ਇਹਨਾਂ ਲਈ ਮਿਸ਼ਾਲਾਂ ਦਾ ਪ੍ਰਬੰਧ ਸੀ ਪਰ ਆਸੇ ਪਾਸੇ ਥੋੜ੍ਹੀ ਦੂਰ ਤਕ ਕੁਝ ਵੀ ਨਜ਼ਰ ਨਹੀਂ ਸੀ ਆ ਰਿਹਾ। ਫੌਜਦਾਰ ਤੇ ਨਵਾਬ ਗੱਲਾਂ ਕਰਦੇ ਜਾ ਰਹੇ ਸਨ ਤੇ ਇਹਨਾਂ ਦੇ ਸਾਥੀ ਪਿੱਛੇ ਪਿੱਛੇ ਤੁਰ ਰਹੇ ਸਨ। ਜਦ ਇਹ ਅਬਾਦੀ ਤੋਂ ਬਾਹਰ ਘੋੜਿਆਂ 'ਤੇ ਸਵਾਰ ਹੋਏ ਆ ਰਹੇ ਸਨ ਤਾਂ ਇਕ ਪਾਸਿਉਂ ਇਕ ਪੱਥਰ ਆਇਆ ਜੋ ਨਵਾਬ ਦੇ ਨੱਕ 'ਤੇ ਵੱਜਾ, ਦਰਦ ਨਾਲ ਉਹਦੀ ਚੀਕ ਨਿਕਲ ਗਈ ਤੇ ਉਹ ਘੋੜੇ ਦੀ ਕਾਠੀ 'ਤੇ ਦੋਹਾਂ ਹੱਥਾਂ ਵਿੱਚ ਸੱਟ ਵਾਲੀ ਥਾਂ ਫੜ ਕੇ ਝੁਕ ਗਿਆ। ਭਾਜੜ ਮੱਚ ਗਈ ਤੇ ਸਾਥੀ ਘੋੜੇ ਦੁਆਲੇ ਆ ਜੁੜੇ ਤੇ ਨਵਾਬ ਨੂੰ ਘੋੜੇ ਤੋਂ ਥੱਲੇ ਲਾਹਿਆ । ਮਿਸ਼ਾਲ ਦੀ ਰੌਸ਼ਨੀ ਵਿੱਚ ਵੇਖਿਆ ਉਹ ਲਹੂ ਨਾਲ ਲੱਥ ਪੱਥ ਸੀ। ਫੌਜਦਾਰ ਦੇ ਬੰਦੇ ਮਿਸ਼ਾਲ ਲੈ ਕੇ ਉਸ ਪਾਸੇ ਦੌੜੇ ਜਿਧਰੋਂ ਪੱਥਰ ਆਇਆ ਸੀ ਪਰ ਹਨੇਰੇ ਵਿੱਚ ਉਹਨਾਂ ਨੂੰ ਕੋਈ ਬੰਦਾ ਨਜ਼ਰ ਨਾ ਆਇਆ। ਉਸੇ ਵੇਲੇ ਹਕੀਮ ਬੁਲਾ ਕੇ ਨਵਾਬ ਦੇ ਮਰੱਹਮ ਪੱਟੀ ਕਰਵਾਈ ਗਈ।

●●●

ਕਾਂਡ-28

ਦੂਜੇ ਦਿਨ ਦੀ ਸਵੇਰ ਤਕ ਬੜੀ ਮੁਸ਼ਕਿਲ ਨਾਲ ਨਵਾਬ ਦੇ ਨੱਕ ਵਿੱਚੋਂ ਰੁੱਕ ਰੁੱਕ ਕੇ ਵੱਗਦਾ ਲਹੂ ਰੋਕਿਆ ਜਾ ਸੱਕਿਆ । ਰਾਤ ਉਹਨੇ ਬੜੀ ਔਖੀ ਕੱਟੀ । ਪਹਿਲਾਂ ਤਾਂ ਉਹਦੀਆਂ ਦੋਹਾਂ ਨਾਸਾਂ ਵਿੱਚ ਰੂੰਈਂ ਪਾ ਕੇ ਵੱਗਦੇ ਲਹੂ ਨੂੰ ਠੱਲ੍ਹ ਪਾਉਣ ਦਾ ਯਤਨ ਕੀਤਾ ਗਿਆ ਜਦ ਰੂੰਈਂ ਦੇ ਫੰਬੇ ਲਹੂ ਨਾਲ ਭਰ ਗਏ ਤਾਂ ਇਕ ਸਿਆਣੇ ਹਕੀਮ ਨੇ ਕਿਹਾ ਕਿ ਇਉਂ ਲਹੂ ਬੰਦ ਨਹੀਂ ਹੋਏਗਾ ਜੇ ਬਾਹਰ ਵੱਗਣ ਤੋਂ ਰੋਕੋਗਾ ਤਾਂ ਇਹ ਸਰੀਰ ਅੰਦਰ ਚਲਾ ਜਾਏਗਾ । ਇਹ ਜਿੰਦਗੀ ਲਈ ਵਧੇਰੇ ਖਤਰਨਾਕ ਹੁੰਦਾ ਏ । ਇਸ ਲਈ ਨੱਕ ਬਾਹਰੋਂ ਬੰਦ ਨਾ ਕਰੋ । ਖ਼ੂਨ ਦੀ ਨਾੜੀ ਵਿੱਚ ਸੱਟ ਲੱਗਣ ਨਾਲ ਜੋ ਫੱਟ ਨਾੜੀ ਵਿਚ ਪੈ ਗਿਆ ਹੈ, ਉਸਦੀ ਮਰੁੰਮਤ ਕਰਨੀ ਹੋਏਗੀ । ਜੁਆਨ ਫੱਟ ਬੰਨ੍ਹਣ ਤੇ ਹਕੀਮ ਨੱਕ ਦੀ ਨਾਸ ਵਿੱਚ ਵਾਲ ਜਿੰਨੀ ਬਾਰੀਕ ਨਾੜੀ ਵਿੱਚ ਹੋਏ ਛੇਕ ਨੂੰ ਬੰਦ ਕਰਨ ਤੋਂ ਅਸਮਰਥ ਸਨ । ਇਕ ਬਜ਼ੁਰਗ ਬਾਬੇ ਨੇ ਉਹ ਥਾਂ ਲੱਭ ਕੇ ਕੋਈ ਅਜੇਹੀ ਮਰਹਮ ਲਾਈ ਜਿਸ ਨਾਲ ਲਹੂ ਬੰਦ ਹੋ ਗਿਆ । ਉਸ ਹਕੀਮ ਨੇ ਫੌਜਦਾਰ ਸ਼ਾਹਬਾਦ ਨੂੰ ਸੰਬੋਧਨ ਕਰਦਿਆਂ ਕਿਹਾ, "ਇਹਨਾਂ ਨੂੰ ਸਿੱਧਾ ਲੇਟੇ ਰਹਿਣ ਦਿਉ ਜੇ ਹਿਲ ਜੁਲ ਹੋਈ ਤਾਂ ਮਰਹਮ ਨਾਲ ਜੋੜ ਲੱਗਣ ਤੋਂ ਪਹਿਲਾਂ ਫਿਰ ਖ਼ੂਨ ਵੱਗਣਾ ਸ਼ੁਰੂ ਹੋ ਸਕਦਾ ਹੈ । ਇਹਨਾਂ ਨੂੰ ਦੋ ਦਿਨ ਲਈ ਇਥੇ ਹੀ ਰੱਖੋ, ਮੈਂ ਦੁਪਹਿਰੇ ਫਿਰ ਆ ਜਾਵਾਂਗਾ ।" ਨਵਾਬ ਤਾਂ ਰਾਤ ਵੀ ਸ਼ਾਹਬਾਦ ਰੁੱਕਣ ਲਈ ਤਿਆਰ ਨਹੀਂ ਸੀ ਪਰ ਹੁਣ ਉਹਨੂੰ ਦੋ ਦਿਨ ਹੋਰ ਰੁਕਣਾ ਪੈ ਗਿਆ ।

"ਤੁਸੀਂ ਜਨਾਬ ਮਹਿਸੂਸ ਨਾ ਕਰਨਾ ਇਹਨੂੰ ਆਪਣਾ ਘਰ ਹੀ ਸਮਝੋ ਤੇ ਦੋ ਦਿਨ ਇਥੇ ਆਰਾਮ ਕਰਕੇ ਚਲੇ ਜਾਣਾ," ਫੌਜਦਾਰ ਨੇ ਬੜੀ ਖੁਲ੍ਹਦਿਲੀ ਵਿਖਾਂਦਿਆਂ ਪਰ ਰਾਤ ਦੇ ਹੋਏ ਹਮਲੇ ਤੋਂ ਸ਼ਰਮਿੰਦਗੀ ਮਹਿਸੂਸ ਕਰਦਿਆਂ ਆਖਿਆ, "ਮੈਂ ਚਾਰ ਚੁਫੇਰੇ ਬੰਦੇ ਭੇਜੇ ਹੋਏ ਨੇ ਤੇ ਮੈਨੂੰ ਯਕੀਨ ਏ, ਉਸ ਬੰਦੇ ਨੂੰ ਲੱਭ ਲਿਆਉਣਗੇ ਜਿਸਨੇ ਇਹ ਕਮੀਨੀ ਹਰਕਤ ਕੀਤੀ ਏ ।"

"ਇਹ ਕੋਈ ਬਾਹਰੋਂ ਆਇਆ ਬੰਦਾ ਹੋਣਾ ਏਂ ਪਰ ਇਹ ਪਤਾ ਲੈਣਾ ਜ਼ਰੂਰੀ ਏ ਕਿ ਇਹਦੇ ਪਿੱਛੇ ਸਾਜ਼ਿਸ਼ ਕਰਨ ਵਾਲੇ ਕੌਣ ਹਨ । ਸਾਡੇ ਇਸ ਇਲਾਕੇ ਵਿੱਚ

ਤਾਂ ਅਜਿਹਾ ਕੋਈ ਬੰਦਾ ਨਹੀਂ ਜਾਪਦਾ। ਤੁਹਾਡਾ ਇਥੇ ਕੋਈ ਵਿਰੋਧੀ; ਨਹੀਂ ਹੋ ਸਕਦਾ ਏ। ਸ਼ਰਾਰਤੀ ਬੰਦੇ ਦਾ ਨਿਸ਼ਾਨਾ ਕੋਈ ਹੋਰ ਹੋਵੇ ਤੇ ਪੱਥਰ ਲੱਗ ਗਿਆ ਨਵਾਬ ਸਾਹਿਬ ਨੂੰ," ਕੋਲ ਬੈਠੇ ਫੌਜਦਾਰ ਦੇ ਭਰਾ ਨੇ ਕਿਹਾ।

"ਸ਼ਾਇਦ ਕੋਈ ਤੁਹਾਡਾ ਦੁਸ਼ਮਣ ਹੋਵੇ," ਨਵਾਬ ਦੇ ਅੰਗ ਰਖਿਅਕਾਂ 'ਚੋਂ ਇਕ ਨੇ ਰਾਇ ਦਿੱਤੀ। ਉਹਨੇ ਸ਼ੱਕ ਪ੍ਰਗਟ ਕੀਤਾ ਕਿ ਇਹਦੇ ਵਿੱਚ ਕਿਸੇ ਸਿੱਖ ਦੀ ਸ਼ਰਾਰਤ ਹੋ ਸਕਦੀ ਏ। ਅੱਜ ਕੱਲ ਉਹੀ ਆਫਰੇ ਫਿਰਦੇ ਨੇ। ਮੁਗਲ ਰਾਜ ਨਾਲ ਟੱਕਰ ਲੈਣ ਦੀ ਦਲੇਰੀ ਵੀ ਉਹੋ ਹੀ ਕਰ ਸਕਦੇ ਨੇ। ਹੋਰ ਕਿਸੇ ਨੇ ਸ਼ਰਾਰਤ ਕਰਕੇ ਕੀ ਲੈਣਾ ਏ ਤੇ ਫਿਰ ਉਹ ਵੀ ਰਾਜ ਤੋਂ ਚੋਖਾ ਦੂਰ ਆ ਕੇ। ਇਸ ਤਰ੍ਹਾਂ ਜਿਹੜਾ ਵੀ ਨਵਾਬ ਜੀ ਦੀ ਬਿਮਾਰ ਪੁਰਸ਼ੀ ਲਈ ਆਉਂਦਾ, ਉਹ ਇਹ ਸਾਰੀ ਘਟਨਾ ਸੁਣ ਕੇ ਆਪਣਾ ਕੁਝ ਨਾ ਕੁਝ ਨਿਰਨਾ ਦੱਸ ਜਾਂਦਾ। ਕਿਸੇ ਦਾ ਵਿਚਾਰ ਸੀ ਕਿ ਸਿੱਖਾਂ ਦੇ ਗੁਰੂ ਦੇ ਦੋ ਮਾਸੂਮਾਂ ਨੂੰ ਜਦੋਂ ਤੋਂ ਕਤਲ ਕੀਤਾ ਏ, ਸਿੱਖ ਚੋਖੇ ਔਖੇ ਹਨ। ਕੋਈ ਇਸ ਵਿਚਾਰ ਨੂੰ ਰੱਦ ਕਰ ਦਿੰਦਾ ਤੇ ਕਹਿੰਦਾ ਕਿ ਸਿੱਖ ਤਾਂ ਹਥਿਆਰਬੰਦ ਫਿਰਦੇ ਨੇ ਉਹ ਇੱਟਾਂ ਵੱਟਿਆਂ ਨਾਲ ਹਮਲਾ ਨਹੀਂ ਕਰਦੇ। ਕਿਸੇ ਦੀ ਰਾਇ ਸੀ ਕਿ ਇਹ ਹੈ ਬੜੀ ਦਲੇਰੀ ਦਾ ਕੰਮ, ਉਹੀ ਕਰ ਸਕਦਾ ਏ ਜੋ ਘਰੋਂ ਮਰਨ ਲਈ ਧਾਰ ਕੇ ਆਇਆ ਹੋਵੇ ਕਿਉਂਕਿ ਜੇ ਉਹ ਫੜਿਆ ਜਾਏ ਤਾਂ ਕੁੱਟ ਕੁੱਟ ਕੇ ਉਹਦੀ ਮਿੱਝ ਕੱਢ ਦੇਈਏ।

ਨਵਾਬ ਦੇ ਸ਼ਾਹਬਾਦ ਰੁੱਕ ਜਾਣ ਅਤੇ ਜ਼ਖਮੀ ਹੋਣ ਦੀ ਖ਼ਬਰ ਅੱਗ ਵਾਂਗੂੰ ਝੱਟਪਟ ਫੈਲ ਗਈ। ਹਾਲਾਂਕਿ ਬਹੁਤੇ ਮੁਖੀਆਂ ਦੀ ਰਾਇ ਸੀ ਕਿ ਇਸਦਾ ਧੂੰਆਂ ਤਕ ਨਾ ਕੱਢਿਆ ਜਾਏ। ਨਵਾਬ ਦਾ ਚਿੱਠੀ ਪੱਤਰ ਤੇ ਸੁਨੇਹਾ ਲਿਜਾਣ ਵਾਲੇ ਮੁਲਾਜ਼ਮਾਂ ਵਿੱਚੋਂ ਦੋ ਨੂੰ ਸਰਹੰਦ ਭੇਜਿਆ ਗਿਆ ਤਾਂ ਕਿ ਕੋਈ ਘਬਰਾਹਟ ਨਾ ਹੋਏ ਤੇ ਪੁੱਠੀ ਸਿੱਧੀ ਕੋਈ ਅਫਵਾਹ ਨਾ ਫੈਲੇ। ਸਰਹੰਦ ਵਾਸੀਆਂ ਤੇ ਦਰਬਾਰੀਆਂ ਨੂੰ ਇਹ ਖ਼ਬਰ ਮਿਲਦਿਆਂ ਲੋਕਾਂ ਵਿੱਚ ਤਾਂ ਥਾਂ ਥਾਂ ਚਰਚੇ ਹੋਣ ਲੱਗ ਪਏ। ਦੀਵਾਨ ਤੇ ਦਰਬਾਰ ਦੇ ਚੌਧਰੀ ਝੱਟ ਇਕੱਠੇ ਹੋਏ। ਉਥੇ ਫੈਸਲਾ ਹੋ ਗਿਆ ਕਿ ਇਕ ਫੌਜੀ ਟੁਕੜੀ ਸਮੇਤ ਰਾਤੋ ਰਾਤ ਕੁਝ ਮੁਖੀ ਸ਼ਾਹਬਾਦ ਪਹੁੰਚ ਜਾਣ। ਨਵਾਬ ਦੀ ਸਿਹਤ ਦਾ ਪਤਾ ਲੈਣ ਤੇ ਇਸ ਗੱਲ ਦਾ ਜਾਇਜ਼ਾ ਲੈਣ ਕਿ ਨਵਾਬ 'ਤੇ ਇਹ ਹਮਲਾ ਅਚਾਨਕ ਵਾਪਰੀ ਘਟਨਾ ਹੈ ਜਾਂ ਕਿਸੇ ਸਿਰਫਿਰੇ ਬੰਦੇ ਦੀ ਸ਼ਰਾਰਤ ਏ ਜਾਂ ਨਵਾਬ ਦੇ ਘਰ ਕੋਈ ਗੁਲ ਖਿਲਾਣ ਦੀ ਫੈਲ਼ੀ ਹੋਈ ਘਟਨਾ ਦੀ ਅਗਲੀ ਕੜੀ ਏ। ਦੀਵਾਨ ਜੈ ਰਾਮ ਤੇ ਦੀਵਾਨ ਸੁੱਚਾ ਨੰਦ ਨੇ ਵੀ ਪੇਸ਼ਕਸ਼ ਕੀਤੀ ਕਿ ਉਹ ਸ਼ਾਹਬਾਦ ਫੌਜ ਦੇ ਨਾਲ ਜਾਣ ਨੂੰ ਤਿਆਰ ਨੇ ਪਰ ਕੱਟੜ ਕਿਸਮ ਦੇ ਮੁਸਲਮਾਨ ਮੌਲਵੀਆਂ ਤੇ ਚੌਧਰੀਆਂ ਨੇ ਉਹਨਾਂ ਦੀ ਪੇਸ਼ਕਸ਼ ਨਾ ਮੰਨੀ। ਉਹਨਾਂ ਨੇ ਸਾਫ ਕਿਹਾ, ਹਿੰਦੂਆਂ ਤੇ ਸਿੱਖਾਂ ਵਿਰੁੱਧ ਜਿਹੜਾ ਗੁੱਸਾ ਮੁਸਲਮਾਨਾਂ ਵਿੱਚ ਏ, ਉਹਦੇ ਕਾਰਨ ਕਿਸੇ ਹਿੰਦੂ

ਅਧਿਕਾਰੀ ਨੂੰ ਨਾਲ ਨਹੀਂ ਲਿਜਾਣਾ ਚਾਹੀਦਾ। ਇਹਨਾਂ ਨੂੰ ਇਥੇ ਹਕੂਮਤ ਦੇ ਕਾਰ ਵਿਹਾਰ ਨੂੰ ਵੇਖਣਾ ਚਾਹੀਦਾ ਹੈ।

ਜਿਹੜੇ ਬੰਦੇ ਦੂਜੇ ਦਿਨ ਸ਼ਾਹਬਾਦ ਤੋਂ ਹੋ ਕੇ ਵਾਪਸ ਪਹੁੰਚੇ, ਉਹਨਾਂ ਵਿੱਚ ਇਕ ਵਿਅਕਤੀ ਦੀਵਾਨ ਜੈ ਰਾਮ ਦਾ ਲਆਇਆ ਹੋਇਆ ਸੀ। ਉਹਨੇ ਦੀਵਾਨ ਜੀ ਨੂੰ ਦੱਸਿਆ ਕਿ ਹੁਣ ਸਰਹੰਦ ਤੋਂ ਬਾਹਰ ਵੀ ਇਹਨਾਂ ਹਮਲਿਆਂ ਬਾਰੇ ਜੋ ਕੰਨਸੋ ਨਿਕਲੀ ਹੈ, ਉਹਦੇ ਵਿੱਚ ਬਿਮਲਾ ਦਾ ਨਾਂ ਲਿਆ ਜਾ ਰਿਹਾ ਹੈ। ਦੀਵਾਨ ਦੇ ਵਿਰੋਧੀ ਦੀਵਾਨ ਨੂੰ ਵੀ ਇਹਨਾਂ ਹਮਲਿਆਂ ਨਾਲ ਜੋੜਨ ਲਈ ਕਈ ਝੂਠੀਆਂ ਸੱਚੀਆਂ ਅਫਵਾਹਾਂ ਫੈਲਾਅ ਰਹੇ ਨੇ। ਦੀਵਾਨ ਜੈ ਰਾਮ ਦੀ ਖ਼ਾਨਿਓਂ ਗਈ। ਉਹਨੂੰ ਯਕੀਨ ਹੋ ਗਿਆ ਕਿ ਇਸੇ ਲਈ ਸਾਨੂੰ ਸ਼ਾਹਬਾਦ ਨਾਲ ਲਿਜਾਣ ਲਈ ਤਿਆਰ ਨਹੀਂ ਹੋਏ। ਉਹਦਾ ਦਿਲ ਦਿਮਾਗ ਫਿਰ ਇਹ ਅਨੁਮਾਨ ਲਾਣ ਲੱਗ ਪਿਆ ਕਿ ਨਵਾਬ ਦੇ ਸਰਹੰਦ ਆਉਂਦਿਆਂ ਸਾਡੀ ਖੈਰ ਨਹੀਂ। ਉਹਨਾਂ ਦੇ ਹੱਥ ਕੋਈ ਦੋਸ਼ੀ ਆਏ ਜਾਂ ਨਾ। ਉਹਨਾਂ ਨੇ ਹਰ ਅਧੂਰੀ ਲੱਭਤ ਤੇ ਸਾਜਿਸ਼ ਘਟਨਾ ਨੂੰ ਸਾਡੇ ਨਾਲ ਜੋੜਨਾ ਏ। ਦੀਵਾਨ ਜੈ ਰਾਮ ਘਰ ਆਇਆ। ਉਹਦਾ ਮੂੰਹ ਲੱਥਾ ਹੋਇਆ ਸੀ ਤੇ ਚੜ੍ਹਦੀ ਕਲਾ ਨਾਲ ਉਹ ਜਿਵੇਂ ਡੌਰ ਭੌਰ ਹੁੰਦਾ ਸੀ, ਉਸੇ ਤਰ੍ਹਾਂ ਵੇਖ ਕੇ ਉਹਦੀ ਪਤਨੀ ਰਾਣੀ ਨੇ ਪੁੱਛਿਆ, "ਨਵਾਬ ਸਾਹਿਬ ਦੀ ਸੁੱਖ ਸਾਂਦ ਦੀ ਕੋਈ ਦੱਸੋ। ਹਮਲੇ ਨਵਾਬ 'ਤੇ ਹੋ ਰਹੇ ਨੇ ਪਰ ਡਰ ਭਉ ਤੁਹਾਡੇ 'ਤੇ ਹਾਵੀ ਹੋ ਰਿਹਾ ਏ।" ਦੀਵਾਨ ਜੈ ਰਾਮ ਨੇ ਬੜੀ ਹੌਲੀ ਜਿਹੀ ਬੋਲਦਿਆਂ ਉਹਨੂੰ ਦੱਸਿਆ ਕਿ ਨਵਾਬ 'ਤੇ ਇਹਨਾਂ ਹਮਲਿਆਂ ਵਿੱਚ ਸਾਨੂੰ ਰਗੜੇ ਲਆਉਣ ਲਈ ਚਾਤੁਰ ਦਰਬਾਰੀ ਪੂਰਾ ਜ਼ੋਰ ਲਾ ਰਹੇ ਨੇ। ਮੈਂ ਅੱਜ ਹੀ ਸੁਣ ਕੇ ਆਇਆ ਹਾਂ ਕਿ ਹੁਣ ਖੁੱਲ੍ਹੇ ਆਮ ਸਾਡੇ 'ਤੇ ਸ਼ੱਕ ਹੋ ਰਿਹਾ ਏ ਤੇ ਮਾੜੀ ਗੱਲ ਇਹ ਹੈ ਕਿ ਬਿਮਲਾ ਦਾ ਨਾਮ ਵੀ ਇਸ ਸਾਰੀ ਗੱਲ ਨਾਲ ਜੁੜ ਰਿਹਾ ਏ। ਮੈਨੂੰ ਬਹੁਤੀ ਚਿੰਤਾ ਇਹ ਹੈ ਕਿ ਕਿਸੇ ਨੇ ਸਾਨੂੰ ਆਪਣਾ ਪੱਖ ਸਪਸ਼ਟ ਕਰਨ ਲਈ ਸਮਾਂ ਨਹੀਂ ਦੇਣਾ। ਇਹ ਕੰਨਾਂ ਦੇ ਕੱਚੇ ਬਾਦਸ਼ਾਹ ਤੇ ਨਵਾਬ ਝੱਟ ਫੈਸਲਾ ਦੇ ਦਿੰਦੇ ਨੇ। ਜੇ ਨਵਾਬ ਉਸ ਵੇਲੇ ਗੁਰੂ ਦੇ ਦੋ ਬੱਚਿਆਂ ਨੂੰ ਛੱਡ ਦੇਂਦਾ ਤਾਂ ਅੱਜ ਇਹ ਦੁਸ਼ਮਣੀ ਇਸ ਹੱਦ ਤਕ ਨਹੀਂ ਸੀ ਜਾਣੀ। ਹੁਣ ਇਹਨਾਂ ਗੱਲਾਂ ਤੋਂ ਸਾਬਤ ਹੁੰਦਾ ਹੈ ਕਿ ਸਿੱਖ ਇਹਨਾਂ ਨੂੰ ਨਹੀਂ ਛੱਡਣਗੇ।"

"ਸਿੱਖ ਇਹਨਾਂ ਨੂੰ ਛੱਡਣ ਜਾਂ ਨਾ ਛੱਡਣ, ਤੁਸੀਂ ਕਿਉਂ ਭੈੜੇ ਪੈਂਦੇ ਓ? ਤੁਹਾਨੂੰ ਉਹਨਾਂ ਦਾ ਕਿਉਂ ਫਿਕਰ ਪਿਆ ਹੋਇਆ ਏ? ਉਹ ਮਰਦੇ ਨੇ ਤੇ ਪਏ ਮਰਨ। ਅਸੀਂ ਕਿਉਂ ਚਿੰਤਾ ਲਾ ਕੇ ਉਹਨਾਂ ਤੋਂ ਪਹਿਲਾਂ ਈ ਮਰਦੇ ਫਿਰੀਏ।" ਰਾਣੀ ਨੇ ਕਿਹਾ, "ਜੋ ਕਰਨਗੇ, ਸੋ ਭਰਨਗੇ, ਜਿਹਨਾਂ ਦੇ ਪਿੱਛੇ ਸਿੱਖ ਲੱਗੇ ਹੋਏ ਨੇ, ਉਹਨਾਂ ਵਿੱਚ ਤੁਸੀਂ ਨਹੀਂ। ਦੀਵਾਨ ਸੁੱਚਾ ਨੰਦ ਨੂੰ ਉਹ ਲਲਕਾਰਦੇ ਨੇ ਕਿ ਤੈਨੂੰ ਨਹੀਂ ਛੱਡਣਾ। ਉਹ ਪ੍ਰਵਾਹ ਹੀ ਨਹੀਂ ਕਰਦਾ, ਇਕ ਤੁਸੀਂ ਹੋ ਜੋ ਕਿਸੇ ਹਿਸਾਬ

ਖਾਤੇ ਵਿੱਚ ਨਹੀਂ, ਐਵੇਂ ਡਰੀ ਜਾਂਦੇ ਹੋ।"

"ਪਤਾ ਨਹੀਂ ਮੈਨੂੰ ਬਿਮਲਾ ਦੀ ਚਿੰਤਾ ਖਾਈ ਜਾਂਦੀ ਏ," ਦੀਵਾਨ ਜੈ ਰਾਮ ਨੇ ਕਿਹਾ। ਮੈਂ ਅੱਗੇ ਵੀ ਦੱਸਿਆ ਸੀ ਕਿ ਮੇਰੇ ਮਨ ਵਿੱਚ ਬਿਮਲਾ ਨੂੰ ਕਿਸੇ ਕਿੜਕੀ ਵਿੱਚ ਫੱਸਣ ਤੋਂ ਪਹਿਲਾਂ ਬਾਹਰ ਭੇਜ ਦੇਈਏ ਜਾਂ ਆਪਣੇ ਰਾਜ ਦੀਆਂ ਹੱਦਾਂ ਤੋਂ ਬਾਹਰ ਕਿਤੇ ਵਿਆਹ ਦੇਈਏ। ਹੁਣ ਮੈਂ ਸੋਚਦਾ ਹਾਂ ਕਿ ਨਵਾਬ ਦੇ ਇਥੇ ਆਉਣ ਤੋਂ ਪਹਿਲਾਂ ਬਿਮਲਾ ਨੂੰ ਕਿਧਰੇ ਕਿਸੇ ਰਿਸ਼ਤੇਦਾਰ ਪਾਸ ਛੱਡ ਆਈਏ।" ਰਾਣੀ ਨੇ ਇਹ ਸ਼ੰਕਾ ਪ੍ਰਗਟ ਕੀਤਾ ਕਿ ਸੱਚਮੁੱਚ ਬਿਮਲਾ ਨੂੰ ਦੋਸ਼ੀ ਸਮਝ ਕੇ ਨਵਾਬ ਨੇ ਹਾਜ਼ਰ ਕਰਨ ਲਈ ਕਹਿ ਦਿੱਤਾ ਤੇ ਜੇ ਉਹਨੂੰ ਪਤਾ ਲਗ ਗਿਆ ਕਿ ਉਹ ਕਿਧਰੇ ਤੁਰ ਗਈ ਏ ਤਾਂ ਉਹਨੇ ਯਕੀਨ ਕਰ ਲੈਣਾ ਏਂ ਕਿ ਅਸੀਂ ਜਾਣ ਬੁੱਝ ਕੇ ਉਹਨੂੰ ਬਾਹਰ ਭੇਜਿਆ ਹੈ।

ਦੀਵਾਨ ਜੈ ਰਾਮ ਨੇ ਫਿਰ ਇਸ ਮਸਲੇ 'ਤੇ ਸੋਚਿਆ ਕਿ ਕਿਉਂ ਨਾ ਇਹ ਪਹਿਲਾਂ ਚਰਚਾ ਕਰ ਦੇਈਏ ਕਿ ਉਹ ਕਿਸੇ ਵਿਆਹ 'ਤੇ ਗਈ ਏ, ਜਾਣਾ ਤਾਂ ਮੈਂ ਸੀ ਪਰ ਹਕੂਮਤ ਦੇ ਕੰਮਾਂ ਵਿੱਚੋਂ ਵਿਹਲ ਨਹੀਂ ਤੇ ਨਵਾਬ ਸਾਹਿਬ ਦੇ ਸਰਹੰਦ ਵਿੱਚ ਨਾ ਹੋਣ ਕਾਰਨ ਮੈਨੂੰ ਆਪਣੀ ਥਾਂ ਬਿਮਲਾ ਨੂੰ ਭੇਜਣਾ ਪਿਆ ਏ। ਜਦ ਬਿਮਲਾ ਨੂੰ ਇਹ ਦੱਸਿਆ ਗਿਆ ਕਿ ਉਹਨੂੰ ਅਗਲੇ ਦਿਨ ਤੜਕੇ ਹੀ ਉਸਦੇ ਮਾਮੇ ਦੇ ਪਿੰਡ ਭੇਜਣਾ ਹੈ ਤਾਂ ਉਹ ਖੁਸ਼ ਹੋ ਗਈ ਕਿਉਂਕਿ ਇਥੇ ਘਰ ਦੀ ਕੈਦ, ਪਾਬੰਦੀਆਂ ਤੇ ਸਾਕ ਸੋਹਲੀਆਂ ਨੂੰ ਝੂਠ ਬੋਲ ਕੇ ਉਹਦੇ ਅੰਦਰ ਕਲੇਸ਼ ਵੱਧ ਰਿਹਾ ਸੀ। ਦੂਜਾ ਕਾਰਨ ਸੀ ਕਿ ਸਿੱਖਾਂ ਦੀਆਂ ਸਰਗਰਮੀਆਂ ਨਾਲੋਂ ਉਹਦਾ ਟੁੱਟੇ ਰਹਿਣਾ। ਹੁਣ ਦੀਵਾਨ ਜੀ ਦੇ ਘਰ ਨਾ ਕੋਈ ਉਹਨੂੰ ਮਿਲਣ ਆ ਸਕਦਾ ਸੀ ਤੇ ਨਾ ਉਹ ਕਿਧਰੇ ਘਰੋਂ ਜਾ ਸਕਦੀ ਸੀ। ਉਹਨੂੰ ਸਿਰਫ ਉਹੀ ਗੱਲਾਂ ਪਤਾ ਲੱਗਦੀਆਂ ਸਨ ਜੋ ਮਾਂ ਪਿਉ ਘਰ ਵਿੱਚ ਕਰਦੇ ਸਨ। ਨਵਾਬ 'ਤੇ ਹਮਲੇ ਦੀ ਗੱਲ ਵੀ ਉਸਨੂੰ ਪਿਤਾ ਨੇ ਹੀ ਦੱਸੀ ਸੀ।

ਦੂਜੇ ਦਿਨ ਤੜਕੇ ਬਿਮਲਾ ਦੋ ਸਿਪਾਹੀਆਂ ਨਾਲ ਜਦੋਂ ਤੁਰਨ ਲੱਗੀ ਤਾਂ ਉਹਦੇ ਮਨ ਨੇ ਅੰਦਰੋਂ ਉਹਦੇ ਅਹਿਸਾਸ ਨੂੰ ਇਸ ਹੱਦ ਤਕ ਪ੍ਰਭਾਵਿਤ ਕੀਤਾ, ਉਹਦਾ ਮਨ ਕਹਿ ਰਿਹਾ ਸੀ ਕਿ ਤੂੰ ਹੁਣ ਨਾ ਦੁਬਾਰਾ ਮਾਪਿਆਂ ਨੂੰ ਮਿਲ ਸਕੇਂਗੀ ਤੇ ਨਾ ਇਸ ਘਰ ਵਿੱਚ ਮੁੜ ਤੇਰੇ ਪੈਰ ਪੈਣੇ ਨੇ। ਇਸ ਖਿਆਲ ਨੇ ਉਹਨੂੰ ਇੰਨਾ ਜਜ਼ਬਾਤੀ ਕਰ ਦਿੱਤਾ ਕਿ ਉਹ ਤੁਰਨ ਲੱਗਿਆਂ ਮਾਂ ਦੇ ਗਲ ਲੱਗ ਕੇ ਭੁੱਬਾਂ ਮਾਰ ਕੇ ਰੋਣ ਲੱਗ ਪਈ। ਇਤਨਾ ਰੋਈ ਜਿਤਨਾ ਵਿਆਹ ਦੀ ਡੋਲੀ ਤੁਰਨ ਲੱਗਿਆਂ ਮਾਪਿਆਂ ਨੂੰ ਮਿਲ ਕੇ ਕੁੜੀਆਂ ਰੋਂਦੀਆਂ ਨੇ। ਉਹਦੀ ਮਾਂ ਵੀ ਬੜਾ ਰੋਈ। ਦੀਵਾਨ ਜੈ ਰਾਮ ਸਖਤ ਮਨ ਨਾਲ ਕੋਲ ਖੜਾ ਮਾਂ ਧੀ ਨੂੰ ਦੇਖਦਾ ਰਿਹਾ।

●●●

ਕਾਂਡ-29

ਨਵਾਬ ਵਾਪਸ ਸਰਹੰਦ ਆ ਗਿਆ। ਉਹਦੇ ਮਨ ਵਿੱਚ ਸਿੱਖ ਲੋਕ ਲਹਿਰ ਵਿਰੁੱਧ ਨਫ਼ਰਤ ਤੇ ਗੁੱਸਾ ਬਹੁਤ ਵੱਧਿਆ ਹੋਇਆ ਸੀ। ਉਹ ਸ਼ਾਹਬਾਦ ਵਿੱਚ ਵੀ ਆਪਣੀ ਫੌਜ ਦੇ ਪਹਿਰੇ ਵਿੱਚ ਹੀ ਆਉਂਦਾ ਜਾਂਦਾ ਰਿਹਾ। ਉਹ ਬੜਾ ਸ਼ੱਕੀ ਸੁਭਾਅ ਦਾ ਸੀ ਪਰ ਪਿਛਲੇ ਦਿਨੀਂ ਹੋਈਆਂ ਘਟਨਾਵਾਂ ਨੇ ਉਸਨੂੰ ਹੋਰ ਵਧੇਰੇ ਸ਼ੱਕੀ ਬਣਾ ਦਿੱਤਾ ਸੀ। ਜਿਥੇ ਪਹਿਲੇ ਹੀ ਉਸਨੇ ਜ਼ਬਾਨੀ ਇਹ ਹੁਕਮ ਦਿੱਤਾ ਹੋਇਆ ਸੀ ਕਿ ਉਹਦੇ ਰਾਜ ਵਿਚਲੇ ਪਿੰਡਾਂ ਵਿੱਚੋਂ ਜ਼ਬਰਦਸਤੀ ਸਿੱਖ ਫੜ ਲਿਆਂਦੇ ਜਾਣ, ਹੁਣ ਉਹਨੇ ਇਹ ਹੁਕਮ ਜਾਰੀ ਕਰ ਦਿੱਤਾ ਕਿ ਜਿਹੜੇ ਸਿੱਖ ਘਰ ਬਾਹਰ ਛੱਡ ਕੇ ਭਗੌੜੇ ਹੋ ਗਏ ਹਨ ਉਹਨਾਂ ਦੇ ਪਰਿਵਾਰ, ਨਾਰੀਆਂ ਤੇ ਬੱਚੇ, ਸਭ ਫੜ ਕੇ ਲੈ ਆਂਦੇ ਜਾਣ। ਇਹਦੇ ਨਾਲ ਹੀ ਉਹਨੇ ਹਿੰਦੂਆਂ 'ਤੇ ਵੀ ਪਾਬੰਦੀ ਲਾ ਦਿੱਤੀ ਕਿ ਉਹ ਸਿੱਖਾਂ ਵਾਂਗ ਦਾੜ੍ਹੀ ਸਹੀ ਸਲਾਮਤ ਨਾ ਰੱਖਣ ਅਤੇ ਪਗੜੀ ਬੰਨ੍ਹਣ 'ਤੇ ਵੀ ਪਾਬੰਦੀ ਲਾ ਦਿੱਤੀ। ਨੰਗੇ ਸਿਰ ਰਹਿਣ ਤਾਂ ਕਿ ਦੂਰੋਂ ਪਤਾ ਲੱਗ ਸਕੇ ਕਿ ਉਹ ਮੁਸਲਮਾਨ ਹੈ ਜਾਂ ਹਿੰਦੂ, ਸਿੱਖ ਨਹੀਂ। ਆਪਣੇ ਭਰੋਸੇ ਯੋਗ ਫੌਜੀ ਜਰਨੈਲਾਂ ਤੇ ਅਧਿਕਾਰੀਆਂ ਨਾਲ ਇਕੱਤਰਤਾ ਕਰਨ ਪਿੱਛੋਂ ਸਾਧੂ ਸੰਤਾਂ ਵਿਰੁੱਧ ਵੀ ਖੁਲ੍ਹੀ ਕਾਰਵਾਈ ਪੜਤਾਲ ਕਰਨੀ ਸ਼ੁਰੂ ਕਰ ਦਿੱਤੀ ਤਾਂ ਕਿ ਸਾਧੂਆਂ ਦੇ ਭੇਸ ਵਿੱਚ ਕੋਈ ਸਿੱਖ ਨਾ ਰਹਿ ਸਕੇ। ਕਈ ਸਾਧੂ ਸ਼ੱਕ ਵਿੱਚ ਫੜ ਕੇ ਬੰਦੀ ਬਣਾ ਦਿੱਤੇ। ਦੀਵਾਨ ਚਾਹੁੰਦਾ ਸੀ ਕਿ ਉਹ ਇਸ ਨੀਤੀ ਦਾ ਵਿਰੋਧ ਕਰੇ ਤੇ ਨਵਾਬ ਨੂੰ ਸਮਝਾਏ ਕਿ ਬਦੋਸ਼ੇ ਸਾਧੂਆਂ ਨੂੰ ਜੇ ਤੰਗ ਕੀਤਾ ਜਾਂ ਬੰਦੀ ਬਣਾਇਆ ਤਾਂ ਉਹ ਬਦ-ਅਸੀਸਾਂ ਦੇਣਗੇ। ਰੱਬ ਦੇ ਇਹਨਾਂ ਬੰਦਿਆਂ ਦੀਆਂ ਬਦ-ਅਸੀਸਾਂ ਖਤਰਨਾਕ ਹਥਿਆਰਾਂ ਨਾਲੋਂ ਵੱਧ ਮਾਰੂ ਅਸਰ ਕਰਦੀਆਂ ਹਨ ਪਰ ਉਹ ਆਪਣੇ ਦਿੱਲ ਦੀ ਇਹ ਗੱਲ ਨਵਾਬ ਜਾਂ ਕਿਸੇ ਹੋਰ ਨਾਲ ਕਰਨ ਤੋਂ ਅਸਮਰਥ ਸੀ। ਹਿੰਦੂਆਂ ਵਿਰੁੱਧ ਨਵੇਂ ਆਦੇਸ਼ ਉਹਨੂੰ ਠੀਕ ਨਹੀਂ ਸਨ ਜੱਚਦੇ ਪਰ ਪਿਛਲੇ ਦਿਨੀਂ ਵਾਪਰੀਆਂ ਘਟਨਾਵਾਂ ਵਿੱਚ ਉਹਦੇ ਸ਼ਾਮਲ ਹੋਣ ਦੇ ਪ੍ਰਚਾਰ ਨੇ ਉਹਦੇ ਮੂੰਹ ਨੂੰ ਤਾਲਾ ਲਾ ਦਿੱਤਾ। ਸਿੱਖ ਦੇ ਜੋਤਿਸ਼ੀ ਰੂਪ ਵਿੱਚ ਉਹਦੇ ਘਰ ਆਉਣ ਨਾਲ ਉਹਨੂੰ ਸਿੱਖਾਂ ਦਾ ਸਾਥੀ ਸਮਝਿਆ ਜਾਣ ਲੱਗ ਪਿਆ ਸੀ। ਉਹਨੂੰ ਹਰ ਵੇਲੇ ਇਉਂ ਲੱਗਦਾ ਜਿਵੇਂ ਕਿਸੇ ਵੇਲੇ ਵੀ ਨਵਾਬ ਉਹਨੂੰ ਦੋਸ਼ੀ ਕਹਿ ਕੇ ਪਦਵੀ ਤੋਂ ਹਟਾ ਦੇਵੇਗਾ ਤੇ ਕਿਸੇ ਵੇਲੇ ਵੀ ਉਹਨੂੰ ਬੰਦੀ ਖਾਨੇ ਸੁਟਣ ਲਈ ਹੁਕਮ ਦੇ ਦਏਗਾ। ਉਹਦੇ ਮਨ

ਦਾ ਇਹ ਚੋਰ ਉਹਦੇ ਚਿਹਰੇ 'ਤੇ ਪਹਿਲਾਂ ਰਹਿੰਦੀ ਤਾਜ਼ਗੀ ਲੈ ਗਿਆ ਅਤੇ ਦੂਜਾ ਉਹ ਨਵਾਬ ਦੇ ਦਰਬਾਰ ਦੀ ਧੜੇਬੰਦੀ ਵਿੱਚ ਕਮਜ਼ੋਰੀ ਮਹਿਸੂਸ ਕਰਨ ਲੱਗ ਪਿਆ।

ਦੀਵਾਨ ਸੁੱਚਾ ਨੰਦ ਪਹਿਲਾਂ ਤਾਂ ਹਵਾ ਦਾ ਰੁੱਖ ਵੇਖ ਕੇ ਤੇ ਨਵਾਬ ਦੀ ਸੋਚ ਦਾ ਅਗਾਊਂ ਅਨੁਮਾਨ ਲਾ ਕੇ ਉਸੇ ਤਰ੍ਹਾਂ ਦੀ ਗੱਲ ਕਰਦਾ ਸੀ । ਉਹ ਜਾਣਦਾ ਸੀ ਕਿ ਉਹਨਾਂ ਦੀ ਹਾਂ ਵਿੱਚ ਹਾਂ ਮਿਲਾਇਆਂ ਤੇ ਉਸੇ ਰੁਖ ਦੀ ਗੱਲ ਕੀਤਿਆਂ ਉਹਨਾਂ ਦਾ ਵਧੇਰੇ ਭਰੋਸਾ ਜਿੱਤ ਸਕਦਾ ਸੀ। ਪਰ ਜਦੋਂ ਤੋਂ ਉਹਨੂੰ ਧਮਕੀਆਂ ਮਿਲ ਰਹੀਆਂ ਸਨ। ਉਹ ਕੁਝ ਡਰਨ ਲੱਗ ਪਿਆ ਸੀ। ਕਾਜ਼ੀ ਤੇ ਨਵਾਬ ਉੱਤੇ ਹੋਏ ਹਮਲਿਆਂ ਪਿੱਛੋਂ ਉਹ ਵਧੇਰੇ ਪਹਿਰੇ ਨਾਲ ਤੁਰਦਾ ਪਰ ਜਦੋਂ ਨਵਾਬ ਨੇ ਸਿੱਖਾਂ ਤੇ ਸਾਧੂਆਂ ਤੋਂ ਰਾਜ ਨੂੰ ਸਾਫ ਕਰਨਾ ਸ਼ੁਰੂ ਕਰ ਦਿੱਤਾ ਤਾਂ ਉਹ ਸਭ ਤੋਂ ਵੱਧ ਖੁਸ਼ ਹੋਇਆ ਪਰ ਜਦੋਂ ਉਹਨੂੰ ਇਹ ਪਤਾ ਲੱਗਾ ਕਿ ਖਿਦਰਾਣੇ ਦੀ ਢਾਬ 'ਤੇ ਹੋਈ ਹਾਰ ਪਿੱਛੋਂ ਹਕੂਮਤ ਦੀ ਨੀਤੀ ਬਦਲ ਗਈ ਏ ਤੇ ਸਾਂਝੀ ਫੌਜੀ ਕਾਰਵਾਈ ਖਤਮ ਕਰ ਦਿੱਤੀ ਗਈ ਏ ਤਾਂ ਉਹਨੂੰ ਵਧੇਰੇ ਖਤਰਾ ਮਹਿਸੂਸ ਹੋਣ ਲੱਗ ਪਿਆ। ਨਵਾਬ ਵਾਂਗ ਉਹ ਵੀ ਛੇਤੀ ਛੇਤੀ ਜਾਣਨ ਦਾ ਇੱਛੁਕ ਸੀ ਕਿ ਗੁਰੂ ਗੋਬਿੰਦ ਸਿੰਘ ਹੁਣ ਕੀ ਕਰ ਰਹੇ ਨੇ। ਸਿੱਖੀ ਦੀ ਲਹਿਰ ਵਿੱਚ ਸ਼ਾਮਲ ਬੰਦਿਆਂ ਦੇ ਹੌਂਸਲੇ ਪਸਤ ਹੋਏ ਹਨ ਕਿ ਨਹੀਂ। ਜਦੋਂ ਸਾਰਿਆਂ ਨੇ ਆ ਕੇ ਇਹ ਦੱਸਿਆ ਕਿ ਉਹ ਸਾਬੋ ਕੀ ਤਲਵੰਡੀ ਟਿਕੇ ਹੋਏ ਹਨ ਪਰ ਉਹਨਾਂ ਨੂੰ ਇਹ ਸਮਝ ਨਹੀਂ ਸੀ ਆ ਰਹੀ ਕਿ ਉਹ ਫੌਜੀ ਤਿਆਰੀ ਕਰ ਰਹੇ ਨੇ ਤੇ ਮੁੜ ਆਨੰਦਪੁਰ ਵੱਲ ਆਪਣੇ ਅਸਲ ਟਿਕਾਣਿਆਂ 'ਤੇ ਕਿਸ ਰੂਪ ਵਿੱਚ ਤੇ ਕਿਹੜੇ ਸਾਧਨਾਂ ਨਾਲ ਆਣਗੇ ।

ਸੁੱਚਾ ਨੰਦ ਦਾ ਨਵਾਬ ਦੇ ਦਰਬਾਰ ਵਿੱਚ ਸ਼ਾਮਲ ਹਿੰਦੂਆਂ ਵਿੱਚੋਂ ਮੁਖ ਅਸਥਾਨ ਸੀ ਤੇ ਉਹਦੀ ਇੱਛਾ ਸੀ ਕਿ ਕਿਸੇ ਤਰ੍ਹਾਂ ਦੀਵਾਨ ਜੈ ਰਾਮ ਉਹਦੀ ਥਾਂ ਮੁਖੀ ਅਧਿਕਾਰੀ ਨਾ ਬਣ ਜਾਏ । ਇਹ ਨਿੱਜੀ ਹਿੱਤਾਂ ਦੀ ਸੋਚ ਉਹਨੂੰ ਦੀਵਾਨ ਵਿਰੁੱਧ ਕਰੀ ਰੱਖਦੀ ਸੀ। ਉਹਨੂੰ ਕਈ ਦਿਨ ਇਹ ਪਤਾ ਹੀ ਨਾ ਲੱਗਾ ਕਿ ਦੀਵਾਨ ਜੈ ਰਾਮ ਦੀ ਪੁੱਤਰੀ ਬਿਮਲਾ ਕਿਧਰੇ ਗਈ ਹੋਈ ਏ। ਉਹ ਇਸ ਉਡੀਕ ਵਿੱਚ ਸੀ ਕਿ ਪਹਿਲਾਂ ਗਈਆਂ ਸੂਚਨਾਵਾਂ ਅਨੁਸਾਰ ਨਵਾਬ ਆਪੇ ਦੀਵਾਨ ਜੈ ਰਾਮ ਤੇ ਉਹਦੀ ਪੁੱਤਰੀ ਵਿਰੁੱਧ ਕੋਈ ਕਾਰਵਾਈ ਕਰੇਗਾ ਤੇ ਉਹਨੂੰ ਆਪ ਮੂੰਹੋਂ ਕਹਿਣ ਦੀ ਲੋੜ ਨਹੀਂ ਰਹੇਗੀ ਪਰ ਜਦੋਂ ਕੁਝ ਦਿਨ ਨਵਾਬ ਨੇ ਇਸ ਮੁਆਮਲੇ 'ਤੇ ਗੱਲ ਨਾ ਕੀਤੀ ਤਾਂ ਉਸਨੇ ਘੁਸਰ ਮੁਸਰ ਸ਼ੁਰੂ ਕਰ ਦਿੱਤੀ ਅਤੇ ਉਹਨਾਂ ਬੰਦਿਆਂ ਨਾਲ ਇਹਦਾ ਚਰਚਾ ਕੀਤਾ ਜੋ ਨਵਾਬ ਦੇ ਨੇੜੇ ਰਹਿਣ ਵਾਲੇ ਸਨ। ਇਉਂ ਨਵਾਬ ਤਕ ਦੀਵਾਨ ਜੈ ਰਾਮ ਤੇ ਬਿਮਲਾ ਦਾ ਮਾਮਲਾ ਸਾਹਮਣੇ ਲੈ ਆਂਦਾ ।

ਇਕ ਦਿਨ ਨਵਾਬ ਨੇ ਦੀਵਾਨ ਜੈ ਰਾਮ ਨਾਲ ਇਹ ਮਸਲਾ ਛੇੜ ਲਿਆ ਤੇ

ਕਿਹਾ, "ਜੈ ਰਾਮ ਸਾਡੇ ਦੁਸ਼ਮਣਾਂ ਨਾਲ ਤੁਹਾਡੀ ਗਾਂਢ ਸਾਂਢ ਏ, ਅਜਿਹੀਆਂ ਖਬਰਾਂ ਸਾਡੇ ਤਕ ਪਹੁੰਚ ਰਹੀਆਂ ਹਨ। ਮੈਨੂੰ ਤੁਹਾਡੇ ਤੋਂ ਅਜਿਹੀ ਉਮੀਦ ਨਹੀਂ ਸੀ। ਪਿਛਲੇ ਵਰ੍ਹਿਆਂ ਦੀ ਤੁਹਾਡੀ ਵਫਾਦਾਰੀ ਮੈਨੂੰ ਇਹਨਾਂ ਖ਼ਬਰਾ 'ਤੇ ਇਤਬਾਰ ਨਹੀਂ ਕਰਨ ਦੇਂਦੀ। ਉਹ ਜਿਹੜਾ ਨਜੂਮੀ ਸਾਧ ਤੁਸੀਂ ਮੇਰੇ ਕੋਲ ਲਿਆਏ ਸੀ। ਉਹਦੀਆਂ ਖਤਰਨਾਕ ਸਰਗਰਮੀਆਂ ਦੀ ਇਤਲਾਹ ਕਈ ਪਾਸਿਆਂ ਤੋਂ ਆ ਰਹੀ ਏ। ਤੁਹਾਡੇ ਘਰ ਦੇ ਕੁਝ ਹੋਰ ਜੀਆਂ 'ਤੇ ਵੀ ਸ਼ੱਕ ਹੋ ਰਿਹਾ ਹੈ। ਜਦ ਤਕ ਮੈਨੂੰ ਠੋਸ ਸਬੂਤ ਨਹੀਂ ਮਿਲ ਜਾਂਦੇ, ਮੈਂ ਅਜੇ ਕੁਝ ਨਹੀਂ ਕਹਿ ਸਕਦਾ। ਮੈਂ ਤੁਹਾਨੂੰ ਖ਼ਬਰਦਾਰ ਕਰਦਾ ਹਾਂ ਕਿ ਤੁਸੀਂ ਹਕੂਮਤ ਦੇ ਵਿਰੋਧੀਆਂ ਦੇ ਜਾਲ ਵਿੱਚ ਫੱਸਣ ਤੋਂ ਬੱਚ ਜਾਉ। ਨਹੀਂ ਤੇ ਤੁਹਾਡਾ ਬੁਰਾ ਹਸ਼ਰ ਹੋਏਗਾ।"

"ਹਜ਼ੂਰ ਬਹੁਤੀਆਂ ਗੱਲਾਂ ਮੇਰੇ ਵਿਰੁੱਧ ਘੜ ਕੇ ਮੇਰੇ ਵਿਰੋਧੀ ਤੁਹਾਡੀਆਂ ਨਜ਼ਰਾਂ ਵਿੱਚ ਮੈਨੂੰ ਡੇਗਣਾ ਚਾਹੁੰਦੇ ਹਨ। ਜ਼ਿੰਦਗੀ ਵਿੱਚ ਮੇਰੇ ਤੋਂ ਇਕੋ ਗਲਤੀ ਹੋਈ ਜਿਹੜਾ ਮੈਂ ਸਾਧੂ ਦੇ ਭੇਸ ਵਿੱਚ ਆਏ ਸਿੱਖ ਨੂੰ ਪਹਿਚਾਣ ਨਹੀਂ ਸੱਕਿਆ।" ਦੀਵਾਨ ਜੈ ਰਾਮ ਨੇ ਆਪਣੀ ਗਲਤੀ ਦਾ ਇਕਬਾਲ ਕਰਦਿਆਂ ਇਉਂ ਗੱਲ ਕੀਤੀ ਤਾਂ ਕਿ ਉਹਦੇ ਪਰਿਵਾਰ ਨੂੰ ਇਸ ਮੁਆਮਲੇ ਵਿੱਚ ਲਪੇਟਿਆ ਨਾ ਜਾਏ। ਇਕ ਗੱਲੋਂ ਉਹਦੇ ਮਨ ਵਿੱਚ ਕੁਝ ਤਸੱਲੀ ਹੋਈ ਕਿ ਅੱਜ ਨਵਾਬ ਨੇ ਆਪ ਗੱਲ ਛੇੜ ਕੇ ਉਹਨੂੰ ਮੌਕਾ ਦੇ ਦਿੱਤਾ ਏ ਕਿ ਉਹ ਆਪਣੇ ਆਪ ਨੂੰ ਨਿਰਦੋਸ਼ ਸਾਬਤ ਕਰ ਸਕੇ। ਉਹਨੂੰ ਡਰ ਸੀ ਕਿ ਨਵਾਬ ਕਿਸੇ ਸਮੇਂ ਵੀ ਅਸਮਾਨੀ ਬਿਜਲੀ ਵਾਂਗ ਉਹਦੇ 'ਤੇ ਡਿੱਗ ਕੇ ਉਸਨੂੰ ਤਬਾਹ ਕਰ ਸਕਦਾ ਸੀ ਅਤੇ ਉਹਨੂੰ ਆਪਣਾ ਪੱਖ ਪੇਸ਼ ਕਰਨ ਦਾ ਮੌਕਾ ਵੀ ਨਹੀਂ ਦੇਣਾ। ਨਵਾਬ ਨੇ ਅੱਜ ਜਿਵੇਂ ਸ਼ਾਂਤੀ ਤੇ ਠਰ੍ਹਮੇਂ ਨਾਲ ਗੱਲ ਸ਼ੁਰੂ ਕੀਤੀ, ਉਸ ਤੋਂ ਸਾਫ ਪ੍ਰਤੀਤ ਹੁੰਦਾ ਸੀ ਕਿ ਨਵਾਬ ਗੁੱਸੇ ਵਿੱਚ ਨਹੀਂ। ਨਵਾਬ ਜਦ ਵੀ ਗੁੱਸੇ ਨਾਲ ਕਿਸੇ ਨਾਲ ਗੱਲ ਛੇੜਦਾ ਤਾਂ ਉਹਦੀਆਂ ਅੱਖਾਂ ਵਿੱਚ ਲਾਲੀ ਉੱਤਰ ਆਉਂਦੀ ਤੇ ਗੁੱਸੇ ਦੇ ਭਾਵ ਉਸਦੇ ਚਿਹਰੇ 'ਤੇ ਸਾਫ ਦਿਖਾਈ ਦੇਣ ਲੱਗ ਪੈਂਦੇ ਪਰ ਅੱਜ ਦੀਵਾਨ ਜੈ ਰਾਮ ਨਾਲ ਗੱਲਬਾਤ ਦਾ ਰੁਖ ਬੜਾ ਸਾਧਾਰਨ ਸੀ।

"ਸਿੱਖਾਂ ਦਾ ਤੁਹਾਡੇ ਘਰ ਤਕ ਕਿਸੇ ਵੀ ਭੇਸ ਵਿੱਚ ਆ ਜਾਣਾ ਕੋਈ ਛੋਟੀ ਗੱਲ ਨਹੀਂ। ਹਕੂਮਤ ਕਰਨ ਵਾਲਿਆਂ ਸਾਹਮਣੇ ਇਹ ਬਹੁਤ ਵੱਡੀ ਗੱਲ ਏ।" ਨਵਾਬ ਨੇ ਇਕਬਾਲ ਕੀਤੇ ਜੁਰਮ ਦੀ ਗੱਲ ਨੂੰ ਫੜ ਕੇ ਆਖਿਆ, "ਇਹ ਤੁਹਾਡੀ ਅਜੇਹੀ ਨਾਲਾਇਕੀ ਏ ਕਿ ਤੁਸੀਂ ਉਹਦੇ 'ਤੇ ਇੰਨਾ ਵੱਡਾ ਇਤਬਾਰ ਕਰ ਲਿਆ ਕਿ ਉਹਨੂੰ ਮੇਰੇ ਤਕ ਪਹੁੰਚਾਣ ਦਾ ਵਸੀਲਾ ਬਣ ਗਏ।"

"ਮੈਂ ਹਜ਼ੂਰ ਇਕਬਾਲ ਕਰਦਾ ਹਾਂ, ਇਸ ਦੀ ਜੋ ਸਜ਼ਾ ਤੁਸੀਂ ਮੁਨਾਸਿਬ ਸਮਝੋ, ਮੈਂ ਭੁਗਤਾਂਗਾ। ਅੱਗੋਂ ਲਈ ਅਜੇਹੀ ਗਲਤੀ ਕਦੀ ਨਹੀਂ ਹੋਏਗੀ।" ਦੀਵਾਨ ਨੇ ਬੜੀ ਆਜਜ਼ੀ ਨਾਲ ਬਖਸ਼ਾਉਣ ਦੇ ਤਰਲੇ ਕਰਦਿਆਂ ਆਖਿਆ।

"ਤੁਸੀਂ ਸਿਆਣੇ ਓ, ਇਸ ਗੱਲ ਨੂੰ ਸਮਝਦੇ ਹੋ ਕਿ ਮੈਂ ਸਾਰਿਆਂ ਸਾਹਮਣੇ ਤੁਹਾਡੀ ਝਾੜ ਝੰਬ ਕਰ ਸਕਦਾ ਸਾਂ," ਨਵਾਬ ਨੇ ਕਿਹਾ, "ਜੇ ਮੈਂ ਸਾਰਿਆਂ ਸਾਹਮਣੇ ਇਹ ਗੱਲ ਕਰਦਾ ਤਾਂ ਤੁਹਾਡੀ ਇੱਜ਼ਤ ਮਿੱਟੀ ਵਿੱਚ ਰੁੱਲ ਜਾਣੀ ਸੀ। ਮੈਂ ਕਈ ਦਿਨ ਇਹ ਮੌਕਾ ਵੇਖਦਾ ਰਿਹਾ ਕਿ ਇਕੱਲਿਆਂ ਤੇਰੇ ਨਾਲ ਗੱਲ ਕੀਤੀ ਜਾਏ। ਜਿਹੜੇ ਜ਼ੁਰਮ ਦਾ ਤੂੰ ਇਕਬਾਲ ਕੀਤਾ ਏ, ਉਸ ਤੋਂ ਛੁਟ ਹੋਰ ਵੀ ਗੱਲਾਂ ਨੇ। ਮੇਰੀ ਰਿਹਾਇਸ਼ਗਾਹ ਤੋਂ ਫੜਿਆ ਬੰਦਾ ਬੰਦੀਖਾਨੇ ਵਿੱਚੋਂ ਭੱਜ ਗਿਆ। ਤੁਸੀਂ ਉਹਨੂੰ ਵੀ ਨਾ ਫੜ ਸਕੇ। ਕਾਜ਼ੀ ਦਾ ਕਤਲ ਵੀ ਮੇਰੇ ਪਿੱਛੋਂ ਹੋ ਗਿਆ ਪਰ ਕਿਉਂਕਿ ਉਹ ਸਾਰਿਆਂ ਦੀ ਸਾਂਝੀ ਜ਼ੁਮੇਂਵਾਰੀ ਸੀ ਇਸ ਲਈ ਤੁਸੀਂ ਇਕੱਲੇ ਜ਼ਿਮੇਂਵਾਰ ਨਹੀਂ ਕਹੇ ਜਾ ਸਕਦੇ।"

"ਮੈਂ ਆਪ ਦੋ ਦਿਨ ਆਸੇ ਪਾਸੇ ਦੇ ਕਈ ਪਿੰਡ ਛਾਣ ਮਾਰੇ, ਜਿਥੇ ਕਿਧਰੇ ਸਿੱਖਾਂ ਦੇ ਟਿਕਾਣੇ ਦੀ ਦੱਸ ਪਈ, ਮੈਂ ਉਥੇ ਗਿਆ ਪਰ ਸਾਡੀ ਬਦਕਿਸਮਤੀ ਉਹ ਭਗੌੜਾ ਸਾਡੇ ਹੱਥ ਨਾ ਲੱਗਾ, ਦੀਵਾਨ ਨੇ ਦੱਸਿਆ।

"ਹੁਣ ਸਾਡਾ ਹੁਕਮ ਏ ਕਿ ਉਹ ਨਜ਼ੂਮੀ ਸਿੱਖ ਸਾਧ ਨੂੰ ਲੱਭ ਕੇ ਫੜਨ ਦੀ ਜ਼ੁਮੇਂਵਾਰੀ ਤੁਹਾਨੂੰ ਸੌਂਪੀ ਗਈ ਏ। ਫੌਜੀ ਦਸਤਾ ਲੈ ਕੇ ਤੁਸੀਂ ਇਸ ਮੁਹਿੰਮ 'ਤੇ ਚੱਲਣਾ ਹੈ। ਨਵਾਬ ਨੇ ਆਖਿਆ, "ਤੁਸੀਂ ਅੱਜ ਤਕ ਇਥੇ ਰਹਿ ਕੇ ਦਰਬਾਰ ਲਈ ਜੋ ਕੰਮ ਕੀਤਾ ਹੈ, ਇਹ ਉਸ ਤੋਂ ਬਿਲਕੁੱਲ ਵੱਖਰੀ ਕਿਸਮ ਦਾ ਹੈ ਜੇ ਤੁਸੀਂ ਇਸ ਕੰਮ ਵਿੱਚ ਕਾਮਯਾਬ ਹੋ ਗਏ ਤਾਂ ਤੁਹਾਡਾ ਪਿਛਲਾ ਕਸੂਰ ਮਾਫ ਹੋ ਜਾਏਗਾ ਜੇ ਉਸ ਸਿੱਖ ਨੂੰ ਲੱਭਣ ਵਿੱਚ ਕਾਮਯਾਬ ਨਾ ਹੋਏ ਤਾਂ ਫਿਰ ਸੋਚਾਂਗੇ ਅਸੀਂ ਕੀ ਕਰਨਾ ਹੈ।"

ਦੀਵਾਨ ਨੂੰ ਪਤਾ ਸੀ ਕਿ ਹੁਣ ਉਸ ਜੋਤਿਸ਼ੀ ਸਾਧ ਬਣ ਕੇ ਆਏ ਸਿੱਖ ਨੂੰ ਲੱਭਣਾ ਅਸਮਾਨੋਂ ਤਾਰੇ ਤੋੜਨ ਦੇ ਬਰਾਬਰ ਦਾ ਕੰਮ ਏ। ਉਹਦਾ ਮਨ ਕਹਿੰਦਾ ਸੀ ਕਿ ਨਵਾਬ ਨੇ ਕਿਸੇ ਕਰੜੀ ਸਜ਼ਾ ਦੇਣ ਤੋਂ ਪਹਿਲਾਂ ਇਹ ਸਿਰਫ ਮੌਕਾ ਬਖਸ਼ਿਆ ਹੈ। ਜ਼ਰੂਰ ਨਵਾਬ ਨੂੰ ਕਿਸੇ ਨੇ ਇਹ ਸਲਾਹ ਦਿੱਤੀ ਹੋਣੀ ਏ ਤਾਂ ਕਿ ਮੈਨੂੰ ਹੋਰ ਵਧੇਰੇ ਖਜ਼ਲ ਖੁਆਰ ਕੀਤਾ ਜਾ ਸਕੇ। ਇਹ ਸੋਚਦਾ ਹੋਇਆ ਦੀਵਾਨ ਆਪਣੀ ਹਵੇਲੀ ਵਿੱਚ ਪਹੁੰਚਿਆ ਤੇ ਰਾਣੀ ਨੂੰ ਨਵਾਬ ਨਾਲ ਹੋਈ ਗੱਲਬਾਤ ਦੱਸ ਕੇ ਅਖੀਰ ਆਪਣਾ ਫੈਸਲਾ ਸੁਣਾਇਆ, "ਮੈਨੂੰ ਤੇ ਹੁਣ ਫੌਜੀ ਦਸਤੇ ਨਾਲ ਸ਼ੇਰਾਂ ਦੇ ਜਬਾੜੇ ਵਿੱਚ ਹੱਥ ਪਾਉਣਾ ਪਏਗਾ ਤੇ ਘੱਟ ਹੀ ਆਸ ਹੈ ਕਿ ਸੁਖੀ ਸਾਂਦੀ ਮੁੜ ਆਵਾਂ। ਤੁਹਾਨੂੰ ਮੈਂ ਪਹਿਲਾਂ ਪੇਕੇ ਭੇਜ ਦੇਣਾ ਚਾਹੁੰਦਾ ਹਾਂ ਤਾਂ ਕਿ ਤੁਸੀਂ ਬੱਚਿਆਂ ਸਮੇਤ ਕਿਧਰੇ ਦੂਰ ਸੁਰੱਖਿਅਤ ਟਿਕਾਣੇ 'ਤੇ ਰਹਿ ਸਕੋ। ਰਾਣੀ ਦੀਆਂ ਅੱਖਾਂ ਵਿੱਚੋਂ ਆਪ ਮੁਹਾਰੇ ਗਲੇਡੂ ਨਿਕਲ ਕੇ ਉਹਦੀਆਂ ਗੱਲਾਂ 'ਤੇ ਵਹਿ ਤੁਰੇ।

●●●

ਕਾਂਡ-30

ਸੋਹਣੇ ਸ਼ਾਹ ਤੇ ਇਹਨਾਂ ਵਿਚਕਾਰ ਇਕੋ ਇਕ ਸੰਪਰਕ ਸਾਧਨ ਸੀ । ਗੁਰਦੇਵ ਸਿੰਘ ਨਾਲ ਉਹਦੀ ਮਿੱਤਰਤਾ ਤੇ ਮੁੜ ਹਜ਼ਾਰਾ ਸਿੰਘ ਨਾਲ ਵਰਤਾਉ ਤੇ ਵਿਚਾਰਾਂ ਦੇ ਆਦਾਨ ਪ੍ਰਦਾਨ ਪਿੱਛੋਂ ਉਹ ਜਜ਼ਬੇ ਵਾਲਾ ਇਨਕਲਾਬੀ ਬਣ ਗਿਆ ਸੀ। ਉਹਨੇ ਕੁਝ ਚਿਰ ਪਹਿਲਾਂ ਬੰਦੂਕ ਤੇ ਫੇਰ ਕਈ ਵਾਰ ਗੋਲੀ ਸਿੱਕਾ ਲੈਣ ਦਾ ਪ੍ਰਬੰਧ ਕਰ ਕੇ ਦਿੱਤਾ ਸੀ । ਹਜ਼ਾਰਾ ਸਿੰਘ ਤੇ ਗੁਰਦੇਵ ਸਿੰਘ ਨੂੰ ਇਹ ਵਿਸ਼ਵਾਸ ਸੀ ਕਿ ਸੋਹਣੇ ਸ਼ਾਹ ਜਿਸਨੂੰ ਉਹ ਪਿਆਰ ਨਾਲ ਸੋਹਣਾ ਹੀ ਬੁਲਾਉਂਦੇ ਸਨ ਉਹਨਾਂ ਦਾ ਰਾਜ਼ਦਾਨ ਏ । ਇਸੇ ਲਈ ਸਿਰਫ ਉਹ ਹੀ ਇਕੋ ਇਕ ਬੰਦਾ ਸੀ ਜਿਸਨੂੰ ਇਹ ਪਤਾ ਹੁੰਦਾ ਸੀ ਕਿ ਉਹ ਕਿੱਥੇ ਜਾ ਰਹੇ ਨੇ ਅਤੇ ਉਹਨਾਂ ਦਾ ਨਿਸ਼ਾਨਾ ਕੀ ਏ ? ਉਹਨੂੰ ਈ ਪਤਾ ਸੀ ਜਦ ਇਹ ਨਵਾਬ ਦੇ ਟਿਕਾਣੇ ਉਹਨੂੰ ਕਤਲ (ਮਾਰਨ) ਲਈ ਗਏ । ਗੁਰਦੇਵ ਸਿੰਘ ਨੂੰ ਛੁਡਾਉਣ ਵੇਲੇ ਤਾਂ ਹਜ਼ਾਰਾ ਸਿੰਘ ਦਾ ਸੱਜੀ ਬਾਂਹ ਬਣ ਕੇ ਸੋਹਣੇ ਸ਼ਾਹ ਸਰਹੰਦ ਵੀ ਗਿਆ ਸੀ । ਉਹ ਸਹਿਜਧਾਰੀ ਸਿੱਖ ਸੀ ਇਸ ਲਈ ਉਹਨੂੰ ਕਿਧਰੇ ਵੀ ਭੇਜਿਆ ਜਾ ਸਕਦਾ ਸੀ। ਸੋਹਣੇ ਸ਼ਾਹ ਦਾ ਟਿਕਾਣਾ ਇਕ ਵਾਰੀ ਹਜ਼ਾਰਾ ਸਿੰਘ ਨੇ ਬਿਮਲਾ ਨੂੰ ਵੀ ਦੱਸਿਆ ਸੀ । ਬਿਮਲਾ ਜਦ ਨਾਨਕੇ ਜਾ ਰਹੀ ਸੀ ਤਾਂ ਉਹਨੂੰ ਯਾਦ ਆ ਗਿਆ ਕਿ ਹਜ਼ਾਰਾ ਸਿੰਘ ਨੇ ਉਹਨੂੰ ਸੋਹਣੇ ਸ਼ਾਹ ਦਾ ਜ਼ਿਕਰ ਕੀਤਾ ਸੀ ।

ਪਿੰਡ ਦੇ ਬਾਹਰਵਾਰ ਲੰਘਦੇ ਰਸਤੇ ਦੇ ਨੇੜੇ ਇਕ ਖੂਹ 'ਤੇ ਇਕ ਬੰਦਾ ਦੋ ਝੋਟੇ ਜੋਅ ਕੇ ਖੇਤਾਂ ਨੂੰ ਪਾਣੀ ਦੇਣ ਲਈ ਪਾਣੀ ਕੱਢ ਰਿਹਾ ਸੀ । ਬਿਮਲਾ ਨੇ ਆਪਣੇ ਅੰਗ ਰੱਖਿਅਕਾਂ ਨੂੰ ਕਿਹਾ ਕਿ ਆਉ ਇਥੇ ਪਾਣੀ ਪੀ ਕੇ ਤੇ ਕੁਝ ਸਮਾਂ ਸਾਹ ਲੈ ਕੇ ਫਿਰ ਅੱਗੇ ਚੱਲਦੇ ਹਾਂ । ਉਹ ਅੱਗੇ ਹੀ ਇਹੀ ਕੁਝ ਚਾਹੁੰਦੇ ਸਨ । ਉਹਨਾਂ ਖੂਹ ਵੱਲ ਘੋੜੇ ਮੋੜ ਲਏ । ਖੂਹ ਦੀ ਮੰਡ 'ਤੇ ਖੜਾ ਬੰਦਾ ਡਰ ਗਿਆ ਕਿ ਘੋੜੇ ਤਾਂ ਸ਼ਾਹੀ ਜਾਪਦੇ ਹਨ । ਇਹ ਸੁਖ ਨਾਲ ਨਹੀਂ ਆਉਂਦੇ ਪਰ ਉਹਨਾਂ ਦੇ ਅੱਗੇ ਅੱਗੇ ਇਕ ਨੌਜਵਾਨ ਮੁਟਿਆਰ ਘੋੜ ਸਵਾਰ ਵੇਖ ਕੇ ਉਸਦੀ ਘਬਰਾਹਟ ਘੱਟ ਗਈ । ਬਿਮਲਾ ਘੋੜੇ ਤੋਂ ਉਤਰੀ, ਅੰਗ ਰਖਿਅਕ ਨੇ ਘੋੜੇ ਦੀ ਲਗਾਮ ਫੜ ਲਈ । ਬਿਮਲਾ ਨੇ ਹੌਲੀ ਜਿਹੀ ਉਸ ਬੰਦੇ ਨੂੰ ਪੁੱਛਿਆ, ਇਹ ਕਿਸ ਦਾ ਖੂਹ ਹੈ ? ਉਸ ਨੇ ਦੱਸਿਆ ਕਿ ਸੋਹਣੇ ਸ਼ਾਹ ਦਾ । ਬਿਮਲਾ ਨੂੰ ਖੁਸ਼ੀ ਹੋਈ । ਇਹ ਕੁਦਰਤ ਦਾ ਕਮਾਲ ਏ ਜਿਹਨੂੰ

ਯਾਦ ਕਰੀਏ ਕੁਦਰਤ ਉਸਨੂੰ ਮਿਲਾ ਦਿੰਦੀ ਏ। ਪਰ ਉਹ ਨਾਲ ਜਾ ਰਹੇ ਫੌਜੀਆਂ ਨੂੰ ਇਹ ਨਹੀਂ ਸੀ ਦੱਸਣਾ ਚਾਹੁੰਦੀ ਕਿ ਕਿਥੇ ਠਹਿਰੇ ਹਨ ? ਉਹਨਾਂ ਨੂੰ ਘੋੜੇ ਕਿੱਲਿਆਂ ਤੇ ਰੁੱਖਾਂ ਨਾਲ ਬੰਨ੍ਹ ਕੇ ਹੱਥ ਮੂੰਹ ਧੋਣ ਤੇ ਆਰਾਮ ਕਰਨ ਲਈ ਕਹਿ ਕੇ ਮੁੜ ਉਸ ਬੰਦੇ ਕੋਲ ਜਾ ਕੇ ਕਿਹਾ ਕਿ ਸੋਹਣੇ ਸ਼ਾਹ ਨੂੰ ਬੁਲਾ ਦੇ ਤੇ ਜੇ ਕਰ ਹੋ ਸਕਦਾ ਏ ਤਾਂ ਕੁਝ ਥੋੜ੍ਹਾ ਜਿਹਾ ਘਾਹ ਪੱਠਾ ਘੋੜਿਆਂ ਲਈ ਦੇ ਦੇ। ਇਸ ਢੰਗ ਨਾਲ ਗੱਲ ਕੀਤੀ ਕਿ ਉਹ ਅਨਪੜ੍ਹ ਤੇ ਮੂੜ੍ਹ ਬੰਦਾ ਵੀ ਸਮਝਣ ਲੱਗ ਪਿਆ ਕਿ ਇਹ ਸੋਹਣੇ ਸ਼ਾਹ ਦੇ ਜਾਣੂ ਬੰਦੇ ਹਨ।

ਇਸ ਲਈ ਉਹਨੇ ਆਪਣੇ ਝੋਟਿਆਂ ਲਈ ਤਿਆਰ ਕੀਤੇ ਪੱਠੇ ਘੋੜਿਆਂ ਅੱਗੇ ਆ ਪਾਏ ਅਤੇ ਆਪ ਦੌੜ ਕੇ ਪਿੰਡੋਂ ਸੋਹਣੇ ਸ਼ਾਹ ਨੂੰ ਬੁਲਾਉਣ ਚਲਾ ਗਿਆ।

ਸੋਹਣੇ ਸ਼ਾਹ ਤੁਰੰਤ ਤਿੱਖੇ ਕਦਮ ਪੁੱਟਦਾ ਹੋਇਆ ਖੂਹ ਵੱਲ ਆਇਆ । ਉਹ ਆਪਣੇ ਕਾਮੇ ਦੇ ਦੱਸਣ 'ਤੇ ਤੁਰੰਤ ਸਮਝ ਗਿਆ ਕਿ ਇਹ ਘੋੜ ਸਵਾਰ ਤੇ ਉਹਨਾਂ ਨਾਲ ਮੁਟਿਆਰ ਕੌਣ ਹੈ। ਉਹਨੇ ਬਿਮਲਾ ਨੂੰ ਭਾਵੇਂ ਵੇਖਿਆ ਨਹੀਂ ਸੀ ਪਰ ਉਹ ਜਾਣਦਾ ਸੀ ਜੇ ਬਿਮਲਾ ਨਾਲ ਹੋਰ ਅੰਗ ਰਖਿਅਕ ਨਾ ਹੁੰਦੇ ਤਾਂ ਸ਼ਾਇਦ ਸਿੱਧਾ ਨਾਮ ਲੈ ਕੇ ਬੁਲਾ ਲੈਂਦਾ ਪਰ ਗੈਰ ਬੰਦਿਆਂ ਦੇ ਹੁੰਦਿਆਂ ਉਹਨੇ ਇਉਂ ਪ੍ਰਗਟ ਕੀਤਾ ਜਿਵੇਂ ਉਹ ਜਾਣਦਾ ਹੀ ਨਹੀਂ। ਆਉਂਦਿਆਂ ਸਤਿਕਾਰ ਨਾਲ ਜੀ ਆਇਆਂ ਕਹਿ ਕੇ ਪਹਿਲਾਂ ਫੌਜੀਆਂ ਨੂੰ ਸੰਬੋਧਨ ਕਰਕੇ ਕਹਿਣ ਲੱਗਾ, "ਤੁਸੀਂ ਹਕੂਮਤ ਦੇ ਨੁਮਾਂਇਦੇ ਹੋ। ਅੱਜ ਸਾਡੀ ਧਰਤੀ ਨੂੰ ਕਿਵੇਂ ਭਾਗ ਲਾਏ ਨੇ ਦੱਸੋ, ਮੈਂ ਤੁਹਾਡੀ ਕੀ ਸੇਵਾ ਕਰ ਸਕਦਾ ਹਾਂ ?"

"ਅਸੀਂ ਇਥੋਂ ਲੰਘ ਰਹੇ ਸਾਂ ਤੇ ਖੂਹ ਉੱਤੇ ਪਾਣੀ ਵੱਗਦਾ ਵੇਖ ਕੇ ਝੱਟ ਸਾਹ ਲੈਣ ਲਈ ਰੁੱਕ ਗਏ ਹਾਂ। ਹੁਣੇ ਅਗਲੇ ਪੰਧ ਪੈ ਜਾਵਾਂਗੇ," ਇਕ ਫੌਜੀ ਬੋਲਿਆ।

"ਇਹ ਸਾਡੇ ਧੰਨ ਭਾਗ ਨੇ, ਤੁਸੀਂ ਆਰਾਮ ਕਰੋ। ਮੈਂ ਮੁੰਡੇ ਨੂੰ ਕਹਿ ਦਿੱਤਾ ਏ, ਉਹ ਘਰੋਂ ਜੋ ਮਿੱਸਾ ਲੂਣਾ ਬਣਿਆਂ ਏ, ਉਹ ਲੈ ਕੇ ਆਉਂਦਾ ਪਿਆ ਏ। ਤੁਸੀਂ ਮਿਹਰਬਾਨੀ ਕਰਕੇ ਉਹ ਸਵੀਕਾਰ ਕਰਨਾ ।" ਸੋਹਣੇ ਸ਼ਾਹ ਨੇ ਕਿਹਾ, "ਬੀਬੀ ਜੀ ਤੁਸੀਂ ਚਾਹੋਂ ਤਾਂ ਉਸ ਢਾਰੇ ਵਿੱਚ ਪਰਾਲੀ ਵਿੱਛੀ ਹੋਈ ਏ, ਉਥੇ ਝੱਟ ਆਰਾਮ ਕਰ ਲਵੋ। ਇਹ ਘਾਹ ਉਤੇ ਰੋਟੀ ਆਉਣ ਤਕ ਆਰਾਮ ਕਰ ਸਕਦੇ ਹਨ। ਬਿਮਲਾ ਨੂੰ ਸਮਝਣ ਵਿੱਚ ਕੋਈ ਦੇਰੀ ਨਾ ਲੱਗੀ ਕਿ ਫੌਜੀਆਂ ਨਾਲੋਂ ਵੱਖ ਕਰਕੇ ਗੱਲ ਕਰਨੀ ਚਾਹੁੰਦਾ ਹੈ । ਉਹਦੇ ਉੱਪਰ ਸੋਹਣੇ ਸ਼ਾਹ ਦੀ ਸਿਆਣਪ ਦਾ ਇਸ ਗੱਲੋਂ ਵੀ ਪ੍ਰਭਾਵ ਪਿਆ ਕਿ ਉਹਨੇ ਹੁਣ ਤਕ ਕੋਈ ਵਾਕ ਅਜਿਹਾ ਨਹੀਂ ਬੋਲਿਆ ਜਿਸ ਤੋਂ ਇਹ ਪਤਾ ਲੱਗੇ ਕਿ ਮੈਂ ਉਹਨੂੰ ਬੁਲਾਇਆ ਹੈ। ਫੌਜੀ ਪ੍ਰਸੰਨ ਹੋਏ ਕਿ ਉਹਨਾਂ ਲਈ ਰੋਟੀ ਪਾਣੀ ਆ ਰਿਹਾ ਹੈ । ਉਹ ਖੇਤਾਂ ਵਿੱਚ ਜੰਗਲ ਪਾਣੀ ਲਈ ਫਸਲਾਂ ਦੇ ਉਹਲੇ ਚਲੇ

ਗਏ । ਬਿਮਲਾ ਨੇ ਗੱਲ ਸ਼ੁਰੂ ਕੀਤੀ, "ਤੁਸੀਂ ਠੀਕ ਕੀਤਾ ਏ ਜਿਹੜਾ ਆਪਣਾ ਨਾਂ ਨਹੀਂ ਦੱਸਿਆ । ਇਹਨਾਂ ਫੌਜੀਆਂ ਦਾ ਕੋਈ ਭਰੋਸਾ ਨਹੀਂ, ਜਾ ਕੇ ਹਾਕਮਾਂ ਨੂੰ ਦੱਸ ਦੇਣ । ਅਸੀਂ ਕਿੱਥੇ ਕਿੱਥੇ ਠਹਿਰੇ ਸਾਂ ? ਮੈਨੂੰ ਪਤਾ ਨਹੀਂ ਕਿ ਹਜ਼ਾਰਾ ਸਿੰਘ ਅੱਜ ਕੱਲ ਕਿਥੇ ਹੈ ? ਕਈ ਦਿਨਾਂ ਤੋਂ ਉਹਨਾਂ ਦਾ ਕੋਈ ਥਹੁ ਪਤਾ ਨਹੀਂ ਲੱਗਾ । ਇਕ ਵਾਰੀ ਉਹਨਾਂ ਤੁਹਾਡੇ ਬਾਰੇ ਗੱਲ ਕੀਤੀ ਸੀ । ਇਸ ਲਈ ਮੈਨੂੰ ਤੁਹਾਡੇ ਪਿੰਡ ਕੋਲੋਂ ਲੰਘਦਿਆਂ ਤੁਹਾਡਾ ਚੇਤਾ ਆ ਗਿਆ ਤੇ ਮੈਂ ਸੋਚਿਆ ਤੁਹਾਡੇ ਕੋਲੋਂ ਪਤਾ ਕਰ ਲਵਾਂ ।"

"ਮੈਨੂੰ ਵੀ ਤੁਹਾਡੇ ਬਾਰੇ ਉਹਨਾਂ ਜ਼ਿਕਰ ਕੀਤਾ ਸੀ ਅਤੇ ਮੈਂ ਤੁਹਾਨੂੰ ਇਸੇ ਲਈ ਪਛਾਣ ਲਿਆ ਸੀ ।" ਸੋਹਣੇ ਸ਼ਾਹ ਨੇ ਕਿਹਾ, ਮੇਰੇ ਕੋਲ ਉਹਨਾਂ ਨੂੰ ਆਇਆਂ ਕਈ ਦਿਨ ਹੋ ਗਏ ਨੇ । ਗੁਰਦੇਵ ਸਿੰਘ ਤੇ ਹਜ਼ਾਰਾ ਸਿੰਘ ਦੋਵੇਂ ਇਕੱਠੇ ਕਿਧਰੇ ਗਏ ਨੇ । ਉਹਨਾਂ ਦੇ ਵਿਚਾਰ ਵਿੱਚ ਉਹ ਜਦ ਤਕ ਬਦਲਾ ਨਹੀਂ ਲੈ ਲੈਂਦੇ, ਸ਼ਾਂਤੀ ਨਹੀਂ ਆ ਸਕਦੀ । ਹਜ਼ਾਰਾ ਸਿੰਘ ਤਾਂ ਘਰੋਂ ਇਹ ਪ੍ਰਣ ਕਰਕੇ ਤੁਰਿਆ ਏ ਕਿ ਜਦ ਤਕ ਨਵਾਬ ਕਤਲ ਨਹੀਂ ਹੋ ਜਾਂਦਾ, ਉਹ ਘਰ ਨਹੀਂ ਮੁੜੇਗਾ । ਲੰਘਦੇ ਜਾਂਦੇ ਉਹ ਕਿਸੇ ਵੇਲੇ ਵੀ ਫਿਰ ਮੇਰੇ ਕੋਲ ਆ ਸਕਦੇ ਨੇ, ਹਨੇਰੇ ਸਵੇਰੇ ਹੀ ਅਚਨਚੇਤ ਉਹ ਆਉਂਦੇ ਨੇ ਤੇ ਛੇਤੀ ਤੁਰ ਜਾਂਦੇ ਨੇ । ਤੁਸੀਂ ਕੋਈ ਸੁਖ ਸੁਨੇਹਾ ਉਹਨਾਂ ਤਕ ਪਹੁੰਚਾਣਾ ਏ ਤਾਂ ਉਹ ਦੱਸ ਦਿਉ, ਨਿਸ਼ਚਿੰਤ ਰਹੋ ਕਿ ਉਹ ਸੁਨੇਹਾ ਕਿਸੇ ਹੋਰ ਦੀ ਕੰਨੀਂ ਨਹੀਂ ਪਏਗਾ ।

"ਇਹ ਤਾਂ ਮੈਨੂੰ ਯਕੀਨ ਏ । ਤੁਹਾਡੇ 'ਤੇ ਪੂਰਾ ਵਿਸ਼ਵਾਸ ਕਰਕੇ ਹੀ ਮੈਂ ਤੁਹਾਡੇ ਤੋਂ ਪੁੱਛ ਕੀਤੀ ਏ । ਏਨੀ ਗੱਲ ਤਾਂ ਮੈਂ ਕਿਸੇ ਹੋਰ ਨਾਲ ਇਥੋਂ ਤਕ ਕਿ ਆਪਣੇ ਮਾਪਿਆਂ ਨਾਲ ਵੀ ਨਹੀਂ ਕਰ ਸਕਦੀ ।" ਬਿਮਲਾ ਨੇ ਦੱਸਿਆ, "ਮੈਂ ਤੁਹਾਡੇ ਵਾਂਗ ਹੀ ਇਹਨਾਂ ਦੀ ਹਮਦਰਦਣ ਹਾਂ । ਮੈਂ ਸਿਰਫ ਇਹ ਦੱਸਣ ਲਈ ਤੁਹਾਡੇ ਖੂਹ 'ਤੇ ਰੁਕੀ ਹਾਂ ਕਿ ਸਰਹੰਦ ਵਿੱਚ ਜੋ ਹਾਲਾਤ ਨੇ, ਉਹ ਦੱਸ ਦਿਆਂ । ਉਥੇ ਹੁਣ ਸਾਰੇ ਸਾਧੂ ਸ਼ੱਕੀ ਹੋ ਗਏ ਨੇ ਤੇ ਕੋਈ ਵੀ ਸਾਧੂ ਸਰਹੰਦ ਜਾਂਦਾ ਵੇਖਿਆ ਗਿਆ ਤਾਂ ਉਹਨੂੰ ਬੰਦੀ ਬਣਾਇਆ ਜਾਏਗਾ । ਹਿੰਦੂਆਂ 'ਤੇ ਵੀ ਕਈ ਤਰ੍ਹਾਂ ਦੀ ਪਾਬੰਦੀ ਲੱਗ ਗਈ ਏ । ਹਿੰਦੂਆਂ ਨੂੰ ਆਖਿਆ ਗਿਆ ਏ ਕਿ ਨਾ ਉਹ ਦਾੜ੍ਹੀ ਰੱਖ ਸਕਦੇ ਨੇ ਤੇ ਨਾ ਹੀ ਪੱਗ ਬੰਨ੍ਹ ਸਕਦੇ ਹਨ । ਇਹ ਕੁਝ ਹੋਣਾ ਕੁਦਰਤੀ ਸੀ । ਨਵਾਬ ਉਹ ਸਾਰੇ ਰਾਹ ਬੰਦ ਕਰਨੇ ਚਾਹੁੰਦਾ ਹੈ ਜਿਹਨਾਂ ਰਾਹੀਂ ਸਿੱਖ ਉਹਦੇ ਤਕ ਪਹੁੰਚਣ ਦਾ ਯਤਨ ਕਰ ਰਹੇ ਨੇ । ਅਜੇ ਉਹਨਾਂ ਸਾਰੇ ਲੋਕਾਂ 'ਤੇ ਵੀ ਸਾਹਤ੍ਰਸਤੀ ਆਏਗੀ ਜਿਹਨਾਂ ਨੂੰ ਹਕੂਮਤ ਸਿੱਖਾਂ ਦੇ ਸਹਾਇਕ, ਮਿੱਤਰ ਤੇ ਹਮਦਰਦ ਸਮਝਦੀ ਏ, ਸੋਹਣੇ ਸ਼ਾਹ ਨੇ ਰਾਇ ਪ੍ਰਗਟ ਕੀਤੀ ।

"ਇਹ ਚੱਕਰ ਵੀ ਚੱਲ ਪਿਆ ਏ । ਸਾਡੇ ਪਰਿਵਾਰ ਤੇ ਖਾਸ ਕਰਕੇ ਮੇਰੇ

ਪਿਤਾ ਜੀ ਨੂੰ ਬਦੋਬਦੀ ਸਿੱਖਾਂ ਦੇ ਸਾਥੀ ਬਨਾਉਣ ਦਾ ਯਤਨ ਹੋ ਰਿਹਾ ਹੈ। ਉਹਨਾਂ ਨੂੰ ਪਤਾ ਵੀ ਨਹੀਂ ਕਿ ਹਜ਼ਾਰਾ ਸਿੰਘ ਸਾਧੂ ਦੇ ਭੇਸ ਵਿੱਚ ਸਾਡੇ ਘਰ ਆਉਂਦਾ ਰਿਹਾ ਏ, ਮੈਨੂੰ ਪਤਾ ਲੱਗ ਗਿਆ ਸੀ। ਪਰ ਉਦੋਂ ਤਕ ਮੈਂ ਵੀ ਜਜ਼ਬਾਤੀ ਤੌਰ 'ਤੇ ਉਹਨਾਂ ਦੇ ਵਿਚਾਰਾਂ ਨੂੰ ਗ੍ਰਹਿਣ ਕਰ ਚੁੱਕੀ ਸਾਂ ਤੇ ਮੈਂ ਮਾਪਿਆਂ ਤਕ ਇਹਦੀ ਸੂਹ ਨਹੀਂ ਲੱਗਣ ਦਿੱਤੀ," ਬਿਮਲਾ ਨੇ ਦੱਸਿਆ। "ਮੇਰਾ ਨਾਂ ਵੀ ਕਿਸੇ ਚੁਗਲਖੋਰ ਨੇ ਨਵਾਬ ਤਕ ਜਾ ਲਿਆ ਏ । ਇਸ ਲਈ ਮੈਨੂੰ ਮਾਪਿਆਂ ਨੇ ਦੂਰ ਦੁਰਾਡੇ ਭੇਜਣ ਦਾ ਫੈਸਲਾ ਕਰਕੇ ਮੈਨੂੰ ਘਰੋਂ ਤੋਰ ਦਿੱਤਾ ਹੈ। ਇਸ ਲਈ ਮੈਂ ਤੁਹਾਨੂੰ ਦੱਸਣ ਲਈ ਰੁਕ ਗਈ ਹਾਂ ਕਿ ਮੈਨੂੰ ਕਿੱਥੇ ਮਿਲਣ ਲਈ ਉਹ ਆ ਸਕਦੇ ਨੇ।" ਸਾਹਮਣੇ ਖੇਤਾਂ ਵਿੱਚੋਂ ਇਕ ਫੌਜੀ ਆਉਂਦਾ ਦਿਸਿਆ ਤੇ ਬਿਮਲਾ ਨੇ ਝੱਟਪਟ ਆਪਣੇ ਨਾਨਕੇ ਪਿੰਡ ਦਾ ਨਾਮ ਤੇ ਆਪਣੇ ਮਾਮੇ ਦਾ ਨਾਂ ਸੋਹਣੇ ਸ਼ਾਹ ਨੂੰ ਦੱਸ ਕੇ ਆਪਣੀ ਗੱਲ ਮੁਕੰਮਲ ਕਰ ਲਈ।

ਫੌਜੀ ਕੋਲ ਆ ਗਏ ਤੇ ਉਧਰੋਂ ਉਸਦਾ ਬੰਦਾ ਕੁਝ ਰੋਟੀਆਂ, ਸਾਗ, ਦਹੀਂ, ਮੱਖਣ ਤੇ ਇਕ ਬਾਲਟੀ ਵਿੱਚ ਲੱਸੀ ਲੈ ਕੇ ਆ ਗਿਆ। ਸੋਹਣੇ ਸ਼ਾਹ ਅਜੇ ਹੋਰ ਗੱਲਾਂ ਕਰਨੀਆਂ ਚਾਹੁੰਦਾ ਸੀ। ਇਸ ਲਈ ਉਹਨੇ ਕਿਹਾ, "ਬੀਬਾ ਜੀ! ਤੁਸੀਂ ਉਥੇ ਬੈਠ ਕੇ ਰੋਟੀ ਖਾ ਲਉ ਤੇ ਫਿਰ ਆਰਾਮ ਕਰ ਲਉ। ਇਹ ਇਥੇ ਖੂਹ 'ਤੇ ਬੈਠ ਕੇ ਖਾ ਲੈਣਗੇ। ਬਿਮਲਾ ਉੱਠ ਕੇ ਉਸ ਢਾਰੇ ਵਿੱਚ ਚਲੀ ਗਈ। ਭਾਂਡੇ ਬੰਦਾ ਥੋੜ੍ਹੇ ਜਿਹੇ ਹੀ ਲਿਆਇਆ ਸੀ। ਉਹਨਾਂ ਵਿੱਚ ਬਿਮਲਾ ਲਈ ਖਾਣਾ ਪਾ ਦਿੱਤਾ ਗਿਆ ਅਤੇ ਫੌਜੀਆਂ ਲਈ ਵੱਡੇ ਵੱਡੇ ਪਤਲ ਬਣਾ ਕੇ ਉਨ੍ਹਾਂ 'ਤੇ ਖਾਣਾ ਦੇਣ ਦੀ ਨੌਕਰ ਨੂੰ ਹਦਾਇਤ ਕਰਕੇ ਆਪ ਖਾਣਾ ਲੈ ਕੇ ਬਿਮਲਾ ਪਾਸ ਚੱਲਾ ਗਿਆ। ਫੌਜੀ ਬੜੇ ਖੁਸ਼ ਹੋਏ, ਜਦੋਂ ਗਰਮ ਗਰਮ ਸਾਗ ਤੇ ਮੱਖਣ ਮਿਲ ਗਿਆ। ਉਹਨਾਂ ਬੜੇ ਸੁਆਦ ਨਾਲ ਝੱਟ ਲਾ ਕੇ ਰੋਟੀ ਖਾਧੀ ਤੇ ਲੱਸੀ ਪੀ ਕੇ ਸੌਂ ਗਏ। ਉਧਰ ਢਾਰੇ ਵਿੱਚ ਬਿਮਲਾ ਤੇ ਸੋਹਣੇ ਸ਼ਾਹ ਆਪਣੀ ਗੱਲ ਬਾਤ ਕਰਦੇ ਰਹੇ। ਸੋਹਣੇ ਸ਼ਾਹ ਨੇ ਫਿਰ ਇਹ ਪੁੱਛਿਆ ਕਿ ਕੀ ਤੁਹਾਡੇ ਮਾਮੇ ਦੇ ਘਰ ਵਿੱਚ ਹਜ਼ਾਰਾ ਸਿੰਘ ਆ ਸਕਦਾ ਹੈ। ਤੁਹਾਡਾ ਮਾਮਾ ਕਿਤੇ ਸਿੱਖਾਂ ਵਿਰੁੱਧ ਤੇ ਨਹੀਂ ਜਾਂ ਹਕੂਮਤ ਤੋਂ ਡਰਦਾ ਉਹ ਸਿੱਖਾਂ ਨੂੰ ਤੁਹਾਡੇ ਨਾਲ ਮਿਲਣ ਹੀ ਨਾ ਦੇਵੇ। ਇਹ ਵੀ ਹੋ ਸਕਦਾ ਏ ਕਿ ਉਹ ਹਾਕਮਾਂ ਨੂੰ ਦੱਸ ਕੇ ਇਹਨਾਂ ਨੂੰ ਫੜਾ ਹੀ ਦੇਵੇ । ਗੁਰੂ ਗੋਬਿੰਦ ਸਿੰਘ ਜੀ ਦੇ ਮਾਸੂਮ ਬੱਚਿਆਂ ਨੂੰ ਵੀ ਚੰਦੂ ਨੇ ਸਰਹੰਦ ਖ਼ਬਰ ਭੇਜ ਕੇ ਫੜਾ ਦਿੱਤਾ ਸੀ। ਇਸ ਲਈ ਸਾਡੇ ਆਪਣੇ ਆਲੇ ਦੁਆਲੇ ਰਹਿਣ ਵਾਲਿਆਂ ਵਿੱਚ ਵੀ ਕਈ ਗ਼ਦਾਰ ਹੋ ਸਕਦੇ ਨੇ। ਸਾਨੂੰ ਉਹਨਾਂ ਤੋਂ ਖ਼ਬਰਦਾਰ ਰਹਿਣਾ ਪਏਗਾ।

"ਮੈਨੂੰ ਇਸ ਬਾਰੇ ਕੁਝ ਵੀ ਪਤਾ ਨਹੀਂ। ਮੈਂ ਆਪ ਬੜੇ ਥੋੜ੍ਹੇ ਸਮੇਂ ਤੋਂ ਸਿੱਖਾਂ ਨੂੰ ਜਾਣਨ ਲੱਗੀ ਹਾਂ ਤੇ ਸਾਡੇ ਘਰ ਵਿੱਚ ਕਦੇ ਇਹ ਚਰਚਾ ਨਹੀਂ ਹੋਇਆ ਕਿ ਸਾਡਾ ਕੋਈ ਰਿਸ਼ਤੇਦਾਰ ਸਿੱਖ ਬਣ ਗਿਆ ਏ ਜਾਂ ਨਹੀਂ ।" ਬਿਮਲਾ ਨੇ ਦੱਸਿਆ,

"ਅਸੀਂ ਤਾਂ ਹੁਣ ਤਕ ਇਹੀ ਸਮਝਦੇ ਸਾਂ ਕਿ ਜਿਹੜਾ ਦਾੜ੍ਹੀ ਕੇਸ ਰੱਖ ਕੇ ਅੰਮ੍ਰਿਤ ਛੱਕ ਲਵੇ, ਉਹੋ ਹੀ ਸਿੱਖ ਹੁੰਦਾ ਏ। ਮੈਨੂੰ ਹੁਣ ਪਤਾ ਲੱਗਾ ਏ ਕਿ ਇਹ ਸਿੰਘ ਨੇ ਤੇ ਅਸੀਂ ਜਿਹੜੇ ਗੁਰੂਆਂ ਨੂੰ ਮੰਨਦੇ ਹਾਂ ਤੇ ਗੁਰਬਾਣੀ ਸਤਿਕਾਰ ਨਾਲ ਪੜ੍ਹਦੇ ਸੁਣਦੇ ਹਾਂ. ਅਸੀਂ ਸਿੱਖ ਹਾਂ।"

"ਅਸੀਂ ਸਹਿਜਧਾਰੀ ਸਿੱਖ ਹਾਂ," ਸੋਹਣੇ ਸ਼ਾਹ ਨੇ ਕਿਹਾ।

"ਇਹ ਤਾਂ ਉਥੇ ਜਾ ਕੇ ਪਤਾ ਲੱਗੇਗਾ ਕਿ ਉਹਨਾਂ ਦੇ ਵਿਚਾਰ ਕੀ ਹਨ ਅਤੇ ਸਿੰਘਾਂ ਬਾਰੇ ਉਹ ਕਿਵੇਂ ਸੋਚਦੇ ਹਨ?" ਬਿਮਲਾ ਨੇ ਕਿਹਾ, "ਮੇਰਾ ਵਿਚਾਰ ਹੈ ਕਿ ਉਹ ਤੁਹਾਡੇ ਵਰਗੇ ਕਿਸੇ ਸਹਿਜਧਾਰੀ ਨੂੰ ਨਾਲ ਲੈ ਕੇ ਆਉਣ ਤੇ ਉਹ ਸਰਹੰਦੋਂ ਆਇਆ ਦੱਸ ਕੇ ਮੈਨੂੰ ਮਿਲ ਲੈਣ ਫਿਰ ਅਗਲੀ ਗੱਲ ਦਾ ਪਤਾ ਲੱਗੇਗਾ।" ਇਸ ਤਰ੍ਹਾਂ ਗੱਲ ਬਾਤ ਪੂਰੀ ਕਰਕੇ ਬਿਮਲਾ ਅੰਗ ਰਖਿਅਕ ਸਮੇਤ ਆਪਣੇ ਅਗਲੇ ਸਫਰ 'ਤੇ ਚੱਲ ਪਈ।

●●●

ਕਾਂਡ-31

ਹਜ਼ਾਰਾ ਸਿੰਘ ਤੇ ਗੁਰਦੇਵ ਸਿੰਘ ਫਿਰਦੇ ਫਿਰਾਂਦੇ ਤੇ ਟਾਂਵੇਂ ਟਾਂਵੇਂ ਵੱਸਦੇ ਸਿੱਖਾਂ ਨੂੰ ਸਾਵਧਾਨ ਕਰਦੇ ਹੋਏ, ਸੋਹਣੇ ਸ਼ਾਹ ਦੇ ਖੂਹ 'ਤੇ ਰਾਤ ਪਹੁੰਚੇ ਤੇ ਉਸਦੇ ਨੌਕਰ ਨੂੰ ਘਰ ਸੁਨੇਹਾ ਦੇ ਕੇ ਭੇਜਿਆ। ਕਈ ਵਾਰੀ ਰਾਤ ਨੂੰ ਇਹ ਜਦ ਆਉਂਦੇ ਤਾਂ ਉਹ ਸੋਹਣੇ ਸ਼ਾਹ ਨੂੰ ਸੱਦਣ ਜਾਂਦਾ ਹੁੰਦਾ ਸੀ। ਉਹਨੂੰ ਪੱਕੀ ਤਾਕੀਦ ਕੀਤੀ ਸੀ ਕਿ ਉਹ ਕਿਸੇ ਹੋਰ ਨਾਲ ਇਹ ਗੱਲ ਨਾ ਕਰੇ ਕਿ ਸਿੱਖ ਉਹਨਾਂ ਦੇ ਖੂਹ 'ਤੇ ਆਉਂਦੇ ਹਨ। ਉਹ ਇਹ ਵੀ ਜਾਣਦਾ ਸੀ ਕਿ ਸੁਨੇਹਾ ਦੇਣ ਪਿੱਛੋਂ ਉਹਨੇ ਰੋਟੀ ਪਾਣੀ ਵੀ ਲੈ ਕੇ ਆਉਣਾ ਹੈ।

ਸੋਹਣੇ ਸ਼ਾਹ ਨੇ ਆਉਂਦਿਆਂ ਫ਼ਤਹਿ ਬੁਲਾ ਕੇ ਪੁੱਛਿਆ, "ਤੁਸੀਂ ਐਤਕੀਂ ਕਈ ਦਿਨਾਂ ਪਿੱਛੋਂ ਆਏ ਹੋ। ਮੈਨੂੰ ਤੇ ਚਿੰਤਾ ਲੱਗੀ ਹੋਈ ਸੀ। ਸੁਖ ਹੋਵੇ, ਤੁਸੀਂ ਕਿਧਰੇ ਫੱਸ ਨਾ ਗਏ ਹੋਵੋ। ਛੇਤੀ ਛੇਤੀ ਚੱਕਰ ਲਾਉਂਦੇ ਰਿਹਾ ਕਰੋ।" ਸੋਹਣੇ ਸ਼ਾਹ ਨੇ ਆਖਿਆ, "ਹੁਣ ਤੇ ਸਰਹੰਦ ਅਤੇ ਆਸੇ ਪਾਸੇ ਦੇ ਪਿੰਡਾਂ ਵਿੱਚ ਬੜੀ ਸਖਤੀ ਚੱਲ ਰਹੀ ਏ। ਪਤਾ ਲੱਗਾ ਹੈ ਕਿ ਜਰਨੈਲੀ ਸੜਕ ਤੋਂ ਵੀ ਜਾਂਦੇ ਮੁਸਾਫਿਰਾਂ ਤੋਂ ਪੁੱਛ ਗਿੱਛ ਕੀਤੀ ਜਾ ਰਹੀ ਏ।"

"ਅਸੀਂ ਵੀ ਸੁਣ ਚੁੱਕੇ ਹਾਂ ਕਿ ਜਿਹੜਾ ਵੀ ਸਿੱਖ ਹੁਣ ਨਵਾਬ ਦੀ ਨਜ਼ਰੀਂ ਪੈ ਜਾਏ, ਉਹ ਉਹਦੇ ਮਗਰ ਹੀ ਪੈ ਜਾਂਦਾ ਏ। ਸ਼ਿਕਾਰੀਆਂ ਵਾਂਗ ਸਿੱਖਾਂ ਨੂੰ ਢੂੰਡਦਾ ਫਿਰਦਾ ਏ, ਹਜ਼ਾਰਾ ਸਿੰਘ ਨੇ ਕਿਹਾ। ਗੁਰਦੇਵ ਸਿੰਘ ਨੇ ਗੱਲ ਬਾਤ ਕਰਦਿਆਂ ਦੱਸਿਆ ਕਿ ਸਿੱਖਾਂ ਦੇ ਹੀ ਨਹੀਂ ਹੁਣ ਤੇ ਸਾਧੂਆਂ ਸੰਤਾਂ ਨੂੰ ਵੀ ਮਾਰ ਮੁਕਾਉਣ ਜਾਂ ਰਿਆਸਤ ਤੋਂ ਬਾਹਰ ਭੱਜ ਜਾਣ ਲਈ ਹਕੂਮਤ ਦੀ ਮੁਹਿੰਮ ਸ਼ੁਰੂ ਹੋ ਗਈ ਏ। ਇਸ ਲਈ ਹੁਣ ਕਿਸੇ ਸਿੰਘ ਦਾ ਨਵਾਬ ਦੇ ਰਾਜ ਵਿਚ ਦਿਨ ਦਿਹਾੜੇ ਚੱਲਣਾ ਫਿਰਨਾ ਮੁਸ਼ਕਿਲ ਹੋ ਗਿਆ ਹੈ।

"ਦੀਵਾਨ ਦੀ ਧੀ ਬਿਮਲਾ ਪਰਸੋਂ ਆਈ ਸੀ ਤੇ ਉਸਨੇ ਦੱਸਿਆ ਕਿ ਹੁਣ ਉਨ੍ਹਾਂ ਦਾ ਵੀ ਸਰਹੰਦ ਵਿੱਚ ਰਹਿਣਾ ਔਖਾ ਹੋ ਗਿਆ ਏ। ਨਵਾਬ ਪਹਿਲੋਂ ਹੀ ਬੜੀ ਨਫ਼ਰਤ ਕਰਦਾ ਸੀ ਪਰ ਜਦੋਂ ਦਾ ਉਹਦੇ 'ਤੇ ਪੱਥਰ ਨਾਲ ਹਮਲਾ ਹੋਇਆ ਏ, ਉਹ ਵਧੇਰੇ ਗੁੱਸੇ ਨਾਲ ਚਿੜ ਕੇ ਕਈ ਗਲਤ ਗੱਲਾਂ ਕਰਨ ਲੱਗਾ ਪਿਆ ਏ। ਜਦੋਂ ਉਹਦੇ

ਹੋਰ ਦੋ ਚਾਰ ਨਿਕਟਵਰਤੀਆਂ ਨੂੰ ਸੋਧਿਆ ਗਿਆ ਤਾਂ ਬਾਕੀ ਰਹਿੰਦੇ ਹੋਰ ਵੀ ਜਾਨਾਂ ਬਚਾਉਣ ਲਈ ਪਦਵੀਆਂ ਛੱਡ ਕੇ ਭੱਜਣ ਲੱਗ ਪੈਣਗੇ'', ਸੋਹਣੇ ਨੇ ਦੱਸਿਆ ।

"ਹੈਂ ! 'ਬਿਮਲਾ ਆਈ ਸੀ' ਉਹ ਕਿਵੇਂ ?'' "ਹਜ਼ਾਰਾ ਸਿੰਘ ਨੇ ਹੈਰਾਨੀ ਨਾਲ ਪੁੱਛਿਆ, "ਉਹਦੇ ਨਾਲ ਕੌਣ ਕੌਣ ਸੀ ਤੇ ਉਹਨੂੰ ਤੁਹਾਡਾ ਖੂਹ ਕਿਵੇਂ ਪਤਾ ਲੱਗਾ ।''

"ਉਹ ਸਰਹੰਦ ਛੱਡ ਆਈ ਏ'', ਸੋਹਣੇ ਸ਼ਾਹ ਬੋਲਿਆ, "ਦੀਵਾਨ ਨੂੰ ਖ਼ਤਰਾ ਪੈਦਾ ਹੋ ਗਿਆ ਏ ਤੇ ਉਹਨੇ ਬਿਮਲਾ ਨੂੰ ਨਾਨਕੇ ਭੇਜ ਦਿੱਤਾ ਏ । ਉਹ ਤੁਹਾਨੂੰ ਆਪਣਾ ਨਵਾਂ ਥਹੁ ਟਿਕਾਣਾ ਦੱਸਣਾ ਚਾਹੁੰਦੀ ਸੀ ਪਰ ਉਹਨੂੰ ਪਤਾ ਨਹੀਂ ਸੀ ਲੱਗ ਰਿਹਾ ਕਿ ਤੁਸੀਂ ਕਿੱਥੇ ਹੋਵੋਗੇ । ਤੁਸਾਂ ਮੇਰੇ ਬਾਰੇ ਉਹਦੇ ਨਾਲ ਗੱਲਾਂ ਕੀਤੀਆਂ ਸਨ । ਜੋ ਸਾਡੇ ਪਿੰਡੋਂ ਲੰਘਦਿਆਂ ਉਹਨੂੰ ਚੇਤੇ ਆ ਗਈਆਂ । ਉਹਦੇ ਨਾਲ ਦੋ ਫੌਜੀ ਉਹਨੂੰ ਛੱਡਣ ਜਾ ਰਹੇ ਸਨ । ਪਤਾ ਨਹੀਂ ਕਿਵੇਂ ਉਹ ਸਿੱਧੇ ਹੀ ਖੂਹ 'ਤੇ ਆ ਗਏ ਤੇ ਮੇਰੇ ਬੰਦੇ ਤੋਂ ਹੀ ਮੇਰੇ ਬਾਰੇ ਪੁੱਛਿਆ । ਮੈਨੂੰ ਪਿੰਡ ਪਤਾ ਲੱਗਾ ਤੇ ਮੈਂ ਉਹਨੂੰ ਆ ਮਿਲਿਆ । ਉਹਨੇ ਇਕ ਤਾਂ ਨਵੀਆਂ ਸਖ਼ਤੀਆਂ ਬਾਰੇ ਤੁਹਾਨੂੰ ਜਾਣਕਾਰੀ ਪਹੁੰਚਾਣ ਦੀ ਤਾਕੀਦ ਕੀਤੀ ਤੇ ਦੂਜਾ ਆਪਣੇ ਮਾਮੇ ਦੇ ਪਿੰਡ ਦੇ ਨਾਮ ਦਾ ਪਤਾ ਦੱਸ ਦਿੱਤਾ । ਇਹ ਕਹਿ ਗਈ ਸੀ ਕਿ ਜੇ ਮੈਨੂੰ ਮਿਲਣਾ ਹੋਵੇ ਤਾਂ ਪਿੰਡ ਆ ਜਾਣ ।''

"ਉਹ ਘਬਰਾਈ ਹੋਈ ਤੇ ਨਹੀਂ ਸੀ ? ਸਾਡੇ ਨਾਲ ਹਮਦਰਦੀ ਉਹਨੂੰ ਮਹਿੰਗੀ ਪੈ ਰਹੀ ਏ । ਉਹ ਠੰਡੇ ਦਿਲ ਨਾਲ ਸੋਚਦੀ ਹੋਏਗੀ ਤਾਂ ਪਛਤਾਂਦੀ ਹੋਵੇਗੀ ਕਿ ਉਹ ਕਿਹੜੇ ਰਾਹ ਪੈ ਗਈ ਏ'', ਗੁਰਦੇਵ ਸਿੰਘ ਕੋਲੋਂ ਬੋਲਿਆ ।

"ਉਹ ਤੇ ਬੜੀ ਦਲੇਰ ਕੁੜੀ ਏ, ਉਹਦੀ ਉਮਰ ਦੀਆਂ ਕੁੜੀਆਂ ਤਾਂ ਘਰ ਦੀ ਚਾਰ ਦੀਵਾਰੀ ਵਿੱਚ ਵੀ ਡਰੀ ਜਾਂਦੀਆਂ ਨੇ । ਸੋਹਣੇ ਸ਼ਾਹ ਨੇ ਕਿਹਾ, "ਦੋ ਫੌਜੀਆਂ ਨਾਲ ਦੂਰ ਦੁਰਾਡੇ ਸਫਰ ਲਈ ਤੁਰ ਪੈਣਾ ਈ ਦੱਸਦਾ ਏ ਕਿ ਉਹਨੂੰ ਆਪਣੇ ਆਪ 'ਤੇ ਭਰੋਸਾ ਏ । ਮੈਨੂੰ ਉਹ ਪਹਿਲੀ ਵਾਰ ਮਿਲੀ ਏ ਤੇ ਮੈਨੂੰ ਉਹ ਗੱਲ ਬਾਤ ਵਿੱਚ ਮਰਦਾਂ ਨਾਲੋਂ ਵੱਧ ਦਲੇਰ ਜਾਪੀ ਏ । ਉਹਦੀਆਂ ਗੱਲਾਂ ਤੋਂ ਸਾਫ ਜ਼ਾਹਿਰ ਸੀ ਕਿ ਉਹਨੂੰ ਆਪਣੀ ਕਿਸੇ ਕਾਰਵਾਈ 'ਤੇ ਅਫਸੋਸ ਨਹੀਂ । ਉਹਦੀ ਸੋਚ ਤਾਂ ਸਿੱਖਾਂ ਵਰਗੀ ਹੋ ਗਈ ਏ, ਉਹ ਪੂਰੀ ਸਹਿਜਧਾਰੀ ਸਿੱਖ ਬਣ ਗਈ ਏ । ਜੇ ਉਹਨੂੰ ਹੋਰ ਅਗਨੀ ਪ੍ਰੀਖਿਆ ਵਿੱਚੋਂ ਪਾਰ ਹੋਣਾ ਪਿਆ ਤਾਂ ਉਹ ਅੰਮ੍ਰਿਤ ਛੱਕਣ ਲਈ ਵੀ ਤਿਆਰ ਹੋ ਜਾਏਗੀ ।''

"ਉਹਦੇ ਨਾਨਕੇ ਪਿੰਡ ਜਾ ਕੇ ਉਹਦੇ ਮਾਮੇ ਦਾ ਪਤਾ ਕਰਨਾ ਮੁਸ਼ਕਿਲ ਏ । ਅਸੀਂ ਰਾਤੀਂ ਕਿਹਦੇ ਕੋਲੋਂ ਪੁੱਛਦੇ ਫਿਰਾਂਗੇ ਕਿ ਉਹਦੇ ਮਾਮੇ ਦਾ ਘਰ ਕਿਹੜਾ ਏ ? ਕੀ ਪਤਾ ਉਹਦੇ ਮਾਮੇ ਨੂੰ ਇਹ ਚੰਗਾ ਨਾ ਲੱਗੇ ਤੇ ਉਹ ਸਾਨੂੰ ਕਿਸੇ ਹੋਰ ਵਖਤ ਵਿੱਚ

ਪਾ ਦੇਵੇ ।" ਹਜ਼ਾਰਾ ਸਿੰਘ ਨੇ ਕਿਹਾ, "ਪਰ ਉਹਨੂੰ ਮਿਲਣਾ ਵੀ ਜ਼ਰੂਰੀ ਏ । ਉਹੀਓ ਦੱਸ ਸਕਦੀ ਏ ਕਿ ਸਰਹੰਦ ਵਿੱਚ ਖ਼ਬਰ ਸੁਰਤ ਲੈਣ ਲਈ ਕਿਹੜਾ ਬੰਦਾ ਜਾਂ ਜ਼ਨਾਨੀ ਮਿਲ ਸਕਦੀ ਏ ।"

"ਮੈਂ ਤੁਹਾਨੂੰ ਦੱਸਿਆ ਨਾ ਕਿ ਉਹ ਬੜੀ ਸਿਆਣੀ ਕੁੜੀ ਹੈ ਉਹ ਜਾਣਦੀ ਹੈ ਕਿ ਤੁਹਾਨੂੰ ਔਕੜ ਆਏਗੀ । ਇਸ ਲਈ ਕਹਿ ਗਈ ਏ ਕਿ ਸਿੱਧੇ ਪਹਿਲਾਂ ਆਪ ਨਾ ਆਉਣਾ" ਸੋਹਣੇ ਸ਼ਾਹ ਨੇ ਦੱਸਿਆ, "ਉਹ ਕਹਿੰਦੀ ਸੀ ਕਿ ਕਿਸੇ ਸਹਿਜਧਾਰੀ ਨੂੰ ਪਹਿਲਾਂ ਭੇਜਣਾ ਫਿਰ ਉਹ ਉਥੋਂ ਦੇ ਹਾਲਾਤ ਅਨੁਸਾਰ ਤੁਹਾਡੇ ਆਉਣ ਜਾਂ ਨਾ ਆਉਣ ਬਾਰੇ ਸੁਨੇਹਾ ਭੇਜੇਗੀ ।

ਹਜ਼ਾਰਾ ਸਿੰਘ ਨੇ ਝੱਟ ਹੀ ਸੁਝਾਅ ਦਿੱਤਾ ਕਿ ਸੋਹਣੇ ਸ਼ਾਹ ਤੋਂ ਬਿਨਾਂ ਹੋਰ ਕਿਹੜਾ ਭਰੋਸੇਯੋਗ ਸਹਿਜਧਾਰੀ ਹੋ ਸਕਦਾ ਏ । ਗੁਰਦੇਵ ਸਿੰਘ ਕੋਲੋਂ ਬੋਲ ਪਿਆ, "ਸੋਹਣਿਆਂ ਤੈਨੂੰ ਹੁਣ ਉਹ ਜਾਣਦੀ ਏ, ਛੇਤੀ ਪਛਾਣ ਵੀ ਲਏਗੀ ਤੇ ਸਰਹੰਦੋਂ ਆਇਆ ਬੰਦਾ ਜਾਣ ਕੇ ਮਾਮਾ ਘਰ ਵੀ ਤੈਨੂੰ ਪੂਰੇ ਸਤਿਕਾਰ ਨਾਲ ਰੱਖੇਗਾ ।" ਸੋਹਣੇ ਸ਼ਾਹ ਨੇ ਪਹਿਲਾਂ ਤਾਂ ਨਾਂਹ ਨੁਕਰ ਕੀਤੀ, ਆਪਣੇ ਇਥੇ ਰੁਝੇਵਿਆਂ ਦਾ ਬਹਾਨਾ ਲਾਇਆ ਪਰ ਫਿਰ ਉਹਨਾਂ ਦੇ ਜ਼ੋਰ ਦੇਣ 'ਤੇ ਰਾਜ਼ੀ ਹੋ ਗਿਆ ਅਤੇ ਕਹਿਣ ਲੱਗਾ, "ਦੋ ਤਿੰਨ ਦਿਨਾਂ ਵਿੱਚ ਮੈਂ ਆਪਣਾ ਜ਼ਰੂਰੀ ਕੰਮ ਨਿਬੇੜ ਲਵਾਂ, ਫਿਰ ਚਲੇ ਜਾਵਾਂਗਾ । ਪਰ ਇਕ ਸ਼ਰਤ ਏ ਕਿ ਤੁਸੀਂ ਇਤਨਾ ਚਿਰ ਕਿਧਰੇ ਹੋਰ ਲਾ ਆਉ ਤੇ ਮੈਨੂੰ ਰਾਜਪੁਰੇ ਨੇੜੇ ਮੰਦਿਰ ਦੇ ਪਿਛਵਾੜੇ ਘਣੇ ਰੁੱਖਾਂ ਵਿਚਕਾਰ ਛਪੜੀ ਦੇ ਕੰਢੇ 'ਤੇ ਮਿਲਣਾ ।" ਉਹ ਦੋਵੇਂ ਸਮਝ ਗਏ ਕਿ ਨਵਾਬ ਦੀਆਂ ਨਵੀਆਂ ਪਾਬੰਦੀਆਂ ਤੇ ਸਖਤੀ ਕਾਰਨ ਸੋਹਣੇ ਸ਼ਾਹ ਬਚ ਕੇ ਕਦਮ ਚੁੱਕਣਾ ਚਾਹੁੰਦਾ ਏ । ਇਸ ਲਈ ਉਹ ਛੇਤੀ ਉਹਦੇ ਖੂਹ ਤੋਂ ਚਲੇ ਗਏ ।

ਤਿੰਨ ਦਿਨਾਂ ਵਿੱਚ ਆਪਣੇ ਕੰਮ ਮੁਕਾ ਕੇ ਸੋਹਣੇ ਸ਼ਾਹ ਚੱਲ ਪਿਆ । ਚੱਲਣ ਤੋਂ ਪਹਿਲਾਂ ਉਹਨੇ ਕਿਸੇ ਨੂੰ ਇਹ ਨਾ ਦੱਸਿਆ ਕਿ ਉਹ ਕਿੱਥੇ ਜਾ ਰਿਹੈ ਤੇ ਕਾਹਦੇ ਲਈ ਜਾ ਰਿਹਾ ਏ । ਅੱਗੇ ਉਹ ਜਦੋਂ ਵੀ ਕਿਤੇ ਜਾਂਦਾ ਤਾਂ ਆਪਣੇ ਪਰਿਵਾਰ ਨੂੰ ਵਿਸਥਾਰ ਨਾਲ ਦੱਸ ਕੇ ਜਾਂਦਾ ਕਿ ਉਹ ਕਿੱਥੇ ਜਾ ਰਿਹਾ ਏ ਤੇ ਕਦੋਂ ਕੁ ਮੁੜੇਗਾ । ਪਰ ਹੁਣ ਉਹਨੇ ਤੁਰਨ ਲੱਗਿਆਂ ਕੁਝ ਨਾ ਦੱਸਿਆ ਕਿ ਉਹ ਕਿਹੜੇ ਨਗਰ ਜਾ ਰਿਹਾ ਏ ਤੇ ਕਿੰਨੇ ਦਿਨ ਬਾਹਰ ਰਹੇਗਾ । ਉਹ ਰਾਹ ਵਿੱਚ ਸੋਚਦਾ ਜਾਂਦਾ ਸੀ ਕਿ ਕਿਸੇ ਚੰਗੇ ਕੰਮ ਲਈ ਸਮਾਂ ਲਾਉਂਦਿਆਂ ਕਿੰਨਾ ਸੁਆਦ ਆਉਂਦਾ ਏ । ਦਿਮਾਗ ਵਿੱਚ ਜਿਹੜੇ ਕੰਮ ਲਈ ਫਤੂਰ ਆ ਜਾਏ, ਆਪਣੀ ਧੁਨ ਵਿੱਚ ਉਹ ਕਰਕੇ ਖੁਸ਼ੀ ਮਿਲਦੀ ਏ ।

ਸੋਹਣੇ ਸ਼ਾਹ ਪਿੰਡ ਥਾਪੜਕੇ ਪਹੁੰਚ ਗਿਆ । ਉਹਨੂੰ ਖਿਆਲ ਸੀ ਕਿ ਉਹਨੇ

ਦੀਵਾਨ ਜੈ ਰਾਮ ਦੇ ਸਹੁਰੇ ਘਰ ਜਾਣਾ ਏ। ਉਹ ਜ਼ਰੂਰ ਪਿੰਡ ਦੇ ਚੌਧਰੀ ਤੇ ਪਤਵੰਤੇ ਹੋਣਗੇ। ਆਖਰ ਵੱਡਿਆਂ ਦੀਆਂ ਵੱਡਿਆਂ ਨਾਲ ਹੀ ਰਿਸ਼ਤੇਦਾਰੀਆਂ ਹੁੰਦੀਆਂ ਨੇ। ਉਹਨੇ ਪਿੰਡ ਵਿੱਚ ਵੜਦਿਆਂ ਹੀ ਕਿਸੇ ਬੰਦੇ ਤੋਂ ਬਿਮਲਾ ਦੇ ਮਾਮੇ ਦਾ ਘਰ, ਨਾਂ ਲੈ ਕੇ ਪੁੱਛਿਆ ਤੇ ਘਰ ਦਾ ਕੁੰਡਾ ਖੁਲ੍ਹਦਿਆਂ ਉਹਨੇ ਕਿਹਾ, "ਮੈਂ ਸਰਹੰਦੋਂ ਆਇਆ ਹਾਂ। ਦੀਨ ਦਿਆਲ ਜੀ ਕਿਥੇ ਨੇ ? ਉਹ ਅੱਗੋਂ ਘਰ ਨਹੀਂ ਸੀ। ਇਸ ਲਈ ਸੇਵਾਦਾਰ ਝੱਟ ਅੰਦਰ ਗਿਆ ਤੇ ਉਹਨੇ ਦੱਸਿਆ ਕਿ ਕੋਈ ਸਰਹੰਦ ਤੋਂ ਆਇਆ ਏ। ਇਹ ਸੁਣਦਿਆਂ ਬਿਮਲਾ ਦੇ ਝੱਟ ਕੰਨ ਖੜੇ ਹੋ ਗਏ ਤੇ ਉਹ ਤੇਜ਼ ਕਦਮ ਪੁੱਟਦੀ ਹੋਈ ਡਿਓੜੀ ਵਿੱਚ ਆ ਗਈ। ਉਂਝ ਤਾਂ ਜ਼ਨਾਨੀਆਂ ਘੱਟ ਹੀ ਬਾਹਰ ਕਿਸੇ ਦੇ ਆਇਆਂ ਨਿਕਲਦੀਆਂ ਸਨ। ਬਿਮਲਾ ਸਮਝ ਗਈ ਕੋਈ ਉਹਨੂੰ ਹੀ ਮਿਲਣ ਆਇਆ ਹੋਏਗਾ। ਸੋਹਣੇ ਸ਼ਾਹ ਦੇ ਸਾਹਮਣੇ ਆਉਂਦਿਆਂ ਹੀ ਉਹਨੇ ਪਛਾਣ ਲਿਆ ਤੇ ਡਿਓੜੀ ਵਿੱਚ ਹੀ ਖੜੇ ਹੋ ਕੇ ਗੱਲਾਂ ਕਰਨ ਲੱਗ ਪਏ। ਇਸ ਖਿਆਲ ਨਾਲ ਕਿ ਕੋਈ ਅੰਦਰੋਂ ਜਾਂ ਬਾਹਰੋਂ ਆ ਜਾਏਗਾ। ਉਹਨੇ ਸੋਹਣੇ ਸ਼ਾਹ ਨੂੰ ਦੱਸਿਆ, "ਕੱਲ ਸ਼ਾਮੀ ਮਾਂ ਜੀ ਵੀ ਸਰਹੰਦ ਤੋਂ ਇਥੇ ਪਹੁੰਚ ਗਏ ਨੇ ਤੇ ਹੁਣੇ ਹੀ ਉਹਨਾਂ ਨੂੰ ਛੱਡ ਕੇ ਫੌਜੀ ਸਰਹੰਦ ਵਾਪਸ ਗਏ ਨੇ। "ਮੇਰੇ ਵਾਂਗ ਮਾਂ ਨੂੰ ਵੀ ਸਰਹੰਦੋਂ ਤੋਰ ਦਿੱਤਾ ਗਿਆ ਏ। ਉਥੇ ਸਾਡੇ ਲਈ ਖਤਰਾ ਵੱਧ ਰਿਹਾ ਏ। ਪਰ ਸਾਡੇ ਲਈ ਚਿੰਤਾ ਦੀ ਗੱਲ ਏ ਕਿ ਪਿਤਾ ਜੀ ਸਰਹੰਦ ਛੱਡਣ ਲਈ ਤਿਆਰ ਨਹੀਂ ਹਨ। ਹੁਣ ਪਿਤਾ ਜੀ ਉਥੇ ਇਕੱਲੇ ਨੇ। ਪਿਤਾ ਜੀ ਨੂੰ ਵੀ ਹਜ਼ਾਰਾ ਸਿੰਘ ਤੇ ਗੁਰਦੇਵ ਸਿੰਘ ਨੂੰ ਹਰ ਕੀਮਤ 'ਤੇ ਫੜ ਕੇ ਲਿਆਉਣ ਲਈ ਫੌਜੀ ਟੁਕੜੀ ਦਾ ਮੁਖੀਆ ਬਣ ਕੇ ਜਾਣ ਦਾ ਹੁਕਮ ਹੋ ਗਿਆ ਏ। ਇਸ ਲਈ ਉਹਨਾਂ ਪਰਿਵਾਰ ਨੂੰ ਪਹਿਲਾਂ ਉਥੋਂ ਭੇਜ ਦਿੱਤਾ ਹੈ। ਬਿਮਲਾ ਨੇ ਇਹ ਵੀ ਆਖਿਆ ਕਿ ਹਜਾਰਾ ਸਿੰਘ ਹੋਰੀਂ ਝੱਟਪਟ ਇਸ ਰਾਜ 'ਚੋਂ ਬਾਹਰ ਨਿਕਲ ਜਾਣ ਤੇ ਕੁਝ ਸਮੇਂ ਲਈ ਓਹਲੇ ਹੋ ਜਾਣ। ਇਥੇ ਆਉਣ ਦੀ ਖੇਚਲ ਨਾ ਕਰਨ। ਅਸੀਂ ਦੂਜੇ ਮਾਮੇ ਕੋਲ ਨੂਰ ਮਹਿਲ ਚੱਲੇ ਜਾਣਾ ਏਂ। ਉਹਨੇ ਸੋਹਣੇ ਸ਼ਾਹ ਨੂੰ ਛੇਤੀ ਛੇਤੀ ਡਿਓੜੀ ਤੋਂ ਹੀ ਮੋੜ ਦਿੱਤਾ। ਉਹਨੂੰ ਡਰ ਸੀ ਕਿ ਜੇ ਮਾਂ ਅੰਦਰੋਂ ਆ ਗਈ ਤਾਂ ਸਰਹੰਦ ਤੋਂ ਆਏ ਬੰਦੇ ਦਾ ਭਾਂਡਾ ਭੱਜ ਜਾਏਗਾ। ਜੇ ਮਾਮਾ ਜੀ ਬਾਹਰੋਂ ਆ ਗਏ ਤਾਂ ਉਹਨਾਂ ਦੀਵਾਨ ਜੀ ਦਾ ਭੇਜਿਆ ਬੰਦਾ ਜਾਣ ਕੇ ਉਹਨੂੰ ਅੰਦਰ ਲੈ ਆਉਣਾ ਏਂ ਅਤੇ ਇਹ ਨਵੇਂ ਸਮਾਚਾਰ ਸੁਣ ਕੇ ਸ਼ਾਹ ਨੇ ਵੀ ਉਥੇ ਰੁਕਣਾ ਠੀਕ ਨਾ ਸਮਝਿਆ ਤੇ ਝੱਟਪਟ ਪਿੰਡ ਤੋਂ ਬਾਹਰ ਨਿਕਲ ਆਇਆ।

●●●

ਕਾਂਡ-32

ਸੋਹਣੇ ਸ਼ਾਹ ਆਪਣੇ ਖੂਹ 'ਤੇ ਇਕੱਲਾ ਬੈਠਾ ਸਮੇਂ ਦੇ ਹਾਲਾਤ ਤੇ ਆਪਣੇ ਆਪ ਨਾਲ ਹੀ ਵਿਚਾਰ ਕਰਦਾ ਰਹਿੰਦਾ। ਉਸਨੂੰ ਪ੍ਰਤੀਤ ਹੋਇਆ ਜਿਵੇਂ ਹਜ਼ਾਰਾ ਸਿੰਘ ਹੋਰਾਂ ਦੀ ਸਾਰੀ ਵਿਉਂਤ ਹੀ ਨਾਕਾਮ ਹੋ ਗਈ ਏ। ਉਹ ਨਵਾਬ ਨੂੰ ਕੀਤੇ ਦੀ ਸਜ਼ਾ ਦੇਣ ਵਿੱਚ ਅਸਫਲ ਹੋ ਗਏ ਨੇ। ਨਵਾਬ ਨੇ ਜਿਹੜੀ ਦਹਿਸ਼ਤ ਫੈਲਾਈ ਏ ਤੇ ਸਖਤੀਆਂ ਸ਼ੁਰੂ ਕੀਤੀਆਂ ਨੇ ਉਹਨਾਂ ਕਾਰਨ ਹੁਣ ਸਰਹੰਦ ਵਿੱਚ ਸਿੱਖਾਂ ਦੀ ਮਦਦ ਕਰਨ ਦਾ ਸ਼ਾਇਦ ਹੀ ਕੋਈ ਹੌਂਸਲਾ ਕਰੇ। ਹਵਾ ਦਾ ਰੁਖ ਵੇਖ ਕੇ ਕੋਈ ਕਿਸ ਤਰ੍ਹਾਂ ਆਪਣੇ ਜੀਵਨ ਨੂੰ ਖਤਰਿਆਂ ਨਾਲ ਲਪੇਟ ਸਕਦਾ ਹੈ । ਹਜ਼ਾਰਾ ਸਿੰਘ ਤੇ ਗੁਰਦੇਵ ਸਿੰਘ ਨੇ ਜਿਹੜੀਆਂ ਠਾਰ੍ਹਾਂ ਬਣਾਈਆਂ ਸਨ ਉਹ ਖਤਮ ਹੋ ਗਈਆਂ ਨੇ ਅਤੇ ਜਿਸ ਉੱਪਰ ਸਿੱਖਾਂ ਦਾ ਹਮਦਰਦ ਹੋਣ ਦਾ ਸ਼ੱਕ ਪੈਂਦਾ ਏ, ਉਹਨੂੰ ਹਕੂਮਤ ਰਗੜਾ ਲਾ ਦੇਂਦੀ ਏ ਜਾਂ ਜਾਨ ਬਚਾ ਕੇ ਉਹ ਕਿਧਰੇ ਦੂਰ ਦੁਰਾਡੇ ਜਾ ਲੁਕਦੇ ਨੇ। ਦੀਵਾਨ ਜੈ ਰਾਮ ਵਰਗੇ ਦੇ ਘਰ ਵਿੱਚੋਂ ਵੀ ਪਤਨੀ ਤੇ ਪੁੱਤਰੀ ਦੂਰ ਚਲੇ ਗਏ ਨੇ। ਹੁਣ ਸ਼ਾਇਦ ਹੀ ਕੋਈ ਹੋਵੇ ਜਿਹੜਾ ਹਜ਼ਾਰਾ ਸਿੰਘ ਨੂੰ ਹਵਾ ਦਾ ਰੁਖ ਦੱਸ ਸਕੇ ।

ਸਮੇਂ ਦੇ ਹਾਲਾਤ ਦਾ ਇਸ ਤਰ੍ਹਾਂ ਚੀਰ ਫਾੜ ਕਰਦਿਆਂ ਉਹਦਾ ਮਨ ਆਪਣੀ ਹਾਲਤ ਉੱਪਰ ਆ ਟਿੱਕਿਆ। ਉਹ ਸੋਚਣ ਲੱਗ ਪਿਆ ਕਿ ਮੈਂ ਇਸ ਮਾਮਲੇ ਵਿੱਚ ਕੁਝ ਲੈਣਾ ਦੇਣਾ ਨਹੀਂ ਪਰ ਮੈਂ ਕਿੰਨਾ ਸਮੇਂ ਦੇ ਚੱਕਰ ਵਿੱਚ ਫੱਸ ਗਿਆ ਹਾਂ। ਮੇਰਾ ਨਾਮ ਵੀ ਕਿਸੇ ਵੇਲੇ ਸਿੱਖਾਂ ਨਾਲ ਜੁੜ ਸਕਦਾ ਏ। ਅਜੇ ਤੇ ਮੇਰੇ ਪਿੰਡ ਦੇ ਲੋਕ ਹੱਦੋਂ ਵੱਧ ਚੰਗੇ ਨੇ। ਕਿਸੇ ਨੂੰ ਮੈਂ ਰੜਕਦਾ ਨਹੀਂ। ਕਿਸੇ ਨਾਲ ਮੇਰੀ ਦੁਸ਼ਮਣੀ ਨਹੀਂ। ਦੁਸ਼ਮਣ ਬਾਤ ਕਰੇ ਅਨਹੋਣੀ ਵਾਂਗ ਮੇਰੇ 'ਤੇ ਵੀ ਊਂਝਾਂ ਲੱਗ ਸਕਦੀਆਂ ਨੇ। ਉਹ ਸੋਚ ਲੜੀ ਵਿੱਚ ਅੱਗੇ ਤੁਰਦਾ ਗਿਆ । ਸੰਭਾਵਨਾਵਾਂ ਦੇ ਚੱਕਰ ਵਿੱਚ ਪੈ ਕੇ ਕਦੇ ਉਹ ਬਹੁਤ ਆਸ਼ਾਵਾਦੀ ਹੋ ਜਾਂਦਾ ਤੇ ਕਦੀ ਨਿਰਾਸ਼ਾਵਾਦੀ। ਕਦੇ ਉਹਦਾ ਜੀ ਕਰਦਾ ਉਹ ਸਭ ਕੁਝ ਛੱਡ ਛਡਾ ਕੇ ਕਿਧਰੇ ਕੰਨ ਵਲੇਟ ਜਾਏ । ਦੂਜੇ ਪਲ ਹੀ ਉਹਨੂੰ ਖਿਆਲ ਆਇਆ ਕਿ ਜ਼ਮੀਨ ਦਾ ਮੋਹ ਤੇ ਜੀਵਨ ਦੀਆਂ ਹੋਰ ਪ੍ਰਾਪਤ ਸਹੂਲਤਾਂ ਸਦਕਾ ਉਹ ਵੱਡੇ ਤੋਂ ਵੱਡੇ ਚੌਧਰੀਆਂ ਦੀ ਪ੍ਰਵਾਹ ਨਹੀਂ ਕਰਦਾ। ਪਰ ਵਾਹੂ ਤੇ ਉਪਜਾਊ ਧਰਤੀ ਐਵੇਂ ਛੱਡ ਨਹੀਂ ਹੁੰਦੀ। ਆਪਣੇ ਆਲੇ ਦੁਆਲੇ ਦੀ ਸਾਂਝ ਉਹਨੂੰ

ਕੋਈ ਨਵਾਂ ਕਦਮ ਚੁੱਕਣ ਤੋਂ ਰੋਕਦੀ।

ਇਸ ਤਰ੍ਹਾਂ ਸੋਹਣੇ ਸ਼ਾਹ ਕਈ ਵਾਰ ਬੈਠਾ ਆਪਣੇ ਆਪ ਨਾਲ ਗੱਲਾਂ ਕਰਨ ਲੱਗਾ ਪੈਂਦਾ। ਆਪੇ ਸਵਾਲ ਕਰਦਾ ਤੇ ਫਿਰ ਆਪੇ ਜੁਆਬ ਲੱਭ ਲੈਂਦਾ। ਪਰ ਇਕ ਗੱਲ ਸੀ ਕਿ ਕਿਸੇ ਨਾਲ ਗੱਲ ਕਰਨ ਦਾ ਕੋਈ ਲਾਭ ਨਹੀਂ। ਕਿਸੇ ਦਾ ਕੋਈ ਲਾਭ ਨਹੀਂ, ਕੋਈ ਉਹਦੀ ਮਦਦ ਨਹੀਂ ਕਰ ਸਕਦਾ। ਕੋਈ ਹੱਥਾਂ ਨਾਲ ਦਿੱਤੀਆਂ ਗੰਢਾਂ ਮੂੰਹ ਨਾਲ ਖੋਲ੍ਹ ਨਹੀਂ ਸਕਦਾ। ਆਪਣੇ ਹੱਥਾਂ ਨਾਲ ਦਿੱਤੀਆਂ ਗੰਢਾਂ ਸ਼ਾਇਦ ਦੰਦਾਂ ਨਾਲ ਵੀ ਨਾ ਖੁਲ੍ਹਣ। ਇਸ ਤਰ੍ਹਾਂ ਉਹ ਆਪਣੇ ਨਾਲ ਆਪ ਹੀ ਵਿਚਾਰ ਵਟਾਂਦਰਾ ਕਰਦਿਆਂ ਉਹ ਕਿੰਨਾ ਸਮਾਂ ਗੁਜ਼ਾਰ ਦੇਂਦਾ। ਝੋਟੇ ਖੂਹ ਤੇ ਆਪੇ ਤੁਰਦੇ, ਥੱਕ ਕੇ ਖਲੋ ਜਾਂਦੇ ਤੇ ਫਿਰ ਤੁਰ ਪੈਂਦੇ। ਉਹਨੂੰ ਇਸ ਤਰ੍ਹਾਂ ਜਾਪਿਆ ਕਿ ਬੰਦੇ ਵੀ ਇਨ੍ਹਾਂ ਪਸ਼ੂਆਂ ਵਰਗੇ ਨੇ। ਬੰਦੇ ਵੀ ਪਸ਼ੂਆਂ ਵਾਂਗ ਕੰਮ ਕਰਦੇ ਨੇ, ਥੱਕਦੇ ਨੇ ਤੇ ਮੁੜ ਜੀਵਨ ਸੰਗ੍ਰਾਮ ਵਿੱਚ ਆਸ਼ਾ ਦਾ ਪੱਲਾ ਫੜ ਕੇ ਸਰਗਰਮ ਹੋ ਜਾਂਦੇ ਨੇ। ਅੱਜ ਕੱਲ ਉਹ ਸੂਰਜ ਡੁੱਬਣ ਤੇ ਰਾਤ ਦਾ ਹਨੇਰਾ ਫੈਲਣ ਤੋਂ ਪਹਿਲਾਂ ਪਹਿਲਾਂ ਘਰ ਆ ਜਾਂਦਾ ਪਰ ਜਦੋਂ ਉਹ ਸੋਚ ਸਮੁੰਦਰ ਵਿੱਚ ਗੋਤੇ ਖਾਂਦਾ ਤਾਂ ਉਹਨੂੰ ਪਤਾ ਹੀ ਨਾ ਲੱਗਦਾ ਜਦ ਚਾਨਣ ਤੋਂ ਹਨੇਰਾ ਹੋ ਜਾਂਦਾ। ਉਹਨੂੰ ਖਿਆਲ ਆਉਂਦਾ ਰਾਤ ਦਿਨ ਦੇ ਹਨੇਰੇ ਤੇ ਚਾਨਣੇ ਵਾਂਗ ਜੀਵਨ ਚੱਕਰ ਵਿੱਚ ਵੀ ਹਨੇਰੇ ਪਿੱਛੋਂ ਚਾਨਣਾ ਤੇ ਚਾਨਣ ਪਿੱਛੋਂ ਹਨੇਰਾ ਆਉਂਦਾ ਰਹਿੰਦਾ ਹੈ।

ਹਜ਼ਾਰਾ ਸਿੰਘ ਤੇ ਗੁਰਦੇਵ ਸਿੰਘ ਦੋਵੇਂ ਵੱਖਰੇ ਵੱਖਰੇ ਪਾਸਿਓਂ ਥੋੜ੍ਹੇ ਥੋੜ੍ਹੇ ਸਮੇਂ ਪਿੱਛੋਂ ਖੂਹ 'ਤੇ ਆ ਗਏ। ਆਉਂਦਿਆਂ ਹੀ ਹਜ਼ਾਰਾ ਸਿੰਘ ਨੇ ਪੁੱਛਿਆ, "ਬਿਮਲਾ ਕੀ ਕਹਿੰਦੀ ਸੀ? ਅਸੀ ਉਹਨੂੰ ਮਿਲਣ ਜਾਈਏ ਕਿ ਨਾ, ਉਹਦੇ ਮਾਮੇ ਦਾ ਸੁਭਾਅ ਕਿਹੋ ਜਿਹਾ ਏ? ਕੋਈ ਦਲੇਰ ਬੰਦਾ ਏ ਕਿ ਕੇਵਲ ਯਰਕੂ", ਇਕੋ ਸਾਹੇ ਹਜ਼ਾਰਾ ਸਿੰਘ ਨੇ ਕਈ ਤਰ੍ਹਾਂ ਦੇ ਸੁਆਲ ਕਰ ਦਿੱਤੇ। ਉਸਦੀ ਇਸ ਤਰ੍ਹਾਂ ਕਾਹਲੀ ਕਰਨ ਤੋਂ ਪ੍ਰਤੀਤ ਹੁੰਦਾ ਸੀ ਕਿ ਉਹ ਅਜੇ ਬਹੁਤ ਕੁਝ ਜਾਣਨਾ ਚਾਹੁੰਦਾ ਹੈ। ਉਹਦੇ ਅੰਦਰ ਪ੍ਰਸ਼ਨਾਂ ਦੀ ਭਰਮਾਰ ਸੀ ਜਿਹਨੇ ਗੁਰਦੇਵ ਸਿੰਘ ਨੂੰ ਬੋਲਣ ਹੀ ਨਾ ਦਿੱਤਾ। ਸੋਹਣੇ ਸ਼ਾਹ ਨੇ ਉਹਦੀ ਹਰ ਗੱਲ ਦਾ ਉੱਤਰ ਦੇਣ ਪਿੱਛੋਂ ਦੱਸਿਆ, "ਮਾਮਲਾ ਬਹੁਤ ਵਿਗੜ ਗਿਆ ਏ। ਦੀਵਾਨ ਨੇ ਬਿਮਲਾ ਦੀ ਮਾਂ ਨੂੰ ਵੀ ਸਰਹੰਦ ਤੋਂ ਦੂਰ ਬਿਮਲਾ ਦੇ ਨਾਨਕੇ ਪਿੰਡ ਭੇਜ ਦਿੱਤਾ ਏ, ਮੇਰੇ ਜਾਣ ਤੋਂ ਪਹਿਲਾਂ ਉਹ ਉਥੇ ਪੁੱਜ ਚੁੱਕੀ ਸੀ। ਉਹਨਾਂ ਨੂੰ ਅਜੇ ਵੀ ਨਵਾਬ ਦਾ ਡਰ ਖਾਈ ਜਾਂਦਾ ਏ ਅਤੇ ਉਹ ਉਥੋਂ ਵੀ ਦੁਆਬੇ ਵਿੱਚ ਨੂਰ ਮਹਿਲ ਜਾ ਰਹੀਆਂ ਨੇ।"

"ਨਵਾਬ ਤੋਂ ਡਰਦਿਆਂ ਉਹ ਹੋਰ ਦੁਰਾਡੇ ਤੇ ਉਹਲੇ ਹੋ ਰਹੀਆਂ ਨੇ ਜਾਂ ਮਾਮਾ ਉਹਨਾਂ ਦਾ ਯਰਕਦਾ ਏ। ਤੁਹਾਨੂੰ ਬਿਮਲਾ ਆਪ ਮਿਲੀ ਸੀ ਤੇ ਉਹ ਕੀ ਕਹਿੰਦੀ ਸੀ?" ਹਜ਼ਾਰਾ ਸਿੰਘ ਦੀ ਥਾਂ ਹੁਣ ਗੁਰਦੇਵ ਸਿੰਘ ਨੇ ਪੁੱਛਿਆ ?

"ਮੈਂ ਬਿਮਲਾ ਨੂੰ ਹੀ ਮਿਲ ਕੇ ਆਇਆਂ ਹਾਂ ਤੇ ਇਹ ਉਹਨੇ ਹੀ ਮੈਨੂੰ ਦੱਸਿਆ ਏ । ਨਾ ਉਹਨੇ ਮੈਨੂੰ ਘਰ ਅੰਦਰ ਜਾਣ ਦਿੱਤਾ ਏ ਤੇ ਨਾ ਉਹ ਆਪ ਹੀ ਘਰ ਤੋਂ ਬਾਹਰ ਆਈ ਏ ।" ਸੋਹਣੇ ਸ਼ਾਹ ਨੇ ਵਿਸਥਾਰ ਨਾਲ ਬਿਮਲਾ ਨਾਲ ਹੋਈ ਗੱਲਬਤ ਦੱਸਦਿਆਂ ਆਖਿਆ, "ਸ਼ਾਇਦ ਇਸ ਲਈ ਵੀ ਉਹ ਸੁਚੇਤ ਸੀ ਕਿ ਮੈਂ ਸਰਹੰਦ ਤੋਂ ਆਇਆ ਬੰਦਾਂ ਦੱਸਿਆ ਸੀ ਤੇ ਉਹ ਨਹੀਂ ਸੀ ਚਾਹੁੰਦੀ ਕਿ ਉਹਦੀ ਮਾਂ ਬਾਹਰ ਆ ਜਾਏ ਤੇ ਮੇਰੇ 'ਤੇ ਸ਼ੱਕ ਕਰੇ ਕਿ ਮੈਂ ਸਰਹੰਦੋਂ ਆਇਆ ਝੂਠ ਕਹਿ ਰਿਹਾ ਹਾਂ ।" "ਉਹਨੇ ਹੋਰ ਕੀ ਦੱਸਿਆ ਤੇ ਕਿਹਾ ਏ ?" ਹਜ਼ਾਰਾ ਸਿੰਘ ਨੇ ਸੁਆਲ ਕੀਤਾ । "ਕੀ ਉਹ ਬਹੁਤੀ ਘਬਰਾਈ ਹੋਈ ਤੇ ਨਹੀਂ ਸੀ ?" ਹਜ਼ਾਰਾ ਸਿੰਘ ਦੀਆਂ ਗੱਲਾਂ ਤੋਂ ਜਾਪਦਾ ਸੀ ਕਿ ਉਹ ਬਿਮਲਾ ਬਾਰੇ ਵਧੇਰੇ ਚਿੰਤਾਤੁਰ ਹੈ । ਸੋਹਣੇ ਸ਼ਾਹ ਨੇ ਝੱਟ ਹੀ ਸ਼ਪਸਟ ਕਰ ਦਿੱਤਾ ਕਿ ਉਹ ਬਿਲਕੁੱਲ ਘਬਰਾਈ ਹੋਈ ਨਹੀਂ ਸੀ । ਉਹਨੇ ਤਾਂ ਆਪਣਾ ਨੂਰ ਮਹਿਲ ਦਾ ਥਾਂ ਟਿਕਾਣਾ ਵੀ ਸਮਝਾ ਦਿੱਤਾ ਏ । ਇਸਦਾ ਮਤਲਬ ਏ ਕਿ ਉਹ ਚਾਹੁੰਦੀ ਏ ਕਿ ਅੱਗੋਂ ਨੂਰ ਮਹਿਲ ਉਹਦੇ ਨਾਲ ਸਪੰਰਕ ਕੀਤਾ ਜਾਏ ।

"ਮੇਰੀ ਗੱਲ ਦਾ ਤੁਸੀਂ ਪਹਿਲਾਂ ਉੱਤਰ ਦਿਉ ਕਿ ਉਹਦੀ ਰਾਇ ਅਨੁਸਾਰ ਸਾਨੂੰ ਹੁਣ ਕੀ ਕਰਨਾ ਚਾਹੀਦਾ ਏ ? ਅਸੀਂ ਘਰੋਂ ਇਹ ਪ੍ਰਣ ਕਰਕੇ ਤੁਰੇ ਹਾਂ ਕਿ ਜਦ ਤਕ ਨਵਾਬ ਸਰਹੰਦ ਨੂੰ ਸੋਧ ਨਹੀਂ ਲੈਂਦੇ ਉਦੋਂ ਤਕ ਘਰ ਨਹੀਂ ਮੁੜਾਂਗੇ ।" ਹਜ਼ਾਰਾ ਸਿੰਘ ਨੇ ਫਿਰ ਦੁਹਰਾਇਆ, "ਅਸੀ ਤਾਂ ਸਿਰ ਧੜ ਦੀ ਬਾਜੀ ਲਾਈ ਹੋਈ ਏ ਕਿ ਨਵਾਬ ਨਹੀਂ ਜਾਂ ਅਸੀਂ ਨਹੀਂ ।"

"ਉਹ ਇਹ ਤਾਂ ਨਹੀਂ ਕਹਿ ਸਕਦੀ ਕਿ ਅਸੀਂ ਕੀ ਕਰੀਏ ਤੇ ਕੀ ਨਾ ਕਰੀਏ", ਸੋਹਣੇ ਸ਼ਾਹ ਨੇ ਉੱਤਰ ਦਿੱਤਾ, "ਉਹਦੀ ਰਾਇ ਸੀ ਕਿ ਤੁਹਾਨੂੰ ਉਹਦੇ ਰਾਜ ਦੀਆ ਹੱਦਾਂ ਤੋਂ ਬਾਹਰ ਕੁਝ ਸਮੇਂ ਲਈ ਤੁਰ ਜਾਣਾ ਚਾਹੀਦੈ ਤਾਂ ਕਿ ਉਹ ਥਕ ਟੁਟ ਕੇ ਪਿੱਛਾ ਕਰਨਾ ਛੱਡ ਦੇਵੇ ਫਿਰ ਤੁਸੀਂ ਕਿਸੇ ਨਵੇਂ ਤਰੀਕੇ ਨਾਲ ਨਵਾਬ 'ਤੇ ਭਾਰੂ ਹੋ ਸਕਦੇ ਹੋ ।"

"ਸੁਣਨ ਵਿੱਚ ਆਇਆ ਏ ਕਿ ਸਤਿਗੁਰੂ ਸੱਚੇ ਪਾਤਿਸ਼ਾਹ ਅੱਜ ਕੱਲ ਮਾਲਵੇ ਵਿੱਚ ਬਠਿੰਡੇ ਨੇੜੇ ਕਿਧਰੇ ਟਿਕੇ ਹੋਏ ਹਨ । ਮੇਰਾ ਖਿਆਲ ਹੈ ਕਿ ਅਸੀਂ ਉਧਰ ਨਿਕਲ ਚੱਲੀਏ, ਨਾਲੇ ਸਤਿਗੁਰੂ ਦੇ ਚਰਣ ਪਰਸਣ ਤੇ ਦਰਸ਼ਨ ਦਾ ਸੁਭਾਗ ਪ੍ਰਾਪਤ ਕਰ ਲਈਏ ਤੇ ਨਾਲ ਉਹਨਾਂ ਦੀ ਆਗਿਆ ਤੇ ਆਦੇਸ਼ ਅਨੁਸਾਰ ਅੱਗੋਂ ਕੰਮ ਕਰੀਏ ਜਿਵੇਂ ਸਾਹਿਬ ਕਹਿਣ, ਉਸੇ ਰਾਹ ਤੁਰੀਏ ਤਾਂ ਨਿਸ਼ਚੇ ਹੀ ਅਸੀਂ ਆਪਣਾ ਨਿਸ਼ਾਨਾ ਪੂਰਾ ਕਰ ਲਵਾਂਗੇ । ਅਜੇ ਤਕ ਤਾਂ ਅਸੀਂ ਆਪਣੇ ਆਪ ਹੀ ਉੱਦਮ ਉਪਰਾਲਾ ਕਰਦੇ ਰਹੇ ਹਾਂ । ਸ਼ਾਇਦ ਤਾਂ ਹੀ ਸਾਨੂੰ ਅਜੇ ਪੂਰੀ ਕਾਮਯਾਬੀ ਨਹੀਂ

ਹੋਈ। ਗੁਰਦੇਵ ਦਾ ਥਾਪੜਾ ਲੈ ਕੇ ਤੁਰੇ ਹੁੰਦੇ ਤਾਂ ਹੁਣ ਤਕ ਅਸੀਂ ਨਵਾਬ ਸੋਧਣ ਵਿੱਚ ਸਫਲ ਹੋ ਜਾਂਦੇ'', ਗੁਰਦੇਵ ਸਿੰਘ ਨੇ ਸੁਝਾਓ ਦਿੱਤਾ।

''ਕਲਗੀਧਰ ਪਾਤਿਸ਼ਾਹ ਦੇ ਦਰਸ਼ਨ ਦੀਦਾਰੇ ਕਰਨ ਦੀ ਕਿਸੇ ਵੀ ਤਜਵੀਜ਼ ਨੂੰ ਮੰਨ ਲੈਣਾ ਸਿੰਘ ਦਾ ਕਰਤੱਵ ਹੈ'', ਹਜ਼ਾਰਾ ਸਿੰਘ ਬੋਲਿਆ, ''ਪਰ ਇਕ ਗੱਲ ਵਿਚਾਰਨ ਯੋਗ ਏ ਕਿ ਸਾਨੂੰ ਘਰੋਂ ਨਿਕਲਿਆਂ ਚੋਖੇ ਦਿਨ ਹੋ ਗਏ ਨੇ, ਪਿੱਛੇ ਪਰਿਵਾਰ ਦੀ ਸੁਖ ਸਾਂਦ ਦਾ ਵੀ ਨਹੀਂ ਪਤਾ ਤੇ ਅੱਗੋਂ ਇਸ ਭਵਿੱਖ ਤੋਂ ਵੀ ਜਾਣੂ ਨਹੀਂ ਹਾਂ ਕਿ ਕੱਦ ਤਕ ਅਸੀਂ ਘਰ ਮੁੜੀਏ । ਇਸ ਲਈ ਮੈਂ ਕਹਿੰਦਾ ਹਾਂ ਪਰਿਵਾਰ ਪ੍ਰਤੀ ਵੀ ਸਾਡੀ ਜ਼ੁਮੇਂਵਾਰੀ ਏ ਤੇ ਇਸ ਤੋਂ ਅਣਗਹਿਲੀ ਕਰਨਾ ਵੀ ਆਚਰਨਕ ਗਿਰਾਵਟ ਹੈ।''

''ਇਸ ਤਰ੍ਹਾਂ ਕਰੀਏ ਕਿ ਪਰਿਵਾਰਾਂ ਦੀ ਦੇਖ ਭਾਲ ਤੇ ਲੋੜਾਂ ਪੂਰੀਆਂ ਕਰਨ ਦਾ ਕੰਮ ਸੋਹਣੇ ਸ਼ਾਹ ਨੂੰ ਸੌਂਪ ਦੇਈਏ। ਉਹ ਸਾਡੇ ਪਿੰਡਾਂ ਵਿੱਚ ਜਾਏ ਤੇ ਦੇਖ ਭਾਲ ਤੇ ਸੇਵਾ ਸੰਭਾਲ ਦਾ ਕੰਮ ਕਰੇ। ਜੰਗ ਵਿੱਚ ਲੜਨ ਵਾਲੇ ਸਿਪਾਹੀ ਵਾਂਗ ਅਸੀਂ ਆਪਣਾ ਕਰਤੱਵ ਸੰਭਾਲੀਏ ਤੇ ਹੋਰ ਪਰਿਵਾਰਿਕ ਜ਼ੁਮੇਂਵਾਰੀ ਲਈ ਕਿਸੇ ਹੋਰ ਨੂੰ ਲੱਭ ਲਈਏ। ਗੁਰਦੇਵ ਸਿੰਘ ਨੇ ਸਿੱਧੀ ਗੱਲ ਕਰਕੇ ਸੋਹਣੇ ਸ਼ਾਹ ਨੂੰ ਸਮਝਾਇਆ, ''ਤੂੰ ਵੀ ਕੁਝ ਦਿਨ ਹਕੂਮਤ ਦੀਆਂ ਅੱਖਾਂ ਤੋਂ ਉਹਲੇ ਰਹੇਂਗਾ। ਤੂੰ ਪੰਥ ਦਾ ਸਹਾਇਕ ਤੇ ਪਿੱਛੇ ਰਹਿ ਕੇ ਇਹ ਸੇਵਾ ਕਰ ਸਕਦਾ ਏਂ।''

''ਭਾਵੇਂ ਮੈਨੂੰ ਇਸ ਤਰ੍ਹਾਂ ਬਲਦੀ ਦੇ ਬੂਥੇ ਜਾਣਾ ਪਏਗਾ ਪਰ ਮੈਂ ਇਸ ਲਈ ਵੀ ਤਿਆਰ ਹਾਂ। ਤੁਸੀਂ ਜਾਓ ਤੇ ਜਦੋਂ ਮੁੜੋਗੇ ਤਾਂ ਤੁਹਾਡੇ ਪਰਿਵਾਰ ਆਪਣੇ ਆਪ ਦੱਸਣਗੇ ਕਿ ਮੈਂ ਕਿਸ ਤਰ੍ਹਾਂ ਦੀ ਸੇਵਾ ਸੰਭਾਲ ਕਰ ਸੱਕਿਆ ਹਾਂ।'' ਸੋਹਣੇ ਸ਼ਾਹ ਨੇ ਖੁਸ਼ੀ ਤੇ ਭਰੋਸੇ ਦਾ ਪ੍ਰਭਾਵ ਚਿਹਰੇ 'ਤੇ ਲਿਆਉਂਦਿਆਂ ਉੱਤਰ ਦਿੱਤਾ।

ਹਜ਼ਾਰਾ ਸਿੰਘ ਤੇ ਗੁਰਦੇਵ ਸਿੰਘ ਦੋਵੇਂ ਰਾਤ ਭਰ ਆਲੇ ਦੁਆਲੇ ਦੇ ਪਿੰਡਾਂ ਵਿੱਚ ਸਿੱਖ ਲੋਕ ਲਹਿਰ ਦੇ ਹਮਦਰਦਾਂ ਨੂੰ ਮਿਲੇ ਤੇ ਦੱਸ ਆਏ ਕਿ ਉਹ ਕੁਝ ਦਿਨਾਂ ਲਈ ਦੂਰ ਜਾ ਰਹੇ ਨੇ ਅਤੇ ਛੇਤੀ ਹੀ ਕਿਸੇ ਰੂਪ ਵਿੱਚ ਸਰਹੰਦ ਆ ਜਾਣਗੇ ਤੇ ਨਵਾਬ ਨੂੰ ਸੋਧਣ ਦਾ ਕਾਰਜ ਅਵੱਸ਼ ਕਰਨਗੇ। ਸੋਹਣੇ ਸ਼ਾਹ ਨੇ ਦੋ ਦਿਨ ਲਾ ਕੇ ਆਪਣੇ ਕੰਮ ਨਿਪਟਾਏ ਤੇ ਫਿਰ ਖੱਚਰ 'ਤੇ ਖਾਣ ਦੀਆਂ ਵਸਤਾਂ ਦੀ ਦੋਵੇਂ ਪਾਸੇ ਬੋਰੀ ਲਟਕਾ ਕੇ ਇਸ ਵਿਚਾਰ ਨਾਲ ਤੁਰ ਪਿਆ ਕਿ ਪਹਿਲਾਂ ਉਹ ਗੁਰਦੇਵ ਸਿੰਘ ਦੇ ਪਿੰਡ ਜਾਏਗਾ ਤੇ ਫਿਰ ਹਜ਼ਾਰਾ ਸਿੰਘ ਦੇ ਪਿੰਡ ਕੁਝ ਸਾਮਾਨ ਦੇ ਆਏਗਾ ਤੇ ਬਾਕੀ ਦੀਆਂ ਲੋੜਾਂ ਉਹ ਛੇਤੀ ਹੀ ਪੂਰੀਆਂ ਕਰ ਦੇਵੇਗਾ। ਸੋਹਣੇ ਸ਼ਾਹ ਦੇ ਤੁਰਦਿਆਂ ਹੀ ਉਹ ਦੋਵੇਂ ਵੀ ਆਪਣੇ ਰਾਹ ਪੈ ਗਏ ।

ਕਾਂਡ-33

ਹਜ਼ਾਰਾ ਸਿੰਘ ਤੇ ਗੁਰਦੇਵ ਸਿੰਘ ਪੁੱਛਦੇ ਪੁਛਾਂਦੇ ਸਾਬੋ ਕੀ ਤਲਵੰਡੀ ਵੱਲ ਤੁਰ ਗਏ । ਰਾਹ ਵਿੱਚ ਜਿਥੇ ਕੋਈ ਖੇਤਾਂ ਵਿੱਚ ਸਿੱਖ ਮਿਲ ਪੈਂਦਾ, ਉਹਦੇ ਤੋਂ ਕਲਗੀਧਰ ਪਾਤਿਸ਼ਾਹ ਬਾਰੇ ਪਤਾ ਕਰਦੇ । ਕਿਸੇ ਹੋਰ ਨਾਲ ਉਹ ਇਸ ਬਾਰੇ ਗੱਲ ਵੀ ਨਹੀਂ ਸਨ ਕਰ ਸਕਦੇ ਕਿਉਂਕਿ ਵਧੇਰੇ ਲੋਕੀਂ ਹਕੂਮਤ ਦੇ ਭੈ ਕਾਰਨ ਜਾਂ ਗਲਤ ਸਲਾਹ ਦੇ ਸਕਦੇ ਸਨ ਜਾਂ ਫੜਾ ਸਕਦੇ ਨੇ । ਉਹਨਾਂ ਨੂੰ ਪਤਾ ਸੀ ਕਿ ਕਈ ਹਿੰਦੂ ਤੇ ਮੁਸਲਮਾਨ ਵੀ ਸਿੰਘਾਂ ਦੇ ਹਮਦਰਦ ਨੇ ਪਰ ਕਿਸੇ ਦੇ ਮੱਥੇ 'ਤੇ ਨਹੀਂ ਲਿਖਿਆ ਹੋਇਆ ਕਿ ਹਮਦਰਦ ਏ ਜਾਂ ਜਾਨ ਦਾ ਵੈਰੀ ਏ । ਕੋਈ ਸਿੰਘ ਮਿਲਦਾ ਤਾਂ ਉਹਨਾਂ ਨੂੰ ਬੇਹੱਦ ਖੁਸ਼ੀ ਹੁੰਦੀ ਕਿਉਂਕਿ ਖੁਲ੍ਹ ਕੇ ਉਹਦੇ ਨਾਲ ਦਿਲ ਦੀਆਂ ਗੱਲਾਂ ਕੀਤੀਆਂ ਜਾ ਸਕਦੀਆਂ ਸਨ । ਸਿੰਘ ਦਿਨ ਦੇ ਚਾਨਣ ਵਿੱਚ ਖੇਤਾਂ ਜਾਂ ਘਰਾਂ ਵਿੱਚ ਟਿਕਾਉ ਦਾ ਵੀ ਪ੍ਰਬੰਧ ਕਰ ਸਕਦੇ ਸਨ । ਉਹਨਾਂ ਨੂੰ ਰਾਹੇ ਰਾਹ ਜਾਂਦਿਆਂ ਪਹਿਲਾਂ ਇਕ ਤੇ ਫਿਰ ਦੂਜਾ ਸਿੰਘ ਮਿਲ ਪਿਆ ਜੋ ਪੈਦਲ ਹੀ ਸਤਿਗੁਰੂ ਸੱਚੇ ਪਾਤਿਸ਼ਾਹ ਦੇ ਦਰਸ਼ਨਾਂ ਲਈ ਸਾਬੋ ਕੀ ਤਲਵੰਡੀ ਵੱਲ ਜਾ ਰਹੇ ਸਨ । ਇਹਨਾਂ ਨੇ ਉਹਨਾਂ ਦੋਹਾਂ ਨੂੰ ਆਪਣੇ ਨਾਲ ਘੋੜਿਆਂ 'ਤੇ ਬਿਠਾ ਲਿਆ । ਜੇ ਉਹਨਾਂ ਵਿੱਚੋਂ ਇਕ ਨੇ ਇਸ ਸੇਵਾ ਲਈ ਧੰਨਵਾਦ ਦੇ ਕੁਝ ਸ਼ਬਦ ਆਖੇ ਤਾਂ ਹਜ਼ਾਰਾ ਸਿੰਘ ਨੇ ਕਿਹਾ, "ਧੰਨਵਾਦ ਤਾਂ ਸਤਿਗੁਰਾਂ ਦਾ ਕਰੀਏ ਜਿਹਨਾਂ ਦੇ ਦਰਸ਼ਨ ਦੀਦਾਰ ਕਰਨ ਦੀ ਉਮੰਗ ਸਾਡੇ ਹਿਰਦਿਆਂ ਵਿੱਚ ਪੈਦਾ ਹੋਈ ਏ ।"

ਸੁਭਾਵਿਕ ਹੀ ਹਜ਼ਾਰਾ ਸਿੰਘ ਦੇ ਪਿੱਛੇ ਘੋੜੇ 'ਤੇ ਬੈਠੇ ਸਿੰਘ ਨੇ ਇਹ ਪੁੱਛਿਆ ਕਿ ਤੁਸੀਂ ਕਿਥੋਂ ਆ ਰਹੇ ਹੋ । ਜਦ ਹਜ਼ਾਰਾ ਸਿੰਘ ਨੇ ਦੱਸਿਆ ਕਿ ਅਸੀਂ ਸਰਹੰਦ ਲਾਗਲੇ ਪਿੰਡਾਂ ਤੋਂ ਆ ਰਹੇ ਹਾਂ । ਸਰਹੰਦ ਦਾ ਨਾਮ ਸੁਣ ਕੇ ਤੁਰੰਤ ਉਸ ਸਿੰਘ ਦੇ ਰੌਂਗਟੇ ਖੜੇ ਹੋ ਗਏ ਅਤੇ ਉਸਨੇ ਪੁੱਛਿਆ ਕਿ ਸਾਹਿਬਜ਼ਾਦਿਆਂ ਦੇ ਸ਼ਹੀਦੀ ਸਾਕੇ ਸਮੇਂ ਕੀ ਤੁਸੀਂ ਉਸ ਨਗਰ ਵਿੱਚ ਸੀ । ਅਸੀਂ ਤੇ ਸੁਣੀਆਂ ਸੁਣਾਈਆਂ ਗੱਲਾਂ ਤੋਂ ਵੱਧ ਕੁਝ ਨਹੀਂ ਜਾਣਦੇ । ਇਸ ਬਾਰੇ ਕੁਝ ਚਾਨਣਾ ਪਾਉ ਕਿ ਕੀ ਤੇ ਕਿਸ ਤਰ੍ਹਾਂ ਇਹ ਸਾਰਾ ਕੁਝ ਵਾਪਰਿਆ ?

ਹਜ਼ਾਰਾ ਸਿੰਘ ਨੇ ਦੱਸਿਆ, "ਸਾਡਾ ਪਿੰਡ ਛੇ ਸੱਤ ਕੋਹ 'ਤੇ ਹੈ। ਇਕਪਾਸੜ ਜਿਹੇ ਦੱਖਣ ਵੱਲ ਜਿਧਰ ਆਵਾਜਾਈ ਦਾ ਘੱਟ ਮੁਹਾੜ ਏ। ਸਾਨੂੰ ਵੀ ਉਹਨਾਂ ਦੀ ਸ਼ਹੀਦੀ ਤੋਂ ਪਿੱਛੋਂ ਪਤਾ ਲੱਗਾ ਜਦੋਂ ਸਭ ਕੁਝ ਵਾਪਰ ਚੁੱਕਿਆ ਸੀ। ਫਿਰ ਜਦੋਂ ਆਪ ਸਰਹੰਦ ਗਏ ਤਾਂ ਲੋਕਾਂ ਕੋਲੋਂ ਹੀ ਸਭ ਕੁਝ ਸੁਣਿਆ।"

"ਫਿਰ ਵੀ ਤੁਸੀਂ ਤਾਂ ਉਹਨਾਂ ਥਾਵਾਂ ਨੂੰ ਦੇਖ ਆਏ ਹੋਵੋਗੇ ਜਿਥੇ ਸਾਹਿਬਜ਼ਾਦਿਆਂ ਨੂੰ ਕੰਧਾਂ ਵਿੱਚ ਚਿਣਿਆਂ ਗਿਆ ਤੇ ਫਿਰ ਜਿਥੇ ਸਸਕਾਰ ਕੀਤਾ ਗਿਆ।" ਸਿੰਘ ਨੇ ਕੁਝ ਵਿਸਥਾਰ ਨਾਲ ਜਾਣਨ ਦੀ ਇੱਛਾ ਨਾਲ ਆਖਿਆ, "ਉਹ ਥਾਂ ਵੀ ਵੇਖਿਆ ਹੋਏਗਾ ਜਿਥੇ ਪੋਤਰਿਆਂ ਨਾਲ ਮਾਤਾ ਗੁਜ਼ਰੀ ਕੈਦ ਰੱਖੀ ਸੀ। ਸੁਣਿਆ ਏ ਕਿ ਉਹ ਬੰਦੀ ਖਾਨਾ ਨਹੀਂ ਕੋਈ ਹੋਰ ਨਾਮ ਲੈਂਦੇ ਨੇ ਉਸ ਥਾਂ ਦਾ।"

"ਆਹੋ ਉਹ ਬੰਦੀਖਾਨਾ ਨਹੀਂ, ਠੰਡਾ ਬੁਰਜ ਏ, ਮੈਂ ਉਹ ਦੇਖਿਆ ਏ, ਹੈ ਉਹ ਬੰਦੀਖਾਨਾ ਈ। ਜਿਸ ਨੂੰ ਅਣਮਨੁੱਖੀ ਤਸੀਹੇ ਦੇਣੇ ਹੋਣ ਉਹਨੂੰ ਉਥੇ ਡੱਕਦੇ ਨੇ। ਜੋ ਗਰਮੀ ਦੀ ਰੁੱਤੇ ਅਤਿ ਗਰਮ ਸੜਦਾ ਥਾਂ ਏ ਤੇ ਸਰਦੀਆਂ ਦੀ ਰੁੱਤੇ ਕਹਿੰਦੇ ਨੇ ਬਰਫ ਵਰਗਾ ਠੰਡਾ ਰਹਿੰਦਾ ਏ," ਹਜ਼ਾਰਾ ਸਿੰਘ ਨੇ ਸਮਝਾਇਆ। "ਇਹ ਸਰਹੰਦ ਨਗਰ ਦੀ ਵਸੋਂ ਤੋਂ ਬਾਹਰਵਾਰ ਥਾਵਾਂ ਨੇ ਜਿਥੇ ਹਾਕਮਾਂ ਦੀਆਂ ਦੂਰ ਦੂਰ ਇਮਾਰਤਾਂ ਹਨ। ਬੁਰਜ ਦੇ ਨੇੜੇ ਹੀ ਉਹ ਥਾਂ ਏ ਜਿਥੇ ਜ਼ਲਮਾਂ ਨੇ ਸਾਹਿਬਜ਼ਾਦਿਆਂ ਨੂੰ ਸ਼ਹੀਦ ਕੀਤਾ ਏ। ਮੈਂ ਉਹ ਕੰਧ ਦੇ ਵੀ ਦਰਸ਼ਨ ਕੀਤੇ ਨੇ ਅਜੇ ਇੱਟਾਂ ਉਸੇ ਤਰ੍ਹਾਂ ਕੁਝ ਖੜੀਆਂ ਕੁਝ ਢੱਠੀਆਂ ਪਈਆਂ ਨੇ। ਮੈਂ ਉਹਨਾਂ ਇੱਟਾਂ ਨੂੰ ਨਮਸਕਾਰ ਕਰਕੇ ਆਇਆ ਹਾਂ ਜਿਹੜੀਆਂ ਸਾਹਿਬਜ਼ਾਦਿਆਂ ਦੇ ਪਵਿੱਤਰ ਸਰੀਰਾਂ ਨਾਲ ਲੱਗੀਆਂ ਸਨ। ਕਈ ਹੋਰ ਗੁਰੂ ਘਰ ਦੇ ਪ੍ਰੇਮੀ ਉਸ ਸ਼ਹੀਦੀ ਥਾਂ 'ਤੇ ਫੁੱਲ ਰੱਖ ਜਾਂਦੇ ਨੇ। ਦੁਨੀਆਂ ਤਰਾਸ ਤਰਾਸ ਕਰ ਉੱਠੀ ਸੀ। ਮਨਾਂ ਵਿੱਚ ਗੁੱਸਾ ਤਾਂ ਬੜਾ ਆਇਆ ਪਰ ਨਵਾਬ ਦੇ ਭੈ ਤੋਂ ਸਹਿਮੇ ਹੋਏ ਲੋਕੀਂ ਖੁਲ੍ਹ ਕੇ ਰੋਸ ਪ੍ਰਗਟ ਨਾ ਕਰ ਸਕੇ। ਬੱਸ ਇੰਨਾ ਕੁਝ ਹੀ ਹੋਇਆ ਕਿ ਕੁਝ ਲੋਕਾਂ ਨੇ ਹਾਕਮਾਂ ਨੂੰ ਬੇਨਤੀ ਕਰਕੇ ਸਾਹਿਬਜ਼ਾਦਿਆਂ ਦੇ ਸਸਕਾਰ ਦੀ ਮਨਜ਼ੂਰੀ ਲੈ ਲਈ। ਆਸੇ ਪਾਸੇ ਸਭ ਸਰਕਾਰੀ ਜ਼ਮੀਨ ਏ ਤੇ ਜਾਂ ਮੁਸਲਮਾਨ ਚੌਧਰੀਆਂ ਦੀ। ਜਿਸ ਥਾਂ ਸਾਹਿਬਜ਼ਾਦਿਆਂ ਦਾ ਸਸਕਾਰ ਹੋਇਆ, ਉਹ ਥੋੜ੍ਹੀ ਜਿਹੀ ਉਤਨੀ ਕੁ ਥਾਂ ਦਾ ਮੁੱਲ ਤਾਰ ਕੇ ਲਈ ਗਈ। ਕਹਿੰਦੇ ਨੇ ਕਿ ਇਹ ਸ਼ਰਤ ਰੱਖੀ ਗਈ ਕਿ ਜਿੰਨੀ ਥਾਂ ਮੋਹਰਾਂ ਖਲਾਰ ਦਿਉ, ਓਨੀ ਥਾਂ ਲੈ ਲਉ। ਗੁਰੂ ਘਰ ਦੇ ਸ਼ਰਧਾਲੂਆਂ ਨੇ ਇਹ ਸ਼ਰਤ ਪੂਰੀ ਕਰਕੇ ਸਾਹਿਬਜ਼ਾਦਿਆਂ ਦਾ ਸਸਕਾਰ ਕੀਤਾ।"

"ਸੰਸਾਰ ਵਿੱਚ ਇਸ ਤੋਂ ਵੱਡਾ ਜ਼ੁਲਮ ਸ਼ਾਇਦ ਕਦੇ ਕਿਧਰੇ ਨਹੀਂ

ਹੋਇਆ। 7 ਤੇ 9 ਸਾਲ ਦੇ ਮਾਸੂਮ ਬੱਚਿਆਂ ਨੂੰ ਇਤਨੇ ਭਿਆਨਕ ਤਰੀਕੇ ਨਾਲ ਕੋਹ ਕੋਹ ਕੇ ਮਾਰਿਆ ਹੋਵੇ," ਸਿੰਘ ਨੇ ਭਰੇ ਗਲੇ ਨਾਲ ਦੁੱਖ ਭਰੀ ਆਵਾਜ਼ ਵਿੱਚ ਆਪਣੇ ਮਨ ਦੀ ਹੂਕ ਨੂੰ ਪ੍ਰਗਟਾਇਆ । ਇਸ ਤਰ੍ਹਾਂ ਗੱਲਾਂ ਕਰਦੇ ਤੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਸਾਕੇ ਬਾਰੇ ਪੁੱਛਦੇ ਤੇ ਦੱਸਦੇ ਉਹ ਸਾਬੋ ਕੀ ਤਲਵੰਡੀ ਪਹੁੰਚ ਗਏ ।

ਸਾਬੋ ਕੀ ਤਲਵੰਡੀ ਬੜੀ ਥੋੜ੍ਹੀ ਜੇਹੀ ਵਸੋਂ ਸੀ ਪਰ ਆਸੇ ਪਾਸੇ ਦੂਰ ਤਕ ਖੇਤ ਤੇ ਸੋਹਣਾ ਹਰਿਆ ਵਾਤਾਵਰਣ ਸੀ । ਰੁੱਖਾਂ ਦੇ ਕਈ ਝੁੰਡ ਸਨ, ਕੱਖਾਂ ਕਾਨਿਆਂ ਦੇ ਛੱਪਰਾਂ ਵਰਗੇ ਇਕ ਪਾਸੇ ਘਰ ਸਨ । ਨਗਰ ਵਿੱਚ ਬਹੁਤੇ ਮਿੱਟੀ ਦੀਆਂ ਕੰਧਾਂ 'ਤੇ ਉਸਰੇ ਘਰ ਸਨ । ਕੋਈ ਟਾਵਾਂ ਟਾਵਾਂ ਪੱਕੀਆਂ ਇੱਟਾਂ ਦਾ ਮਕਾਨ ਸੀ । ਇਹਨਾਂ ਨੂੰ ਗੁਰੂ ਕਲਗੀਧਰ ਪਾਤਿਸ਼ਾਹ ਦਾ ਪਤਾ ਕਰਨ ਦੀ ਲੋੜ ਹੀ ਨਾ ਰਹੀ ਜਦੋਂ ਦੂਰੋਂ ਇਕ ਤਾਂ ਨਿਸ਼ਾਨ ਸਾਹਿਬ ਝੂਲਦਾ ਦਿਸ ਪਿਆ ਤੇ ਦੂਜਾ ਨਜ਼ਰੀਂ ਪਿਆ ਕਿ ਕਈ ਲੋਕੀ ਉਸ ਪਾਸੇ ਜਾ ਰਹੇ ਸਨ । ਗੁਰੂ ਸਾਹਿਬ ਦੇ ਨਿਵਾਸ ਅਸਥਾਨ ਤੋਂ ਕੁਝ ਫਾਸਲੇ 'ਤੇ ਬਰਛਾ ਲਈ ਖੜੇ ਇਕ ਨਿਹੰਗ ਸਿੰਘ ਨੇ ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫ਼ਤਹਿ ਬੁਲਾਈ । ਹਜ਼ਾਰਾ ਸਿੰਘ ਤੇ ਦੂਜੇ ਘੋੜੇ ਤੋਂ ਗੁਰਦੇਵ ਸਿੰਘ ਨੇ ਫ਼ਤਹਿ ਦਾ ਉੱਤਰ ਫ਼ਤਹਿ ਵਿੱਚ ਦਿੱਤਾ । ਨਿਹੰਗ ਸਿੰਘ ਨੇ ਕਿਹਾ, "ਖਾਲਸਾ ਜੀ ਘੋੜਿਆਂ ਤੋਂ ਉਤਰ ਆਉ । ਸਤਿਗੁਰਾਂ ਦੇ ਸਤਿਕਾਰ ਨਾਲ ਦਰਸ਼ਨ ਲਈ ਪੈਦਲ ਜਾਣਾ ਚਾਹੀਦਾ ਏ ।" ਫਿਰ ਉਹਨਾਂ ਆਪਣੇ ਸੱਜੇ ਹੱਥ ਵੱਲ ਇਸ਼ਾਰਾ ਕਰਕੇ ਸਮਝਾਇਆ ਕਿ ਘੋੜੇ ਉਸ ਪਾਸੇ ਬੰਨ੍ਹ ਆਉ । ਉਥੇ ਸੇਵਾਦਾਰ ਇਨਾਂ ਦੀ ਸੇਵਾ ਸੰਭਾਲ ਲਈ ਮੌਜੂਦ ਨੇ । ਤੁਸੀਂ ਇਸ਼ਨਾਨ ਪਾਣੀ ਕਰਕੇ ਤੇ ਲੰਗਰ ਛੱਕ ਕੇ ਗੁਰੂ ਮਹਾਰਾਜ ਦੇ ਦਰਸ਼ਨ ਕਰ ਸਕਦੇ ਹੋ । ਉਹ ਨਿਹੰਗ ਸਿੰਘ ਇਸ ਤਰ੍ਹਾਂ ਸਾਰਾ ਕੁਝ ਦੱਸਦਾ ਗਿਆ ਜਿਵੇਂ ਉਹ ਹਰ ਆਣ ਜਾਣ ਵਾਲੇ ਦੀ ਅਗਵਾਈ ਕਰ ਰਿਹਾ ਹੋਵੇ ਤੇ ਨਾਲੇ ਉਹ ਪਹਿਰਾ ਦੇ ਰਿਹਾ ਹੋਵੇ ਤੇ ਨਿਗਰਾਨੀ ਕਰ ਰਿਹਾ ਹੋਵੇ ।

ਹਜ਼ਾਰਾ ਸਿੰਘ ਦੇ ਮਨ ਵਿੱਚ ਇਹ ਸੋਚ ਆਉਂਦੀ ਸੀ ਕਿ ਕੁਝ ਨਿਰਾਸ਼ਾ ਤੇ ਕੁਝ ਕੁ ਢਹਿੰਦੀ ਕਲਾ ਦਾ ਅੰਸ਼ ਇਸ ਸਾਰੇ ਮਾਹੌਲ ਵਿੱਚ ਹੋਏਗਾ । ਇਕ ਪਾਸੇ ਆਨੰਦਪੁਰ ਛੱਡਣਾ ਦੂਜੇ ਪਾਸੇ ਜੰਗਾਂ ਯੁਧਾਂ ਦੀ ਤਬਾਹੀ, ਤੀਜੇ ਪਾਸੇ ਚਾਰੇ ਸਾਹਿਬਜ਼ਾਦਿਆਂ ਦਾ ਸ਼ਹੀਦ ਹੋਣਾ । ਕਿਹੋ ਜਿਹਾ ਮਾਨਸਿਕ ਤਨਾਓ ਦਾ ਵਾਤਵਰਣ ਹੋਏਗਾ, ਪਰ ਉਹਨਾਂ ਨੇ ਸਾਰੇ ਕੁਝ ਵਿੱਚ ਚੜ੍ਹਦੀ ਕਲਾ, ਉਤਸ਼ਾਹ ਤੇ ਸ਼ਾਂਤੀ ਦੇਖੀ। ਹਰ ਸਿੰਘ ਖਿੜੇ ਮਸਤਕ ਨਾਲ ਮੁਸਕ੍ਰਾਉਂਦਾ ਤੇ ਫ਼ਤਹਿ ਬੁਲਾਉਂਦਾ ਮਿਲਿਆ ।

ਦੀਵਾਨ ਸੱਜਿਆ ਹੋਇਆ ਸੀ ਤੇ ਕੀਰਤਨ ਚੱਲ ਰਿਹਾ ਸੀ । ਇਹ

ਚਾਰੇ ਸੰਗਤਾਂ ਵਿੱਚ ਜਾ ਬੈਠੇ ਤੇ ਗੁਰਬਾਣੀ ਦਾ ਰਸ ਭਿੰਨਾ ਕੀਰਤਨ ਸੁਣਨ ਪਿੱਛੋਂ ਦੀਵਾਨ ਦੀ ਸਮਾਪਤੀ ਹੋਈ ਤੇ ਕੜਾਹ ਪ੍ਰਸ਼ਾਦਿ ਵਰਤਾਇਆ ਗਿਆ । ਪਹਿਲੀ ਵਾਰ ਇਨ੍ਹਾਂ ਸਿੰਘਾਂ ਨੇ ਇਤਨਾ ਵੱਡਾ ਜਨ ਸਮੂੰਹ ਦਾ ਇਕੱਠ ਵੇਖਿਆ ਜਿਸ ਵਿੱਚ ਸੈਂਕੜੇ ਸਿੱਖ ਤੇ ਚੋਖੀ ਗਿਣਤੀ ਵਿੱਚ ਸਹਿਜਧਾਰੀ ਇਕੱਤਰਤ ਸਨ। ਦੀਵਾਨ ਤੋਂ ਪਿੱਛੋਂ ਇਹਨਾਂ ਕੁਝ ਮੁਸਲਮਾਨ ਵੀ ਵੇਖੇ ਜੋ ਪੂਰੀ ਸ਼ਰਧਾ ਤੇ ਸਤਿਕਾਰ ਨਾਲ ਸੰਗਤਾਂ ਵਿੱਚ ਸੇਵਾ ਦੇ ਕਾਰਜ ਕਰ ਰਹੇ ਸਨ ।

ਕਲਗੀਧਰ ਪਾਤਿਸ਼ਾਹ ਇਕ ਤੰਬੂ ਤੋਂ ਬਾਹਰ ਆਏ ਜਿਥੇ ਦਰਸ਼ਨ ਅਭਿਲਾਸ਼ੀ ਵੱਡੀ ਗਿਣਤੀ ਵਿੱਚ ਜੁੜੇ ਬੈਠੇ ਸਨ । ਪਹਿਲੀ ਵਾਰ ਤੇ ਨਵੇਂ ਆਏ ਸ਼ਰਧਾਲੂਆਂ ਦੀ ਜਾਣ ਪਛਾਣ ਸੇਵਾਦਾਰ ਕਰਵਾਂਦਿਆਂ ਨਾਮ ਤੇ ਇਲਾਕਾ ਦੱਸਦੇ ਜਾ ਰਹੇ ਸਨ । ਗੁਰੂ ਸਾਹਿਬ ਨੂੰ ਜਦ ਪਤਾ ਲੱਗਾ ਕਿ ਸਰਹੰਦ ਨੇੜਿਓਂ ਸਿੰਘ ਆਏ ਨੇ ਤਾਂ ਉਹਨਾਂ ਨੇ ਹਜ਼ਾਰਾ ਸਿੰਘ ਤੇ ਗੁਰਦੇਵ ਸਿੰਘ ਨੂੰ ਆਪਣੇ ਨੇੜੇ ਬਿਠਾ ਲਿਆ ਤੇ ਬਾਕੀ ਸੰਗਤਾਂ ਨਾਲ ਬਚਨ ਬਿਲਾਸ ਕਰਕੇ ਤੋਰ ਦਿੱਤਾ । ਫਿਰ ਇਹਨਾਂ ਨੂੰ ਪੁੱਛਿਆ ਕਿ ਉਹ ਕਿਸ ਤਰ੍ਹਾਂ ਆਏ ਨੇ । ਮਨ ਵਿੱਚ ਜੋ ਪ੍ਰਸ਼ਨ ਤੇ ਵਿਚਾਰ ਲਿਆਏ ਹੋ, ਉਸ ਬਾਰੇ ਦੱਸੋ । ਸਤਿਗੁਰਾਂ ਨੇ ਇਸ ਤਰ੍ਹਾਂ ਬਚਨ ਕੀਤਾ ਜਿਵੇਂ ਉਹ ਜਾਣੀ ਜਾਣ ਹੋਣ ਤੇ ਸਮਝਦੇ ਹੋਣ ਕਿ ਇਹਨਾਂ ਦੇ ਮਨ ਵਿੱਚ ਕੀ ਹੈ । ਹਜ਼ਾਰਾ ਸਿੰਘ ਨੇ ਹੱਥ ਜੋੜ ਕੇ ਬੜੇ ਸਤਿਕਾਰ ਨਾਲ ਅੱਖਾਂ ਸਤਿਗੁਰੂ ਦੇ ਚਰਣਾਂ ਵੱਲ ਟਿਕਾ ਕੇ ਬੇਨਤੀ ਕੀਤੀ, "ਸੱਚੇ ਪਾਤਿਸ਼ਾਹ ! ਤੁਸੀਂ ਅੰਤਰਜਾਮੀ ਹੋ, ਦਿਲਾਂ ਦੀ ਜਾਣਨ ਵਾਲੇ ਹੋ । ਅਸੀਂ ਅਨਪੜ੍ਹ ਉਜੱਡ ਤੇ ਪੱਛੜੇ ਇਲਾਕੇ ਦੇ ਬੰਦੇ ਹਾਂ । ਅਸੀਂ ਉਸ ਅਭਾਗੇ ਇਲਾਕੇ ਦੀ ਮਿੱਟੀ ਹਾਂ ਜਿਥੇ ਮਾਸੂਮ ਸਾਹਿਬਜ਼ਾਦਿਆਂ ਨੂੰ ਸ਼ਹੀਦ ਕਰ ਦਿੱਤਾ ਗਿਆ ਹੈ । ਸਾਡੇ ਤੋਂ ਇਹ ਜ਼ੁਲਮ ਹੋਣੋ ਪਹਿਲਾਂ ਤਾਂ ਰੋਕਿਆ ਨਹੀਂ ਜਾ ਸੱਕਿਆ ਤੇ ਫਿਰ ਅਸੀਂ ਨਵਾਬ ਤੋਂ ਇਹਦਾ ਬਦਲਾ ਨਹੀਂ ਲੈ ਸਕੇ ।"

"ਧਰਤੀ ਕੋਈ ਅਭਾਗੀ ਨਹੀਂ, ਇਸ ਲਈ ਆਪਣੇ ਆਪ ਨੂੰ ਸਰਹੰਦ ਇਲਾਕੇ ਦੇ ਵਸਨੀਕ ਹੋਣ ਕਰਕੇ ਅਭਾਗੇ ਨਾ ਸਮਝੋ । ਅਭਾਗੇ ਉਹ ਲੋਕ ਹਨ ਜਿਨ੍ਹਾਂ ਇਹ ਅਤਿਆਚਾਰ ਕੀਤਾ ਤੇ ਕਰਵਾਇਆ ਹੈ ।" ਕਲਗੀਧਰ ਪਾਤਿਸ਼ਾਹ ਨੇ ਫੁਰਮਾਇਆ, "ਚੜ੍ਹਦੀ ਕਲਾ ਵਿੱਚ ਰਹਿ ਕੇ ਅਕਾਲ ਪੁਰਖ ਦਾ ਭਾਣਾ ਮੰਨਣਾ ਚਾਹੀਦਾ ਹੈ । ਇਸ ਗੱਲ 'ਤੇ ਸਾਰਿਆਂ ਨੂੰ ਪ੍ਰਸੰਨਤਾ ਤੇ ਸੰਤੁਸ਼ਟਤਾ ਹੋਣੀ ਚਾਹੀਦੀ ਏ ਕਿ ਜ਼ੋਰਾਵਰ ਸਿੰਘ ਤੇ ਫਤਹ ਸਿੰਘ ਨਾ ਕਿਸੇ ਲਾਲਚ ਵਿੱਚ ਫੱਸੇ ਤੇ ਨਾ ਮੌਤ ਦਾ ਭੈਅ ਉਹਨਾਂ ਅੰਦਰ ਕੋਈ ਕਮਜ਼ੋਰੀ ਲਿਆ ਸੱਕਿਆ । ਉਹਨਾਂ ਬਾਲ ਅਵੱਸਥਾ ਵਿੱਚ ਜਿਵੇਂ ਚੜ੍ਹਦੀ ਕਲਾ ਨਾਲ ਕੁਰਬਾਨੀ ਦਿੱਤੀ, ਉਹ ਖਾਲਸਾ ਪੰਥ ਦੇ ਮਹੱਲ ਦੀ ਉਸਾਰੀ ਵਿੱਚ ਪੱਕੀਆਂ ਨੀਹਾਂ ਬਣ ਗਈਆਂ ।"

"ਅਸੀਂ ਕਈ ਵਾਰ ਨਵਾਬ ਸਰਹੰਦ ਨੂੰ ਕਤਲ ਕਰਨ ਦਾ ਯਤਨ ਕੀਤਾ ਏ। ਕਈ ਭੇਸ ਬਦਲ ਕੇ ਉਹਦੇ ਤਕ ਪਹੁੰਚੇ ਹਾਂ ਪਰ ਉਹ ਮਰਿਆ ਨਹੀਂ। ਅਸੀਂ ਚਾਹੁੰਦੇ ਸਾਂ ਕਿ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਬਦਲਾ ਲੈ ਕੇ ਫਿਰ ਤੁਹਾਡੇ ਦਰਸ਼ਨਾਂ ਨੂੰ ਆਈਏ। ਹਜ਼ਾਰਾ ਸਿੰਘ ਨੇ ਕਿਹਾ, "ਅਸੀਂ ਉਸ ਕਾਜ਼ੀ ਨੂੰ ਤਾਂ ਮਾਰ ਮੁਕਾਇਆ ਏ ਪਰ ਅਜੇ ਨਵਾਬ ਤੇ ਸੁੱਚਾ ਨੰਦ ਸਾਡੇ ਕਾਬੂ ਨਹੀਂ ਆਏ। ਹੁਣ ਅਸੀਂ ਤੁਹਾਡਾ ਆਸ਼ੀਰਵਾਦ ਲੈਣ ਆਏ ਹਾਂ। ਜਿਵੇਂ ਆਗਿਆ ਹੋਵੇ।"

"ਪਾਪੀ ਦੇ ਮਾਰਨੇ ਨੂੰ ਪਾਪ ਮਹਾਂਬਲੀ ਹੈ, ਪਾਪਾਂ ਦੀ ਬੇੜੀ ਭਰ ਕੇ ਅਵੱਸ਼ ਡੁੱਬਦੀ ਏ", ਸਤਿਗੁਰਾਂ ਨੇ ਫੁਰਮਾਇਆ, "ਗੁੱਸੇ ਤੇ ਬਦਲੇ ਦੀ ਭਾਵਨਾ ਵਿੱਚ ਕਾਹਲੀ ਨਾਲ ਕੀਤਾ ਹੋਇਆ ਕੰਮ ਸਫਲ ਨਹੀਂ ਹੁੰਦਾ। ਸ਼ਾਂਤੀ ਨਾਲ ਵਿਚਾਰ ਕੇ ਠੀਕ ਨਿਰਣਾ ਕੀਤਾ ਜਾ ਸਕਦਾ ਹੈ। ਅਜੇ ਨਵਾਬ ਤੇ ਉਸਦੇ ਸਾਥੀਆਂ ਨੂੰ ਕੀਤੇ ਕੁਕਰਮਾਂ ਦਾ ਫਲ ਭੋਗਣ ਵਿੱਚ ਸਮਾਂ ਲੱਗੇਗਾ। ਅਜੇ ਸਾਡੇ ਤੁਹਾਡੇ ਸਬਰ ਦਾ ਇਮਤਿਹਾਨ ਏ। ਅਕਾਲ ਪੁਰਖ ਉੱਪਰ ਪੱਕਾ ਭਰੋਸਾ ਰੱਖਣ ਦਾ ਵਕਤ ਏ। ਉਹ ਭਲੀ ਕਰੇਗਾ।"

"ਪਰ ਸਾਡੀ ਇਕ ਸਮੱਸਿਆ ਏ ਕਿ ਅਸੀਂ ਘਰਾਂ ਤੋਂ ਇਹ ਪ੍ਰਣ ਕਰਕੇ ਤੁਰੇ ਸਾਂ ਕਿ ਨਵਾਬ ਨੂੰ ਮਾਰਾਂਗੇ ਤਾਂ ਘਰ ਮੁੜਾਂਗੇ ਜਾਂ ਆਪ ਸ਼ਹੀਦ ਹੋ ਜਾਵਾਂਗੇ। ਹੁਣ ਅਸੀਂ ਕਿਹੜੇ ਮੂੰਹ ਨਾਲ ਆਪਣੇ ਪਰਿਵਾਰਾਂ ਸਾਹਮਣੇ ਜਾਈਏ।" ਹਜ਼ਾਰਾ ਸਿੰਘ ਨੇ ਆਪਣੀ ਅਸਲੀ ਸਮੱਸਿਆ ਬਿਆਨ ਕੀਤੀ ਅਤੇ ਇਸਦੀ ਰੌਸ਼ਨੀ ਵਿੱਚ ਕਲਗੀਧਰ ਪਾਤਿਸ਼ਾਹ ਨੂੰ ਮਾਰਗ ਦਰਸ਼ਨ ਕਰਨ ਦੀ ਬੇਨਤੀ ਕੀਤੀ।

"ਗੁੱਸੇ ਤੇ ਜੋਸ਼ ਵਿੱਚ ਕੀਤੇ ਅਜਿਹੇ ਪ੍ਰਣ ਬਹੁਤੀ ਵਾਰੀ ਮਸਲੇ ਨੂੰ ਗੁੰਝਲਦਾਰ ਬਣਾ ਦਿੰਦੇ ਨੇ। ਉਸ ਵੇਲੇ ਮਨੁੱਖ ਦੂਰ ਦ੍ਰਿਸ਼ਟੀ ਨਾਲ ਇਹ ਸੋਚਣ ਦੇ ਸਮਰਥ ਨਹੀਂ ਹੁੰਦਾ ਕਿ ਸਾਡੇ ਪਾਸ ਪ੍ਰਣ ਪੂਰਾ ਕਰਨ ਲਈ ਸਾਧਨ ਤੇ ਵਸੀਲੇ ਵੀ ਹਨ ਕਿ ਨਹੀਂ", ਗੁਰੂ ਗੋਬਿੰਦ ਸਿੰਘ ਜੀ ਨੇ ਫੁਰਮਾਇਆ, "ਤੁਹਾਡਾ ਪ੍ਰਣ ਪੂਰਾ ਹੋਏਗਾ ਤੇ ਤੁਸੀਂ ਆਪਣੇ ਘਰ ਕਾਮਯਾਬ ਹੋ ਕੇ ਜਾਓਗੇ। ਇਹ ਅਕਾਲ ਪੁਰਖ ਜਾਣਦਾ ਹੈ ਕਿ ਤੁਹਾਡੀ ਸਫਲਤਾ ਦੀ ਘੜੀ ਕਦੋਂ ਆਏਗੀ।"

"ਪਾਤਿਸ਼ਾਹ ! ਸਾਡੇ ਵਾਂਗ ਹੋਰ ਕਈ ਗੁਰੂ ਘਰ ਦੇ ਪ੍ਰੇਮੀ ਉਪਰਾਲੇ ਕਰ ਰਹੇ ਨੇ। ਕੁਝ ਦਿਨ ਹੋਏ ਨਵਾਬ ਸਰਹੰਦ ਦਿਲੀਓਂ ਮੁੜਦਾ ਜਦ ਰਾਤ ਸ਼ਾਹਬਾਦ ਰੁਕਿਆ ਤਾਂ ਉਥੇ ਕਿਸੇ ਨੇ (ਇੱਟ) ਪੱਥਰ ਮਾਰ ਕੇ ਉਹਨੂੰ ਫੱਟੜ

ਕਰ ਦਿੱਤਾ । ਜੇ ਹਮਲਾ ਕਰਨ ਵਾਲੇ ਪਾਸ ਹਥਿਆਰ ਹੁੰਦੇ ਤਾਂ ਜਾਨੋਂ ਮਾਰ ਸਕਦਾ ਸੀ ।" ਗੁਰਦੇਵ ਸਿੰਘ ਨੇ ਗੁਰੂ ਸਾਹਿਬ ਨੂੰ ਸ਼ਾਹਬਾਦ ਵਾਲੀ ਘਟਨਾ ਦੱਸ ਕੇ ਫਿਰ ਬੇਨਤੀ ਕੀਤੀ, "ਸਾਡੇ ਲਈ ਹੁਣ ਕੀ ਹੁਕਮ ਹੈ ? ਤੁਹਾਡਾ ਬਚਨ ਪੂਰਾ ਹੋਣ ਤਕ ਸਾਨੂੰ ਕੀ ਕਰਨਾ ਚਾਹੀਦੈ ?"

"ਤੁਸੀਂ ਇਥੇ ਸਾਡੇ ਪਾਸ ਹੀ ਠਹਿਰੋ । ਸਮਾਂ ਆਉਣ 'ਤੇ ਅਗਲੀ ਕ਼ਾਰਵਾਈ ਕਰਾਂਗੇ । ਸਿੰਘਾਂ ਨੂੰ ਭਵਿੱਖ ਦੇ ਕਾਰਜ ਲਈ ਆਪਣੇ ਅੰਦਰ ਯੋਗਤਾ ਪੈਦਾ ਕਰਨੀ ਚਾਹੀਦੀ ਏ ।" ਇਸ ਤਰ੍ਹਾਂ ਬੜੇ ਵਿਚਾਰ ਵਟਾਂਦਰੇ ਪਿੱਛੋਂ ਹਜ਼ਾਰਾ ਸਿੰਘ ਤੇ ਗੁਰਦੇਵ ਸਿੰਘ ਨੂੰ ਸਾਬੋ ਕੀ ਤਲਵੰਡੀ ਹੀ ਉਹਨਾਂ ਸਿੰਘਾਂ ਵਿੱਚ ਸ਼ਾਮਲ ਕਰ ਲਿਆ ਗਿਆ ਜੋ ਫੌਜੀ ਢੰਗ ਨਾਲ ਸਿਖਲਾਈ ਪ੍ਰਾਪਤ ਕਾਰਨ ਵਾਲੇ ਜੱਥੇ ਸਨ । ਦੋਹਾਂ ਦਾ ਵਿਸ਼ਵਾਸ ਪੱਕਾ ਹੋ ਗਿਆ ਕਿ ਸਤਿਗੁਰਾਂ ਦੇ ਦੋਵੇਂ ਬਚਨ ਪੂਰੇ ਹੋਣਗੇ ਤੇ ਨਵਾਬ ਦੀ ਮੌਤ ਪਿੱਛੋਂ ਉਹ ਆਪਣੇ ਘਰ ਪਰਿਵਾਰ ਵਿੱਚ ਸਫਲਤਾ ਸਹਿਤ ਮੁੜਨਗੇ ।

●●●

ਕਾਂਡ-34

ਸੋਹਣੇ ਸ਼ਾਹ ਇਕ ਦਿਨ ਬੈਠਾ ਗੁਰਦੇਵ ਸਿੰਘ ਨੂੰ ਯਾਦ ਕਰਨ ਲੱਗ ਪਿਆ ਕਿ ਉਹ ਆਉਂਦਾ ਸੀ ਤੇ ਆਸੇ ਪਾਸੇ ਦੀਆਂ ਕਈ ਖਬਰਾਂ ਦੀ ਕੰਨਸੋ ਉਹਦੇ ਤੋਂ ਮਿਲ ਜਾਂਦੀ ਸੀ । ਹਜ਼ਾਰਾ ਸਿੰਘ ਦੇ ਸੰਗ ਰਲ ਜਾਣ ਨਾਲ ਸਰਹੰਦ ਦੇ ਸਮਾਚਾਰ ਵੀ ਆ ਜਾਂਦੇ ਸਨ । ਹੁਣ ਜਦੋਂ ਦੇ ਉਹ ਦੋਵੇਂ ਮਾਲਵੇ ਵੱਲ ਦੂਰ ਚਲੇ ਗਏ ਨੇ, ਸੋਹਣੇ ਸਾਹ ਕੋਲ ਕੋਈ ਅਜਿਹਾ ਵਿਅਕਤੀ ਨਹੀਂ ਸੀ ਆਉਂਦਾ ਜਿਸ ਨਾਲ ਉਹ ਵੀ ਦਿਲ ਖੋਲ੍ਹ ਕੇ ਗੱਲਾਂ ਕਰ ਸਕੇ । ਕਈ ਦਿਨ ਦੇ ਘਰ ਦਾ ਕੰਮ ਕਾਜਾਂ, ਖੇਤੀ ਤੇ ਵਪਾਰ ਦੇ ਰੁਝੇਵਿਆਂ ਸਦਕਾ ਉਹਨੂੰ ਚੇਤੇ ਹੀ ਨਾ ਆਇਆ ਕਿ ਉਹਨੇ ਸਿੰਘਾਂ ਦੇ ਘਰ ਪਰਿਵਾਰ ਦੀ ਸਾਰ ਲੈਣੀ ਏ । ਪਰ ਅੱਜ ਜਦੋਂ ਉਹਨਾਂ ਦੀ ਯਾਦ ਆਈ ਤਾਂ ਉਹ ਆਪਣੇ ਆਪ ਨੂੰ ਲਾਹਨਤਾਂ ਪਾਉਣ ਲੱਗ ਪਿਆ ਕਿ ਉਹਨੇ ਆਪਣਾ ਫਰਜ਼ ਨਹੀਂ ਨਿਭਾਇਆ । ਇਸ ਵਿਚਾਰ ਨੇ ਮਨ ਨੂੰ ਇਤਨਾ ਉਲਾਰ ਕਰ ਦਿੱਤਾ ਕਿ ਉਹ ਆਪਣੇ ਨੌਕਰ ਨੂੰ ਖੇਤੀ ਦਾ ਕੰਮ ਸੌਂਪ ਕੇ ਉਸੇ ਵੇਲੇ ਤੁਰ ਪਿਆ ।

ਪਹਿਲਾਂ ਉਹ ਗੁਰਦੇਵ ਸਿੰਘ ਦੇ ਪਿੰਡ ਗਿਆ । ਪੁੱਛਦਾ ਪੁਛਾਂਦਾਂ ਤੇ ਕੁਝ ਔਖੇ ਹੋ ਕੇ ਉਹਨੂੰ ਘਰ ਲੱਭਾ ਕਿਉਂਕਿ ਜਿਹੜਾ ਘਰ ਉਹ ਜਾਣਦਾ ਸੀ, ਉਹ ਉਸ ਪਰਿਵਾਰ ਨੇ ਬਦਲ ਲਿਆ ਸੀ । ਪਹਿਲਾਂ ਤਾਂ ਗੁਰਦੇਵ ਸਿੰਘ ਦੀ ਪਤਨੀ ਨੇ ਉਹਨੂੰ ਪਛਾਣਿਆਂ ਹੀ ਨਾ ਪਰ ਜਦੋਂ ਉਹਨੇ ਆਪਣਾ ਨਾਮ ਦੱਸਿਆ ਤਾਂ ਉਹ ਸਮਝ ਗਈ। ਗੁਰਦੇਵ ਸਿੰਘ ਕਈ ਵਾਰ ਸੋਹਣੇ ਸ਼ਾਹ ਦਾ ਚਰਚਾ ਘਰ ਵਿੱਚ ਕੀਤਾ ਕਰਦਾ ਸੀ । ਫਿਰ ਉਹਨੇ ਲੱਸੀ ਪਾਣੀ ਲਿਆਉਣ ਤੋਂ ਪਹਿਲਾਂ ਹੀ ਸੋਹਣੇ ਸਾਹ ਨੂੰ ਪੁੱਛ ਲਿਆ, "ਸੁਖ ਸਾਂਦ ਏ ਨਾ ! ਉਹ ਜਿਹੜੇ ਕੰਮ ਗਏ ਸਨ, ਹੋ ਗਿਆ ਨੇ ਕਿ ਨਹੀਂ ।" ਇਹਨਾਂ ਪ੍ਰਸ਼ਨਾਂ ਦਾ ਉੱਤਰ ਮਿਲਣ ਤੋਂ ਪਹਿਲਾਂ ਹੀ ਉਹਨੇ ਇਕ ਹੋਰ ਸਵਾਲ ਕਰ ਦਿੱਤਾ, "ਉਹ ਕਦੋਂ ਕੁ ਘਰ ਮੁੜਨਗੇ ?" ਸੋਹਣੇ ਸ਼ਾਹ ਉਹਦੇ ਤੌਖਲੇ ਤੇ ਦਿੱਲ ਦੀ ਧੜਕਨ ਦਾ ਅਨੁਮਾਨ ਲਾ ਸਕਦਾ ਸੀ। ਇਸ ਲਈ ਉਹਨੂੰ ਹੈਰਾਨੀ ਨਾ ਹੋਈ ਕਿ ਇਹ ਦੂਰੋਂ ਚੱਲ ਕੇ ਆਏ ਬੰਦੇ ਦੀ ਰੋਟੀ ਪਾਣੀ ਦੀ ਸੇਵਾ ਕੀਤੇ ਬਿਨਾਂ ਹੀ ਫੇਰ ਸੁਆਲਾਂ ਦੇ ਉੱਤਰ ਮੰਗ ਰਹੀ ਏ।

ਸੋਹਣੇ ਸ਼ਾਹ ਨੇ ਥੋੜ੍ਹੇ ਸ਼ਬਦਾਂ ਵਿੱਚ ਸਾਰੀ ਗੱਲ ਸਮਝਾ ਦਿੱਤੀ ਕਿ ਸਭ ਸੁਖ ਸਾਂਦ ਏ । ਅਜੇ ਉਹਨਾਂ ਦਾ ਕੰਮ ਪੂਰਾ ਨਹੀਂ ਹੋਇਆ। ਜਦੋਂ ਹੋ ਗਿਆ ਤਾਂ ਉਹ ਮੈਦਾਨ ਮਾਰ ਕੇ ਘਰ ਮੁੜਨਗੇ । ਅੱਜ ਕੱਲ ਉਹ ਦੂਰ ਮਾਲਵੇ ਵਿੱਚ ਗੁਰੂ ਜੀ ਦੇ ਦਰਸ਼ਨ ਪਰਸਨ ਕਰਨ ਗਏ ਨੇ । ਜਿਵੇਂ ਗੁਰੂ ਜੀ ਹੁਕਮ ਕਰਨਗੇ ਉਹ ਉਸੇ ਤਰ੍ਹਾਂ ਅੱਗੋਂ ਸੇਵਾ ਨਿਭਾਉਣਗੇ ।"

"ਹੈਂ ! ਉਹ ਇਕੱਲੇ ਤੁਰੇ ਫਿਰਦੇ ਨੇ ।" ਗੁਰਦੇਵ ਸਿੰਘ ਦੀ ਪਤਨੀ ਨੇ ਬੜੀ ਹੈਰਾਨੀ ਨਾਲ ਪੁੱਛਿਆ, "ਲੁਕ ਛਿਪ ਕੇ ਰਹਿੰਦਿਆਂ ਕੀ ਉਹਨਾਂ ਦਾ ਜੀ ਲੱਗਾ ਹੋਇਆ ਏ । ਕਦੇ ਉਹ ਸਾਨੂੰ ਵੀ ਯਾਦ ਕਰਦੇ ਨੇ । ਆਪਣੀ ਧੁਨ ਵਿੱਚ ਲੱਗਿਆਂ ਨੂੰ ਕੀ ਪਿੱਛੇ ਪਰਿਵਾਰ ਦਾ ਵੀ ਕਦੇ ਚੇਤਾ ਆਇਆ ਏ ।"

"ਉਹ ਇਕੱਲਾ ਨਹੀਂ । ਉਹਦੇ ਵਰਗਾ ਇਕ ਹੋਰ ਉਹਦੇ ਨਾਲ ਏ । ਦਿਨ ਰਾਤ ਉਹ ਇਕੱਠੇ ਤੁਰੇ ਫਿਰਦੇ ਨੇ । ਦੋਵੇਂ ਇਕੋ ਜਿਹੇ ਜਜ਼ਬਾਤੀ ਨੇ, "ਮੇਰੇ ਕੋਲ ਕਦੇ ਕਦਾਈਂ ਆ ਜਾਂਦੇ ਸਨ ਤੇ ਹੁਣ ਦੂਰ ਜਾਣ ਲੱਗਿਆਂ ਇਹ ਕੰਮ ਮੇਰੇ ਸਪੁਰਦ ਕਰ ਗਏ ਨੇ ਕਿ ਮੈਂ ਤੁਹਾਨੂੰ ਮਿਲ ਕੇ, ਤੁਹਾਡੀਆਂ ਲੋੜਾਂ ਪੂਰੀਆਂ ਕਰਾਂ ਤੇ ਕਦੇ ਕਦਾਈਂ ਤੁਹਾਡੀ ਸੁਖ ਸਾਂਦ ਦਾ ਪਤਾ ਕਰਦਾ ਰਹਾਂ," ਸੋਹਣੇ ਸ਼ਾਹ ਨੇ ਕਿਹਾ, "ਤੁਸੀਂ ਆਪੇ ਇਸ ਤੋਂ ਅੰਦਾਜ਼ਾ ਲਓ ਕਿ ਉਹਨਾਂ ਨੂੰ ਪਿੱਛੇ ਆਪਣਾ ਬਾਗ ਪਰਿਵਾਰ ਚੇਤੇ ਹੈ ਤੇ ਤੁਹਾਡੇ ਪ੍ਰਤੀ ਉਹ ਆਪਣਾ ਫਰਜ਼ ਸਮਝਦੇ ਹਨ । ਤੁਸੀਂ ਆਪਣੀ ਲੋੜ ਦੱਸੋ ਜੋ ਮੈਂ ਪੂਰੀ ਕਰ ਸਕਦਾ ਹਾਂ, ਕਰਾਂਗਾ ਤੇ ਜੇ ਕੋਈ ਸੁਖ ਸੁਨੇਹਾ ਉਹਨਾਂ ਤਕ ਪਹੁੰਚਾਣਾ ਏ ਤਾਂ ਮੈਂ ਉਸ ਲਈ ਵੀ ਉਨ੍ਹਾਂ ਪਿੱਛੇ ਜਾਣ ਨੂੰ ਤਿਆਰ ਹਾਂ ।"

"ਇਕ ਤਾਂ ਉਹਨਾਂ ਨੂੰ ਦੱਸ ਭੇਜੋ ਕਿ ਉਹਨਾਂ ਦੀ ਬਿਰਧ ਮਾਤਾ ਪਿਛਲੇ ਛਨੀਵਾਰ ਚਲਾਣਾ ਕਰ ਗਈ ਏ । ਅਗਲੇ ਹਫਤੇ ਕਿਰਿਆ ਏ, ਜੇ ਉਹ ਆ ਸਕਦੇ ਹੋਣ ਤਾਂ ਆ ਜਾਣ ।" ਗੁਰਦੇਵ ਸਿੰਘ ਦੀ ਪਤਨੀ ਰਤਨ ਕੌਰ ਨੇ ਦੱਸਿਆ, "ਇਲਾਕੇ ਦੇ ਮੁਗਲ ਹਾਕਮ ਪਿੰਡਾਂ ਵਿੱਚ ਹਰਲ ਹਰਲ ਕਰਦੇ ਫਿਰਦੇ ਨੇ । ਧਮਕੀਆਂ ਦੇਂਦੇ ਫਿਰਦੇ ਨੇ ਤੇ ਸਿੰਘਾਂ ਦੇ ਪਰਿਵਾਰ ਦਾ ਪਤਾ ਲਾਉਂਦੇ ਫਿਰਦੇ ਨੇ । ਅੱਜ ਤਕ ਤਾਂ ਕਿਸੇ ਨੇ ਸਾਡੀ ਸ਼ਿਕਾਇਤ ਨਹੀਂ ਕੀਤੀ, ਕੱਲ ਦਾ ਪਤਾ ਨਹੀਂ । ਲੋਕੀਂ ਡਰਾਉਂਦੇ ਨੇ ਤੇ ਤਰ੍ਹਾਂ ਤਰ੍ਹਾਂ ਦੀਆਂ ਅਫਵਾਹਾਂ ਫੈਲਾਉਂਦੇ ਨੇ ।"

"ਹਾਕਮਾਂ ਕੋਲੋਂ ਹੋਰ ਆਸ ਹੀ ਕੀ ਏ । ਜ਼ੁਲਮ ਉਹਨਾਂ ਦੇ ਦਿਲ ਦਿਮਾਗ ਨੂੰ ਅਜਿਹਾ ਚੜ੍ਹਿਆ ਏ ਕਿ ਉਹ ਸਿੱਖਾਂ ਦਾ ਖੁਰਾ ਖੋਜ ਮਿਟਾ ਦੇਣਾ ਚਾਹੁੰਦੇ ਨੇ । ਉਹ ਭਾਵੇਂ ਮੁੱਕ ਮਰ ਜਾਣ ਪਰ ਸਿੱਖਾਂ ਨੂੰ ਖਤਮ ਨਹੀਂ ਕਰ

ਸਕਦੇ । ਤੁਹਾਡੇ ਪਰਿਵਾਰ ਦੀਆਂ ਗੱਲਾਂ ਮੈਂ ਉਹਨਾਂ ਨੂੰ ਦੱਸ ਦਿਆਂਗਾ ਤੇ ਤੁਸੀਂ ਨਿਸ਼ੰਗ ਜਿਹੜੀ ਸੇਵਾ ਯੋਗ ਸਮਝੋ, ਮੈਨੂੰ ਹੁਕਮ ਕਰ ਸਕਦੇ ਹੋ । ਗੱਲ ਬਾਤ ਵਿੱਚ ਰਤਨ ਕੌਰ ਨੇ ਇਕ ਦੋ ਚੌਧਰੀਆਂ ਦਾ ਨਾਮ ਲਿਆ ਜੋ ਕਮੀਨੇ ਬੰਦੇ ਨੇ ਤੇ ਪਤਾ ਨਹੀਂ ਉਹਨਾਂ ਬਾਰੇ ਉਹ ਕਦੋਂ ਜਾ ਹਾਕਮਾਂ ਨੂੰ ਕੁਝ ਦੱਸ ਕੇ ਸਾਡੇ ਜੀਵਨ ਵਿੱਚ ਵਿਸ ਘੋਲਣ ਦਾ ਯਤਨ ਕਰਨ ਅਜੇ ਤਕ ਤਾਂ ਬਚੇ ਹੋਏ ਹਾਂ । ਰਤਨ ਕੌਰ ਨੇ ਬੜੀ ਸਹਿਜ ਤੇ ਸ਼ਾਂਤੀ ਨਾਲ ਗੱਲ ਬਾਤ ਵਿੱਚ ਬੜੀ ਦ੍ਰਿੜ੍ਹਤਾ ਦਿਖਾਈ । ਇਸ ਤਰ੍ਹਾਂ ਝੱਟ ਗੱਲਾਂ ਕਰਕੇ ਫਿਰ ਰਤਨ ਕੌਰ ਉਠ ਖਲੋਤੀ ਤੇ ਖਿਮਾਂ ਯਾਚਨਾ ਦੇ ਕੁਝ ਸ਼ਬਦ ਕਹਿ ਕੇ ਅੰਦਰ ਚਲੀ ਗਈ ਤੇ ਖਾਣ ਪੀਣ ਦਾ ਕੁਝ ਸਾਮਾਨ ਲਿਆ ਕੇ ਸੋਹਣੇ ਸ਼ਾਹ ਦੀ ਚੰਗੀ ਸੇਵਾ ਕੀਤੀ । ਜਦੋਂ ਤੁਰਨ ਲੱਗਾ ਤਾਂ ਰਤਨ ਕੌਰ ਨੇ ਕਿਹਾ, "ਫਿਰ ਕਦੋਂ ਆਉਗੇ, ਅੱਜ ਤੁਹਾਡੇ ਆਉਣ ਨਾਲ ਸਾਨੂੰ ਇਉਂ ਲੱਗਦਾ ਏ ਜਿਵੇਂ ਅਸੀਂ ਉਹਨਾਂ ਨੂੰ ਅੱਧਾ ਪਚੱਧਾ ਮਿਲ ਹੀ ਲਿਆ ਏ । ਉਹਨਾਂ ਦੀ ਸੁਖ ਸਾਂਦ ਦਾ ਪਤਾ ਲੱਗਣਾ, ਸਾਡੇ ਲਈ ਬੜੀ ਖੁਸ਼ੀ ਦੀ ਗੱਲ ਏ ।"

ਸੋਹਣੇ ਸ਼ਾਹ ਇਥੋਂ ਵਿਦਾ ਹੋ ਕੇ ਫਿਰ ਹਜ਼ਾਰਾ ਸਿੰਘ ਦੇ ਪਿੰਡ ਪਹੁੰਚਿਆ, ਇਥੇ ਉਹਦਾ ਕੋਈ ਵੀ ਜਾਣਕਾਰ ਨਹੀਂ ਸੀ । ਉਹਨੂੰ ਹਜ਼ਾਰਾ ਸਿੰਘ ਦੇ ਪਰਿਵਾਰ ਵਿੱਚੋਂ ਕੋਈ ਨਹੀਂ ਸੀ ਜਾਣਦਾ । ਗੁਰਦੇਵ ਸਿੰਘ ਤਾਂ ਉਸਦਾ ਪੁਰਾਣਾ ਵਾਕਿਫ ਸੀ ਤੇ ਉਹਦੇ ਘਰ ਵਿੱਚ ਕਦੇ ਨਾ ਕਦੇ ਇਹਦਾ ਚਰਚਾ ਹੁੰਦਾ ਹੀ ਰਹਿੰਦਾ ਸੀ । ਪਰ ਜਦੋ ਦਾ ਇਹ ਹਜ਼ਾਰਾ ਸਿੰਘ ਨੂੰ ਮਿਲਿਆ ਉਸ ਤੋਂ ਪਿੱਛੋਂ ਹਜ਼ਾਰਾ ਸਿੰਘ ਅਜੇ ਤਕ ਆਪਣੇ ਘਰ ਨਹੀਂ ਸੀ ਮੁੜਿਆ । ਇਸ ਲਈ ਪਿੰਡ ਵੜਦਿਆਂ ਉਹਨੂੰ ਸਾਹਮਣੇ ਇਕ ਚੁਰਾਹੇ ਵਿੱਚ ਵੱਡੇ ਸਾਰੇ ਪਿੱਪਲ ਦੇ ਹੇਠ ਥੜੇ 'ਤੇ ਕੁਝ ਬੰਦੇ ਦਿਸੇ, ਉਹ ਕੁਝ ਸਾਹ ਲੈਣ ਲਈ ਉਥੇ ਰੁਕ ਗਿਆ। ਪਿੰਡ ਦੇ ਲੋਕਾਂ ਨੇ ਵੀ ਰਾਹ ਗੁਜਰੂ ਮੁਸਾਫਿਰ ਸਮਝ ਕੇ ਉਹਨੂੰ ਜੀ ਆਇਆਂ ਆਖਿਆ । ਕਿਸੇ ਲੱਸੀ ਪਾਣੀ ਪੁੱਛਿਆ ਤੇ ਕਿਸੇ ਨੇ ਰੋਟੀ ਦਾ ਭਲ ਭੁਆਇਆ। ਕਿਥੋਂ ਆਏ ਹੋ ਤੇ ਕਿੱਧਰ ਚੱਲੇ ਹੋ ਦੇ ਸਵਾਲ ਵੀ ਹੋਏ । ਉਹ ਹਜ਼ਾਰਾ ਸਿੰਘ ਦੇ ਘਰ ਬਾਰੇ ਪੁੱਛਣਾ ਚਾਹੁੰਦਾ ਸੀ ਪਰ ਝੱਕ ਗਿਆ । ਝੱਟ ਪਿੱਛੋਂ ਉਹਨੇ ਕਿਸੇ ਹੱਟਵਾਣੀਏਂ ਦੀ ਹੱਟੀ ਬਾਰੇ ਪੁੱਛਿਆ ਤਾਂ ਇਕ ਗਭਰੂ ਬੋਲਿਆ ਕਿ ਪਿੰਡ ਵਿੱਚ ਲੱਧੇ ਦੀ ਇਕੋ ਇਕ ਹੱਟੀ ਏ ਜੋ ਇਸ ਗਲੀ ਦੇ ਅਗਲੇ ਮੋੜ 'ਤੇ ਖੱਬੇ ਹੱਥ ਏ । ਸੋਹਣੇ ਸ਼ਾਹ ਲੱਧੇ ਦੀ ਹੱਟੀ 'ਤੇ ਪਹੁੰਚ ਗਿਆ । ਪਹਿਲਾਂ ਤਾਂ ਘੋੜੇ ਲਈ ਕੁਝ ਦਾਣਾ ਲਿਆ ਜੋ ਘੋੜੇ ਨੂੰ ਉਸੇ ਵੇਲੇ ਖਾਣ ਦੇ ਆਹਰੇ ਲਾ ਕੇ ਲੱਧੇ ਦੇ ਕੋਲ ਆ ਬੈਠਾ । ਇਧਰ ਉਧਰ ਦੀਆਂ ਦੋ ਚਾਰ ਗੱਲਾਂ ਕਰਕੇ ਫਿਰ ਉਹਨੇ ਪੁੱਛਿਆ, "ਪਿੰਡਾਂ ਵਿੱਚ ਅੱਜ ਕੱਲ ਸਿੱਖਾਂ ਦਾ ਬੜਾ ਰੌਲਾ ਏ । ਸਿਰ ਧੜ ਦੀ ਬਾਜ਼ੀ ਲਾਈ ਬੈਠੇ ਨੇ ਉਹ, ਕੀ ਤੁਹਾਡੇ ਪਿੰਡ ਵਿੱਚ ਵੀ ਕੋਈ ਸਿੱਖਾਂ

ਦੇ ਘਰ ਨੇ ?

"ਹੁਣ ਤੇ ਕੋਈ ਨਹੀਂ," ਲੱਧੇ ਸ਼ਾਹ ਨੇ ਦੱਸਿਆ, "ਇਕ ਸਿੱਖ ਸੀ ਕੁਝ ਚਿਰ ਹੋਇਆ ਏ ਉਹ ਵੀ ਕਿਧਰੇ ਤੁਰ ਗਿਆ ਏ । ਅੱਜ ਕੱਲ ਸਿੱਖ ਬਣਨਾ ਕਿਹੜਾ ਸੌਖਾ ਏ ।"

"ਉਹਦਾ ਟੱਬਰ ਵੀ ਪਿੰਡ ਛੱਡ ਗਿਆ ਏ ਕਿ ਇਥੇ ਏ" ਸੋਹਣੇ ਸ਼ਾਹ ਨੇ ਗੱਲਬਾਤ ਕਰਦਿਆਂ ਹੋਲੀ ਹੋਲੀ ਸਵਾਲ ਕਰਦਿਆਂ ਹਜ਼ਾਰਾ ਸਿੰਘ ਦਾ ਨਾਂ ਤੇ ਪਰਿਵਾਰ ਬਾਰੇ ਬਹੁਤ ਕੁਝ ਪੁੱਛ ਲਿਆ । ਇਹ ਵੀ ਸਮਝ ਵਿੱਚ ਆ ਗਿਆ ਕਿ ਲੱਧੇ ਸ਼ਾਹ ਹਜ਼ਾਰਾ ਸਿੰਘ ਦਾ ਹਮਦਰਦ ਏ ਤੇ ਇਹ ਜਾਣਦਾ ਏ ਕਿ ਉਹ ਘਰੋਂ ਸੋਚ ਕੇ ਸਰਹੰਦ ਵੱਲ ਗਿਆ ਸੀ । ਸੋਹਣੇ ਸ਼ਾਹ ਨੇ ਲੱਧੇ ਨੂੰ ਆਪਣੇ ਆਉਣ ਦਾ ਮਨੋਰਥ ਦੱਸਿਆ ਤੇ ਉਹਦੇ ਰਾਹੀਂ ਹਜ਼ਾਰਾ ਸਿੰਘ ਦੇ ਟੱਬਰ ਨੂੰ ਜਾ ਮਿਲਿਆ । ਲੱਧਾ ਨਾਲ ਗਿਆ ਤੇ ਉਹਨੇ ਇਹਦੀ ਜਾਣ ਪਛਾਣ ਕਰਾ ਦਿੱਤੀ।

ਜਦੋਂ ਦਾ ਹਜ਼ਾਰਾ ਸਿੰਘ ਘਰੋਂ ਗਿਆ ਸੀ । ਬਚਨੀ ਦੋਵੇਂ ਵੇਲੇ ਪਾਠ ਕਰਨ ਪਿੱਛੋਂ ਹਜ਼ਾਰਾ ਸਿੰਘ ਦੀ ਸਫਲਤਾ ਲਈ ਅਰਦਾਸ ਕਰਦੀ ਅਤੇ ਰੱਬ ਕੋਲੋਂ ਇਹ ਮੰਗ ਮੰਗਦੀ ਕਿ ਉਹਦਾ ਵਾਲ ਵੀ ਵਿੰਗਾ ਨਾ ਹੋਵੇ । ਉਹਨੂੰ ਵੀ ਹਜ਼ਾਰਾ ਸਿੰਘ ਦੀ ਸੁਖ ਸਾਂਦ ਦਾ ਪਤਾ ਲੱਗਣ 'ਤੇ ਬੜੀ ਖੁਸ਼ੀ ਹੋਈ । ਕਿੰਨਾ ਚਿਰ ਗੱਲਾਂ ਕਰਨ ਪਿੱਛੋਂ ਸੋਹਣੇ ਸ਼ਾਹ ਨੇ ਕਿਹਾ, "ਤੁਹਾਨੂੰ ਕਿਸੇ ਚੀਜ਼ ਦੀ ਲੋੜ ਹੋਵੇ ਤਾਂ ਮੈਨੂੰ ਦੱਸ ਦਿਉ, ਮੈਂ ਸ਼ਾਹ ਨੂੰ ਕਹਿ ਜਾਂਦਾ ਹਾਂ ਕਿ ਉਹ ਤੁਹਾਨੂੰ ਸਭ ਸੌਦਾ ਪੱਤਰ ਪਹੁੰਚਾਂਦਾ ਰਹੇ ਤੇ ਮੈਂ ਆ ਕੇ ਉਹਦਾ ਹਿਸਾਬ ਮੁਕਾ ਜਾਇਆ ਕਰਾਂਗਾ । ਤੁਸੀਂ ਕੋਈ ਸੁੱਖ ਸੁਨੇਹਾ ਦੇਣਾ ਏ ਤਾਂ ਦੱਸ ਦਿਉ, ਮੈਂ ਉਹਨੂੰ ਮਿਲਣ ਜਾਣਾ ਏ, ਮੈਂ ਪਹੁੰਚਾ ਦਿਆਂਗਾ । ਇਥੇ ਸਭ ਸੁਖ ਏ ਪਰ ਉਹਨਾਂ ਦੀ ਗੈਰ ਹਾਜ਼ਰੀ ਨੂੰ ਇਹ ਮੁੰਡਾ ਬੜਾ ਮਹਿਸੂਸ ਕਰਦਾ ਏ । ਪਿਉ ਤੋਂ ਉਦਾਸ ਹੋਇਆ ਪਿਆ ਏ । ਗੱਲ ਗੱਲ 'ਤੇ ਅੜੀ ਕਰਦਾ ਏ । ਮੈਨੂੰ ਪੁੱਛਦਾ ਏ, ਕਿ ਬਾਪੂ ਘਰ ਕਿਉਂ ਨਹੀਂ ਆਉਂਦਾ, ਕਿਥੇ ਗਿਆ ਏ, ਮੈਂ ਇਹਨੂੰ ਕੀ ਦੱਸਾਂ, ਕਿਵੇਂ ਸਮਝਾਵਾਂ । ਜੀ ਤਾਂ ਕਰਦਾ ਏ ਕਿ ਛੇਤੀ ਘਰ ਮੁੜਨ ਦੇ ਤਰਲੇ ਪਾਵਾਂ ਪਰ ਉਹ ਜਿਹੜਾ ਪ੍ਰਣ ਕਰਕੇ ਤੁਰੇ ਨੇ ਉਹ ਮੈਂ ਜਾਣਦੀ ਹਾਂ । ਇਸ ਲਈ ਸੀਨੇ 'ਤੇ ਪੱਥਰ ਰੱਖ ਕੇ ਔਖੇ ਸੌਖੇ ਦਿਨ ਟਪਾ ਰਹੇ ਹਾਂ ।"

"ਸੋਹਣੇ ਸ਼ਾਹ ਦੋਹਾਂ ਦੇ ਘਰੋਂ ਹੋ ਕੇ ਹੁਣ ਆਪਣੇ ਘਰ ਆਇਆ ਤੇ ਫਿਰ ਸਾਬੋ ਕੀ ਤਲਵੰਡੀ ਵੱਲ ਚੱਲ ਪਿਆ । ਉਹਨੇ ਸੋਚਿਆ ਕਿ ਇਕ ਤਾਂ ਗੁਰੂ ਜੀ ਦੇ ਦਰਸ਼ਨ ਕਰ ਆਵਾਂਗਾ । ਉਹਨਾਂ ਬਾਰੇ ਬਹੁਤ ਕੁਝ ਸੁਣਿਆ ਏ ਤੇ ਦੂਜਾ ਆਪਣੇ ਯਾਰਾਂ ਨੂੰ ਮਿਲ ਕੇ ਉਨ੍ਹਾਂ ਨੂੰ ਘਰਾਂ ਦੀ ਸੁਖ ਸਾਂਦ ਦੱਸ

ਆਵਾਂਗਾ । ਰਾਹ ਵਿੱਚ ਉਹ ਸੋਚਦਾ ਜਾਂਦਾ ਸੀ ਕਿ ਸਾਡੇ ਆਮ ਘਰਾਂ ਦੀਆਂ ਔਰਤਾਂ ਤੇ ਇਹਨਾਂ ਸਿੰਘਾਂ ਦੀਆਂ ਸਿੰਘਣੀਆਂ ਵਿੱਚ ਕਿਤਨਾ ਵੱਡਾ ਅੰਤਰ ਏ। ਬਹਾਦਰ ਤੇ ਦਲੇਰ ਮਰਦਾਂ ਦੀ ਸੰਗਤ ਤੇ ਗੁਰੂ ਦੀ ਬਾਣੀ ਪੜ੍ਹਨ ਨਾਲ ਇਹਨਾਂ ਵਿੱਚ ਵੀ ਚੜ੍ਹਦੀ ਕਲਾ ਆ ਗਈ ਏ । ਸੰਕਟ ਨੂੰ ਖਿੜੇ ਮੱਥੇ ਜਰਨ ਦਾ ਹੀਆ ਕਰਨ ਲੱਗ ਪਈਆਂ ਨੇ । ਰੋਂਦੀਆਂ ਕੁਰਲਾਂਦੀਆਂ ਨਹੀਂ । ਸਿਦਕ ਅਤੇ ਭਰੋਸੇ ਨਾਲ ਸਮਾਂ ਗੁਜ਼ਾਰ ਰਹੀਆਂ ਨੇ । ਪੁੱਛਦਾ ਪੁਛਾਂਦਾ ਉਹ ਸਾਬੋ ਕੀ ਤਲਵੰਡੀ ਅੱਪੜ ਹੀ ਗਿਆ । ਉਥੇ ਉਹ ਦੋਹਾਂ ਨੂੰ ਮਿਲਿਆ ਤੇ ਉਹਨਾਂ ਦੇ ਘਰ ਦੇ ਸਾਰੇ ਸਮਾਚਾਰ ਦੱਸ ਕੇ ਤੇ ਗੁਰੂ ਸਾਹਿਬ ਦੇ ਦਰਸ਼ਨ ਕਰਕੇ ਪਰਤ ਆਇਆ ।

●●●

ਕਾਂਡ-35

ਸਮਾਂ ਬੀਤਦਾ ਗਿਆ। ਸਾਬੋ ਕੀ ਤਲਵੰਡੀ ਵਿੱਚ ਰੌਣਕਾਂ ਵੱਧਦੀਆਂ ਗਈਆਂ। ਦਰਸ਼ਨ ਕਰਨ ਆਏ ਤਾਂ ਵਾਪਸ ਘਰਾਂ ਨੂੰ ਪਰਤ ਜਾਂਦੇ ਤੇ ਕਈ ਉਥੇ ਹੀ ਟਿਕ ਜਾਂਦੇ। ਕਈਆਂ ਨੇ ਤਾਂ ਉਥੇ ਹੀ ਘਰ ਬਣਾ ਲਏ। ਇਉਂ ਜਾਪਦਾ ਸੀ ਕਿ ਆਨੰਦਪੁਰ ਦੀ ਥਾਂ ਮਾਲਵੇ ਵਿੱਚ ਇਹ ਸਿੱਖੀ ਦਾ ਕੇਂਦਰ ਬਣ ਗਿਆ ਏ। ਗੁਰੂ ਸਾਹਿਬ ਦਿੱਲੀਓਂ ਆਏ ਭਾਈ ਮਨੀ ਸਿੰਘ ਤੇ ਬਾਬਾ ਦੀਪ ਸਿੰਘ ਨੂੰ ਬਾਣੀ ਦੇ ਗ੍ਰੰਥ ਲਿਖਣ ਦੀ ਸੇਵਾ ਵਿੱਚ ਲਾ ਕੇ ਆਪ ਨਿਗਰਾਨੀ ਕਰਦੇ। ਸਵੇਰੇ ਸ਼ਾਮ ਕੀਰਤਨੀਏਂ ਗੁਰਬਾਣੀ ਦਾ ਕੀਰਤਨ ਕਰਦੇ। ਸ਼ਾਮ ਵੇਲੇ ਢਾਡੀ ਬੀਰ ਰਸੀ ਵਾਰਾਂ ਸੁਣਾਉਂਦੇ। ਨਿੱਤ ਇਕ ਦੋ ਵਾਰ ਗੁਰਬਾਣੀ ਦੀ ਕਥਾ ਹੁੰਦੀ। ਜਿਸ ਸਥਾਨ 'ਤੇ ਇਹ ਸਾਰੇ ਪ੍ਰੋਗਰਾਮ ਚੱਲਦੇ, ਉਸ ਵਿੱਚ ਗੁਰੂ ਸਾਹਿਬ ਆਪ ਸੰਗਤਾਂ ਨੂੰ ਦਰਸ਼ਨ ਦੀਦਾਰ ਦਿੰਦੇ। ਇੰਨੇ ਰੁਝੇਂਵੇਂ ਭਰਿਆ ਸਾਰਾ ਦਿਨ ਕਾਰਜ ਹੁੰਦਾ ਰਹਿੰਦਾ, ਸ਼ਾਂਤੀ ਤੇ ਚੜ੍ਹਦੀ ਕਲਾ ਵਾਲੇ ਇਸ ਮਾਹੌਲ ਵਿੱਚ ਪਤਾ ਵੀ ਨਾ ਲੱਗਾ ਕਿ ਕਿਵੇਂ ਕਈ ਮਹੀਨੇ ਬੀਤ ਗਏ। ਸਾਬੋ ਕੀ ਤਲਵੰਡੀ ਵਿੱਚ ਕਲਗੀਧਰ ਪਾਤਿਸ਼ਾਹ ਦੀ ਚਰਣ ਛੂਹ ਪ੍ਰਾਪਤ ਸਥਾਨ ਨੂੰ ਦਮਦਮਾ ਆਖਿਆ ਜਾਣ ਲੱਗ ਪਿਆ। ਇਸ ਸੁਹਾਵਣੀ ਧਰਤੀ 'ਤੇ ਗੁਰਮਤ ਦੀ ਇਕ ਟਕਸਾਲ ਸਥਾਪਤ ਹੋ ਗਈ। ਜਿਸਦੇ ਮੁਖੀ ਬਾਬਾ ਦੀਪ ਸਿੰਘ ਗੁਰੂ ਸਾਹਿਬ ਦੇ ਆਦੇਸ਼ ਆਨੁਸਾਰ ਬਣ ਗਏ। ਉਹਨਾਂ ਗੁਰੂ ਸਾਹਿਬ ਤੋਂ ਗੁਰਬਾਣੀ ਦੇ ਜਿਵੇਂ ਅਰਥ, ਭਾਵ ਤੇ ਵਿਆਖਿਆ ਪ੍ਰਾਪਤ ਕੀਤੇ, ਉਹ ਅੱਗੋਂ ਅਭਿਲਾਸ਼ੀਆਂ ਨੂੰ ਗਿਆਨ ਵੰਡਨ ਲੱਗ ਪਏ।

ਇਕ ਦਿਨ ਗੁਰੂ ਸਾਹਿਬ ਨੇ ਮੁਖੀ ਤੇ ਵਿਸ਼ੇਸ਼ ਸਿੰਘਾਂ ਦੀ ਇਕੱਤਰਤਾ ਵਿੱਚ ਦੱਸਿਆ ਕਿ ਆਪ ਦੇਸ਼ ਦੇ ਦੱਖਣੀ ਭਾਗ ਵੱਲ ਜਾ ਰਹੇ ਨੇ। ਔਰੰਗਜ਼ੇਬ ਦਾ ਸੱਦਾ ਆਇਆ ਏ। ਗੱਲਬਾਤ ਤੇ ਵਿਚਾਰ ਵਟਾਂਦਰੇ ਨਾਲ ਉਹ ਮਸਲੇ ਹੱਲ ਕਰਨਾ ਚਾਹੁੰਦਾ ਹੈ। 500 ਸਿੰਘਾਂ ਦਾ ਜੱਥਾ ਸਾਡੇ ਨਾਲ ਜਾਏਗਾ ਤੇ ਬਾਕੀ ਦੇ ਇਥੇ ਰਹਿ ਕੇ ਇਸੇ ਤਰ੍ਹਾਂ ਕਾਰਜ ਕਰਦੇ ਰਹਿਣਾ। ਅਕਾਲ ਪੁਰਖ ਸਭ ਨੂੰ ਬਲ ਬੁੱਧੀ ਬਖਸ਼ੇ ਤਾਂ ਕਿ ਸਾਰੇ ਆਪਣਾ ਜੀਵਨ ਸਫਲ ਕਰ ਸਕਣ। ਨਾਲ ਜਾਣ ਵਾਲੇ ਸਿੰਘਾਂ ਦੀ ਚੋਣ ਅਸੀਂ ਆਪ ਕਰਾਂਗੇ।

"ਸਾਨੂੰ ਆਪਣੇ ਨਾਲ ਲਈ ਜਾਣਾ, ਤੁਹਾਡੇ ਬਿਨਾਂ ਸਾਡਾ ਇਥੇ ਦਿਲ ਨਹੀਂ ਲੱਗਣਾ। ਹਜ਼ਾਰਾ ਸਿੰਘ ਨੇ ਹੱਥ ਜੋੜ ਕੇ ਬੇਨਤੀ ਕੀਤੀ, "ਦੱਖਣੋ ਮੁੜਦਿਆਂ ਕਿੰਨਾ ਕੁ ਸਮਾਂ ਲੱਗੇਗਾ ? ਅਸੀਂ ਜਿਸ ਕਾਰਜ ਲਈ ਢੁੱਕਵੇਂ ਸਮੇਂ ਤੇ ਆਗਿਆ ਲਈ ਇਥੇ ਹਜ਼ਾਰ ਹਾਂ, ਉਸ ਦਾ ਕੀ ਬਣੇਗਾ ? ਉਸ ਬਾਰੇ ਵੀ ਕੁਝ ਫੁਰਮਾਉ।"

"ਉਹ ਸਮਾਂ ਵੀ ਆ ਜਾਏਗਾ। ਉਤਾਵਲੇ ਨਾ ਹੋਵੋ। ਵਾਹਿਗੁਰੂ ਭਲੀ ਕਰੇਗਾ।" ਕਲਗੀਧਰ ਪਾਤਿਸ਼ਾਹ ਨੇ ਫੁਰਮਾਇਆ, "ਇਹ ਤਾਂ ਅਕਾਲ ਪੁਰਖ ਹੀ ਜਾਣਦਾ ਹੈ ਕਿ ਅੱਗੇ ਕੀ ਹੋਣ ਵਾਲਾ ਹੈ। ਅਸੀਂ ਕਿੱਥੇ ਜਾ ਰਹੇ ਹਾਂ, ਕਿੱਥੇ ਪਹੁੰਚਾਂਗੇ, ਵਾਪਸੀ ਦਾ ਤਾਂ ਕਰਤਾਰ ਜਾਣੇ ।" ਫਿਰ ਬਾਬਾ ਦੀਪ ਸਿੰਘ ਨੂੰ ਸੰਬੋਧਨ ਕਰਕੇ ਆਗਿਆ ਦਿੱਤੀ ਕਿ ਇਸੇ ਤਰ੍ਹਾਂ ਖਾਲਸੇ ਦੀ ਸੇਵਾ ਜਾਰੀ ਰਹੇ। ਅਸੀਂ ਸਮੇਂ ਸਮੇਂ ਸਿਰ ਤੁਹਾਨੂੰ ਸੁਨੇਹੇ ਭੇਜਦੇ ਰਹਾਂਗੇ, ਉਸ ਅਨੁਸਾਰ ਕਾਰਜ ਕਰਦੇ ਰਹਿਣਾ ।

ਇਕੱਤਰਤਾ ਪਿੱਛੋਂ ਫਿਰ ਹਜ਼ਾਰਾ ਸਿੰਘ ਤੇ ਗੁਰਦੇਵ ਸਿੰਘ ਸਤਿਗੁਰਾਂ ਦੀ ਸੇਵਾ ਵਿੱਚ ਹਾਜ਼ਰ ਹੋਏ ਤੇ ਕਲਗੀਧਰ ਪਾਤਿਸ਼ਾਹ ਨੇ ਹੁਕਮ ਕੀਤਾ ਕਿ ਉਹ ਸ਼ਸਤਰਾਂ ਦੀ ਸਿੱਖਲਾਈ ਤੇ ਫੌਜੀ ਜਥੇ ਬੰਦਕ ਯੋਗਤਾ ਵਿੱਚ ਨਿਪੁੰਨ ਹੋ ਜਾਣ ਤੇ ਫਿਰ ਨਵੇਂ ਆਉਣ ਵਾਲੇ ਸਿੰਘਾਂ ਨੂੰ ਇਸ ਢੰਗ ਨਾਲ ਜਥੇਬੰਦ ਕਰਨ। ਜਿਤਨੀ ਵੱਧ ਫੌਜੀ ਢੰਗ ਦੀ ਸ਼ਕਤੀ ਇਕੱਠੀ ਕਰ ਲਉਗੇ, ਉਤਨੇ ਹੀ ਤੁਸੀਂ ਆਪਣੇ ਮਨੋਰਥ ਵਿੱਚ ਸਫਲ ਹੋਵੋਗੇ। ਇਸ ਤਰ੍ਹਾਂ ਦੀ ਤਿਆਰੀ ਤੁਹਾਡੇ ਲਈ ਜ਼ਰੂਰੀ ਏ। ਇਕ ਦੂਜੇ ਦਾ ਸਤਿਕਾਰ ਕਰੋ, ਇਕ ਦੂਜੇ 'ਤੇ ਭਰੋਸਾ ਤੇ ਵਿਸ਼ਵਾਸ ਪੈਦਾ ਕਰੋ। ਨਿੱਜੀ ਸ਼ਕਤੀ ਨਹੀਂ ਸਾਂਝੀ ਸ਼ਕਤੀ ਜਦ ਖਾਲਸਾ ਜੀ ਵਿੱਚ ਆ ਜਾਏਗੀ ਤਾਂ ਜ਼ਾਲਮਾਂ ਨੂੰ ਠੱਲ੍ਹ ਪਾਉਣ ਦੇ ਯੋਗ ਹੋ ਜਾਉਗੇ। ਤੁਸੀਂ ਇਥੇ ਹੀ ਰਹਿ ਕੇ ਸਾਡੇ ਅਗਲੇ ਆਦੇਸ਼ ਦੀ ਉਡੀਕ ਕਰਨੀ। ਕਾਹਲੇ ਨਹੀਂ ਪੈਣਾ, ਘਬਰਾਉਣਾ ਨਹੀਂ, ਗੁਰਬਾਣੀ ਪੜ੍ਹੋ, ਸੁਣੋ, ਮਨ ਅਡੋਲ ਹੋਣਗੇ ਆਚਰਣਕ ਗੁਣ ਤੁਹਾਡੀ ਬਲਵਾਨ ਸ਼ਕਤੀ ਬਣਨਗੇ।

ਦੋ ਤਿੰਨ ਦਿਨ ਦੀ ਤਿਆਰੀ ਦੀਵਾਨ ਵਿੱਚ ਅੰਮ੍ਰਿਤ ਵੇਲੇ ਸੰਗਤਾਂ ਨੂੰ ਦਰਸ਼ਨ ਦੇ ਕੇ ਖਾਲਸਾ ਜੀ ਦੇ ਇਕ ਜਥੇ ਸਮੇਤ ਚੱਲ ਪਏ। ਸੱਚਖੰਡ ਤੇ ਸਵੱਰਗ ਦਾ ਜਿਨ੍ਹਾਂ ਇਥੇ ਗੁਰੂ ਸਾਹਿਬ ਦੇ ਹੁੰਦਿਆਂ ਆਨੰਦ ਮਾਣਿਆਂ, ਇਸ ਵਿਛੋੜੇ ਦੀ ਘੜੀ ਉਹਨਾਂ ਦੇ ਮਨਾਂ ਦੀ ਹਾਲਤ ਨਾ ਉਹ ਬਿਆਨ ਕਰ ਸਕਦੇ ਸਨ ਤੇ ਨਾ ਕੋਈ ਹੋਰ ਅਨੁਭਵ ਕਰ ਸਕਦਾ ਸੀ । ਬਹੁਤਿਆਂ ਦਾ ਜੀ ਕਰਦਾ ਸੀ ਕਿ ਉਹ ਵੀ ਨਾਲ ਨਾਲ ਤੁਰੇ ਜਾਣ ਪਰ ਸਾਹਿਬਾਂ ਦੇ ਹੁਕਮ ਨੂੰ ਕੋਈ ਉਲੰਘ ਨਹੀਂ ਸੀ ਸਕਦਾ। ਬਾਬਾ ਦੀਪ ਸਿੰਘ ਨੇ ਇਹੀ ਬੇਨਤੀ ਕੀਤੀ ਕਿ ਛੇਤੀ ਤੋਂ ਛੇਤੀ ਤੇ ਜਿਥੋਂ ਸੰਭਵ ਹੋਵੇ, ਸਾਨੂੰ ਹੁਕਮਨਾਮਾ ਭੇਜਦੇ ਰਹਿਣਾ।

ਹਜ਼ਾਰਾ ਸਿੰਘ ਤੇ ਗੁਰਦੇਵ ਸਿੰਘ ਦਿਨ ਰਾਤ ਮਿਲ ਕੇ ਇਕੱਠੇ ਹੀ ਹਰ

ਕਾਰਜ ਕਰਦੇ । ਜਦ ਕਦੇ ਉਹ ਆਰਾਮ ਕਰਨ ਲਈ ਆਪਣੇ ਡੇਰੇ ਆਉਂਦੇ ਤੇ ਆਪਸ ਵਿੱਚ ਗੱਲਬਾਤ ਕਰਦੇ ਤਾਂ ਆਪਣੇ ਬੀਤੇ ਸਮੇਂ ਦਾ ਆਪ ਹੀ ਨਿਰੀਖਣ ਕਰਨ ਲੱਗ ਪੈਂਦੇ । ਉਹਨਾਂ ਨੂੰ ਜੋ ਸਾਬੋ ਦੀ ਤਲਵੰਡੀ ਰਹਿ ਕੇ ਗੁਰਮਤ ਗਿਆਨ ਮਿਲਿਆ ਤੇ ਜਿਸ ਤਰ੍ਹਾਂ ਦੀ ਸਾਧਨਾ 'ਚੋਂ ਉਹ ਲੰਘੇ, ਉਸਨੇ ਉਹਨਾਂ ਅੰਦਰ ਅਹਿਸਾਸ ਪੈਦਾ ਕਰ ਦਿੱਤਾ ਕਿ ਅਸੀਂ ਬਿਨਾਂ ਤਿਆਰੀ ਦੇ ਕੇਵਲ ਜਜ਼ਬਾਤੀ ਰੂਪ ਵਿੱਚ ਇਕੱਲੇ ਇਕੱਲੇ ਨਿਕਲ ਤੁਰੇ ਸਾਂ । ਤਿਆਰੀ ਬਿਨਾਂ ਤੇ ਸਾਰੇ ਪੰਥ ਨੂੰ ਨਾਲ ਲਏ ਬਿਨਾਂ ਅਸੀਂ ਕਿਵੇਂ ਸਫਲ ਹੋ ਸਕਦੇ ਸਾਂ । ਹੁਣ ਉਹਨਾਂ ਨੂੰ ਜੋ ਆਤਮਿਕ ਤੇ ਸਰੀਰਕ ਬਲ ਮਿਲਿਆ । ਇਕ ਪਾਸੇ ਉਹ ਆਪਣੇ ਆਪ ਨੂੰ ਸਵਾ ਸਵਾ ਲੱਖ ਨਾਲ ਲੜਨ ਦੇ ਸਮਰੱਥ ਸਮਝਣ ਲੱਗ ਪਏ, ਦੂਜਾ ਗੁਰੂ ਸਾਹਿਬ ਦੇ ਬਚਨਾਂ ਨੇ ਉਹਨਾਂ ਅੰਦਰ ਦ੍ਰਿੜ੍ਹਤਾ ਪੈਦਾ ਕਰ ਦਿੱਤੀ ਕਿ ਇਕ ਦਿਨ ਅਵੱਸ਼ ਸਾਡੀ ਤਮੰਨਾ ਪੂਰੀ ਹੋ ਜਾਏਗੀ । ਵਿਸ਼ਵਾਸ ਤੇ ਸ਼ਰਧਾ ਨਾਲ ਉਹ ਸੇਵਾ ਦੇ ਕਾਰਜ ਵਿੱਚ ਜੁਟੇ ਰਹੇ । ਆਪਣੇ ਗ੍ਰਿਹਸਥੀ ਪਰਿਵਾਰਿਕ ਰੁਝੇਵਿਆਂ ਤੋਂ ਮੁਕਤ ਹੋ ਕੇ ਲਗਨ ਨਾਲ ਕੰਮ ਕਰਦਿਆਂ ਸਰੀਰਕ ਤੇ ਮਾਨਸਿਕ ਵਿਕਾਸ ਅਜਿਹਾ ਹੋਇਆ ਕਿ ਦੋਵੇਂ ਇਕ ਇਕ ਸੌ ਦੇ ਜਥੇ ਦੇ ਜੱਥੇਦਾਰ ਥਾਪੇ ਗਏ ।

ਗੁਰੂ ਸਾਹਿਬ ਪੰਜਾਬ ਦੀਆਂ ਹੱਦਾਂ ਟੱਪ ਕੇ ਰਾਜਪੂਤਾਨੇ ਵਿੱਚ ਚਲੇ ਗਏ । ਰਾਜਪੂਤਾਨੇ ਵਿੱਚ ਕਈ ਰਾਜ ਘਰਾਣੇ ਗੁਰੂ ਨਾਨਕ ਘਰ ਦੇ ਅਨਿਨ ਸ਼ਰਧਾਲੂ ਸਨ । ਇਹਨਾਂ ਰਾਜਪੂਤ ਰਾਜਿਆ ਨੂੰ ਛੇਵੀਂ ਨਾਨਕ ਜੋਤ ਗੁਰੂ ਹਰਿ ਗੋਬਿੰਦ ਸਾਹਿਬ ਨੇ ਮੁਗਲਾਂ ਦੀ ਕੈਦ ਵਿੱਚੋਂ, ਗਵਾਲੀਅਰ ਦੇ ਕਿਲ੍ਹੇ ਦੇ ਬੰਦੀਖਾਨੇ ਵਿੱਚੋਂ ਛੁਡਾ ਲਿਆ ਸੀ । ਜਿਥੇ ਉਹ ਸਮਝਦੇ ਸਨ ਕਿ ਉਹ ਜਿਉਂਦੇ ਕੈਦ ਵਿੱਚੋਂ ਬਾਹਰ ਨਹੀਂ ਆ ਸਕਦੇ । ਗੁਰੂ ਸਾਹਿਬ ਦੇ ਚੋਲੇ ਦੀਆਂ ਕੰਨੀਆਂ ਫੜ ਕੇ 52 ਰਾਜੇ ਜਦ ਆਜ਼ਾਦ ਹੋਏ ਤਾਂ ਉਹਨਾਂ ਨੇ ਗੁਰੂ ਨਾਨਕ ਦੇ ਘਰ ਨੂੰ ਆਪਣੇ ਰਾਜ ਗੁਰੂ ਬਣਾ ਲਿਆ । ਕਈ ਤਾਂ ਇਸ ਅਹਿਸਾਨ ਨੂੰ ਛੇਤੀ ਭੁੱਲ ਗਏ ਪਰ ਕਈਆਂ ਨੇ ਕਈ ਪੁਸ਼ਤਾਂ ਤਕ ਸ਼ਰਧਾ ਨਾਲ ਗੁਰੂ ਘਰ ਵਿੱਚ ਵਿਸ਼ਵਾਸ ਬਣਾਈ ਰਖਿਆ ਇਸੇ ਲਈ ਗੁਰੂ ਤੇਗ ਬਹਾਦਰ ਆਨੰਦਪੁਰ ਤੋਂ ਚੱਲ ਕੇ ਦਿੱਲੀ ਸਿਧੇ ਜਾਣ ਦੀ ਥਾਂ ਰਾਜਪੂਤਾਨੇ ਵਿੱਚੋਂ ਲੰਘਦੇ ਆਗਰੇ ਜਾ ਪ੍ਰਗਟ ਹੋਏ ।

ਗੁਰੂ ਗੋਬਿੰਦ ਸਿੰਘ ਜੀ ਨੂੰ ਕੁਝ ਦਿਨ ਸ਼ਰਧਾਲੂ ਰਾਜਪੂਤ ਰਾਜਿਆਂ ਨੇ ਆਪਣੇ ਪਾਸ ਠਹਿਰਨ ਲਈ ਬੇਨਤੀ ਕੀਤੀ । ਇਕ ਦਿਨ ਇਤਲਾਹ ਆਈ ਕਿ ਦੱਖਣ ਵਿੱਚ ਮੁਗਲ ਬਾਦਸ਼ਾਹ ਔਰੰਗਜ਼ੇਬ ਚਲਾਣਾ ਕਰ ਗਿਆ ਹੈ । ਕੁਦਰਤ ਨੇ ਉਹਨੂੰ ਸਮਾਂ ਨਹੀਂ ਬਖਸ਼ਿਆ ਕਿ ਉਹ ਆਪਣੀ ਹੱਥੀਂ ਕਿਸੇ ਪੁੱਤਰ ਨੂੰ ਰਾਜ ਗੱਦੀ ਦੇ ਜਾਵੇ ਫਿਰ ਇਹ ਵੀ ਪਤਾ ਲੱਗ ਗਿਆ ਕਿ ਔਰੰਗਜ਼ੇਬ ਦੇ ਪੁੱਤਰਾਂ ਵਿਚਕਾਰ ਰਾਜ ਸ਼ਕਤੀ 'ਤੇ ਕਬਜ਼ਾ ਕਰਨ ਲਈ ਦੌੜ ਲੱਗ ਗਈ ਹੈ ਤੇ ਉਹ ਇਕ ਦੂਜੇ ਦਾ

ਦੁਸ਼ਮਣਾਂ ਵਾਂਗ ਫੌਜੀ ਟਕਰਾਓ ਲਈ ਤੇ ਯੁੱਧ ਕਰਨ ਲਈ ਨਿੱਤਰ ਪਏ ਨੇ। ਇਸ ਸਮਾਚਾਰ ਦੀ ਪੜਤਾਲ ਕਰਨ ਪਿੱਛੋਂ ਗੁਰੂ ਸਾਹਿਬ ਨੇ ਦੱਖਣ ਵੱਲ ਜਾਣ ਦਾ ਪ੍ਰੋਗਰਾਮ ਮੁੱਲਤਵੀ ਕਰ ਦਿੱਤਾ। ਨਵੀਂ ਸਥਿਤੀ ਵਿੱਚ ਅਗਲਾ ਪ੍ਰੋਗਰਾਮ ਉਲੀਕਣ ਲਈ ਵਿਚਾਰ ਵਟਾਂਦਰਾ ਸ਼ੁਰੂ ਹੋ ਗਿਆ। ਹਾਲਾਤ ਤੇਜ਼ੀ ਨਾਲ ਬਦਲ ਰਹੇ ਸਨ ਜਿਨ੍ਹਾਂ ਵਿਚ ਵਿਸ਼ੇਸ਼ ਸੂਝ ਬੂਝ ਨਾਲ ਹੀ ਠੀਕ ਨਿਰਨਾ ਹੋ ਸਕਦਾ ਸੀ।

ਔਰੰਗਜ਼ੇਬ ਦੇ ਪੁੱਤਰਾਂ ਵਿੱਚ ਇਕ ਗੁਰੂ ਸਾਹਿਬ ਦਾ ਸ਼ਰਧਾਲੂ ਸੀ। ਉਹ ਜਦੋਂ ਲਾਹੌਰ ਦਾ ਸੂਬਾ ਕੁਝ ਸਮੇਂ ਲਈ ਬਣਿਆਂ ਤਾਂ ਉਹਨੇ ਗੁਰੂ ਸਾਹਿਬ ਦੀ ਅਜ਼ਮਤ ਨੂੰ ਜਾਣਿਆਂ ਸਮਝਿਆ ਸੀ। ਔਰੰਗਜ਼ੇਬ ਨੂੰ ਮਿਲਣ ਜਾ ਰਹੇ ਗੁਰੂ ਸਾਹਿਬ ਦੀਆਂ ਸਰਗਰਮੀਆਂ ਨੂੰ ਦਿਲਚਸਪੀ ਨਾਲ ਜਾਣਨ ਦਾ ਯਤਨ ਕਰ ਰਿਹਾ ਸੀ। ਭਰਾਵਾਂ ਵਿਚਕਾਰ ਲੜਾਈ ਛਿੜਦਿਆਂ ਉਹਨੇ ਗੁਰੂ ਸਾਹਿਬ ਨੂੰ ਸੁਨੇਹਾ ਭੇਜਿਆ ਕਿ ਹਜ਼ੂਰ ਛੇਤੀ ਦਿੱਲੀ ਪਹੁੰਚੋਂ। ਮੈਂ ਲਾਲ ਕਿਲ੍ਹੇ 'ਤੇ ਕਬਜ਼ਾ ਕਰ ਰਿਹਾ ਹਾਂ। ਤੁਹਾਨੂੰ ਮਿਲ ਕੇ ਆਗਰੇ ਦੇ ਕਿਲ੍ਹੇ 'ਤੇ ਕਬਜ਼ਾ ਕਰਨ ਲਈ ਛੇਤੀ ਪਹੁੰਚਣਾ ਹੈ। ਗੁਰੂ ਗੋਬਿੰਦ ਸਿੰਘ ਜੀ ਤੁਰੰਤ ਸਿੰਘਾਂ ਦੀ ਫੌਜ ਨਾਲ ਦਿੱਲੀ ਆ ਗਏ।

ਪੰਜਾਬ ਵਿੱਚ ਇਸ ਵੇਲੇ ਸਿੱਖ ਲੋਕ ਲਹਿਰ ਦਾ ਵੱਡਾ ਕੇਂਦਰ ਸਾਬੋ ਕੀ ਤਲਵੰਡੀ ਸੀ। ਇਸ ਲਈ ਦਿੱਲੀ, ਆਗਰੇ ਤੇ ਅੱਗੋਂ ਨਾਦੇੜ ਤਕ ਦੇ ਸਾਰੇ ਹਾਲਾਤ ਤੇ ਸਮਾਚਾਰ ਲੈ ਕੇ ਘੋੜ ਸਵਾਰ ਸਿੰਘ ਦਮਦਮਾ ਸਾਹਿਬ ਸਾਬੋ ਕੀ ਤਲਵੰਡੀ ਪਹੁੰਚਦੇ ਰਹੇ ਤੇ ਬਾਬਾ ਦੀਪ ਸਿੰਘ ਅੱਗੋਂ ਇਹ ਸਮਾਚਾਰ ਸਿੰਘਾਂ ਨੂੰ ਸੁਣਾਂਦੇ ਤੇ ਦੱਸਦੇ ਰਹੇ। ਦੂਜੀ ਇਤਲਾਹ ਦਿੱਲੀ ਵਿੱਚ ਮਾਤਾ ਸੁੰਦਰੀ ਪਾਸ ਆਉਂਦੀ ਰਹੀ। ਇਹ ਵੀ ਪਤਾ ਲੱਗ ਗਿਆ ਕਿ ਬਹਾਦਰ ਸ਼ਾਹ ਨਾਲ ਮਾਮਲੇ ਨਜਿੱਠਣ ਲਈ ਚੱਲ ਰਹੀ ਗੱਲਬਾਤ ਦਾ ਪੰਥ ਵਿਰੋਧੀ ਵਰਗ ਵਿਘਨ ਪਾਣ ਲਈ ਸਾਜ਼ਿਸ਼ਾਂ ਕਰ ਰਹੇ ਹਨ। ਨਾਦੇੜ ਤੋਂ ਬੰਦਾ ਬੈਰਾਗੀ ਦਾ ਸਿੰਘ ਸੱਜਣ, ਅੰਮ੍ਰਿਤ ਪਾਨ ਕਰਨ ਤੇ ਫੌਜੀ ਜੀਵਨ ਵਿੱਚ ਪ੍ਰਵੇਸ਼ ਕਰਨ ਦੀ ਗੱਲ ਵੀ ਦੂਰ ਦੁਰਾਡੇ ਤਕ ਅੱਪੜ ਗਈ।

ਇਕ ਦਿਨ ਸਾਬੋ ਕੀ ਤਲਵੰਡੀ ਪਤਾ ਲੱਗ ਗਿਆ ਕਿ ਖਾਲਸੇ ਦੇ ਸਘੰਰਸ਼ ਨੂੰ ਤਿੱਖਾ ਕਰਨ ਲਈ ਬੰਦਾ ਸਿੰਘ ਬਹਾਦਰ ਦੀ ਅਗਵਾਈ ਵਿੱਚ ਗੁਰੂ ਸਾਹਿਬ ਦਾ ਥਾਪੜਾ ਲੈ ਕੇ ਸਿੰਘ ਆ ਰਹੇ ਨੇ। ਦੋ ਦਿਨ ਪਿੱਛੋਂ ਇਹ ਸੂਚਨਾ ਵੀ ਆ ਗਈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਸ਼ਖਸੀ ਗੁਰਿਆਈ ਪਰੰਪਰਾ ਅੱਗੋਂ ਸਮਾਪਤ ਕਰਕੇ 'ਬਾਣੀ ਗੁਰੂ ਗੁਰੂ ਹੈ ਬਾਣੀ' ਦੇ ਮਹਾਂਵਾਕ ਅਨੁਸਾਰ ਗ੍ਰੰਥ ਸਾਹਿਬ ਨੂੰ ਗੁਰਿਆਈ ਦੇ ਕੇ ਗੁਰੂ ਗ੍ਰੰਥ ਸਾਹਿਬ ਬਣਾ ਦਿੱਤਾ ਏ। ਇਹ ਬਾਣੀ ਰੂਪ ਗੁਰੂ ਦਸਾਂ ਪਾਤਿਸ਼ਾਹੀਆਂ ਦੀ ਜੋਤ ਹੈ, ਜੁਗੋ ਜੁਗ ਅਟੱਲ ਰਹੇਗੀ। ਨਾਲ ਹੀ ਇਹ ਸੰਦੇਸ਼ ਵੀ ਆਗਿਆ ਕਿ ਕਲਗੀਧਰ ਪਾਤਿਸ਼ਾਹ ਜੋਤੀ ਜੋਤਿ ਸਮਾ ਗਏ ਹਨ। ਇਹਨਾਂ ਖ਼ਬਰਾਂ ਨਾਲ ਸਿੱਖਾਂ ਵਿੱਚ ਹਲ ਚੱਲ ਮੱਚ ਗਈ। ਕਿਸੇ ਨੇ ਆਖਿਆ ਸਿੱਖੀ ਹੁਣ

ਇਸ ਪੜਾਅ 'ਤੇ ਪੁੱਜ ਗਈ ਏ ਕਿ ਅੱਗੋਂ ਸ਼ਾਇਦ ਇਸ ਉਤਸ਼ਾਹ ਨਾਲ ਕੰਮ ਨਾ ਚਲੇ। ਗੁਰਦੇਵ ਸਿੰਘ ਨੇ ਹਜ਼ਾਰਾ ਸਿੰਘ ਨੂੰ ਪੁੱਛਿਆ, "ਹੁਣ ਆਪਣਾ ਕੀ ਬਣੇਗਾ? ਅਸੀਂ ਆਸਾਂ ਦੀ ਜੋ ਇਮਾਰਤ ਖੜੀ ਕੀਤੀ ਸੀ ਉਹ ਹੁਣ ਕਿਸ ਆਸਰੇ ਖੜੀ ਹੋਏਗੀ?"

"ਗੁਰੂ 'ਤੇ ਭਰੋਸਾ ਰੱਖ ਉਹ ਸਾਰੇ ਕੰਮਾਂ ਬਾਰੇ ਲੋੜੀਂਦੇ ਆਦੇਸ਼ ਦੇ ਗਏ ਹਨ।" ਹਜ਼ਾਰਾ ਸਿੰਘ ਨੇ ਸਮਝਾਇਆ, "ਤੁਸੀਂ ਸਮਝਦੇ ਨਹੀਂ ਅਗਲੀ ਜਦੋਜਹਿਦ ਲਈ ਉਹਨਾਂ ਮਰਜੀਵੜਿਆਂ ਨੂੰ ਤੋਰ ਦਿੱਤਾ ਏ। ਪਹਿਲਾਂ ਹੀ ਗੁਰੂ ਸਾਹਿਬ ਆਪਣਾ ਜਾਨਸ਼ੀਨ ਬਣਾ ਗਏ ਹਨ। ਅਸੀਂ ਬੰਦਾ ਸਿੰਘ ਬਹਾਦਰ ਦੀ ਉਡੀਕ ਕਰਾਂਗੇ ਤੇ ਉਹਨੂੰ ਮਿਲ ਕੇ ਆਦੇਸ ਅਨੁਸਾਰ ਅਗਲਾ ਕਾਰਜ ਕਰਨਾ ਹੋਏਗਾ।"

ਬਾਬਾ ਦੀਪ ਸਿੰਘ ਨੇ ਵੱਖ ਵੱਖ ਇਲਾਕਿਆਂ ਵਿੱਚ ਇਹ ਸਮਾਚਾਰ ਪਹੁੰਚਾਣ ਲਈ ਹਜ਼ਾਰਾ ਸਿੰਘ ਨੂੰ ਗੁਰਦੇਵ ਸਿੰਘ ਸਮੇਤ ਤੋਰ ਦਿੱਤਾ। ਪੰਜਾਬ ਵਿੱਚ ਸਾਰੇ ਪਾਸੇ ਸਘੰਰਸ਼ ਲਈ ਉਤਸ਼ਾਹ ਭਰਪੂਰ ਮਾਹੌਲ ਬਣਨ ਲੱਗ ਪਿਆ। ਉੱਦਮੀ ਲੋਕ ਆਪਣੇ ਆਪ ਜਥੇਬੰਦ ਹੋਣ ਲੱਗ ਪਏ, ਇਹ ਪ੍ਰਚਾਰ ਦਾ ਨਤੀਜਾ ਸੀ।

●●●

ਕਾਂਡ-36

ਬਾਬਾ ਦੀਪ ਸਿੰਘ ਨੇ ਸੁਨੇਹੇ ਭੇਜ ਕੇ ਆਸੇ ਪਾਸੇ ਦੇ ਮੁਖੀ ਸਿੰਘਾਂ ਦੀ ਇਕੱਤਰਤਾ ਬੁਲਾਈ ਤੇ ਉਸ ਵਿਚ ਦੱਸਿਆ ਕਿ ਸੰਦੇਸ਼ਾ ਆ ਗਿਆ ਹੈ ਕਿ ਬੰਦਾ ਸਿੰਘ ਬਹਾਦਰ ਦਿੱਲੀ ਨੇੜੇ ਜਰਨੈਲੀ ਸੜਕ ਤੋਂ ਕੁਝ ਹੱਟਵਾਂ ਰੁੱਖਾਂ ਦੇ ਝੁੰਡ ਵਿੱਚ ਪਹੁੰਚ ਗਿਆ ਹੈ । ਸਿੰਘਾਂ ਨੂੰ ਜਥੇਬੰਦਕ ਰੂਪ ਵਿੱਚ ਹਥਿਆਰਬੰਦ ਹੋ ਕੇ ਉਥੇ ਅਪੜਨ ਲਈ ਹੁਕਮ ਕੀਤਾ ਏ । ਸਾਡੇ ਪਾਸ ਜੋ ਸੰਦੇਸ਼ਾ ਲੈ ਕੇ ਆਇਆ ਸੀ, ਉਸ ਦੱਸਿਆ ਕਿ ਗੁਰੂ ਸਾਹਿਬ ਦਾ ਹੁਕਮਨਾਮਾ ਤੇ ਬੰਦਾ ਸਿੰਘ ਬਹਾਦਰ ਦਾ ਆਦੇਸ਼ ਦੂਰ ਦੁਰਾਡੇ ਸਿੰਘਾਂ ਦੇ ਕਈ ਟਿਕਾਣਿਆਂ 'ਤੇ ਭੇਜਿਆ ਗਿਆ ਏ । ਇਸ ਲਈ ਸਾਨੂੰ ਜੱਥੇ ਤਿਆਰ ਕਰਕੇ ਤੁਰੰਤ ਤੋਰਨੇ ਚਾਹੀਦੇ ਹਨ। ਹਥਿਆਰ ਇਕੱਠੇ ਕਰਨ ਤੇ ਲੰਗਰ ਲਈ ਅੰਨ ਦਾਣਾ ਪਹੁੰਚਾਣ ਦੀ ਸੇਵਾ ਵੀ ਕਰਨੀ ਚਾਹੀਦੀ ਏ ।

"ਦਿੱਲੀ ਨੇੜੇ ਇਕੱਠ ਬੁਲਾਉਣਾ ਕੀ ਵਧੇਰੇ ਖਤਰਨਾਕ ਨਹੀਂ ਹੋਏਗਾ ?" ਇਕ ਜੱਥੇਦਾਰ ਨੇ ਵਿਚਾਰ ਪ੍ਰਗਟ ਕੀਤਾ, "ਉਥੇ ਤਾਂ ਮੁਗ਼ਲ ਫੌਜਾਂ ਪਹਿਲਾਂ ਹੀ ਹੱਲਾ ਬੋਲ ਕੇ ਸਾਰੀ ਵਿਉਂਤ ਠੱਪ ਕਰ ਸਕਦੀਆਂ ਨੇ । ਪੰਜਾਬ ਵਿੱਚੋਂ ਖਾਸ ਕਰਕੇ ਮਾਝੇ ਮਾਲਵੇ ਤੋਂ ਜੱਥੇ ਦਿੱਲੀ ਨੂੰ ਜਾਂਦੇ ਰਾਹ ਵਿੱਚ ਕਈ ਥਾਂ ਘੇਰੇ ਜਾ ਸਕਦੇ ਨੇ ।"

"ਇਹ ਸਾਡੇ ਵਿਚਾਰਨ ਦਾ ਵਿਸ਼ੈ ਨਹੀਂ । ਬੰਦਾ ਸਿੰਘ ਬਹਾਦਰ ਨੇ ਸੋਚ ਵਿਚਾਰ ਕੇ ਹੀ ਉਹ ਥਾਂ ਚੁਣੀ ਹੋਏਗੀ," ਬਾਬਾ ਦੀਪ ਸਿੰਘ ਜੀ ਨੇ ਉੱਤਰ ਦਿੱਤਾ, "ਸਾਨੂੰ ਇਥੇ ਬੈਠਿਆਂ ਨਹੀਂ ਪਤਾ ਕਿ ਕਿਸ ਹਾਲਤ ਵਿੱਚ ਤੇ ਕਿਵੇਂ ਉਥੇ ਅੱਪੜੇ । ਅਸੀਂ ਇਹ ਵੀ ਨਹੀਂ ਜਾਣਦੇ ਕਿ ਉਹਨਾਂ ਦਾ ਨਿਸ਼ਾਨਾ ਪਹਿਲਾਂ ਦਿੱਲੀ ਵੱਲ ਜਾਣ ਦਾ ਹੈ ਜਾਂ ਉਹ ਸਰਹੰਦ ਤੇ ਲਾਹੌਰ ਵੱਲ ਪੂਰੀ ਤਿਆਰੀ ਤੇ ਤਾਕਤ ਨਾਲ ਵੱਧਣਾ ਚਾਹੁੰਦੇ ਨੇ । ਸਾਡਾ ਕੰਮ ਇਸ ਸਮੇਂ ਕਿੰਤੂ ਪ੍ਰਤੂ ਕਰਨਾ ਨਹੀਂ । ਅਸੀਂ ਹੁਕਮ ਦੀ ਪਾਲਣਾ ਕਰਨੀ ਏ । ਯੁੱਧ ਛਿੜਿਆ ਹੋਵੇ ਤਾਂ ਸਿਪਾਹੀਆਂ ਦਾ ਕੰਮ ਹੁੰਦਾ ਏ ਹੁਕਮ ਦੀ ਪਾਲਣਾ ਕਰਨਾ ।"

"ਤੁਸੀਂ ਠੀਕ ਫੁਰਮਾਇਆ ਏ । ਅਸੀਂ ਇਥੇ ਬੈਠੇ ਕੋਈ ਸੁਝਾਅ ਨਹੀਂ

ਦੇ ਸਕਦੇ ।" ਹਜ਼ਾਰਾ ਸਿੰਘ ਬੋਲਿਆ, "ਪਰ ਇਹ ਕਿਵੇਂ ਪਤਾ ਲੱਗੇਗਾ ਕਿ ਜਰਨੈਲੀ ਸੜਕ ਤੋਂ ਕਿੱਥੇ ਤੇ ਕਿਹੜੇ ਪਾਸੇ ਰੁੱਖਾਂ ਦਾ ਉਹ ਝੁੰਡ ਏ । ਜੱਥੇ ਕਿਸ ਤੋਂ ਪੁਛਣਗੇ ਕਿ ਉਹਨਾਂ ਕਿਧਰ ਜਾਣਾ ਏ ?"

"ਇਹਦਾ ਵੀ ਉਹਨਾਂ ਨੇ ਕੋਈ ਨਾ ਕੋਈ ਪ੍ਰਬੰਧ ਕੀਤਾ ਹੋਏਗਾ । ਉਹ ਜਾਣਦੇ ਨੇ ਕਿ ਜੱਥੇ ਆਉਣਗੇ ਤੇ ਉਹਨਾਂ ਨੂੰ ਡੇਰੇ ਦੇ ਰਾਹ ਪਾਉਣ ਲਈ ਜਰਨੈਲੀ ਸੜਕ 'ਤੇ ਬੰਦੇ ਮਿਲ ਪੈਣਗੇ । ਉਹ ਨਿਸ਼ਚਿਤ ਤੇ ਸਪੱਸ਼ਟ ਥਾਂ ਸੁਨੇਹੇ ਤੇ ਪੱਤਰਾਂ ਵਿੱਚ ਨਹੀਂ ਲਿਖ ਸਕਦੇ । ਕਿਸੇ ਤੋਂ ਵੀ ਇਹ ਭੇਦ ਨਿਕਲ ਸਕਦਾ ਏ । ਇਸ ਲਈ ਗੁਪਤ ਰੱਖਣਾ ਹੀ ਸਿਆਣਪ ਏ । ਤੁਸੀਂ ਤਿਆਰੀ ਕਰੋ ਤੇ ਛੇਤੀ ਚਾਲੇ ਪਾ ਦਿਓ, ਗੁਰੂ ਭਲੀ ਕਰੇਗਾ, ਖਾਲਸੇ ਦੀ ਹਰ ਮੈਦਾਨ ਫ਼ਤਹਿ ਹੋਏਗੀ ।" ਬਾਬਾ ਦੀਪ ਸਿੰਘ ਨੇ ਇਕੱਤਰਤਾ ਵਿੱਚ ਹੋਰ ਜ਼ਰੂਰੀ ਤੇ ਤਿਆਰੀ ਨਾਲ ਸੰਬੰਧਿਤ ਗੱਲਾਂ ਕਰਕੇ ਅਖੀਰ ਆਖਿਆ, "ਇਥੇ ਕੋਈ ਨਾ ਦੱਸੇ ਕਿ ਕਿਹੜਾ ਕਿਹੜਾ ਜੱਥੇਦਾਰ ਕਿਤਨੇ ਸਿੰਘਾਂ ਨਾਲ ਤੇ ਕਦੋਂ ਜਾ ਰਿਹਾ ਹੈ । ਵੱਖੋ ਵੱਖਰੇ ਸਾਨੂੰ ਆ ਕੇ ਸਾਡੇ ਟਿਕਾਣੇ ਇਤਲਾਹ ਦੇ ਦਿਉ । ਹਕੂਮਤ ਦੇ ਸੂਹੀਏ ਵੀ ਪਤਾ ਨਹੀਂ ਕਿਸ ਭੇਸ ਵਿੱਚ ਫਿਰਦੇ ਨੇ । ਉਹਨਾਂ ਤਕ ਸਾਡੀ ਤਿਆਰੀ ਦੇ ਠੀਕ ਸਮਾਚਾਰ ਨਹੀਂ ਅੱਪੜਨੇ ਚਾਹੀਦੇ ।"

ਸਾਰੇ ਸਿੰਘ ਆਪਣੇ ਪਿੰਡਾਂ ਵਿੱਚ ਜਾ ਕੇ ਤਿਆਰੀ ਵਿੱਚ ਰੁੱਝ ਗਏ । ਕੁਰਬਾਨੀ ਦਾ ਅਨੋਖਾ ਜਜ਼ਬਾ ਠਾਠਾਂ ਮਾਰ ਰਿਹਾ ਸੀ । ਜਿਥੇ ਨੌਜਵਾਨ ਤੇ ਸਾਧਾਰਨ ਗੈਰ ਸਿੱਖ ਰੋਟੀ ਰੋਜ਼ੀ ਲਈ ਫੌਜਾਂ ਵਿਚ ਜਾ ਭਰਤੀ ਹੁੰਦੇ ਜਾਂ ਜਗੀਰਦਾਰਾਂ ਤੇ ਰਜਵਾੜਿਆਂ ਦੇ ਦਬਾਅ ਥੱਲੇ ਯੁੱਧ ਖੇਤਰ ਵਿੱਚ ਜਾਣ ਲਈ ਮਜ਼ਬੂਰ ਹੁੰਦੇ ਨੇ, ਉਥੇ ਸਿੰਘਾਂ ਵਿੱਚ ਕਿਸੇ ਸੁਆਰਥ ਤੋਂ ਬਿਨਾਂ ਕੇਵਲ ਸ਼ਰਧਾ ਤੇ ਪ੍ਰੇਮ ਨਾਲ ਪੰਥ ਦੀ ਚੜ੍ਹਦੀ ਕਲਾ ਲਈ ਸੇਵਾ ਕਰਨ ਦਾ ਚਾਅ ਸੀ । ਇਹ ਵੀ ਦਿਸਦਾ ਸੀ ਕਿ ਇਹ ਹੋ ਸਕਦਾ ਏ ਕਿ ਆਪਾ ਵਾਰਨਾ ਪੈ ਜਾਏ, ਜੀਉਂਦੇ ਜੀ ਘਰ ਨਾ ਮੁੜੀਏ ਪਰ ਫਿਰ ਵੀ ਸਿੰਘ ਆਪਣੇ ਨਾਮ ਜਥੇਦਾਰ ਪਾਸ ਲਿਖਵਾ ਰਹੇ ਸਨ । ਕਿਸੇ ਟਾਂਵੇਂ ਟਾਂਵੇਂ ਦੇ ਮਾਪਿਆਂ ਨੇ ਭਾਵੇਂ ਨਾਂਹ ਪਾਈ ਹੋਵੇ ਪਰ ਬਹੁਤਿਆਂ ਦੇ ਪਰਿਵਾਰਾਂ ਨੇ ਖੁਸ਼ੀ ਖੁਸ਼ੀ ਇਸ ਕਾਰਜ ਲਈ ਜਾਣ ਵਾਸਤੇ ਆਗਿਆ ਦੇ ਦਿੱਤੀ ਅਤੇ ਤਿਆਰੀ ਕਰਨ ਵਿੱਚ ਸਹਿਯੋਗ ਕੀਤਾ । ਸਿੱਖੀ ਜਜ਼ਬੇ ਭਰਪੂਰ ਤੇ ਮਰਿਆਦਾ ਅਨੁਸਾਰ ਆਪਣੇ ਜੀਵਨ ਨੂੰ ਢਾਲਣ ਵਾਲਿਆਂ ਲਈ ਇਹ ਵਿਸ਼ਵਾਸ ਬਲਵਾਨ ਰੂਪ ਵਿੱਚ ਸੀ ਕਿ ਪੰਥ ਅਵੱਸ਼ ਫ਼ਤਹਿ ਪ੍ਰਾਪਤ ਕਰੇਗਾ, ਜ਼ੁਲਮ ਦਾ ਨਾਸ ਹੋਏਗਾ, ਅਤਿਆਚਾਰੀ ਹਾਰਨਗੇ ਤੇ ਪੰਜਾਬ ਵਿੱਚ ਸਤਿਗੁਰਾਂ ਦੀ ਕਿਰਪਾ ਨਾਲ ਸੁਖ ਤੇ ਸ਼ਾਂਤੀ ਆਏਗੀ ।

ਹਜ਼ਾਰਾ ਸਿੰਘ ਨੇ ਜਥੇ ਸਮੇਤ ਤੁਰਨ ਤੋਂ ਪਹਿਲਾਂ ਗੁਰਦੇਵ ਸਿੰਘ ਨੂੰ ਕੁਝ

ਕੰਮਾਂ ਦੀ ਸੌਂਪਣੀ ਕੀਤੀ ਕਿਉਂ ਜੋ ਉਹਨੇ ਕੁਝ ਦਿਨ ਸਾਬੋ ਕੀ ਤਲਵੰਡੀ ਬਾਬਾ ਦੀਪ ਸਿੰਘ ਜੀ ਪਾਸ ਠਹਿਰਨਾ ਸੀ ਤੇ ਅਗਲੇ ਆਦੇਸ਼ 'ਤੇ ਚਾਲੇ ਪਾਣੇ ਸਨ। ਹਜ਼ਾਰਾ ਸਿੰਘ ਨੇ ਸਮਝਾਇਆ, " ਸਤਿਗੁਰਾਂ ਦਾ ਬਚਨ ਪੂਰਾ ਹੋਣ ਦਾ ਸਮਾਂ ਆ ਗਿਆ ਹੈ। ਮੇਰੇ ਅੰਤਰ ਆਤਮੇ ਦੀ ਆਵਾਜ਼ ਏ ਕਿ ਖਾਲਸਾ ਅਵੱਸ਼ ਸਰਹੰਦ 'ਤੇ ਚੜ੍ਹਾਈ ਕਰੇਗਾ ਤੇ ਸਾਹਿਬਜ਼ਾਦਿਆਂ ਨੂੰ ਸ਼ਹੀਦ ਕਰਨ ਵਾਲੇ ਨਵਾਬ ਨੂੰ ਸੋਧ ਦਏਗਾ । ਕਲਗੀਧਰ ਪਾਤਿਸ਼ਾਹ ਦੇ ਬਚਨਾਂ ਨੂੰ ਯਾਦ ਕਰਕੇ ਉਹਨਾਂ ਦਾ ਇਕ ਇਕ ਸ਼ਬਦ ਸੰਕੇਤ ਸੀ । ਹੁਣ ਉਸੇ ਤਰ੍ਹਾਂ ਹੋ ਰਿਹਾ ਹੈ । ਸੋਹਣੇ ਸ਼ਾਹ ਆਇਆ 'ਤਾਂ ਸੁਖ ਸੁਨੇਹਾ ਲੈ ਲੈਣਾ ਤੇ ਉਹਦੇ ਰਾਹੀਂ ਮੇਰੇ ਪਰਿਵਾਰ ਨੂੰ ਸੁਨੇਹਾ ਭੇਜ ਦੇਣਾ ਕਿ ਛੇਤੀ ਹੀ ਉਨਾਂ ਨੂੰ ਕੋਈ ਚੰਗੀ ਖ਼ਬਰ ਮਿਲੇਗੀ ।

ਖਾਲਸੇ ਦੀ ਵਹੀਰ ਇਥੋਂ ਚੱਲ ਪਈ । ਹਜ਼ਾਰਾਂ ਦੀ ਗਿਣਤੀ ਵਿੱਚ ਮਲਵਈ ਸਿੰਘਾਂ ਦੇ ਜੱਥੇ ਆ ਰਲੇ ਸਨ, ਮਾਝੇ ਦੇ ਜੱਥੇ ਕੀਰਤਪੁਰ ਵਿੱਚ ਇਕੱਠੇ ਹੋ ਰਹੇ ਸਨ। ਪਹਿਲੇ ਹੱਲੇ ਸੋਨੀਪਤ ਵਿੱਚ ਜਾਂਦਾ ਸ਼ਾਹੀ ਖਜ਼ਾਨਾ ਲੁੱਟ ਲਿਆ ਤੇ ਉਸ ਨਾਲ ਜਾਂਦੀ ਫੌਜ ਤੋਂ ਥੋੜ੍ਹੀ ਜਿਹੀ ਝੜਪ ਪਿੱਛੋਂ ਹਥਿਆਰ ਖੋਹ ਲਏ। ਇਥੋਂ ਸਿੰਘਾਂ ਨੇ ਸਿੱਧਾ ਸਮਾਣੇ ਜਾ ਧਾਵਾ ਬੋਲਿਆ ਜਿਥੇ ਕਿ ਗੁਰੂ ਤੇਗ ਬਹਾਦਰ ਜੀ ਦਾ ਕਾਤਲ ਸੱਯਦ ਜਲਾਲੁਦੀਨ ਰਹਿੰਦਾ ਸੀ । ਇਸੇ ਨਗਰ ਵਿੱਚ ਛੋਟੇ ਸਾਹਿਬਜ਼ਾਦਿਆਂ ਦੇ ਕਾਤਲ ਸ਼ਾਸਲ ਬੇਗ ਤੇ ਬਾਸ਼ਲ ਬੇਗ ਰਹਿੰਦੇ ਸਨ । ਹਜ਼ਾਰਾ ਸਿੰਘ ਨੇ ਇਹਨਾਂ ਕਾਤਲਾਂ ਨੂੰ ਸੋਧਣ ਦੀ ਸੇਵਾ ਆਪਣੇ ਜ਼ਿੰਮੇਂ ਲੈ ਲਈ। ਉਹਨੂੰ ਸੰਤੁਸ਼ਟਤਾ ਹੋਈ ਕਿ ਉਹ ਜਿਸ ਕਾਰਜ ਲਈ ਘਰ ਬਾਹਰ ਛੱਡ ਕੇ ਤੁਰਿਆ ਸੀ ਉਸਦਾ ਇਕ ਨਿਸ਼ਾਨਾ ਪੂਰਾ ਹੋ ਗਿਆ ।

ਜ਼ਾਲਮਾਂ ਹਾਕਮਾਂ ਦੀਆਂ ਕਰਤੂਤਾਂ ਵਿਰੁੱਧ ਆਮ ਜਨਤਾ ਵਿੱਚ ਵੀ ਭਾਰੀ ਰੋਸ ਸੀ । ਇਸ ਲਈ ਪਿੰਡਾਂ ਦੇ ਪਿੰਡ ਸਿੰਘ ਜੱਥਿਆਂ ਨਾਲ ਰਲਦੇ ਗਏ । ਘੁੜਾਮ, ਸ਼ਾਹਬਾਦ, ਕਪੂਰੀ ਤੇ ਸਢੌਰੇ ਦੇ ਸੋਧਣ ਪਿੱਛੋਂ ਸਰਹੰਦ 'ਤੇ ਧਾਵਾ ਬੋਲਿਆ ਗਿਆ। ਨਵਾਬ ਸਰਹੰਦ ਨੂੰ ਪਤਾ ਸੀ ਕਿ ਉਹਦੀ ਵਾਰੀ ਆਉਣ ਵਾਲੀ ਏ । ਉਹ 20, 22 ਪਰਗਣਿਆਂ ਦੀ ਫੌਜ ਇਕੱਠੀ ਕਰਕੇ ਮੁਕਾਬਲੇ ਲਈ ਤਿਆਰ ਸੀ । ਸਰਹੰਦ ਤੋਂ 10, 12 ਮੀਲ ਦੀ ਦੂਰੀ 'ਤੇ ਨਵਾਬ ਦੀਆਂ ਫੌਜਾਂ ਟਾਕਰੇ ਲਈ ਆ ਪਹੁੰਚੀਆਂ । ਚਪੜ ਚਿੱੜੀ ਦੇ ਮੈਦਾਨ ਵਿੱਚ 40 ਹਜ਼ਾਰ ਸਿੰਘਾਂ ਦਾ ਡੇਢ ਲੱਖ ਫੌਜ ਨਾਲ ਯੁੱਧ ਹੋ ਗਿਆ । ਪਹਿਲਾਂ ਦੋਹਾਂ ਪਾਸਿਉਂ ਬੰਦੂਕਾਂ ਦੀਆਂ ਗੋਲੀਆਂ ਚੱਲੀਆਂ ਤੇ ਫਿਰ ਤੀਰਾਂ ਦੀ ਵਾਛੜ ਹੋਈ । ਜੰਗੀ ਹਾਥੀ ਨਵਾਬ ਨੇ ਸਿੰਘਾਂ ਵੱਲ ਛੱਡੇ ਪਰ ਜਾਂਬਾਜ਼ ਸਿੰਘਾਂ ਨੇ ਉਹਨਾਂ ਹਾਥੀਆਂ ਦਾ ਅਜਿਹੇ ਢੰਗ ਨਾਲ ਟਾਕਰਾ ਕੀਤਾ ਕਿ ਉਹਨਾਂ ਨੂੰ ਪਿੱਛੇ ਭੱਜਣ

ਤੇ ਸ਼ਾਹੀ ਫੌਜਾਂ ਨੂੰ ਲਿਤਾੜਨ ਦੇ ਰਾਹ ਪਾ ਦਿੱਤਾ । ਦੋ ਦਿਨ ਇਹ ਯੁਧ ਚੱਲਦਾ ਰਿਹਾ । ਦੋਹਾਂ ਪਾਸਿਉਂ ਅਣਗਿਣਤ ਜੁਆਨ ਯੁੱਧ ਦੇ ਮੈਦਾਨ ਵਿੱਚ ਮਾਰੇ ਗਏ । ਸ਼ਾਹੀ ਫੌਜਾਂ ਘਬਰਾ ਗਈਆਂ । ਉਹ ਮਰਨ ਲਈ ਘਰੋਂ ਨਹੀਂ ਸਨ ਆਏ। ਨਿੱਜੀ ਲਾਭਾਂ ਲਈ ਯੁੱਧ ਕਰਨ ਲਈ ਮਜਬੂਰ ਸਨ । ਸਿੰਘਾਂ ਦਾ ਤਾਂ ਦ੍ਰਿੜ੍ਹ ਵਿਸ਼ਵਾਸ ਸੀ ਕਿ ਉਹ ਜ਼ਾਲਮਾ ਨੂੰ ਮਾਰਨਗੇ ਜਾਂ ਆਪ ਸ਼ਹੀਦ ਹੋਣਗੇ। ਇਹ ਦ੍ਰਿੜ੍ਹਤਾ ਉਹਨਾਂ ਨੂੰ ਭੈ ਰਹਿਤ ਕਰ ਰਹੀ ਸੀ ਤੇ ਉਹ ਇਕ ਦੂਜੇ ਤੋਂ ਅੱਗੇ ਵੱਧ ਵੱਧ ਕੇ ਯੁੱਧ ਵਿੱਚ ਦੁਸ਼ਮਣ 'ਤੇ ਵਾਰ ਕਰ ਰਹੇ ਸਨ । ਹਜ਼ਾਰਾ ਸਿੰਘ ਦੀ ਇੱਛਾ ਸੀ ਕਿ ਨਵਾਬ ਸਰਹੰਦ ਜਿਸ ਫੌਜ ਨਾਲ ਹੈ, ਉਹ ਉਥੇ ਜੱਥੇ ਸਮੇਤ ਜਾ ਟੱਕਰਾਏ ਤੇ ਨਵਾਬ ਨੂੰ ਕੱਤਲ ਕਰਨ ਦਾ ਸੁਭਾਗ ਉਹਨੂੰ ਪ੍ਰਾਪਤ ਹੋਏ । ਹਜ਼ਾਰਾ ਸਿੰਘ ਨੂੰ ਪਤਾ ਲੱਗਾ ਕਿ ਨਵਾਬ ਵਜ਼ੀਰ ਖਾਂ ਜਿਸ ਫੌਜੀ ਦਸਤੇ ਨਾਲ ਆਪਣੀਆਂ ਫੌਜਾਂ ਦਾ ਹੌਂਸਲਾ ਵਧਾਉਣ ਲਈ ਅੱਗੇ ਆ ਗਿਆ ਹੈ । ਉਸ ਵੱਲ ਫਤਹਿ ਸਿੰਘ ਦਾ ਜੱਥਾ ਲੜਨ ਲਈ ਤੇਜੀ ਨਾਲ ਆ ਰਿਹਾ ਹੈ । ਤਾਂ ਹਜ਼ਾਰਾ ਸਿੰਘ ਨੇ ਵੀ ਆਪਣੇ ਜੱਥੇ ਨਾਲ ਮਿਲਾ ਕੇ ਨਵਾਬ ਨਾਲ ਯੁੱਧ ਸ਼ੁਰੂ ਕਰ ਦਿੱਤਾ। ਹੁਣ ਦੋਵੇਂ ਪਾਸਿਉਂ ਇਕ ਦੂਜੇ ਦੇ ਇਤਨੇ ਨੇੜੇ ਆ ਚੁੱਕੇ ਸਨ ਕਿ ਦੂਰ ਮਾਰ ਹਥਿਆਰ ਇਥੇ ਕੰਮ ਨਹੀਂ ਸਨ ਆ ਸਕਦੇ । ਬੰਦੂਕਾਂ ਵਿੱਚ ਬਾਰੂਦ ਭਰਨ ਦਾ ਸਮਾਂ ਹੀ ਨਹੀਂ ਸੀ । ਇਸ ਲਈ ਤਲਵਾਰਾਂ ਨਾਲ ਤਲਵਾਰਾਂ ਖੜਕਣ ਲੱਗੀਆਂ। ਗਤਕਾ ਖੇਡ ਦੇ ਮਾਹਿਰ ਸਿੰਘਾਂ ਦਾ ਤਲਵਾਰ ਦੀ ਲੜਾਈ ਵਿੱਚ ਮੁਕਾਬਲਾ ਕਰਨਾ ਅਤਿ ਕਠਿਨ ਸੀ । ਇਕ ਇਕ ਸਿੰਘ ਅੱਠ ਅੱਠ ਵੈਰੀਆਂ ਦਾ ਇਕੱਲੇ ਢਾਲ 'ਤੇ ਵਾਰ ਰੋਕ ਸਕਦਾ ਸੀ ਤੇ ਦੂਜੇ ਹੱਥ ਫੜੀ ਤਲਵਾਰ ਨਾਲ ਕਈਆਂ ਦੇ ਘਾਣ ਉਤਾਰ ਸਕਦਾ ਸੀ । ਇਕ ਪਾਸੇ ਤੋਂ ਫ਼ਤਹਿ ਸਿੰਘ ਤੇ ਦੂਜੇ ਪਾਸਿਉਂ ਹਜ਼ਾਰਾ ਸਿੰਘ ਨਵਾਬ ਦੇ ਨੇੜੇ ਪਹੁੰਚ ਕੇ ਉਸ ਉੱਤੇ ਲਪਕ ਪਏ । ਹਜ਼ਾਰਾ ਸਿੰਘ ਤੋਂ ਪਹਿਲਾਂ ਜਥੇਦਾਰ ਫਤਹਿ ਸਿੰਘ ਨੇ ਵਜ਼ੀਰ ਖਾਂ ਨੂੰ ਪਾਰ ਬੁਲਾ ਦਿੱਤਾ । ਇਤਨੇ ਵਿੱਚ ਹਜ਼ਾਰਾ ਸਿੰਘ ਨੇ ਤਲਵਾਰ ਦਾ ਨਿਸ਼ਾਨਾ ਉਹਦੀ ਲੱਤ ਨੂੰ ਬਣਾ ਕੇ ਵਾਰ ਕੀਤਾ ਜਿਸ ਨਾਲ ਵਜ਼ੀਰ ਖਾਂ ਦਾ ਘੋੜਾ ਸਖਤ ਜ਼ਖਮੀ ਹੋ ਕੇ ਦੂਜੇ ਪਾਸੇ ਡਿੱਗ ਪਿਆ ਤੇ ਵਜ਼ੀਰ ਖਾਂ ਉਹਦੇ ਥੱਲੇ ਆ ਕੇ ਪ੍ਰਾਣ ਤਿਆਗ ਗਿਆ । ਸ਼ਾਹੀ ਫੌਜਾਂ ਜੰਗ ਦੇ ਮੈਦਾਨ ਵਿੱਚੋਂ ਭੱਜ ਨਿਕਲੀਆਂ । ਖਾਲਸਾ ਵਿਜੱਈ ਹੋ ਕੇ ਮਾੜੀਆਂ ਮੋਟੀਆਂ ਝੜਪਾਂ ਪਿੱਛੋਂ ਸਰਹੰਦ 'ਤੇ ਕਾਬਜ਼ ਹੋ ਗਿਆ । ਬੰਦਾ ਸਿੰਘ ਬਹਾਦਰ ਤੇ ਉਹਦੇ ਸਾਥੀ ਜਰਨੈਲ ਪ੍ਰਬੰਧ ਕਰਨ ਤੇ ਸਿੰਘਾਂ ਦੇ ਦੋਖੀਆਂ ਨੂੰ ਸੋਧਣ ਵਿੱਚ ਰੁੱਝ ਗਏ । ਹਜ਼ਾਰਾ ਸਿੰਘ, ਬੰਦਾ ਸਿੰਘ ਬਹਾਦਰ ਦੀ ਆਗਿਆ ਲੈ ਕੇ ਉਸ ਅਸਥਾਨ 'ਤੇ ਆ ਨਮਸਕਾਰ ਕੀਤਾ ਜਿਥੇ ਸਾਹਿਬਜ਼ਾਦਿਆਂ ਨੂੰ ਕੰਧਾਂ ਵਿੱਚ ਚਿਣਿਆਂ ਸੀ ਤੇ ਫਿਰ ਉਸ ਅਸਥਾਨ 'ਤੇ ਪੁੱਜਾ ਜਿਥੇ ਸਸਕਾਰ ਕੀਤਾ ਸੀ । ਇਥੇ ਸੇਵਾ ਤੇ ਇਹਨਾਂ ਸ਼ਹੀਦੀ ਅਸਥਾਨਾਂ

ਦੀ ਸੰਭਾਲ ਦਾ ਕੰਮ ਉਹਨਾਂ ਆਪਣੇ ਜੱਥੇ ਲਈ ਮਿਥ ਲਿਆ ।

ਕੁਝ ਦਿਨ ਪਿੱਛੋਂ ਜਦ ਸਰਹੰਦ ਦੀ ਹਕੂਮਤ ਸਿੰਘਾਂ ਨੇ ਸੰਭਾਲ ਲਈ ਤਾਂ ਬੰਦਾ ਸਿੰਘ ਬਹਾਦਰ ਨੇ ਫੈਸਲਾ ਕੀਤਾ ਕਿ ਉਹ ਸਢੌਰੇ ਦੇ ਕਿਲ੍ਹੇ ਮੁਖਲਸਗੜ੍ਹ ਦਾ ਨਾਮ ਲੋਹਗੜ੍ਹ ਰੱਖ ਕੇ ਇਸ ਨੂੰ ਆਪਣਾ ਮੁੱਖ ਕੇਂਦਰ ਬਣਾਏਗਾ । ਸਰਹੰਦ ਦਾ ਸੂਬੇਦਾਰ ਭਾਈ ਬਾਜ਼ ਸਿੰਘ ਨੂੰ ਤੇ ਆਲੀ ਸਿੰਘ ਨੂੰ ਨਾਇਬ ਨੀਯਤ ਕੀਤਾ ਗਿਆ । ਸ਼ਹੀਦੀ ਅਸਥਾਨ ਦੀ ਸੇਵਾ ਸੰਭਾਲ ਦਾ ਕਾਰਜ ਹਜ਼ਾਰਾ ਸਿੰਘ ਸਪੁਰਦ ਕੀਤਾ ਗਿਆ ।

ਬੰਦਾ ਸਿੰਘ ਬਹਾਦਰ ਨੇ ਸਢੌਰੇ ਵੱਲ ਜਾਣ ਤੋਂ ਪਹਿਲਾਂ ਇਕ ਵੱਡੇ ਦਰਬਾਰ ਵਿੱਚ ਉਨ੍ਹਾਂ ਸਾਰੇ ਜਥੇਦਾਰਾਂ ਨੂੰ ਸਨਮਾਨਤ ਕੀਤਾ ਜਿਨ੍ਹਾਂ ਸਰਹੰਦ ਦੀ ਫ਼ਤਹਿ ਵਿੱਚ ਯੋਗਦਾਨ ਪਾਇਆ ਸੀ ਫਿਰ ਉਹਨਾਂ ਵਿਅਕਤੀਆਂ ਦਾ ਵੀ ਮਾਣ ਸਤਿਕਾਰ ਕੀਤਾ ਜੋ ਇਸ ਲੰਮੀ ਜਦੋਜਹਿਦ ਵਿੱਚ ਸਿੰਘਾਂ ਦੇ ਮਦਦਗਾਰ ਰਹੇ ਹਨ । ਹਜ਼ਾਰਾ ਸਿੰਘ ਨੇ ਦੀਵਾਨ ਜੈ ਰਾਮ ਨੂੰ ਪਹਿਲਾਂ ਬੁਲਾ ਕੇ ਇਹ ਆਖਿਆ ਕਿ ਉਹ ਬਿਮਲਾ ਦਾ ਵੀ ਸਨਮਾਨ ਕਰਾਉਣਾ ਚਾਹੁੰਦੇ ਹਨ । ਇਸ ਲਈ ਉਹਨਾਂ ਨੂੰ ਛੇਤੀ ਨੂਰਮਹਿਲ ਤੋਂ ਸਰਹੰਦ ਬੁਲਾ ਲਉ । ਸਰਹੰਦ ਦੀ ਫ਼ਤਹਿ ਤੇ ਵਜ਼ੀਰ ਖਾਂ ਦੀ ਮੌਤ ਦੀ ਖਬਰ ਅੱਗ ਵਾਂਗ ਝੱਟਪਟ ਦੂਰ ਦੁਰਾਡੇ ਤਕ ਪਹੁੰਚ ਗਈ । ਸਿੰਘਾਂ ਦੇ ਪਰਿਵਾਰ ਤੇ ਹਮਦਰਦ ਵੱਡੀ ਗਿਣਤੀ ਵਿੱਚ ਸਰਹੰਦ ਆਉਣ ਲੱਗ ਪਏ । ਹਜ਼ਾਰਾ ਸਿੰਘ ਤੇ ਗੁਰਦੇਵ ਸਿੰਘ ਦੇ ਪਰਿਵਾਰ ਵੀ ਸਰਹੰਦ ਆ ਗਏ । ਸੋਹਣੇ ਸ਼ਾਹ ਨੇ ਉਹਨਾਂ ਨੂੰ ਪਹਿਲੇ ਹੀ ਸੁਨੇਹਾ ਭੇਜ ਦਿੱਤਾ ਸੀ ਕਿ ਹਜ਼ਾਰਾ ਸਿੰਘ ਤੇ ਗੁਰਦੇਵ ਸਿੰਘ ਚੜ੍ਹਦੀ ਕਲਾ ਵਿੱਚ ਹਨ । ਉਹਨਾਂ ਦਾ ਪ੍ਰਣ ਪੂਰਾ ਹੋ ਗਿਆ ਹੈ ਤੇ ਹੁਣ ਉਹ ਸ਼ਹੀਦੀ ਅਸਥਾਨਾਂ ਦੀ ਸੇਵਾ ਸੰਭਾਲ ਦੇ ਕ਼ਾਰਜ ਵਿੱਚ ਲੱਗੇ ਹੋਏ ਹਨ । ਠੰਡ ਠੰਡਾਰ ਹੋਣ 'ਤੇ ਉਹ ਘਰ ਆਉਣਗੇ । ਇਸ ਲਈ ਖੁਸ਼ੀ ਤੇ ਸੰਤੁਸ਼ਟਤਾ ਨਾਲ ਛੇਤੀ ਸਿੰਘਾਂ ਨੂੰ ਮਿਲਣ ਲਈ ਉਤਾਵਲੇ ਹੋ ਕੇ ਪਰਿਵਾਰ ਆਏ । ਉਸ ਸਮਾਗਮ ਵਿੱਚ ਆ ਸ਼ਾਮਲ ਹੋਏ ਜਿਸ ਵਿੱਚ ਸਾਰੇ ਜੱਥੇਦਾਰਾਂ ਨੂੰ ਸਤਿਕਾਰ ਤੇ ਸਨਮਾਨ ਦੇ ਕੇ ਨਿਵਾਜਿਆ ਗਿਆ ।

ਦੀਵਾਨ ਜੈ ਰਾਮ ਨਹੀਂ ਸੀ ਚਾਹੁੰਦਾ ਕਿ ਉਸਦੀ ਪੁੱਤਰੀ ਨੂੰ ਹਜ਼ਾਰਾਂ ਵਿਅਕਤੀਆਂ ਵਿੱਚ ਖੜਾ ਕਰਕੇ ਸਨਮਾਨਿਆਂ ਜਾਏ । ਆਪਣੇ ਸਮਾਜ ਵਿੱਚ ਉਹਦਾ ਕੀ ਪ੍ਰਤੀਕਰਮ ਹੋਏਗਾ, ਇਸ ਤੋਂ ਉਹਨੂੰ ਡਰ ਲੱਗਦਾ ਸੀ ਪਰ ਨਿਧੱੜਕ ਬਿਮਲਾ ਨੇ ਪਿਤਾ ਨੂੰ ਸਲਾਹ ਦਿੱਤੀ ਕਿ ਇਹ ਸੋਚਣਾ ਠੀਕ ਨਹੀਂ । ਉਹਨੇ ਸਮਝਾਇਆ, "ਜਿਥੇ ਹੋਰ ਦਰਬਾਰੀ ਕਤਲ ਹੋ ਗਏ ਨੇ ਉਥੇ ਤੁਹਾਨੂੰ ਮੇਰੇ ਕਰਕੇ ਕਿਸੇ ਨੇ ਕੁਝ ਨਹੀਂ ਆਖਿਆ, ਹਾਲਾਂ ਕਿ ਇਹ ਸੱਚ ਹੈ ਕਿ ਤੁਸੀਂ ਵੀ ਦੂਜੇ ਹਾਕਮਾਂ ਵਾਂਗ ਸਿੰਘਾਂ ਦਾ ਸ਼ਿਕਾਰ ਕਰਨ ਕਈ ਵਾਰ ਜਾਂਦੇ ਰਹੇ ਹੋ ।

ਹੁਣ ਵੀ ਸਿੰਘਾਂ ਦੇ ਪ੍ਰਬੰਧ ਵਿੱਚ ਤੁਹਾਨੂੰ ਯੋਗ ਸੇਵਾ ਦਿੱਤੀ ਜਾ ਸਕਦੀ ਏ । ਹਜ਼ਾਰਾ ਸਿੰਘ ਸਰਹੰਦ ਵਿੱਚ ਹੈ, ਉਹ ਤੁਹਾਡੇ ਨਾਲ ਕੋਈ ਵਧੀਕੀ ਨਹੀਂ ਹੋਣ ਦੇਵੇਗਾ ।

"ਮੈਨੂੰ ਤੇਰੀ ਚਿੰਤਾ ਖਾਈ ਜਾਂਦੀ ਏ, ਤੇਰਾ ਕੀ ਬਣੇਗਾ ?" ਦੀਵਾਨ ਨੇ ਆਖਿਆ ।

ਤੁਸੀਂ ਮੇਰੀ ਚਿੰਤਾ ਨਾ ਕਰੋ ਜੋ ਪਰਮਾਤਮਾ ਨੂੰ ਭਾਵੇਗਾ, ਉਹ ਹੋਏਗਾ," ਬਿਮਲਾ ਨੇ ਹੌਂਸਲਾ ਦੇਂਦਿਆਂ ਕਿਹਾ, "ਮੈਂ ਜਿਸ ਦਿਨ ਦੀ ਸਿੱਖਾਂ ਦੀ ਚੜ੍ਹਦੀ ਕਲਾ, ਦਲੇਰੀ ਤੇ ਹਿੰਮਤ ਦੀ ਕਾਇਲ ਹੋ ਕੇ ਇਹਨਾਂ ਦੇ ਸਪੰਰਕ ਵਿੱਚ ਆਈ ਹਾਂ ਮੇਰੇ 'ਤੇ ਲਗਾਤਾਰ ਸਿੱਖੀ ਦਾ ਰੰਗ ਚੜ੍ਹਦਾ ਗਿਆ ਤੇ ਹੁਣ ਮੈਂ ਫੈਸਲਾ ਕਰ ਲਿਆ ਹੈ, ਜਿੰਨੀ ਛੇਤੀ ਹੋਇਆ ਅੰਮ੍ਰਿਤ ਛੱਕ ਕੇ ਇਹਨਾਂ ਵਿੱਚ ਸ਼ਾਮਲ ਹੋ ਜਾਵਾਂਗੀ ।"

ਦੀਵਾਨ ਨਹੀਂ ਚਾਹੁੰਦਾ ਕਿ ਉਹ ਇਹ ਧਰਮ ਮਾਰਗ ਅਪਨਾਏ ਪਰ ਉਹਨੂੰ ਇਹ ਵੀ ਯਕੀਨ ਹੋ ਗਿਆ ਸੀ ਕਿ ਜੇ ਅੱਗੇ ਮੈਂ ਇਸਨੂੰ ਨਹੀਂ ਰੋਕ ਸੱਕਿਆ ਤਾਂ ਅੱਗੋਂ ਵੀ ਮੇਰੇ ਮਜਬੂਰ ਕਰਨ 'ਤੇ ਇਸਨੇ ਆਪਣਾ ਫੈਸਲਾ ਨਹੀਂ ਬਦਲਣਾ । ਹਜ਼ਾਰਾ ਸਿੰਘ ਵੀ ਸਰਹੰਦ ਦੀ ਫ਼ਤਹਿ ਪਿੱਛੋਂ ਨਿਝੱਕ ਉਹਨਾਂ ਦੇ ਘਰ ਆਉਣ ਜਾਣ ਲੱਗ ਪਿਆ ਤੇ ਉਹਦੇ ਯਤਨਾਂ ਨਾਲ ਬਿਮਲਾ ਨੂੰ ਸਨਮਾਨਤ ਕੀਤਾ ਗਿਆ । ਇਸ ਸਮਾਗਮ ਪਿੱਛੋਂ ਕੁਝ ਦਿਨਾਂ ਦੀ ਛੁੱਟੀ ਲੈ ਕੇ ਪਰਿਵਾਰ ਸਮੇਤ ਹਜ਼ਾਰਾ ਸਿੰਘ ਤੇ ਗੁਰਦੇਵ ਸਿੰਘ ਆਪਣੇ ਆਪਣੇ ਪਿੰਡਾਂ ਨੂੰ ਚੱਲੇ ਗਏ ।

" ਸਮਾਪਤ "

●●●

